**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST



Call Sukhi Gill:510-207-9067 *Jassi Gill*

CA DRE Lic.#01180969 CA DRE# 00966763

**Ad space available**

Call 847-359-0746

COVERED CALIFORNIA

ਓਬਾਮਾ ਕੇਅਰ

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ

ਫੋਨ: 510-797-7989

Email: duabba1@gmail.com



License# OC70672

Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 10, March 5, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਪਾਣੀਆਂ ਦੇ ਮੁੱਦੇ 'ਤੇ ਪੰਜਾਬ ਖਿਲਾਫ ਖੜ੍ਹੀ ਮੋਦੀ ਸਰਕਾਰ

## ਸੁਪਰੀਮ ਕੋਰਟ ਵਿਚ ਹੋ ਰਹੀ ਹੈ ਸੁਣਵਾਈ

**ਨਵੀਂ ਦਿੱਲੀ:** ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਣੀਆਂ ਦਾ ਮੁੱਦਾ ਮੁੜ ਗਰਮਾ ਗਿਆ ਹੈ। ਭਾਈਵਾਲ ਭਾਜਪਾ ਵੱਲੋਂ ਦਰਿਆਈ ਪਾਣੀ ਦੇ ਮੁੱਦੇ ਉਤੇ ਸੁਪਰੀਮ ਕੋਰਟ ਵਿਚ ਪੰਜਾਬ ਖਿਲਾਫ ਖੜ੍ਹਨ ਕਾਰਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਲਈ ਸਥਿਤੀ ਕਸੂਤੀ ਬਣ ਗਈ ਹੈ। ਕੇਂਦਰ ਸਰਕਾਰ ਦੇ ਇਸ ਸਟੈਂਡ ਤੋਂ ਖ਼ਫ਼ਾ ਅਕਾਲੀ ਦਲ ਨੇ ਮਸਲਾ ਦਿੱਲੀ ਦਰਬਾਰ ਵਿਚ ਉਠਾਉਣ ਦਾ ਫੈਸਲਾ ਕੀਤਾ ਹੈ। ਅਕਾਲੀਆਂ ਲਈ ਹੌਸਲੇ ਵਾਲੀ ਗੱਲ ਇਹ ਹੈ ਕਿ ਪੰਜਾਬ ਭਾਜਪਾ ਨੇ ਇਸ ਮਸਲੇ ਉਤੇ ਅਕਾਲੀ ਦਲ ਨਾਲ ਖੜ੍ਹਨ ਦਾ ਭਰੋਸਾ ਦਿੱਤਾ ਹੈ।

ਉਧਰ, ਆਮ ਆਦਮੀ ਪਾਰਟੀ ਤੇ ਕਾਂਗਰਸ ਨੇ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਤੇ ਘੇਰ ਲਿਆ ਹੈ। 'ਆਪ' ਦੇ ਕੌਮੀ ਨੇਤਾ ਸੰਜੇ ਸਿੰਘ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਬਾਰੇ 'ਆਪ' ਡਟ ਕੇ ਪੰਜਾਬ ਦੇ ਹੱਕਾਂ ਦੀ ਪੈਰਵਾਈ ਕਰੇਗੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪਾਣੀਆਂ ਦੀ ਵੰਡ ਦੇ ਮੁੱਦੇ 'ਤੇ ਸੁਪਰੀਮ ਕੋਰਟ ਵਿਚ ਹਰਿਆਣਾ ਦੇ ਪੱਖ ਵਿਚ ਭੁਗਤ ਕੇ ਪੰਜਾਬ ਨਾਲ ਧੋਖਾ ਕੀਤਾ ਹੈ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਭਾਜਪਾ ਦਾ ਸਾਥ ਦੇ ਰਹੇ ਹਨ।



ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 2004 ਵਿਚ ਹਰਿਆਣਾ ਸਮੇਤ ਹੋਰ ਗੁਆਂਢੀ ਸੂਬਿਆਂ ਨੂੰ ਪਾਣੀ ਦੇਣ ਵਾਲੇ ਸਮਝੌਤੇ ਰੱਦ ਕਰਨ ਲਈ ਬਣਾਏ ਗਏ ਕਾਨੂੰਨ ਨੂੰ ਕੇਂਦਰ ਨੇ ਸੁਪਰੀਮ ਕੋਰਟ ਦੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦਾ ਕੰਮ ਮੁਕੰਮਲ ਕਰਨ ਸਬੰਧੀ ਹੁਕਮਾਂ ਖਿਲਾਫ਼ ਦੱਸਿਆ ਹੈ। ਹਰਿਆਣਾ ਵੱਲੋਂ ਪਾਣੀਆਂ ਦੇ ਮਸਲੇ 'ਤੇ ਤੁਰਤ ਫੈਸਲਾ ਕਰਨ ਲਈ ਪਾਈ ਅਪੀਲ ਉਤੇ ਸੁਪਰੀਮ ਕੋਰਟ ਦੇ ਬੈਂਚ ਨੇ ਸੁਣਵਾਈ ਸ਼ੁਰੂ ਕੀਤੀ ਹੈ ਜੋ ਪਿਛਲੇ 12 ਸਾਲਾਂ ਤੋਂ ਪੈਂਡਿੰਗ ਹੈ ਤੇ ਦਲੀਲਾਂ ਸੁਣੀਆਂ ਜਾ ਚੁੱਕੀਆਂ ਹਨ, ਹਾਲਾਂਕਿ ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲਾਂ ਨੇ ਕਿਹਾ ਕਿ ਪੰਜਾਬ ਦਾ ਕਾਨੂੰਨ ਜਾਇਜ਼ ਹੈ, ਪਰ ਉਨ੍ਹਾਂ ਘੱਟੋ-ਘੱਟ ਅਪਰੈਲ ਤੱਕ ਸੁਣਵਾਈ ਮੁਲਤਵੀ ਕਰਨ ਦੀ ਅਪੀਲ ਕੀਤੀ। ਹੁਣ ਇਸ ਮਾਮਲੇ ਉਤੇ ਅੱਠ ਮਾਰਚ ਤੋਂ ਬਹਿਸ ਸ਼ੁਰੂ ਹੋਵੇਗੀ। ਯਾਦ ਰਹੇ, ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਸਮੇਂ 12 ਜੁਲਾਈ, 2004 ਨੂੰ ਪੰਜਾਬ ਵਿਧਾਨ ਸਭਾ ਵਿਚ ਇਕ ਬਿੱਲ ਪਾਸ ਕੀਤਾ ਗਿਆ ਸੀ।

ਤਤਕਾਲੀ ਗਵਰਨਰ ਓ.ਪੀ. ਵਰਮਾ ਨੇ ਇਸੇ ਰਾਤ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਆਪਣੀਆਂ ਏਜੰਸੀਆਂ ਰਾਹੀਂ ਐਸ.ਵਾਈ.ਐਲ. ਨਹਿਰ ਦੇ ਪੰਜਾਬ ਵਿਚਲੇ ਹਿੱਸੇ ਦਾ ਨਿਰਮਾਣ ਮੁਕੰਮਲ ਕਰਨ ਲਈ ਦਿੱਤੇ ਨਿਰਦੇਸ਼ਾਂ ਬਾਅਦ ਇਹ ਕਾਨੂੰਨ ਬਣਾਇਆ ਗਿਆ ਸੀ। ਜੇਕਰ 2004 ਦਾ ਪਾਣੀਆਂ ਬਾਰੇ ਕਾਨੂੰਨ ਪੰਜਾਬ ਪੁਨਰਗਠਨ ਕਾਨੂੰਨ-1966 ਦੀ ਧਾਰਾ 78 ਤਹਿਤ ਆਉਂਦਾ ਹੋਇਆ ਤਾਂ ਸੁਪਰੀਮ ਕੋਰਟ ਫੈਸਲਾ ਸੁਣਾਏਗੀ।

*(ਬਾਕੀ ਸਫਾ 8 'ਤੇ)*

# ਵਹਿਸ਼ੀਪੁਣੇ ਦੀ ਹੱਦ ਸੀ ਮੂਰਥਲ ਕਾਂਡ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਹਰਿਆਣਾ ਵਿਚ ਜਾਟ ਰਾਖਵੇਂਕਰਨ ਲਈ ਛਿੜੇ ਅੰਦੋਲਨ ਦੀ ਆੜ ਵਿਚ ਕੀਤੇ ਵਹਿਸ਼ੀ ਕਾਰਿਆਂ ਤੋਂ ਪਰਦਾ ਉੱਠਣ ਲੱਗਾ ਹੈ। ਕੌਮੀ ਸ਼ਾਹਰਾਹ ਨੰਬਰ ਇਕ 'ਤੇ ਮੂਰਥਲ ਢਾਬੇ ਕੋਲ ਕੁਝ ਭੂਤਰੇ ਅਨਸਰਾਂ ਵੱਲੋਂ ਰਾਹਗੀਰਾਂ ਨੂੰ ਰੋਕ ਕੇ ਔਰਤਾਂ ਨੂੰ ਬੇਪੱਤ ਕਰਨ ਦੇ ਮਾਮਲੇ ਵਿਚ ਕਈ ਚਸ਼ਮਦੀਦ ਸਾਹਮਣੇ ਆਏ ਹਨ। ਕੁਝ ਪੀੜਤ ਔਰਤਾਂ ਨੇ ਵੀ ਹਿੰਮਤ ਵਿਖਾਉਂਦੇ ਹੋਏ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਉਧਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਸਖਤ ਨੋਟਿਸ ਲਿਆ ਹੈ। ਅਦਾਲਤ ਨੇ ਕਿਹਾ ਹੈ ਕਿ ਹਰਿਆਣਾ ਸਰਕਾਰ ਲਈ ਇਹ ਬੜੀ ਸ਼ਰਮਨਾਕ ਘਟਨਾ ਹੈ।

ਇਹ ਵੀ ਪਤਾ ਲੱਗਾ ਹੈ ਕਿ ਇਸ ਅੰਦੋਲਨ ਵਿਚ ਪੰਜਾਬੀ ਭਾਈਚਾਰੇ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਇਸ ਕਾਰੇ ਨੇ 1984 ਦੇ ਸਿੱਖ ਕਤਲੇਆਮ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਨਿਰੰਜਨ ਸਿੰਘ ਜਿਸ ਨੇ 1984 ਦਾ ਕਤਲੇਆਮ ਅੱਖੀਂ ਦੇਖਿਆ ਸੀ, ਦਾ ਕਹਿਣਾ ਸੀ ਕਿ ਜਿਸ ਤਰ੍ਹਾਂ ਔਰਤਾਂ ਨੂੰ ਬੇਪੱਤ ਤੇ ਨਿਹੱਥੇ ਲੋਕਾਂ ਨੂੰ ਘੇਰਿਆ ਜਾ ਰਿਹਾ ਸੀ, ਇਹ ਦਰਦਨਾਕ ਦ੍ਰਿਸ਼ 1984 ਵੇਲੇ ਤੋਂ ਵੀ ਦਿਲ ਕੰਬਾਊ ਸੀ। ਉਸ ਮੁਤਾਬਕ ਸਵੇਰੇ ਤਿੰਨ ਵਜੇ ਦੇ ਕਰੀਬ ਨਾਕਾ ਲਾ ਕੇ ਰੋਕੇ ਵਾਹਨਾਂ ਦੀਆਂ ਘੱਟੋ-ਘੱਟ 10 ਔਰਤਾਂ ਨੂੰ ਨਾ ਕੇਵਲ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਬਲਕਿ ਉਨ੍ਹਾਂ ਨੂੰ ਕਈ ਘੰਟੇ ਬੇਪਰਦ ਅਵਸਥਾ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ। ਇਹ ਸਭ ਕੁਝ ਉਦੋਂ ਵਾਪਰਿਆ ਜਦੋਂ ਪੁਲਿਸ ਅਤੇ ਫ਼ੌਜ ਇਸ ਸੜਕ 'ਤੇ ਗਸ਼ਤ ਕਰ ਰਹੀ ਸੀ, ਪਰ ਘਟਨਾ ਦਾ ਪਤਾ ਲੱਗਣ ਦੇ ਬਾਵਜੂਦ ਉਸ ਨੇ ਇਨ੍ਹਾਂ ਗੁੰਡਿਆਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਨਰੇਲਾ (ਦਿੱਲੀ) ਦੀ ਇਕ ਔਰਤ ਨੇ ਆਪਣੇ ਦਿਉਰ ਸਣੇ ਸੱਤ ਵਿਅਕਤੀਆਂ ਖਿਲਾਫ

*(ਬਾਕੀ ਸਫਾ 8 'ਤੇ)*

# ਰਵਾਇਤੀ ਧਿਰਾਂ ਨੂੰ ਆਮ ਆਦਮੀ ਦੀ ਖਾਸ ਵੰਗਾਰ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਪੰਜ ਦਿਨਾਂ ਪੰਜਾਬ ਦੌਰੇ ਨੇ ਸੂਬੇ ਦੀਆਂ ਰਵਾਇਤੀ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਕੇਜਰੀਵਾਲ ਪੰਜ ਦਿਨ ਜਿਸ ਢੰਗ ਨਾਲ ਸੂਬੇ ਲੋਕਾਂ ਦੇ ਵਿਚ ਵਿਚਰੇ, ਸਾਬਤ ਕਰਦਾ ਹੈ ਕਿ ਉਹ ਲੋਕਾਂ ਦੀ ਨਬਜ਼ ਪੜ੍ਹ ਕੇ ਪੂਰੀ ਤਿਆਰੀ ਨਾਲ ਆਏ ਸਨ। ਕੇਜਰੀਵਾਲ ਨੇ ਪੰਜਾਬ ਵਿਚ ਨਸ਼ਿਆਂ, ਰੇਤ ਬਜਰੀ ਦੀ ਕਾਲਾ ਬਾਜ਼ਾਰੀ, ਬੇਰੁਜ਼ਗਾਰੀ ਤੇ ਕਿਸਾਨ ਮਸਲੇ ਚੁੱਕੇ ਅਤੇ 2017 ਵਿਚ ਮੌਕਾ ਮਿਲਣ 'ਤੇ ਇਨ੍ਹਾਂ ਦੇ ਹੱਲ ਦਾ ਵੀ ਭਰੋਸਾ ਦਿੱਤਾ। ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵੱਲੋਂ ਕੇਜਰੀਵਾਲ ਦੀ ਫੇਰੀ ਮੌਕੇ ਕੀਤੀ ਬਿਆਨਬਾਜ਼ੀ ਦੱਸਦੀ ਹੈ ਕਿ ਇਹ ਧਿਰਾਂ 'ਆਪ' ਨੂੰ ਚੁਣੌਤੀ ਮੰਨਦੀਆਂ ਹਨ।



ਦੋਵਾਂ ਧਿਰਾਂ ਦੀ ਜ਼ੁਬਾਨ 'ਤੇ ਇਸ ਫੇਰੀ

*(ਬਾਕੀ ਸਫਾ 8 'ਤੇ)*


**We Do Real Estate in Bay Area & Central Valley**

**We do loans anywhere in California**



Cell: 408-816-0408

Tel: 209-918-6464

Fax: 866-594-4680

email: realtoramanhundal@gmail.com

AMAN S. HUNDAL

Broker/Realtor/MBA

BRE# 01839828

NMLS# 162808

Alltime REALTY & MORTGAGE

16 Corning Ave, Ste. 230, Milpitas, CA 92035

3819 Northern Oak Dr., Ceres, CA 95307

CDPE, SFR *LAR 2010, 2011, 2012 Masters Club

Masters Emerald Award 2010, 2011

Fresh Sweets, Snacks & Food

Catering with portable Tandoor

for up to 10000 guests

Lunch - Dinner - Take Out - Banquets

Toll Free 1-866-FOR-RAJA

www.rajasweets.com

msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja™ SWEETS & CATERING®

Follow us on:

AUTHORIZED CATERER FOR MAJOR 5-STAR HOTELS

Raja Sweets & Indian Cuisine

31853 Alvarado Blvd. Union City CA 94587

Ph. (510) 489-9100 Fax (510) 489-9111

Raja Indian Cuisine & Bar

1275 W Winton Ave. Hayward CA 94545

Ph. (510) 264-9300 Fax (510) 264-9345

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ



Manpreet S. Gahra

*Attorny At Law*

Criminal Defense (DUI, simple battery, domestic violence, immigration post-conviction relief)

Berkeley Office

2161 Shattuck Ave., 304, Berkeley

Ph:510-841-4582 Fax:510-217-6847

Sacramento Office

Call For Appointment

Ph:916-924-1617

Email: manpreet@gahralaw.com


40% OFF PER MONTH
FOR 12 MONTHS ON
PUNJABI MEGA PACK
ICC WORLD TWENTY20 INDIA 2016
WILLOW HD
OFFICIAL BROADCAST PARTNER
Star INDIA
PTC PUNJABI
GLOBAL PUNJAB
jus punjabi
WATCH THE ICC WORLD TWENTY20 INDIA 2016 LIVE ON WILLOW HD WITH DISH
PUNJABI MEGA PACK
$14.99 /MO
FOR 12 MONTHS
$24.99 /mo EVERYDAY PRICE
WILLOW HD
PTC PUNJABI
GLOBAL PUNJAB
jus punjabi
MH ONE
JUS one
jus 24x7
9X TASHAN
PTC chak de
PTC NEWS
Requires credit qualification and subscription to qualifying American or DishLATINO programming. Cannot be combined with other International offers.
ORDER NOW!
1-888-797-8273
MUST MENTION OFFER CODE:
SAVEBIG
AT TIME OF ORDERING.
Cannot be combined with other Offer Codes
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. Offer ends 4/30/16.
2 Year Commitment: Early termination fee of $20/mo. remaining applies if you cancel early. Installation/Equipment Requirements: A second dish antenna may be required to view both International and American programming. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Taxes or reimbursement charges for state gross earnings taxes may apply. Additional restrictions and taxes may apply.
© 2016 DISH Network L.L.C. All rights reserved.

## Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW (Only In WA)

*Divorce *Annulment
*International Custody

### INCORPORATIONS (Only In WA)

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

## ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

## ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR EQUAL HOUSING OPPORTUNITY

JAGDEV SINGH
Realtor
CalBre #01423409
42820 Albrae, St.,
Fremont, CA 94538



STATEN SOLAR
AFFORDABLE ENERGY FOR EVERYONE

## Save with Solar

## Commercial, Agricultural and Residential



For South California



Simran Deol
Solar Engineer
661-412-4728
661-427-0843 (fax)

## BYE BILL

### No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
Sales Rep Bay Area by North California
510-468-9525

# ਆਇਆ ਸਮਾਂ ਮੁੱਲ ਮੋੜਨ ਦਾ !

# ਅਕਾਲੀ ਦਲ (ਬਾਦਲ) ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਸਰਗਰਮ

ਪਿੱਛੇ ਜਿਹੇ ਹੋਈਆਂ ਗੁਰਦੁਆਰਾ ਸੈਨ ਹੋਜ਼ੇ ਦੀਆਂ ਚੋਣਾਂ ਵਿਚ ਫਰੀਮਾਂਟ ਦੀ ਭਾਈ ਅਵਤਾਰ ਸਿੰਘ ਧਾਮੀ ਸਲੇਟ ਨੇ ਉਥੇ ਬਾਬ ਢਿੱਲੋਂ ਗਰੁਪ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ। ਹੁਣ ਬਾਬ ਢਿੱਲੋਂ ਦੇ ਮੁੱਲ ਮੋੜਨ ਦਾ ਸਮਾਂ ਆਇਆ ਹੈ ਅਤੇ ਉਹ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਅਵਤਾਰ ਸਿੰਘ ਧਾਮੀ ਸਲੇਟ ਦੀ ਮਦਦ 'ਤੇ ਉਤਰ ਆਇਆ ਹੈ। ਇਹ ਗੱਲ ਕਿਸੇ ਤੋਂ ਲੁੱਕੀ ਛਿਪੀ ਨਹੀਂ ਕਿ ਗੁਰਦੁਆਰਾ ਸੈਨ ਹੋਜ਼ੇ, ਅਕਾਲੀ ਦਲ (ਬਾਦਲ) ਦਾ ਅਮਰੀਕਾ ਵਿਚ ਗੜ੍ਹ ਮੰਨਿਆ ਜਾਂਦਾ ਹੈ। ਇਥੋਂ ਦੇ ਕਮੇਟੀ ਮੈਂਬਰਾਂ ਦੇ ਪੰਜਾਬ ਦੌਰਿਆਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਅਤੇ ਮਹਿਮਾਨ-ਨਿਵਾਜੀ ਦੀਆਂ ਫੋਟੋਆਂ ਤੇ ਖਬਰਾਂ ਅਕਸਰ ਹੀ ਦੇਖੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਅਮਰੀਕਾ ਵਿਚ ਆਏ ਅਕਾਲੀਆਂ ਦਾ ਸਿਰੋਪਿਆਂ ਨਾਲ ਸਨਮਾਨ ਕਰਨ ਦੀਆਂ ਫੋਟੋਆਂ ਵੀ ਅਕਸਰ ਹੀ ਅਖਬਾਰਾਂ ਵਿਚ ਲਗਦੀਆਂ ਰਹਿੰਦੀਆਂ ਹਨ। ਸੈਨ ਹੋਜ਼ੇ ਚੋਣਾਂ ਜਿੱਤਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅਖਬਾਰਾਂ ਵਿਚ ਬਿਆਨ ਲਾ ਕੇ ਮੌਜੂਦਾ ਕਮੇਟੀ ਨੂੰ ਵਧਾਈ ਵੀ ਦਿੱਤੀ ਸੀ।

ਗੁਰਦੁਆਰਾ ਸੈਨ ਹੋਜ਼ੇ ਅਤੇ ਅਕਾਲੀਆਂ ਵਿਚ ਰਿਸ਼ਤੇ ਦਾ ਸੂਤਰਧਾਰ ਸਰਬਜੋਤ ਸਿੰਘ ਸਵੱਦੀ ਹੈ ਜੋ ਅਕਾਲੀ ਦਲ ਅਮਰੀਕਾ ਦਾ ਸੈਕਟਰੀ ਹੈ ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦਾ ਪ੍ਰਮੁੱਖ ਮੈਂਬਰ ਹੈ। ਉਸ ਦੀ ਸੱਜੀ ਬਾਂਹ ਪ੍ਰੀਤਮ ਸਿੰਘ ਜੋਗਾ ਹੈ ਜੋ ਖਾਲਿਸਤਾਨੀ ਕਰਕੇ ਜਾਣਿਆ ਜਾਂਦਾ ਹੈ। ਇਹ ਅਜੀਬ ਰਿਸ਼ਤਾ ਕਈ ਸਾਲਾਂ ਤੋਂ ਨਿਰੰਤਰ ਚਲਿਆ ਆਉਂਦਾ ਹੈ। ਪ੍ਰੀਤਮ ਸਿੰਘ ਜੋਗੇ ਨੇ ਵੀ ਬਾਬ ਢਿੱਲੋਂ ਗਰੁਪ ਨੂੰ ਜਿਤਾਉਣ ਲਈ ਦਿਨ ਰਾਤ ਇਕ ਕੀਤਾ ਹੋਇਆ ਸੀ। ਕਹਿਣ ਨੂੰ ਤਾਂ ਉਹ ਕਹਿੰਦਾ ਹੈ ਕਿ ਉਸ ਦਾ ਹੁਣ ਬਾਬ ਢਿੱਲੋਂ ਤੇ ਸਵੱਦੀ ਨਾਲ ਕੋਈ ਸਬੰਧ ਨਹੀਂ ਪਰ ਰਾਜਨੀਤਕ ਸਫਾ ਵਿਚ ਇਸ ਨੂੰ ਸੱਚ ਨਹੀਂ ਮੰਨਿਆ ਜਾ ਰਿਹਾ। ਇਹ ਸਮਝਿਆ ਜਾਂਦਾ ਹੈ ਕਿ ਇਹ ਇਕ ਰਾਜਨੀਤਕ ਚਾਲ ਹੈ ਜਿਸ ਨਾਲ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਸਿੱਖ ਪੰਚਾਇਤ ਨਾਲੋਂ ਵੱਖ ਕਰ ਕੇ ਚੋਣਾਂ ਲੜਾਈਆਂ ਜਾਣ ਜਿਸ ਨਾਲ ਸਿੱਖ ਪੰਚਾਇਤ ਦੇ ਵੋਟ ਬੈਂਕ ਨੂੰ ਖੋਰਾ ਲੱਗੇ ਅਤੇ ਅਵਤਾਰ ਸਿੰਘ ਧਾਮੀ ਸਲੇਟ ਚੋਣਾਂ ਜਿੱਤ ਸਕੇ।

ਇਸ ਸਾਰੀ ਸਿਆਸਤ ਤੋਂ ਸਪਸ਼ਟ ਹੈ ਕਿ ਅਕਾਲੀ ਦਲ (ਬਾਦਲ) ਫਰੀਮਾਂਟ ਗੁਰਦੁਆਰਾ ਸਾਹਿਬ 'ਤੇ ਵੀ ਕਬਜ਼ਾ ਕਰਨਾ ਚਾਹੁੰਦਾ ਹੈ। ਉਨ੍ਹਾਂ ਨੇ ਧਾਮੀ ਸਲੇਟ ਵਿਚ ਆਪਣਾ ਉਮੀਦਵਾਰ ਵਿਕਰਮਜੀਤ ਸਿੰਘ ਵੀ ਉਤਾਰਿਆ ਹੈ ਅਤੇ ਉਸ ਦਾ ਸਾਰਾ ਭਾਈਚਾਰਾ ਵੀ ਇਸ ਚੋਣਾਂ ਵਿਚ ਸਰਗਰਮ ਹੈ। ਗੁਰਦੁਆਰਾ ਸਾਹਿਬ ਫਰੀਮਾਂਟ ਦੇ ਵੋਟਰਾਂ ਨੇ ਸੋਚਣਾ ਹੈ ਕਿ ਉਨ੍ਹਾਂ ਨੇ ਭਾਈ ਜੰਡੀ ਦੀ ਸਲੇਟ ਨੂੰ ਵੋਟ ਪਾ ਕੇ ਖਰਾਬ ਕਰਨੀ ਹੈ ਜਿਸ ਦਾ ਸਿੱਧਾ ਫਾਇਦਾ ਧਾਮੀ ਸਲੇਟ ਨੂੰ ਹੋਣਾ ਹੈ ਜਾਂ ਸਿੱਖ ਪੰਚਾਇਤ ਨੂੰ ਹਮਾਇਤ ਦੇ ਕੇ ਸਿੱਖੀ ਅਤੇ ਪੰਥ ਵਿਰੋਧੀ ਅਕਾਲੀ ਦਲ (ਬਾਦਲ) ਦਾ ਮੂੰਹ ਭੰਨਣਾ ਹੈ।



ਵਿਕਰਮਜੀਤ ਸਿੰਘ ਜੋ ਧਾਮੀ ਸਲੇਟ ਅਤੇ ਭੁਪਿੰਦਰ ਸਿੰਘ ਰੰਧਾਵਾ ਜੋ ਜੰਡੀ ਸਲੇਟ ਦੇ ਉਮੀਦਵਾਰ ਹਨ, ਅਕਾਲੀ ਦਲ ਦੇ ਸੀਨੀਅਰ ਲੀਡਰ ਸੁਰਜੀਤ ਸਿੰਘ ਰੱਖੜਾ ਨਾਲ। ਬਾਕੀ ਇਸ ਵਿਚ ਸ਼ਾਮਿਲ ਸਾਰੇ ਹੀ ਪਤਵੰਤੇ ਧਾਮੀ ਸਲੇਟ ਦੀ ਮਦਦ ਕਰ ਰਹੇ ਹਨ।



ਸੈਨ ਹੋਜ਼ੇ ਕਮੇਟੀ ਦੇ ਮੈਂਬਰਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਸਨਮਾਨ ਕਰਦੇ ਹੋਏ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ



ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥੇਦਾਰ ਭੌਰ, ਰਾਜਿੰਦਰ ਸਿੰਘ ਮਹਿਤਾ ਅਤੇ ਹੋਰ ਪਤੰਵਤੇ ਅਕਾਲੀਆਂ ਦਾ ਗੁਰਦੁਆਰਾ ਸੈਨ ਹੋਜ਼ੇ ਵਿਚ ਸੈਨ ਹੋਜ਼ੇ ਕਮੇਟੀ ਵਲੋਂ ਸਨਮਾਨ ਕਰਦਿਆਂ ਦੀ ਤਸਵੀਰ



ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦੇ ਬਾਬ ਢਿੱਲੋਂ, ਪ੍ਰੀਤਮ ਗਰੇਵਾਲ, ਸਰਬਜੋਤ ਸਵੱਦੀ ਅਤੇ ਪ੍ਰੀਤਮ ਸਿੰਘ ਜੋਗਾ, ਜਿਨ੍ਹਾਂ ਨੇ ਇਸ ਵਾਰੀ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਸਾਰੀ ਸ਼ਤਰੰਜ ਰਚੀ। ਇਨ੍ਹਾਂ ਸਾਰਿਆਂ ਦਾ ਜੋਰ ਅਵਤਾਰ ਸਿੰਘ ਧਾਮੀ ਸਲੇਟ ਨੂੰ ਜਿਤਾਉਣ ਲਈ ਹੈ।



ਇਨ੍ਹਾਂ ਸਾਰਿਆਂ ਨੂੰ ਥਾਪੜਾ ਸੁਖਬੀਰ ਸਿੰਘ ਬਾਦਲ ਦਾ ਹੀ ਲਗਦੈ।



ਧਾਮੀ ਸਲੇਟ ਦੇ ਉਮੀਦਵਾਰ ਤੇ ਕਰਤਾ-ਧਰਤਾ ਅਤੇ ਇਨ੍ਹਾਂ ਸਾਰਿਆਂ ਦਾ ਸੂਤਰਧਾਰ ਪ੍ਰੀਤਮ ਸਿੰਘ। ਸੈਨ ਹੋਜ਼ੇ ਦੀਆਂ ਚੋਣਾਂ ਸਮੇਂ ਬਾਬ ਢਿੱਲੋਂ ਧੜੇ ਦੀ ਮਦਦ ਕਰਨ ਵੇਲੇ ਦੀ ਤਸਵੀਰ।

**For More Info. Call - Jasdev Singh, Ph: (650)391-4408; Gurinder Singh (510)449-3628**

# ਜਾਰੀ ਕਰਤਾ: ਸਿੱਖ ਪੰਚਾਇਤ

*Paid ad on behalf the advertiser who is responsible for the contents and not Punjab Times.*

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE



ਅਰਵਿੰਦਰ ਕੌਰ
ARVINDER KAUR



ਜਸਦੇਵ ਸਿੰਘ
JASDEV SINGH



ਗੁਰਿੰਦਰ ਸਿੰਘ
GURINDER SINGH



ਹਰਿੰਦਰਪਾਲ ਸਿੰਘ
HARINDER PAL SINGH



ਪਰਮਿੰਦਰ ਸਿੰਘ
PARMINDER SINGH

**ਗੁਰਦੁਆਰਾ ਸਾਹਿਬ ਦਾ ਮੁੱਖ ਮਕਸਦ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਨਾਮ ਅਤੇ ਬਾਣੀ ਨਾਲ ਜੋੜਨਾ ਹੈ। ਅਸੀ ਇਸ ਕਾਰਜ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਲਈ ਵਚਨਵੱਧ ਹਾਂ।**

**ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਸੱਭ ਤੋਂ ਪਹਿਲਾਂ ਤਾਂ ਸਾਧ ਸੰਗਤ ਵਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕਰਦੀ ਹੈ। ਸਾਧ ਸੰਗਤ ਦੇ ਸਹਿਯੋਗ ਬਿਨਾਂ ਕੋਈ ਵੀ ਪ੍ਰੋਜੈਕਟ ਨੇਪਰੇ ਚਾੜਨਾ ਸੰਭਵ ਨਹੀਂ।**

**ਸਾਡੇ ਵਲੋ ਜੋ 2014 ਦੇ ਚੋਣ ਮੈਨੀਫੈਸਟੋ ਵਿੱਚ ਵਾਅਦੇ ਕੀਤੇ ਗਏ ਸਨ ਉਹ ਤਕਰੀਬਨ ਮੁਕੰਮਲ ਕਰ ਦਿੱਤੇ ਗਏ ਹਨ ਜਾਂ ਕੁੱਝ ਚੱਲ ਰਹੇ ਹਨ। ਅਸੀ ਇਸ ਵਾਰ ਵੀ ਸਿਰਫ ਉਹੀ ਵਾਇਦੇ ਆਪ ਸੰਗਤ ਨਾਲ ਸਾਂਝੇ ਕਰ ਰਹੇ ਜਿਹਨਾਂ ਨੂੰ ਅਸੀ ਮੁਕੰਮਲ ਕਰਨ ਦਾ ਪ੍ਰਣ ਕਰਦੇ ਹਾਂ।**

## ਭਵਿੱਖ ਦੇ ਨਵੇਂ ਪ੍ਰੋਜੈਕਟ

» ਅਗਲੇ ਦੋ ਸਾਲਾਂ ਲਈ ਸਾਡਾ ਸੱਭ ਤੋ ਮਹੱਤਵਪੂਰਨ ਟੀਚਾ ਨੌਜਵਾਨਾਂ ਨੂੰ ਗੁਰਦੁਆਰਾ ਸਾਹਿਬ ਨਾਲ ਜੋੜਨਾ ਹੋਵੇਗਾ। ਨੌਜਵਾਨ ਵਰਗ ਗੁਰਦੁਆਰਾ ਸਾਹਿਬ ਤੋ ਦੂਰ ਹੁੰਦਾ ਜਾ ਰਿਹਾ ਹੈ। ਚੱਲ ਰਹੇ ਵਿਦਿਅਕ ਪ੍ਰੋਗਰਾਮਾਂ ਵਿਚ ਹੋਰ ਵਿਸਥਾਰ ਕਰਕੇ After School Tutoring, Internship, Employment, Co-Funding for selected projects ਵਰਗੇ ਪ੍ਰੋਗਰਾਮ ਚਲਾਏ ਜਾਣਗੇ।

» ਸਕੂਲਾਂ ਵਿਚ ਪੜਦੇ ਬੱਚਿਆਂ ਨਾਲ ਤਾਲ ਮੇਲ ਵਧਾਉਣਾ ਅਤੇ ਕੈਲੀਫੋਰਨੀਆਂ ਦੇ ਸਕੂਲਾਂ ਵਿਚ ਸਿੱਖ ਇਤਹਾਸ ਦੀ ਪੜਾਈ ਬਾਰੇ ਯਤਨ ਜਾਰੀ ਰੱਖਣੇ।

» ਸੰਗਤ ਲਈ 6 Days Short Courses ਧਾਰਮਿਕ ਵਿਦਿਆ ਲਈ ਚਲਾਏ ਜਾਣਗੇ ਜਿਸ ਵਿਚ ਸੰਗਤ ਮੈਂਬਰ ਧਾਰਮਿਕ ਟੀਚਰ ਕੋਲੋ ਆਪਣੇ ਮਨ ਅੰਦਰ ਆਏ ਸੁਆਲਾਂ ਦਾ ਜੁਆਬ ਲੈ ਸਕਣਗੇ ਅਤੇ ਧਰਮ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਸਕਣਗੇ।

» ਕਈ ਘਰਾਂ ਵਿੱਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੈ ਇਸ ਲਈ Senior Housing ਦਾ ਕੋਈ ਢੁਕਵਾਂ ਹੱਲ ਲਭਿਆ ਜਾਵੇਗਾ।

» ਜਿਵੇਂ ਕਿ ਚੋਣ ਵਿੱਚ ਬੀਬੀਆਂ ਅਤੇ ਨੌਜਵਾਨਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ, ਉਸੇ ਤਰਾਂ ਪ੍ਰਬੰਧਕ ਕਮੇਟੀ ਵਿੱਚ ਵੀ ਯੋਗ ਸਥਾਨ ਦਿੱਤਾ ਜਾਵੇਗਾ।

» ਚੱਲ ਰਹੇ ਉਸਾਰੀ ਪ੍ਰੋਜੈਕਟ ਨੂੰ ਅਪ੍ਰੈਲ ਮਹੀਨੇ ਮੁਕੰਮਲ ਕਰਕੇ ਦੂਜੇ ਫੇਜ਼ ਨੂੰ ਜਲਦੀ ਤੋ ਜਲਦੀ ਸ਼ੁਰੂ ਕੀਤਾ ਜਾਵੇਗਾ।

» ਗੈਰ ਪੰਥਕ ਅਨਸਰਾਂ ਦੇ ਪੰਥ ਵਿਰੋਧੀ ਹਮਲਿਆ ਦਾ ਢੁਕਵਾਂ ਜਵਾਬ ਦੇਣਾ।

» ਸਥਾਨਕ ਸਿੱਖੀ ਦੀ ਪਛਾਣ ਨਾਲ ਸਬੰਧਿਤ ਮਸਲਿਆ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨਾ।

» ਪੰਜਾਬ ਜਾਂ ਬਾਕੀ ਦੁਨੀਆ ਵਿਚ ਦਰਪੇਸ਼ ਸਿੱਖ ਮਸਲਿਆ ਵਿਚ ਸਿੱਖ ਭਾਈਚਾਰੇ ਦੀ ਯਥਾ ਸ਼ਕਤਿ ਮੱਦਦ ਕਰਨੀ।

## ਪ੍ਰਾਪਤੀਆਂ

» ਪਿਛਲੇ ਲੰਬੇ ਸਮੇਂ ਤੋਂ ਸਕੂਲ ਦੇ ਬੱਚਿਆਂ ਦੇ ਬੈਠਣ ਲਈ ਜਗਾ ਦੀ ਬਹੁਤ ਤੰਗੀ ਸੀ। ਕਈ ਸਾਲਾਂ ਦੀ ਮਿਹਨਤ ਤੋਂ ਬਾਦ ਹੁਣ ਆਧੁਨਿਕ ਕਿਸਮ ਦੀ ਰਸੋਈ ਅਤੇ ਸਕੂਲ ਲਈ ਕਮਰੇ ਬਣਾਉਣ ਦਾ ਕੰਮ ਲਗਭਗ ਪੂਰਾ ਹੋਣ ਦੇ ਨੇੜੇ ਹੈ। ਸੰਗਤਾਂ ਦਾ ਭਾਰੀ ਸਹਿਯੋਗ ਹੋਣ ਕਾਰਨ 30 ਲੱਖ ਡਾਲਰ ਦੀ ਲਾਗਤ ਵਿਚ ਬਣਨ ਵਾਲੀ ਇਹ ਬਿਲਡਿੰਗ ਬਿਨਾਂ ਕਰਜੇ ਤੋਂ ਬਣ ਰਹੀ ਹੈ।

» ਪਹਿਲੀ ਵਾਰ ਗੁਰੂ ਘਰ ਦੇ ਹਿਸਾਬ ਕਿਤਾਬ ਦਾ ਆਡਿਟ ਪਾਰਦਰਸ਼ੀ ਸਿੱਧ ਹੋਇਆ ਹੈ।

» ਖਾਲਸਾ ਸਕੂਲ ਵਿਚ 600 ਤੋਂ ਵੱਧ ਬੱਚੇ ਹਨ ਜਿਨਾਂ ਨੂੰ ਗੁਰਬਾਣੀ ਅਤੇ ਪੰਜਾਬੀ ਦੀ ਪੜ੍ਹਾਈ ਕਰਾਈ ਜਾਂਦੀ ਹੈ। ਇਸ ਤੋਂ ਇਲਾਵਾ ਗਤਕੇ ਦੀ ਸਿਖਲਾਈ ਅਤੇ ਸੰਗੀਤ ਅਤੇ ਤੰਤੀ ਸਾਜਾਂ ਨਾਲ ਕੀਰਤਨ ਦੀ ਸਿਖਲਾਈ ਵੀ ਦਿਤੀ ਜਾਂਦੀ ਹੈ। SAT ਅਤੇ ਉਚ ਵਿਦਿਆ ਦੀਆਂ ਕਲਾਸਾਂ ਵੀ ਲਗਦੀਆ ਹਨ।

» ਗੁਰੂ ਘਰ ਵਿਚ ਬਿਨਾਂ ਕਿਸੇ ਲਾਗਤ ਦੇ ਸੋਲਰ ਸਿਸਟਮ ਲਗਾ ਦਿਤਾ ਗਿਆ ਹੈ, ਜਿਸ ਨਾਲ ਗੁਰਦਵਾਰਾ ਬਿਜਲੀ ਦੀ ਖਰਚੇ ਵਿਚ ਰਾਹਤ ਮਿਲਦੀ ਹੈ।

» ਫਰੀਮਾਂਟ ਗੁਰੂ ਘਰ ਅਮਰੀਕਾ ਵਿਚ ਇਕੋ ਇਕ ਗੁਰੂ ਘਰ ਹੈ ਜੋ ਕਿ ਸ਼ਹੀਦਾ ਨੂੰ ਸਮਰਪਤਿ ਹੈ। ਇਹ ਗੁਰੂ ਘਰ ਕੌਮੀ ਕਾਰਜਾਂ ਵਿਚ ਹਮੇਸ਼ਾ ਮੋਹਰੀ ਰਿਹਾ ਹੈ। ਕੋਟਕਪੂਰੇ ਦੇ ਗੋਲੀ ਕਾਂਡ ਵਿਚ ਸ਼ਹੀਦ ਹੋਏ ਦੋ ਸਿੰਘਾਂ ਵਿਚੋਂ ਇਕ ਇਸ ਗੁਰੂ ਘਰ ਨਾਲ ਸਬੰਧਿਤ ਸੀ। ਗੁਰੂ ਘਰ ਵਲੋਂ ਇਨਾਂ ਸ਼ਹੀਦ ਪ੍ਰੀਵਾਰਾਂ ਦੀ ਮਦਦ ਪਹਿਲ ਦੇ ਅਧਾਰ ਤੇ ਕੀਤੀ ਗਈ ਸੀ।

» ਕੈਲੀਫੋਰਨੀਆਂ ਦੇ ਗੁਰੂ ਘਰਾਂ ਵਲੋਂ 1984 ਦੇ ਸ਼ਹੀਦਾਂ ਦੀ ਯਾਦ ਵਿਚ ਘੱਲੂਘਾਰਾ ਦਿਵਸ 2014 ਅਤੇ 2015 ਵਿਚ ਸਾਨਫਰਾਂਸਿਸਕੋ ਵਿਚ ਮਨਾਉਣ ਲਈ ਅਗਵਾਈ ਗੁਰੂ ਘਰ ਵਲੋਂ ਕੀਤੀ ਗਈ।

» ਗੁਰਮਤਿ ਕੈਂਪਾਂ ਵਲ ਖਾਸ ਧਿਆਨ ਦਿਤਾ ਜਾਂਦਾ ਹੈ ਤੇ ਸਾਰਾ ਸਾਲ ਕੈਂਪ ਲਗਾਏ ਜਾਂਦੇ ਹਨ। ਨੌਜਵਾਨਾਂ ਲਈ ਰੀਟਰੀਟ ਵੀ ਲਗਾਈ ਗਈ।

» ਗੁਰੂ ਘਰ ਵਿਚ ਮੈਡੀਕਲ ਕੈਂਪ ਅਤੇ ਖੂਨ ਦਾਨ ਕੈਂਪ ਲਗਾਏ ਜਾਂਦੇ ਹਨ।

» ਲ਼ੋਗਨ ਹਾਈ ਸਕੂਲ ਵਿਚ ਪੰਜਾਬੀ ਪ੍ਰੋਗਰਾਮ ਦੀ ਸਹਾਇਤਾ ਕੀਤੀ ਜਾਂਦੀ ਹੈ, ਅਮਰੀਕਾ ਵਿਚ ਪਬਲਿਕ ਸਕੂਲਾਂ ਵਿਚ ਪੰਜਾਬੀ ਦੀ ਪੜਾਈ ਵਿਚ ਇਹ ਇਕ ਪ੍ਰੋਗਰਾਮ ਹੈ।

» ਮਰਗ ਦੇ ਭੋਗ ਲਈ ਲੰਗਰ ਦਾ ਪ੍ਰਬੰਧ ਗੁਰੂ ਘਰ ਵਲੋਂ ਕੀਤਾ ਜਾਂਦਾ ਹੈ।

**ਯਾਦ ਰੱਖਣਾ 13 ਮਾਰਚ 2016 ਨੂੰ ਅਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**ਹੋਰ ਜਾਣਕਾਰੀ ਲਈ ਸੰਪਰਕ ਕਰੋ: (650) 391-4408, (510) 449-3628, (510) 299-7982**

# ਕੇਜਰੀਵਾਲ ਦੀ ਪੰਜਾਬ ਫੇਰੀ ਨਾਲ ਸਿਆਸਤ ਨੂੰ ਚੜ੍ਹਿਆ ਨਵਾਂ ਰੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਪੰਜ ਰੋਜ਼ਾ ਪੰਜਾਬ ਦੌਰੇ ਨੇ ਸੂਬੇ ਦੀ ਸਿਆਸੀ ਫਿਜ਼ਾ ਗਰਮਾ ਦਿੱਤੀ ਹੈ। ਕੇਜਰੀਵਾਲ ਨੇ ਆਪਣੇ ਦੌਰੇ ਨੂੰ ਕਿਸਾਨ ਸਮੱਸਿਆਵਾਂ ਤੇ ਪੇਂਡੂ ਖੇਤਰਾਂ ਵੱਲ ਵੱਧ ਕੇਂਦਰਤ ਰੱਖਿਆ। ਉਹ ਸੂਬੇ ਦੇ ਕਿਸੇ ਨਾ ਕਿਸੇ ਢੰਗ ਨਾਲ ਜ਼ਿਆਦਤੀਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਮਿਲੇ ਤੇ ਉਨ੍ਹਾਂ ਦੇ ਦੁਖੜੇ ਸੁਣੇ। ਇਸ ਤੋਂ ਇਲਾਵਾ ਪੰਜਾਬ ਵਿਚ ਨਸ਼ਿਆਂ ਤੇ ਰੇਤ-ਬੱਜਰੀ ਸਮੇਤ ਨਾਜਾਇਜ਼ ਕਾਰੋਬਾਰ ਨੂੰ 'ਆਪ' ਦੀ ਸਰਕਾਰ ਆਉਣ 'ਤੇ ਨੱਥ ਪਾਉਣ ਦਾ ਦਾਅਵਾ ਕੀਤਾ। ਕੇਜਰੀਵਾਲ ਨੇ ਸੰਗਰੂਰ ਜ਼ਿਲ੍ਹੇ ਤੋਂ ਆਪਣੇ ਦੌਰੇ ਦੀ ਸ਼ੁਰੂਆਤ ਕੀਤੀ ਤੇ ਸਪਸ਼ਟ ਸ਼ਬਦਾਂ ਵਿਚ ਕਿਹਾ ਉਨ੍ਹਾਂ ਦਾ ਨਿਸ਼ਾਨਾ ਸ਼ਹਿਰੀ ਹੀ ਨਹੀਂ ਸਗੋਂ ਪੇਂਡੂ ਵੋਟ ਬੈਂਕ ਖਾਸਕਰ ਛੋਟੀ ਕਿਸਾਨੀ ਵੀ ਹੈ। ਕੇਜਰੀਵਾਲ ਆਪਣੇ ਦੌਰੇ ਦੌਰਾਨ ਖਾਸਕਰ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਤੇ ਨਸ਼ਿਆਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਮਿਲੇ। ਕੇਜਰੀਵਾਲ ਨੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਲਈ ਅਕਾਲੀ-ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ ਕਿ ਰਵਾਇਤੀ ਸਿਆਸਤ ਕਰਨ ਵਾਲੀਆਂ ਪਾਰਟੀਆਂ ਏਅਰ ਕੰਡੀਸ਼ਨਡ ਕਮਰਿਆਂ ਵਿਚ ਬੈਠ ਕੇ ਚੋਣ ਮਨੋਰਥ ਪੱਤਰ ਤਿਆਰ ਕਰਦੇ ਹਨ, ਪਰ ਉਨ੍ਹਾਂ ਦਾ ਪਾਰਟੀ ਕੇਡਰ ਪਿੰਡਾਂ ਵਿਚ ਜਾ ਕੇ ਕਿਸਾਨਾਂ ਦੀਆਂ ਸਮੱਸਿਆਵਾਂ ਜਾਣਗੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ 'ਆਪ' ਦਾ ਫਲਸਫਾ ਹੈ ਕਿ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਾਣੋ ਤੇ ਫਿਰ ਉਨ੍ਹਾਂ ਦਾ ਹੱਲ ਕੱਢੋ।

ਕੇਜਰੀਵਾਲ ਦੇ ਦੌਰੇ ਨੇ ਅਕਾਲੀ ਦਲ-ਭਾਜਪਾ ਦੇ ਨਾਲ-ਨਾਲ ਕਾਂਗਰਸ ਨੂੰ ਵੀ ਫਿਕਰਾਂ ਵਿਚ ਪਾ ਦਿੱਤਾ ਹੈ। ਸੂਬੇ ਵਿਚ ਜਿਥੇ ਦਸ ਸਾਲ ਤੋਂ ਸੱਤਾ ਉਤੇ ਕਾਬਜ਼ ਅਕਾਲੀ ਦਲ-ਭਾਜਪਾ ਸਰਕਾਰ 'ਤੇ ਸਮੱਸਿਆਵਾਂ ਦਾ ਹੱਲ ਲੱਭਣ ਵਿਚ ਨਾਕਾਮ ਰਹਿਣ ਦਾਗ ਹੈ, ਉਥੇ ਕਾਂਗਰਸ ਵੀ ਇਨ੍ਹਾਂ ਮਸਲਿਆਂ ਉਤੇ ਸੱਤਾ ਧਿਰ ਨੂੰ ਘੇਰਨ ਵਿਚ ਨਾਕਾਮ ਰਹਿਣ ਦਾ ਇਲਜ਼ਾਮ ਝੱਲ ਰਹੀ ਹੈ। ਅਜਿਹੇ ਵਿਚ ਆਮ ਆਦਮੀ ਪਾਰਟੀ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਹੀ ਹੈ।

ਅਰਵਿੰਦ ਕੇਜਰੀਵਾਲ ਨੇ ਆਪਣੇ ਪੰਜਾਬ ਦੌਰੇ ਦੌਰਾਨ ਅਹਿਦ ਲਿਆ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜੇ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਈ ਤਾਂ 24 ਘੰਟਿਆਂ ਵਿਚ ਇਸ ਬੁਰਾਈ ਦਾ ਖਾਤਮਾ ਕਰ ਦਿੱਤਾ ਜਾਵੇਗਾ। ਉਨ੍ਹਾਂ ਨੂੰ ਇਹ ਸੁਣ ਕੇ ਅਚੰਭਾ ਲੱਗਿਆ ਕਿ ਪੰਜਾਬ ਵਿਚ ਕਰੱਸ਼ਰ ਮਾਲਕਾਂ ਤੋਂ ਖਣਨ ਮਾਫੀਆ 'ਗੁੰਡਾ ਟੈਕਸ ਜਾਂ ਜਜ਼ੀਆ' ਵਸੂਲਦਾ ਹੈ।

ਦਿੱਲੀ ਸਰਕਾਰ ਦੇ ਰਿਕਾਰਡ 'ਤੇ ਸਵਾਲ ਚੁੱਕਣ ਵਾਲੇ ਜਲੰਧਰ ਵਿਚ ਲੱਗੇ ਪੋਸਟਰਾਂ ਬਾਰੇ ਸ੍ਰੀ ਕੇਜਰੀਵਾਲ ਨੇ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਨ੍ਹਾਂ ਆਪਣੇ 10 ਸਾਲਾਂ ਦੇ ਸ਼ਾਸਨ ਦੌਰਾਨ ਰਾਜ ਨੂੰ ਬਰਬਾਦ ਕਰ ਦਿੱਤਾ ਹੈ। ਕੋਈ ਵੀ ਸਰਕਾਰ ਉਨਾ ਕੰਮ 65 ਸਾਲਾਂ ਵਿਚ ਨਹੀਂ ਕਰ ਸਕੀ, ਜਿੰਨਾ ਉਨ੍ਹਾਂ ਦੀ ਸਰਕਾਰ ਨੇ ਦਿੱਲੀ ਵਿਚ ਇਕ ਸਾਲ ਵਿਚ ਕਰ ਵਿਖਾਇਆ। ਖੁਦਕੁਸ਼ੀਆਂ ਪੀੜਤ ਪਰਿਵਾਰਾਂ ਨੇ ਕੇਜਰੀਵਾਲ ਕੋਲ ਪੰਜਾਬ ਸਰਕਾਰ ਦੀ ਸ਼ਿਕਾਇਤ ਵੀ ਕੀਤੀ ਕਿ ਇਕ-ਇਕ ਲੱਖ ਰੁਪਏ ਮੁਆਵਜ਼ਾ ਦੇਣ ਦੇ ਐਲਾਨ ਦੇ ਬਾਵਜੂਦ ਰਾਸ਼ੀ ਨਹੀਂ ਦਿੱਤੀ ਗਈ। ਨਾਅਰੇਬਾਜ਼ੀ ਕੀਤੀ ਗਈ। ਆਪਣੀ ਫੇਰੀ ਦੇ ਅਖੀਰਲੇ ਪੜਾਅ 'ਤੇ ਸ੍ਰੀ ਕੇਜਰੀਵਾਲ ਰੇਤ, ਟਰਾਂਸਪੋਰਟ, ਕੇਬਲ, ਆਦਿ ਮਾਫੀਆ ਦੀ ਗੱਲ ਛੇੜੀ।



### ਸੌ ਸੀਟਾਂ ਜਿੱਤਣ ਦਾ ਦਾਅਵਾ

**ਜਲੰਧਰ:** ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਤਕਰੀਬਨ 100 ਸੀਟਾਂ ਜਿੱਤੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਚੰਡੀਗੜ੍ਹ ਤੋਂ ਨਹੀਂ, ਪੰਜਾਬ ਤੋਂ ਚੱਲੇਗੀ। ਉਨ੍ਹਾਂ ਭਗਵੰਤ ਮਾਨ ਦੇ ਸੁਖਬੀਰ ਬਾਦਲ ਖਿਲਾਫ਼ ਚੋਣ ਲੜਨ 'ਤੇ ਕਿਹਾ ਕਿ ਉਨ੍ਹਾਂ ਦੇ ਚੋਣ ਲੜਨ ਬਾਰੇ ਫੈਸਲਾ ਪਾਰਟੀ ਕਰੇਗੀ।

ਉਨ੍ਹਾਂ ਡੇਰਾਵਾਦ 'ਤੇ ਬੋਲਦਿਆਂ ਕਿਹਾ ਕਿ ਉਹ ਮੁੱਦਿਆਂ 'ਤੇ ਰਾਜਨੀਤੀ ਕਰਦੇ ਹਨ, ਧਰਮ ਦੀ ਰਾਜਨੀਤੀ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਜਗਦੀਸ਼ ਟਾਈਟਲਰ ਨਾਲ ਮੁਲਾਕਾਤ ਦੀ ਫੋਟੋ ਦਿੱਲੀ ਦੇ ਇਕ ਪ੍ਰੋਗਰਾਮ ਦੀ ਹੈ ਤੇ ਇਸ ਤੋਂ ਵੱਧ ਟਾਈਟਲਰ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

### ਬਾਦਲ ਨੂੰ ਲਿਖੀ ਕਰਜ਼ਈ ਕਿਸਾਨਾਂ ਬਾਰੇ ਚਿੱਠੀ

**ਚੰਡੀਗੜ੍ਹ:** ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਭੇਜ ਕੇ ਕਰਜ਼ੇ ਵਿਚ ਡੁੱਬੇ ਸੂਬੇ ਦੇ ਕਿਸਾਨਾਂ ਉਤੇ ਤਰਸ ਕਰਨ ਦੀ ਗੁਹਾਰ ਲਗਾਈ। ਸ੍ਰੀ ਕੇਜਰੀਵਾਲ ਨੇ ਪੱਤਰ ਵਿਚ ਲਿਖਿਆ ਹੈ ਕਿ ਉਹ ਆਪਣੇ ਦੌਰੇ ਦੌਰਾਨ ਕਈ ਪਿੰਡਾਂ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲੇ ਹਨ। ਇਨ੍ਹਾਂ ਮੁਲਾਕਾਤਾਂ ਦੌਰਾਨ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਇਕ-ਇਕ ਕਿਸਾਨ ਪਰਿਵਾਰ ਸਿਰ ਬੈਂਕਾਂ ਦੇ ਲੱਖਾਂ ਰੁਪਏ ਦੇ ਕਰਜ਼ੇ ਚੜ੍ਹੇ ਹਨ। ਜੋ ਕਿਸਾਨ ਇਹ ਕਰਜ਼ਾ ਵਾਪਸ ਕਰਨ ਦੇ ਸਮਰੱਥ ਨਹੀਂ ਹਨ, ਬੈਂਕ ਪ੍ਰਸ਼ਾਸਨ ਉਨ੍ਹਾਂ ਕੋਲੋਂ ਜਬਰੀ ਵਸੂਲੀਆਂ ਕਰਨ ਲਈ ਦਬਾਅ ਪਾ ਰਿਹਾ ਹੈ। ਇਸ ਕਾਰਨ ਵੀ ਪੰਜਾਬ ਦੇ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ, ਜਿਸ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਵਿਆਪਕ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਕਾਰਨ ਅਜਿਹੇ ਦੁੱਖਦ ਭਰੀ ਸਥਿਤੀ ਪੈਦਾ ਹੋਈ ਹੈ। ਉਨ੍ਹਾਂ ਸ. ਬਾਦਲ ਨੂੰ ਬੇਨਤੀ ਕੀਤੀ ਕਿ ਬੈਂਕ ਵੱਲੋਂ ਕਿਸਾਨਾਂ ਕੋਲੋਂ ਕੀਤੀ ਜਾ ਰਹੀ ਜਬਰ ਵਸੂਲੀ ਦੀ ਪ੍ਰਕਿਰਿਆ ਨੂੰ ਅਗਲੇ ਇਕ ਸਾਲ ਲਈ ਰੋਕਣ ਵਾਸਤੇ ਹੰਗਾਮੀ ਕਦਮ ਚੁੱਕੇ ਜਾਣ। ਉਨ੍ਹਾਂ ਸ੍ਰੀ ਬਾਦਲ ਨੂੰ ਸਲਾਹ ਦਿੱਤੀ ਕਿ ਇਹ ਵਸੂਲੀਆਂ ਇਕ ਸਾਲ ਰੋਕੀਆਂ ਜਾਣ ਤਾਂ ਜੋ ਅਗਲੇ ਸਾਲ ਬਣਨ ਵਾਲੀ ਪੰਜਾਬ ਦੀ ਨਵੀਂ ਸਰਕਾਰ ਇਸ ਮੁੱਦੇ ਉਪਰ ਕੋਈ ਫੈਸਲਾ ਲੈਣ ਦੇ ਸਮਰੱਥ ਹੋ ਸਕੇ।

### ਆਮ ਲੋਕ ਤਿਆਰ ਕਰਨਗੇ 'ਆਪ' ਦਾ ਚੋਣ ਮੈਨੀਫੈਸਟੋ

**ਜਲੰਧਰ:** ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ 'ਆਪ' ਸਰਕਾਰ ਬਣਾਉਣ ਲਈ ਏਜੰਡਾ ਤਿਆਰ ਕਰਨ ਤੇ ਆਪਣੇ ਸੁਝਾਅ ਦੇਣ ਕਿਉਂਕਿ ਲੋਕਾਂ ਦੀ ਭਾਈਵਾਲੀ ਨਾਲ ਹੀ ਚੋਣ ਮਨੋਰਥ ਪੱਤਰ ਤਿਆਰ ਕੀਤਾ ਜਾਵੇਗਾ। ਪੰਜਾਬ ਦੇ ਸਨਅਤਕਾਰਾਂ ਨੇ ਕੇਜਰੀਵਾਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਡਰੇ ਹੋਏ ਹਨ ਤੇ ਉਨ੍ਹਾਂ ਨੂੰ ਸੂਬੇ ਦੀ ਭ੍ਰਿਸ਼ਟ ਅਫ਼ਸਰਸ਼ਾਹੀ ਤੋਂ ਬਚਾਇਆ ਜਾਵੇ।

# ਜਦੋਂ ਕੇਜਰੀਵਾਲ ਦੇ ਟਾਕਰੇ ਲਈ ਕੇਂਦਰੀ ਆਗੂਆਂ ਨੂੰ ਸੰਭਾਲਣੀ ਪਈ ਕਮਾਨ

**ਚੰਡੀਗੜ੍ਹ:** ਅਰਵਿੰਦ ਕੇਜਰੀਵਾਲ ਦੀ ਪੰਜ ਰੋਜ਼ਾ ਪੰਜਾਬ ਫੇਰੀ ਦੌਰਾਨ ਅਕਾਲੀ ਦਲ ਅਤੇ ਕਾਂਗਰਸ ਨੇ ਇਕੋ ਜਿਹੀ ਪਹੁੰਚ ਅਪਣਾਈ। ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਚੰਡੀਗੜ੍ਹ ਪੁੱਜ ਕੇ ਸ੍ਰੀ ਕੇਜਰੀਵਾਲ ਵਿਰੁੱਧ ਭੜਾਸ ਕੱਢੀ ਸੀ ਤੇ ਫਿਰ ਦਿੱਲੀ ਕਾਂਗਰਸ ਦੇ ਪ੍ਰਧਾਨ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਬੁਲਾਰੇ ਅਜੈ ਮਾਕਨ ਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਚੰਡੀਗੜ੍ਹ ਪੁੱਜ ਕੇ ਕੇਜਰੀਵਾਲ ਵਿਰੁੱਧ ਕਮਾਨ ਸੰਭਾਲ ਲਈ। ਉਨ੍ਹਾਂ ਨੇ ਕੇਜਰੀਵਾਲ ਸਰਕਾਰ ਦਾ ਰਿਪੋਰਟ ਕਾਰਡ ਜਾਰੀ ਕਰ ਕੇ ਇਸ ਸਰਕਾਰ ਨੂੰ ਜ਼ੀਰੋ ਨੰਬਰ ਦਿੱਤਾ। ਸ੍ਰੀ ਮਾਕਨ ਨੇ ਦੋਸ਼ ਲਾਇਆ ਕਿ ਸ੍ਰੀ ਕੇਜਰੀਵਾਲ ਦਿੱਲੀ ਦੇ ਲੋਕਾਂ ਦੇ ਫੰਡਾਂ ਨੂੰ ਪੰਜਾਬ ਦੀਆਂ ਚੋਣਾਂ ਲਈ ਵਰਤ ਰਹੇ ਹਨ ਕਿਉਂਕਿ ਦਿੱਲੀ ਸਰਕਾਰ ਵੱਲੋਂ ਇਸ ਖਿੱਤੇ ਦੇ ਅਖ਼ਬਾਰਾਂ ਲਈ ਕਰੋੜਾਂ ਰੁਪਏ ਦੇ ਇਸ਼ਤਿਹਾਰ ਜਾਰੀ ਕੀਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਪਹਿਲਾਂ ਸ੍ਰੀ ਜੀ.ਕੇ. ਨੂੰ ਅਕਾਲੀ ਦਲ ਹਾਈਕਮਾਨ ਨੇ ਸ੍ਰੀ ਕੇਜਰੀਵਾਲ ਵਿਰੁੱਧ ਪ੍ਰਚਾਰ ਕਰਨ ਲਈ ਚੰਡੀਗੜ੍ਹ ਸੱਦਿਆ ਸੀ ਤੇ ਬਾਅਦ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਮਾਕਨ ਨੂੰ ਸੱਦਾ ਦਿੱਤਾ। ਇਕੋ ਢੰਗ ਨਾਲ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਵੱਲੋਂ ਆਪਣੇ ਵਰਕਰਾਂ ਰਾਹੀਂ ਸ੍ਰੀ ਕੇਜਰੀਵਾਲ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਗਈਆਂ।



### ਅਕਾਲੀ ਦਲ ਨੂੰ ਕੋਈ ਫਰਕ ਨਹੀਂ: ਬਾਦਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਜਮਹੂਰੀ ਮੁਲਕ ਵਿਚ ਹਰ ਆਗੂ ਨੂੰ ਕਿਸੇ ਵੀ ਸੂਬੇ ਦਾ ਦੌਰਾ ਕਰਨ ਦਾ ਹੱਕ ਹੈ ਅਤੇ ਉਹ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪੰਜਾਬ ਫੇਰੀ ਦਾ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਦਾ ਸੂਬੇ ਦੀ ਸਿਆਸਤ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਸ. ਬਾਦਲ ਨੇ ਕਿਹਾ ਕਿ ਕੇਜਰੀਵਾਲ ਆਉਣਗੇ ਤੇ ਖਾਲੀ ਹੱਥ ਹੀ ਵਾਪਸ ਜਾਣਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਸ੍ਰੀ ਕੇਜਰੀਵਾਲ ਦੇ ਦੌਰੇ ਨਾਲ ਬਾਹਲਾ ਫਰਕ ਨਹੀਂ ਪੈਣਾ।



### ਕੈਪਟਨ ਦੀ ਕੇਜਰੀਵਾਲ ਨੂੰ ਸਲਾਹ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਗੇੜੇ ਲਾਉਣ ਤੇ ਸ਼ਾਸਨ ਕਰਨ ਦੇ ਸੁਪਨੇ ਲੈਣ ਦੀ ਥਾਂ ਪਾਣੀ ਲਈ ਤਰਸ ਰਹੇ ਦਿੱਲੀ ਦੇ ਲੋਕਾਂ ਦੀ ਸਾਰ ਲੈਣ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਾ ਦਿਲ ਉਨ੍ਹਾਂ ਹਜ਼ਾਰਾਂ ਪੰਜਾਬੀਆਂ ਲਈ ਕਿਉਂ ਨਹੀਂ ਦੁਖਦਾ ਜਿਨ੍ਹਾਂ ਨੂੰ ਹਰਿਆਣਾ ਵਿਚ ਚੁਣ ਕੇ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ। ਕਤਲ ਕੀਤੇ ਗਏ ਭੀਮ ਟਾਂਕ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦਿੱਤੇ ਜਾਣ ਸਬੰਧੀ ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਸਵਾਲ ਕੀਤਾ ਕਿ ਅਜਿਹੇ ਕਿੰਨੇ ਪੀੜਤ ਕੇਜਰੀਵਾਲ ਕੋਲ ਗਏ, ਜਿਨ੍ਹਾਂ ਨੂੰ ਉਨ੍ਹਾਂ ਨੇ ਨੌਕਰੀਆਂ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਸ੍ਰੀ ਕੇਜਰੀਵਾਲ ਰੋਹਿਤ ਵੇਮੂਲਾ ਦੇ ਪਰਿਵਾਰਕ ਮੈਂਬਰਾਂ ਨੂੰ ਇਸੇ ਤਰ੍ਹਾਂ ਦੀ ਪੇਸ਼ਕਸ਼ ਕਰਨਗੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਸੋਚ ਸਿਰਫ ਚੋਣ ਫਾਇਦਿਆਂ ਤੱਕ ਤੇ ਪੱਖਪਾਤੀ ਹੈ।



# ਵਿਰੋਧੀਆਂ ਦੇ ਨਿਸ਼ਾਨਿਆਂ ਨੇ ਬਣਾਇਆ ਕੇਜਰੀਵਾਲ ਨੂੰ ਹੀਰੋ

**ਅੰਮ੍ਰਿਤਸਰ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਪੰਜ ਦਿਨਾਂ ਦੌਰੇ ਮੌਕੇ ਸੁਰਖੀਆਂ ਵਿਚ ਰਹੇ। ਦਿਲਚਸਪ ਗੱਲ ਹੈ ਕਿ ਉਨ੍ਹਾਂ ਨੂੰ ਸੁਰਖੀਆਂ ਵਿਚ ਰੱਖਣ ਲਈ ਵਿਰੋਧੀ ਪਾਰਟੀਆਂ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨੇ ਵੱਡੀ ਭੂਮਿਕਾ ਅਦਾ ਕੀਤੀ ਹੈ। ਵਿਰੋਧੀ ਪਾਰਟੀਆਂ ਦੇ ਸੀਨੀਅਰ ਲੀਡਰਾਂ ਦੇ ਨਿਸ਼ਾਨੇ 'ਤੇ ਕੇਜਰੀਵਾਲ ਹੀ ਰਹੇ। ਇਸ ਤੋਂ ਇਲਾਵਾ ਥਾਂ-ਥਾਂ ਵਿਰੋਧ ਵੀ ਕੇਜਰੀਵਾਲ ਲਈ ਲਾਹੇਵੰਦ ਹੀ ਮੰਨੇ ਜਾ ਰਹੇ ਹਨ। ਕੇਜਰੀਵਾਲ ਇਨ੍ਹਾਂ ਵਿਰੋਧੀਆਂ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਇਹ ਕਾਲੇ ਝੰਡੇ ਦਿਖਾਉਣ ਵਾਲੇ ਲੋਕ ਅਕਾਲੀ-ਭਾਜਪਾ ਤੇ ਕਾਂਗਰਸ ਵੱਲੋਂ ਭੇਜੇ ਜਾਂਦੇ ਹਨ ਤੇ ਉਨ੍ਹਾਂ ਨੂੰ ਇਸ ਕੰਮ ਦੇ ਪੈਸੇ ਦਿੱਤੇ ਜਾਂਦੇ ਹਨ। ਇਹੀ ਕਾਰਨ ਹੈ ਕਿ ਆਪਣੀ ਪਾਰਟੀ ਤੇ ਆਪਣੇ ਨੇਤਾਵਾਂ ਦਾ ਪ੍ਰਚਾਰ ਕਰਨ ਨਾਲੋਂ ਵੱਧ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਤੇ ਉਨ੍ਹਾਂ ਖਿਲਾਫ਼ ਨਾਅਰੇਬਾਜ਼ੀ ਕਰਨ ਵਾਲਿਆਂ ਦਾ ਪ੍ਰਚਾਰ ਕਰਦੇ ਦਿਖਾਈ ਦੇ ਰਹੇ ਹਨ। ਕੇਜਰੀਵਾਲ ਨੇ ਆਪਣੇ ਦੌਰੇ ਦੌਰਾਨ ਮਾਲਵੇ, ਮਾਝੇ ਤੇ ਦੁਆਬੇ ਦੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਲੋਕਾਂ ਨੂੰ ਸੰਬੋਧਨ ਕੀਤਾ।



### ਲੁਧਿਆਣਾ ਵਿਚ ਕੇਜਰੀਵਾਲ ਉਤੇ ਹਮਲਾ

**ਲੁਧਿਆਣਾ:** ਪੰਜਾਬ ਦੌਰੇ ਮੌਕੇ ਅਰਵਿੰਦ ਕੇਜਰੀਵਾਲ ਦੀ ਗੱਡੀ ਉਤੇ ਹਮਲਾ ਕੀਤਾ ਗਿਆ ਹੈ। ਕੇਜਰੀਵਾਲ ਦੀ ਗੱਡੀ 'ਤੇ ਕੁਝ ਲੋਕਾਂ ਨੇ ਪੱਥਰਬਾਜ਼ੀ ਕੀਤੀ। ਇਹ ਹਮਲਾ ਹਸਨਪੁਰ ਪਿੰਡ ਦੇ ਨੇੜੇ ਹੋਇਆ ਹੈ। ਪੱਥਰਬਾਜ਼ੀ ਦੌਰਾਨ ਕੇਜਰੀਵਾਲ ਦੀ ਗੱਡੀ ਦਾ ਸ਼ੀਸ਼ਾ ਟੁੱਟ ਗਿਆ। ਹਾਲਾਂਕਿ ਹਮਲੇ ਵਿਚ ਕੇਜਰੀਵਾਲ ਵਾਲ-ਵਾਲ ਬਚ ਗਏ। ਜਿਸ ਵੇਲੇ ਇਹ ਹਮਲਾ ਕੀਤਾ ਗਿਆ, ਉਹ ਲੁਧਿਆਣਾ ਤੋਂ ਹਸਨਪੁਰ ਪਿੰਡ ਵੱਲ ਜਾ ਰਹੇ ਸਨ। ਅਰਵਿੰਦ ਕੇਰਜਰੀਵਾਲ ਲੁਧਿਆਣਾ ਦੇ ਬਿਸਲੀ ਰਿਜ਼ੌਰਟ ਵਿਚ ਉਦਯੋਗਪਤੀਆਂ ਨੂੰ ਸੰਬੋਧਨ ਕਰਕੇ ਨਿਕਲੇ ਸਨ। ਉਹ ਜਦ ਮੁੱਲਾਂਪੁਰ ਨੇੜੇ ਹਸਨਪੁਰ ਪਿੰਡ ਕੋਲ ਪਹੁੰਚੇ ਤਾਂ ਉਨ੍ਹਾਂ ਦੀ ਗੱਡੀ 'ਤੇ ਪੱਥਰ ਮਾਰੇ ਗਏ ਜਿਸ ਨਾਲ ਗੱਡੀ ਦਾ ਅਗਲਾ ਸ਼ੀਸ਼ਾ ਟੁੱਟ ਗਿਆ। ਸੂਤਰਾਂ ਮੁਤਾਬਕ ਇਸ ਹਮਲੇ ਸਮੇਂ ਉਨ੍ਹਾਂ ਨਾਲ ਕੋਈ ਸੁਰੱਖਿਆ ਕਰਮੀ ਨਹੀਂ ਸੀ। ਹਮਲੇ ਦਾ ਸ਼ਿਕਾਰ ਹੋਈ ਗੱਡੀ 'ਚ ਕੇਜਰੀਵਾਲ ਦੇ ਨਾਲ ਭਗਵੰਤ ਮਾਨ, ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਵੀ ਮੌਜੂਦ ਸਨ।

### ਕੇਜਰੀਵਾਲ ਦੀ ਧਰਮਵੀਰ ਗਾਂਧੀ ਨੂੰ ਸਲਾਹ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਲਈ ਮੁਆਫੀ ਮੰਗਣ ਲਈ ਆਖਿਆ। ਅਰਵਿੰਦ ਕੇਜਰੀਵਾਲ ਨੂੰ ਡਾ. ਗਾਂਧੀ ਦੇ ਮੁੱਦੇ ਉਤੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਆਖਿਆ ਕਿ ਗਾਂਧੀ ਨੂੰ ਪਾਰਟੀ ਵਿਰੋਧੀ ਕੰਮ ਕਰਨ ਲਈ ਮੁਆਫੀ ਮੰਗਣੀ ਚਾਹੀਦੀ ਹੈ। ਕੇਜਰੀਵਾਲ ਅਨੁਸਾਰ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਵਾਲਿਆਂ ਨੂੰ ਪਾਰਟੀ ਤੋਂ ਬਾਹਰ ਕਰ ਦੇਣਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਪੰਜਾਬ ਵਿਚ ਬਾਬਾ ਬਕਾਲਾ ਵਿਖੇ ਆਮ ਆਦਮੀ ਪਾਰਟੀ ਦੀ ਰੈਲੀ ਤੋਂ ਵੱਖ ਹੋ ਕੇ ਡਾਕਟਰ ਗਾਂਧੀ ਨੇ ਆਪਣੇ ਸਾਥੀਆਂ ਨਾਲ ਰੈਲੀ ਕੀਤੀ। ਅਜਿਹੇ ਕੰਮ ਕਰਨ ਵਾਲੇ ਲੋਕਾਂ ਨੂੰ ਪਾਰਟੀ ਤੋਂ ਬਾਹਰ ਕਰ ਦੇਣਾ ਚਾਹੀਦਾ ਹੈ।

## ਗੁਰਦੁਆਰਾ ਫਰੀਮਾਂਟ ਚੋਣਾਂ

# ਸਿੱਖ ਪੰਚਾਇਤ ਨੂੰ ਹੂੰਝਾ ਫੇਰ ਜਿੱਤ ਦਾ ਯਕੀਨ

ਫਰੀਮਾਂਟ (ਬਿਊਰੋ): ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ 13 ਮਾਰਚ 2016 ਹੋਣ ਵਾਲੀਆਂ ਚੋਣਾਂ ਵਿਚ ਇਕ ਧਿਰ ਸਿੱਖ ਪੰਚਾਇਤ ਨੇ ਦਾਅਵਾ ਕੀਤਾ ਹੈ ਕਿ ਇਸ ਦੀ ਸਲੇਟ ਨੂੰ ਸੰਗਤ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਇਸ ਦੀ ਜਿੱਤ ਯਕੀਨੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿਚ ਤਿੰਨ ਧਿਰਾਂ ਮੈਦਾਨ ਵਿਚ ਹਨ। ਦੂਜੀਆਂ ਦੋ ਧਿਰਾਂ ਪੰਥਕ ਸਲੇਟ ਅਤੇ ਬੇ ਏਰੀਆ ਸਿੱਖ ਅਲਾਇੰਸ ਹਨ। ਇਨ੍ਹਾਂ ਤਿੰਨਾਂ ਧਿਰਾਂ ਨੇ ਹੀ ਲੰਘੇ ਹਫ਼ਤੇ ਆਪੋ-ਆਪਣੀਆਂ ਕਾਨਫਰੰਸਾਂ ਕਰਕੇ ਜਿੱਤ ਦੇ ਅਜਿਹੇ ਹੀ ਦਾਅਵੇ ਕੀਤੇ ਹਨ।

ਸਿੱਖ ਪੰਚਇਤ, ਜਿਸ ਨੇ ਆਪਣੇ ਹਮਾਇਤੀਆਂ ਦਾ ਇਕੱਠ ਸ਼ੁਕਰਵਾਰ ਨੂੰ ਕੀਤਾ, ਦਾ ਦਾਅਵਾ ਹੈ ਕਿ ਇਕੱਤਰਤਾ ਵਿਚ 1100 ਤੋਂ 1200 ਲੋਕਾਂ ਨੇ ਸ਼ਮੂਲੀਅਤ ਕੀਤੀ, ਜਦੋਂਕਿ ਇਸ ਐਤਵਾਰ ਜੰਡੀ ਸਲੇਟ ਦੇ ਇਕੱਠ ਵਿਚ ਸਿਰਫ 300-350 ਅਤੇ ਧਾਮੀ ਸਲੇਟ ਦੀ



ਕਾਨਫਰੰਸ ਵਿਚ 500-600 ਦਾ ਇਕੱਠ ਹੀ ਸੰਭਵ ਹੋ ਸਕਿਆ। ਇਕ ਬਿਆਨ ਵਿਚ ਸਿੱਖ ਪੰਚਾਇਤ ਨੇ ਕਿਹਾ ਹੈ ਕਿ ਇਸ ਨੂੰ ਭਰੋਸਾ ਹੈ ਕਿ ਪਿਛਲੇ ਚਾਰ ਸਾਲਾਂ ਵਿਚ ਇਸ ਵਲੋਂ ਕੀਤੇ ਗਏ ਕੰਮਾਂ ਕਰਕੇ ਸੰਗਤਾਂ ਇਸ ਦੀ ਸਲੇਟ ਨੂੰ ਇਕ ਵਾਰ ਮੁੜ ਸੇਵਾ ਦਾ ਮੌਕਾ ਬਖਸ਼ਣਗੀਆਂ।

ਦੱਸਣਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਦੋ ਸਾਲ ਬਾਅਦ ਹੁੰਦੀਆਂ ਹਨ, ਜਿਨ੍ਹਾਂ ਵਿਚ ਸੁਪਰੀਮ ਕੌਂਸਲ ਦੇ ਪੰਜ ਅੰਮ੍ਰਿਤਧਾਰੀ ਸਿੱਖ ਚੁਣੇ ਜਾਂਦੇ ਹਨ।

# ਗੁਰਦੁਆਰਾ ਟਾਇਰਾ ਬਿਊਨਾ ਦੀ ਮੈਂਬਰਸ਼ਿਪ ਮੀਟਿੰਗ ਵਿਚ ਇਕ ਹਜਾਰ ਮੈਂਬਰ ਪਹੁੰਚੇ

**ਯੂਬਾ ਸਿਟੀ, (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੀ ਲੰਘੇ ਐਤਵਾਰ ਹੋਈ ਮੈਂਬਰਸ਼ਿਪ ਮੀਟਿੰਗ ਵਿਚ 1,000 ਤੋਂ ਵੱਧ ਮੈਂਬਰ ਆਪਣੀ ਵੋਟ ਦਾ ਇਸਤੇਮਾਲ ਕਰਨ ਲਈ ਪਹੁੰਚੇ। ਗੁਰਦੁਆਰਾ ਸਾਹਿਬ ਦੇ ਇਸ ਸਮੇਂ ਕਰੀਬ 4,400 ਮੈਂਬਰ ਹਨ।

ਇਸ ਮੀਟਿੰਗ ਵਿਚ ਇਸ ਮੁੱਦੇ ਉਤੇ ਵੋਟਾਂ ਪਈਆਂ ਕਿ ਗੁਰਦੁਆਰਾ ਸਾਹਿਬ ਦੇ ਬੋਰਡ ਦੀ ਮਿਆਦ ਚਾਰ ਸਾਲ ਜਾਂ 8 ਸਾਲ। ਵੋਟਾਂ ਦਾ ਨਤੀਜਾ ਕੋਈ ਇਕ ਹਫਤੇ ਬਾਅਦ ਆਉਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਬੋਰਡ ਨੇ ਆਪਣੀ ਮਿਆਦ ਇਕ-ਇਕ ਸਾਲ ਵਧਾ ਕੇ 8 ਸਾਲ ਕਰ ਲਈ ਹੈ। ਉਂਜ ਗੁਰਦੁਆਰਾ ਸਾਹਿਬ ਦੇ ਵਕੀਲ ਮਾਈਕਲ ਬੈਰੇਟ ਦਾ ਕਹਿਣਾ ਹੈ ਕਿ ਸਿੱਖ ਰਵਾਇਤਾਂ ਅਨੁਸਾਰ ਗੁਰਦੁਆਰਾ ਸਾਹਿਬ ਦੇ ਬੋਰਡ ਮੈਂਬਰਾਂ ਦੀ ਮਿਆਦ ਨਿਸਚਿਤ ਨਹੀਂ ਹੈ ਅਤੇ ਉਹ ਉਮਰ ਭਰ ਲਈ ਰਹਿ ਸਕਦੇ ਹਨ। ਇਸ ਮੁੱਦੇ ਕਰਕੇ ਪ੍ਰਬੰਧਕਾਂ ਅਤੇ ਵਿਰੋਧੀ ਧਿਰ ਵਿਚਾਲੇ ਕਾਫੀ ਖਿਚੋਤਾਣ ਚਲ ਰਹੀ ਸੀ। ਪਈਆਂ ਵੋਟਾਂ ਦੀ ਸਹੀ ਗਿਣਤੀ ਦਾ ਪਤਾ ਉਨ੍ਹਾਂ ਦੀ ਤਸਦੀਕ ਤੋਂ ਬਾਅਦ ਹੀ ਲਗੇਗਾ, ਕਿਉਂਕਿ ਕਈ ਵੋਟਾਂ 'ਤੇ ਗਲਤ ਨਿਸ਼ਾਨੀਆਂ ਵੀ ਲੱਗੀਆਂ ਹੋ ਸਕਦੀਆਂ ਹਨ।

## ਸੰਤ ਦਰਸ਼ਨ ਦਾਸ ਦੀ ਬਰਸੀ ਮਨਾਈ

**ਸੈਕਰਾਮੈਂਟੋ (ਬਿਊਰੋ):** ਸੰਤ ਦਰਸ਼ਨ ਦਾਸ ਦੀ 108ਵੀਂ ਬਰਸੀ 28 ਫਰਵਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ ਵਿਖੇ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਮਨਾਈ ਗਈ। ਗੁਰੂਘਰ ਦੀ ਸੰਗਤ ਵਲੋਂ ਆਉਂਦੀ 13 ਮਾਰਚ ਨੂੰ ਗੁਰੂ ਰਵਿਦਾਸ ਜੀ ਦੇ ਪੂਰਬ ਮੌਕੇ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ ਸਬੰਧੀ ਚਲ ਰਹੀ ਅਖੰਡਪਾਠਾਂ ਦੀ ਲੜੀ ਦੌਰਾਨ ਐਤਵਾਰ ਨੂੰ ਸੰਤ ਦਰਸ਼ਨ ਦਾਸ ਦੀ ਬਰਸੀ ਨੂੰ ਸਮਰਪਿਤ ਅਖੰਡਪਾਠ ਦੇ ਭੋਗ ਪਾਏ ਗਏ। ਅਖੰਡਪਾਠ ਦੀ ਸੇਵਾ ਸਤੀਸ਼ ਰੱਲ੍ਹ, ਕਰਨੈਲ ਵਿਰਕ, ਦਰਸ਼ਨ ਵਿਰਕ ਅਤੇ ਉਰਮੇਸ਼ ਬੰਗੜ ਦੇ ਪਰਿਵਾਰਾਂ ਵਲੋਂ ਕੀਤੀ ਗਈ। ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਤੇ ਭਾਈ ਨਿਰਮਲ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਤੀਸ਼ ਰੱਲ੍ਹ ਨੇ ਸੰਤਾਂ ਦੀ ਜੀਵਨੀ 'ਤੇ ਵਿਸਤਾਰ ਸਹਿਤ ਚਾਨਣਾ ਪਾਉਂਦਿਆਂ ਦਸਿਆ ਕਿ ਉਹ ਪੂਰਨ ਬ੍ਰਹਮ ਗਿਆਨੀ ਸਨ। ਇਸ ਸਮੇਂ ਉਨ੍ਹਾਂ ਦੇ ਗੱਦੀਨਸ਼ੀਨ ਸੰਤ ਭਗਵਾਨ ਦਾਸ ਹਨ।

## ਜਗਤਾਰ ਸਿੰਘ ਹਵਾਰਾ ਟਾਡਾ ਕੇਸ ਵਿਚੋਂ ਬਰੀ

**ਰੂਪਨਗਰ:** ਬੇਅੰਤ ਸਿੰਘ ਕਤਲ ਕੇਸ ਵਿਚ ਗ੍ਰਿਫਤਾਰ ਜਗਤਾਰ ਸਿੰਘ ਹਵਾਰਾ ਨੂੰ ਰੂਪਨਗਰ ਦੀ ਅਦਾਲਤ ਨੇ ਟਾਡਾ ਮਾਮਲੇ ਵਿਚੋਂ ਬਰੀ ਕਰ ਦਿੱਤਾ।

ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਚਮਕੌਰ ਸਾਹਿਬ ਪੁਲਿਸ ਨੇ ਅਕਤੂਬਰ 1988 ਨੂੰ ਪਿੰਡ ਮਾਣੇਮਾਜਰਾ ਤੋਂ ਇਕ ਪਿਸਤੌਲ 32 ਬੋਰ ਡਬਲ ਬੈਰਲ ਸਮੇਤ ਗ੍ਰਿਫਤਾਰ ਕੀਤਾ ਸੀ, ਜਿਸ ਵਜੋਂ ਪੁਲਿਸ ਨੇ 9 ਅਕਤੂਬਰ 1988 ਨੂੰ ਭਾਈ ਹਵਾਰਾ 'ਤੇ 5 ਟਾਡਾ ਐਕਟ ਅਧੀਨ ਪਰਚਾ ਦਰਜ ਕੀਤਾ ਸੀ।



ਇਸ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ। ਇਸ ਮਾਮਲੇ ਵਿਚ ਪੁਲਿਸ ਸਬੂਤ ਪੇਸ਼ ਨਾ ਕਰ ਸਕੀ ਤੇ ਅਦਾਲਤ ਨੇ ਭਾਈ ਹਵਾਰਾ ਨੂੰ ਬਰੀ ਕਰ ਦਿੱਤਾ।

# ਪੰਥਕ ਧਿਰਾਂ ਦੀ ਏਕਤਾ 'ਚ ਜਥੇਦਾਰਾਂ ਦੀ ਨਿਯੁਕਤੀ ਬਣੀ ਅੜਿੱਕਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਰੋਧੀ ਪੰਥਕ ਧਿਰਾਂ ਦੀ ਏਕਤਾ ਵਿਚ ਸਰਬੱਤ ਖ਼ਾਲਸਾ ਦੌਰਾਨ ਕੀਤੀਆਂ ਗਈਆਂ ਤਖ਼ਤਾਂ ਦੇ ਜਥੇਦਾਰਾਂ ਦੀਆਂ ਨਿਯੁਕਤੀਆਂ ਅੜਿੱਕਾ ਬਣ ਗਈਆਂ ਹਨ। ਪੰਥਕ ਏਕਤਾ ਲਈ ਸੱਦੀ ਮੀਟਿੰਗ ਵਿਚ ਪੰਥਕ ਜਥੇਬੰਦੀਆਂ ਵੱਲੋਂ 15 ਨਵੰਬਰ ਦਾ ਸਰਬੱਤ ਖ਼ਾਲਸਾ ਦੇ ਮਤੇ ਰੱਦ ਕਰਨ ਅਤੇ ਜਥੇਦਾਰਾਂ ਦੀਆਂ ਨਿਯੁਕਤੀਆਂ 'ਤੇ ਵਿਚਾਰ ਕਰਨ ਦੀ ਮੰਗ ਨੂੰ ਲੈ ਕੇ ਗਰਮਾ-ਗਰਮੀ ਹੋ ਗਈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੰਗ 'ਤੇ ਵਿਚਾਰ ਕਰਨ ਦੀ ਥਾਂ ਬਾਈਕਾਟ ਕਰ ਦਿੱਤਾ ਜਿਸ ਤੋਂ ਬਾਅਦ ਮੀਟਿੰਗ ਰੱਦ ਕਰਨੀ ਪਈ।

ਅਕਾਲੀ ਦਲ (ਅੰਮ੍ਰਿਤਸਰ), ਪੰਚ ਪ੍ਰਧਾਨੀ, ਦਲ ਖ਼ਾਲਸਾ ਅਤੇ ਲੋਕ ਲਹਿਰ ਪਾਰਟੀ ਵੱਲੋਂ ਪੰਥਕ ਏਕਤਾ ਲਈ ਸੈਕਟਰ 38 ਦੇ ਗੁਰਦੁਆਰਾ ਸ਼ਾਹਪੁਰ ਵਿਖੇ ਮੀਟਿੰਗ ਰੱਖੀ ਗਈ ਸੀ। ਮੀਟਿੰਗ ਵਿਚ ਅਕਾਲੀ ਦਲ (ਬਾਦਲ) ਨੂੰ ਛੱਡ ਬਾਕੀ ਸਾਰੀਆਂ ਪੰਥਕ ਧਿਰਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਲਈ ਵਿਚਾਰ-ਵਟਾਂਦਰਾ ਕੀਤਾ ਜਾਣਾ ਸੀ, ਪਰ ਸ਼ੁਰੂ ਵਿਚ ਹੀ ਸਰਬੱਤ ਖ਼ਾਲਸਾ ਅਤੇ ਜਥੇਦਾਰਾਂ ਦੀਆਂ ਨਿਯੁਕਤੀਆਂ ਨੂੰ ਲੈ ਕੇ ਤਕਰਾਰ ਹੋ ਗਈ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੇ ਮੀਟਿੰਗ ਦਾ ਬਾਈਕਾਟ ਕਰ ਦਿੱਤਾ। ਜਾਣਕਾਰੀ ਮੁਤਾਬਕ ਸਿਮਰਨਜੀਤ ਸਿੰਘ ਮਾਨ ਦੇ ਹਮਾਇਤੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਧਿਰਾਂ ਸਰਬੱਤ ਖ਼ਾਲਸਾ ਦੇ ਮਤਿਆਂ ਨੂੰ ਰੱਦ ਕਰਨ ਅਤੇ ਜਥੇਦਾਰਾਂ ਦੀ ਨਿਯੁਕਤੀ ਬਾਰੇ ਵਿਚਾਰ ਕਰਨ 'ਤੇ ਜ਼ੋਰ ਦੇ ਰਹੀਆਂ ਸਨ। ਇਨ੍ਹਾਂ ਧਿਰਾਂ ਦਾ ਕਹਿਣਾ ਸੀ ਕਿ ਵਿਸਾਖੀ ਮੌਕੇ ਤਖ਼ਤ ਦਮਦਮਾ ਸਾਹਿਬ ਵਿਖੇ ਸਰਬੱਤ ਖ਼ਾਲਸਾ ਸੱਦ ਕੇ ਨਵੇਂ ਮਤੇ ਪਾਸ ਕਰਵਾਏ ਜਾਣ।

ਮੀਟਿੰਗ ਵਿਚ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਚੰਡੀਗੜ੍ਹ ਇਕਾਈ ਦੇ ਪ੍ਰਧਾਨ ਗੋਪਾਲ ਸਿੰਘ ਸਿੱਧੂ, ਇਕਬਾਲ ਸਿੰਘ ਟਿਵਾਣਾ, ਦਫ਼ਤਰ ਸਕੱਤਰ ਰਣਜੀਤ ਸਿੰਘ ਚੀਮਾ, ਲੋਕ ਲਹਿਰ ਵੱਲੋਂ ਡਾਕਟਰ ਗੁਰਦਰਸ਼ਨ ਸਿੰਘ ਅਤੇ ਵਕੀਲ ਅਮਰ ਸਿੰਘ ਚਾਹਲ, ਦਲ ਖ਼ਾਲਸਾ ਵੱਲੋਂ ਹਰਚਰਨਜੀਤ ਸਿੰਘ ਧਾਮੀ ਅਤੇ ਪੰਚ ਪ੍ਰਧਾਨੀ ਵੱਲੋਂ ਹਰਪਾਲ ਸਿੰਘ ਚੀਮਾ ਸ਼ਾਮਲ ਹੋਏ।

ਵਕੀਲ ਅਮਰ ਸਿੰਘ ਚਾਹਲ ਨੇ ਕਿਹਾ ਹੈ ਕਿ ਇਹ ਮੀਟਿੰਗ ਜਗਤਾਰ ਸਿੰਘ ਹਵਾਰਾ ਵਾਸਤੇ ਸਲਾਹਕਾਰ ਕਮੇਟੀ ਬਣਾਉਣ ਲਈ ਸੱਦੀ ਗਈ ਸੀ, ਪਰ ਇਸ ਨੂੰ ਲੈ ਕੇ ਮਤਭੇਦ ਹੋ ਗਏ। ਅਕਾਲੀ ਦਲ (ਅੰਮ੍ਰਿਤਸਰ) ਦੀ ਚੰਡੀਗੜ੍ਹ ਇਕਾਈ ਦੇ ਪ੍ਰਧਾਨ ਸ੍ਰੀ ਸਿੱਧੂ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਸਿੱਖਾਂ ਵਿਚ ਭਰਮ-ਭੁਲੇਖੇ ਖੜ੍ਹੇ ਕਰਨ ਵਾਲਿਆਂ ਨਾਲ ਏਕਤਾ ਨਹੀਂ ਹੋ ਸਕਦੀ।


# ਤੰਦੂਰੀਏ ਅਤੇ ਹੋਰ ਸਟਾਫ ਦੀ ਲੋੜ ਹੈ

## ਇੰਡੀਅਨਐਪੋਲਿਸ, ਇੰਡੀਆਨਾ ਵਿਚ ਸਥਿਤ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਫੌਰੀ ਲੋੜ ਹੈ।

*ਰਿਹਾਇਸ਼ ਫਰੀ, ਚੰਗੀ ਤਨਖਾਹ*

**ਸੰਪਰਕ ਕਰੋ: 317-313-9651**



# ਗੁਰਦੁਆਰਾ ਫਰੀਮਾਂਟ ਚੋਣਾਂ ਵਿਚ ਸੈਨ ਹੋਜ਼ੇ ਗੁਰੂ ਘਰ ਦੀ ਕਮੇਟੀ ਦਾ ਸਿੱਧਾ ਦਖਲ ਮੰਦਭਾਗਾ

ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਵਿਚ ਸੈਨ ਹੋਜੇ ਗੁਰੂ ਘਰ ਦੀ ਕਮੇਟੀ ਦੀ ਸਿੱਧੀ ਦਖਲ ਅੰਦਾਜੀ ਬਹੁਤ ਹੀ ਮੰਦਭਾਗੀ ਹੈ। ਪੰਥਕ ਸਫਾਂ ਵਿਚ ਲੋਕ ਆਮ ਜਾਣਦੇ ਹਨ ਕਿ ਸਰਬਜੋਤ ਸਿੰਘ ਸਵੱਦੀ ਆਪਣੇ ਆਪ ਨੂੰ ਬਾਦਲਕਿਆਂ ਦਾ ਖਾਸ ਚੇਲਾ ਅਤੇ ਖੈਰ ਖਵਾਹ ਸਮਝਦਾ ਹੈ। ਉਸ ਦੀ ਵਕਾਲਤ 'ਤੇ ਹੀ ਸੈਨ ਹੋਜੇ ਦੀ ਕਮੇਟੀ ਦੇ ਨਾਮ ਹੇਠ 7 ਫਰਵਰੀ 2016 ਨੂੰ ਇਕ ਫਤਵਾ ਜਾਰੀ ਕੀਤਾ ਗਿਆ ਹੈ, ਜਿਸ ਵਿਚ ਗੁਰੂ ਘਰ ਸੈਨ ਹੋਜੇ ਦੀ ਕਮੇਟੀ ਦੇ ਨਾਮ ਹੇਠ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਫਰੀਮਾਂਟ ਗੁਰੂ ਘਰ ਦੀ ਸਿੱਖ ਪੰਚਾਇਤ ਵਲੋਂ ਖੜੀ ਕੀਤੀ ਸਲੇਟ ਦੇ ਖਿਲਾਫ ਕਾਲਾ ਅਫਗਾਨਾ ਦੇ ਪੁਰਾਣੇ ਸ਼ਾਗਿਰਦ ਅਵਤਾਰ ਸਿੰਘ ਧਾਮੀ ਹੋਰਾਂ ਦੀ ਸਲੇਟ ਨੂੰ ਵੋਟ ਪਾਈ ਜਾਵੇ।

ਇਸ ਫਤਵੇ ਕਾਰਨ ਕਈ ਸਵਾਲ ਖੜੇ ਹੁੰਦੇ ਹਨ। ਦੋਹਾਂ ਗੁਰੂ ਘਰਾਂ ਵਿਚ ਸੁਖਾਵੇਂ ਅਤੇ ਸਦਭਾਵਨਾ ਵਾਲੇ ਮਾਹੌਲ ਨੂੰ ਖਰਾਬ ਕਰਨ ਦਾ ਇਹ ਪਹਿਲਾ ਕਦਮ ਹੈ। ਸੈਨ ਹੋਜੇ ਕਮੇਟੀ ਬਾਦਲਾਂ ਦੁਆਰਾ ਹਾਈਜੈਕ ਕਰ ਲਈ ਗਈ ਹੈ ਜਿਸ ਨੂੰ ਬਾਦਲਾਂ ਦਾ ਪਿੱਠੂ ਸਰਬਜੋਤ ਸਿੰਘ ਸਵੱਦੀ ਚਲਾ ਰਿਹਾ ਹੈ। ਬੇਸ਼ੱਕ ਉਹ ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਦਾਮਾਦ ਹੈ ਪਰ ਉਹ ਹਮੇਸ਼ਾ ਪੰਥ ਦਾ ਘਾਣ ਕਰਨ ਵਾਲੀਆਂ ਜਮਾਤਾਂ ਨਾਲ ਰਲਿਆ ਰਹਿੰਦਾ ਹੈ। ਸਵੱਦੀ ਦੀ ਕਿਸੇ ਸਮੇਂ ਕਾਲੇ ਅਫਗਾਨੇ ਨਾਲ ਬੜੀ ਨੇੜਤਾ ਸੀ ਅਤੇ ਅੱਜ ਕਲ ਉਹ ਬਾਦਲਾਂ ਦਾ ਝਾੜੂ ਬਰਦਾਰ ਹੈ। ਸਿੱਖ ਪੰਥ ਦਾ ਜੋ ਹਸ਼ਰ ਬਾਦਲਾਂ ਨੇ ਕੀਤਾ ਹੈ, ਉਹ ਕਿਸੇ ਤੋਂ ਲੁਕਿਆ ਛੁਪਿਆ ਨਹੀਂ।

ਬੇ ਏਰੀਆ ਸਿੱਖ ਅਲਾਇੰਸ ਕਾਂਗਰਸ ਅਤੇ ਬਾਦਲਾਂ ਦਾ ਨਾਪਾਕ ਗੱਠਜੋੜ ਹੈ, ਜਿਨ੍ਹਾਂ ਨੂੰ ਫਰੀਮਾਂਟ ਦੇ ਪੰਥਕ ਪ੍ਰਬੰਧ ਤੋਂ ਪਾਸਾ ਰੱਖਣਾ ਸਮੇਂ ਦੀ ਸਖਤ ਲੋੜ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਸੈਨ ਹੋਜੇ ਵਾਲਿਆਂ ਨੇ ਫਰੀਮਾਂਟ ਦੇ ਇਲਾਕੇ ਦੀਆਂ ਸੰਗਤਾਂ ਨੂੰ ਸੈਨ ਹੋਜੇ ਗੁਰਦਵਾਰੇ ਦੀਆ ਚੋਣਾਂ ਵਿਚ ਵੋਟ ਦਾ ਅਧਿਕਾਰ ਨਹੀਂ ਦਿਤਾ ਹੋਇਆ। ਪਰ ਬਾਦਲਾਂ ਦੀ ਸ਼ਹਿ ਤੇ ਇਨ੍ਹਾਂ ਨੇ ਫਰੀਮਾਂਟ ਵਲ ਵਹੀਰਾਂ ਘੱਤੀਆਂ ਹੋਈਆਂ ਹਨ। ਉਨ੍ਹਾਂ ਦਾ ਇਹ ਕਦਮ ਕਿਸੇ ਤਰ੍ਹਾਂ ਵੀ ਨੈਤਿਕ ਨਹੀਂ ਕਿਹਾ ਜਾ ਸਕਦਾ।

ਇਸ ਸਾਰੀ ਦਖਲ ਅੰਦਾਜੀ ਦਾ ਮੁਖ ਕਾਰਨ ਇਨ੍ਹਾਂ ਦੀ ਜਾਤੀ ਦੁਸ਼ਮਣੀ ਹੈ, ਜੋ ਜੱਗ ਜਾਹਰ ਹੈ। ਆਪਣੀ ਜਾਤੀ ਦੁਸ਼ਮਣੀ ਕਾਰਨ ਇਹ ਦੋਹਾਂ ਗੁਰੂ ਘਰਾਂ ਦੀਆਂ ਸੰਗਤਾਂ ਦਾ ਆਪਸ ਵਿਚ ਟਕਰਾ ਕਰਾ ਕੇ ਗੁਰਦੁਆਰਾ ਫਰੀਮਾਂਟ ਵਿਚ ਬੜੀ ਮਿਹਨਤ ਨਾਲ ਬਣਾਏ ਸ਼ਾਂਤੀ ਦੇ ਮਾਹੌਲ ਨੂੰ ਖਰਾਬ ਕਰਕੇ ਲੜਾਈ ਦਾ ਅੱਡਾ ਬਣਾਉਣਾ ਲੋਚਦੇ ਹਨ।

ਬੈਨੀਵਾਲ ਪਰਿਵਾਰ ਦਾ ਪਿਛੋਕੜ ਪੰਥਕ ਹੈ ਅਤੇ ਉਨ੍ਹਾਂ ਵਿਚ ਘੁਸਪੈਠ ਕਰ ਚੁਕੀਆਂ ਕਾਂਗਿਆਰੀਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ, ਜੋ ਉਨ੍ਹਾਂ ਨੂੰ ਪੰਥ ਵਿਰੋਧੀ ਅਨਸਰਾਂ ਵਲ ਘੜੀਸ ਰਹੀਆਂ ਹਨ। ਇਨ੍ਹਾਂ ਦੀ ਸਿੱਧੀ ਦਖਲ ਅੰਦਾਜੀ ਨਾਲ ਹੋਣ ਵਾਲੇ ਨਤੀਜਿਆਂ ਲਈ ਇਹ ਖੁਦ ਜੁੰਮੇਵਾਰ ਹੋਣਗੇ।

**ਭਾਈ ਰਾਮ ਸਿੰਘ ਫੋਨ: 408-667-3116 (ਸੀਨੀਅਰ ਮੈਂਬਰ, ਸਿੱਖ ਪੰਚਾਇਤ ਫਰੀਮਾਂਟ)**

*Advt.*

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਸਕਰ ਐਵਾਰਡ: 'ਸਪੌਟਲਾਈਟ' ਸਰਵੋਤਮ ਫਿਲਮ

**ਲਾਸ ਏਂਜਲਸ:** ੮੮ਵੇਂ ਅਕੈਡਮੀ ਐਵਾਰਡਜ਼ ਦਾ ਇਥੇ ਡੌਲਬੀ ਥਿਏਟਰ ਵਿਚ ਸ਼ਾਨਦਾਰ ਸਮਾਗਮ ਦੌਰਾਨ ਐਲਾਨ ਕੀਤਾ ਗਿਆ। ਕੈਥੋਲਿਕ ਚਰਚ ਵਿਚ ਬੱਚਿਆਂ ਦੇ ਸਰੀਰਕ ਸ਼ੋਸ਼ਣ ਦਾ ਖੁਲਾਸਾ ਕਰਦੀ ਪੱਤਰਕਾਰਾਂ ਦੀ ਕਹਾਣੀ ਉਤੇ ਅਧਾਰਿਤ ਫ਼ਿਲਮ 'ਸਪੌਟਲਾਈਟ' ਨੂੰ ਜਿਥੇ ਸਰਵੋਤਮ ਫ਼ਿਲਮ ਦਾ ਆਸਕਰ ਮਿਲਿਆ, ਉਥੇ ਸਰਵੋਤਮ ਅਦਾਕਾਰ ਦਾ ਖਿਤਾਬ ਫ਼ਿਲਮ 'ਦਿ ਰੈਵੇਨੈਂਟ' ਲਈ ਲੀਓਨਾਰਡੋ ਡੀਕੈਪਰੀਓ ਦੀ ਝੋਲੀ ਪਿਆ।

ਸਰਵੋਤਮ ਅਦਾਕਾਰਾ ਦਾ ਆਸਕਰ ਫ਼ਿਲਮ 'ਰੂਮ' ਲਈ ਬ੍ਰੀ ਲਾਰਸਨ ਦੇ ਹਿੱਸੇ ਆਇਆ। ਸਮਾਗਮ ਦੀ ਮੇਜ਼ਬਾਨੀ ਕ੍ਰਿਸ ਰੌਕ ਨੇ ਕੀਤੀ ਜਿਸ ਨੇ ਹਾਲੀਵੁੱਡ ਵਿਚ ਸਿਆਹਫਾਮ ਲੋਕਾਂ ਨਾਲ ਕੀਤੇ ਜਾਂਦੇ ਨਸਲਵਾਦ 'ਤੇ ਵਿਅੰਗਮਈ ਅੰਦਾਜ਼ ਵਿਚ ਟਿੱਪਣੀਆਂ ਕੀਤੀਆਂ। ਸਮਾਗਮ ਵਿਚ ਅਮਰੀਕਾ ਦੇ ਉਪ ਰਾਸ਼ਟਰਪਤੀ ਜੋਅ ਬਿਡੇਨ ਵੀ ਸ਼ਾਮਲ ਹੋਏ। ਸਮਾਗਮ ਦੌਰਾਨ ਜੌਰਜ ਮਿਲਰ ਵੱਲੋਂ ਨਿਰਦੇਸ਼ਤ 'ਮੈਡ ਮੈਕਸ: ਫਿਊਰੀ ਰੋਡ' ਹਾਲਾਂਕਿ ਉਪਰਲੀਆਂ ਸ਼੍ਰੇਣੀਆਂ ਵਿਚ ਆਸਕਰ ਜਿੱਤਣ ਵਿਚ ਨਾਕਾਮ ਰਹੀ, ਪਰ




ਫ਼ਿਲਮ ਨੇ ਤਕਨੀਕੀ ਸ਼੍ਰੇਣੀ ਵਿਚ ਛੇ ਪੁਰਸਕਾਰ ਜਿੱਤ ਕੇ ਲਗਪਗ ਹੂੰਝਾ ਫੇਰ ਦਿੱਤਾ। ਫਿਲਮ ਨੂੰ ਐਡੀਟਿੰਗ, ਪ੍ਰੋਡਕਸ਼ਨ ਡਿਜ਼ਾਇਨ, ਸਾਊਂਡ ਐਡੀਟਿੰਗ, ਸਾਊਂਡ ਮਿਕਸਿੰਗ, ਕਾਸਟਿਊਮ ਤੇ ਮੇਕਅਪ ਤੇ ਹੇਅਰ ਸਟਾਈਲ ਸ਼੍ਰੇਣੀ ਵਿਚ ਆਸਕਰ ਨਸੀਬ ਹੋਏ। 'ਸਪੌਟਲਾਈਟ' ਨੂੰ ਸਰਵੋਤਮ ਫ਼ਿਲਮ ਤੇ ਇਸੇ ਫ਼ਿਲਮ ਲਈ ਜੋਸ਼ ਸਿੰਗਰ ਤੇ ਮੈਕਾਰਥੀ ਨੂੰ ਸਰਵੋਤਮ ਮੌਲਿਕ ਪਟਕਥਾ ਦਾ ਪੁਰਸਕਾਰ ਵੀ ਮਿਲਿਆ।

ਮੈਕਸਿਕੋ ਦੇ ਨਿਰਦੇਸ਼ਕ ਐਲੇਜਾਂਦਰੋ ਜੀ. ਇਲਾਰਿਤੁ ਨੂੰ ਫ਼ਿਲਮ 'ਦਿ ਰੈਵੇਨੈਂਟ' ਲਈ ਲਗਾਤਾਰ ਦੂਜੇ ਸਾਲ ਆਸਕਰ ਐਵਾਰਡ ਨਾਲ ਨਿਵਾਜਿਆ ਗਿਆ। ਪਿਛਲੇ ਸਾਲ ਇਸ ਮੈਕਸੀਕਨ ਨਿਰਦੇਸ਼ਕ ਨੂੰ ਫ਼ਿਲਮ 'ਬਰਡਮੈਨ' ਲਈ ਆਸਕਰ ਦਾ ਸਨਮਾਨ ਮਿਲਿਆ ਸੀ।

### ਆਸਕਰ ਐਵਾਰਡਜ਼ ਵਿਚ ਭਾਰਤ ਖੁੰਝਿਆ

ਆਸਕਰ ਐਵਾਰਡਜ਼ ਦੀ ਦੌੜ ਵਿਚ ਹਾਲਾਂਕਿ ਭਾਰਤ ਆਖਰੀ ਮੌਕੇ ਵੱਖ-ਵੱਖ ਸ਼੍ਰੇਣੀਆਂ ਵਿਚ ਥਾਂ ਬਣਾਉਣ ਤੋਂ ਖੁੰਝ ਗਿਆ, ਪਰ ਅਮਰੀਕੀ ਲੜੀਵਾਰ 'ਕੁਆਂਟਿਕੋ' ਵਿਚ ਮੁੱਖ ਭੂਮਿਕਾ ਨਿਭਾ ਰਹੀ ਤੇ 'ਬੇਅਵਾਚ' ਦੀ ਟੀਮ ਵਿਚ ਸ਼ਾਮਲ ਹੋਣ ਜਾ ਰਹੀ ਅਦਾਕਾਰਾ ਪ੍ਰਿਅੰਕਾ ਚੋਪੜਾ ਨੇ ਦੇਸ਼ ਦੀ ਨੁਮਾਇੰਦਗੀ ਕੀਤੀ। ਉਸ ਨੇ ਲੀਵ ਸ਼੍ਰੀਬਰ ਨਾਲ ਮਿਲ ਕੇ ਸਰਵੋਤਮ ਐਡੀਟਿੰਗ ਲਈ ਆਸਕਰ ਐਵਾਰਡ ਦਿੱਤਾ। ਭਾਰਤੀ ਮੂਲ ਦੇ ਬਰਤਾਨਵੀ ਫ਼ਿਲਮਕਾਰ ਆਸਿਫ਼ ਕਪਾਡੀਆ ਵੀ ਆਸਕਰ ਜਿੱਤਣ ਵਿੱਚ ਸਫ਼ਲ ਰਿਹਾ। ਕਪਾਡੀਆ ਦੀ ਗਾਇਕਾ ਐਮੀ ਵਾਇਨਹਾਊਸ ਦੀ ਤਰਾਸਦਿਕ ਮੌਤ ਦੀ ਘੋਖ ਕਰਦੀ ਫ਼ਿਲਮ 'ਐਮੀ' ਨੂੰ ਸਰਵੋਤਮ ਦਸਤਾਵੇਜ਼ੀ ਦਾ ਆਸਕਰ ਮਿਲਿਆ। ਐਨੀਮੇਟਿਡ ਲਘੂ ਫ਼ਿਲਮ ਵਰਗ ਵਿਚ ਨਾਮਜ਼ਦ ਭਾਰਤੀ-ਅਮਰੀਕੀ ਸੰਜੈ ਪਟੇਲ ਨੂੰ 'ਬੀਅਰ ਸਟੋਰੀ' ਹੱਥੋਂ ਪੁਰਸਕਾਰ ਗੁਆਉਣਾ ਪਿਆ।

ਫ਼ਿਲਮ ਨੂੰ 'ਬਿਹਤਰੀਨ ਸਿਨਮਾਟੋਗ੍ਰਾਫ਼ੀ' ਲਈ ਤੀਜਾ ਆਸਕਰ ਮਿਲਿਆ। ਫ਼ਿਲਮ 'ਰੂਮ' ਵਿਚ ਵਿਖਾਏ ਸ਼ਾਨਦਾਰ ਅਭਿਨੈ ਲਈ ਸਰਵੋਤਮ ਅਦਾਕਾਰਾ ਦਾ ਖ਼ਿਤਾਬ ਬ੍ਰੀ ਲਾਰਸਨ ਦੀ ਝੋਲੀ ਪਿਆ। ਸਰਵੋਤਮ ਸਹਿ ਅਦਾਕਾਰ ਤੇ ਅਦਾਕਾਰਾ ਦਾ ਪੁਰਸਕਾਰ ਕ੍ਰਮਵਾਰ ਐਲੀਸੀਆ ਵਿਕੰਦਰ (ਦਿ ਡੈਨਿਸ਼ ਗਰਲ) ਤੇ ਮਾਰਕ ਰਾਇਲੰਸ (ਬ੍ਰਿਜ ਆਫ਼ ਸਪਾਈਜ਼) ਦੇ ਹਿੱਸੇ ਆਇਆ। ਐਡਮ ਮੈਕੇਅ ਤੇ ਚਾਰਲਸ ਰੈਨਡੋਲਫ ਨੂੰ ਫ਼ਿਲਮ 'ਬਿਗ ਸ਼ਾਰਟ' ਲਈ ਰੂਪਾਂਤਰਿਤ ਪਟਕਥਾ ਵਰਗ ਲਈ ਆਸਕਰ ਦਾ ਐਜਾਜ਼ ਮਿਲਿਆ। ਵਿਦੇਸ਼ੀ ਫ਼ਿਲਮ ਸ਼੍ਰੇਣੀ ਵਿਚ ਆਸਕਰ ਹੰਗਰੀ ਭਾਸ਼ਾ ਦੀ ਫ਼ਿਲਮ 'ਸਨ ਆਫ਼ ਸੋਲ' ਦੇ ਹਿੱਸੇ ਆਇਆ। ਪੰਜ ਆਸਕਰ ਨਾਮਜ਼ਦਗੀਆਂ ਤੇ 23 ਸਾਲਾਂ ਬਾਅਦ ਆਖਰ ਨੂੰ 'ਟਾਈਟੈਨਿਕ' ਫੇਮ ਅਦਾਕਾਰ ਲੀਓਨਾਰਡੋ ਡੀਕੈਪਰੀਓ ਨੇ ਆਸਕਰ ਦਾ ਖਾਲੀਪਨ ਤੋੜਦਿਆਂ ਫ਼ਿਲਮ 'ਦਿ ਰੈਵੇਨੈਂਟ''ਲਈ ਸਰਵੋਤਮ ਅਦਾਕਾਰ ਦਾ ਪੁਰਸਕਾਰ ਆਪਣੇ ਨਾਂ ਕਰ ਲਿਆ।

# ਰਵਾਇਤੀ ਧਿਰਾਂ ਨੂੰ ਆਮ ਆਦਮੀ ਦੀ ਖਾਸ ਵੰਗਾਰ

*(ਸਫਾ ਇਕ ਦੀ ਬਾਕੀ)*

ਦੌਰਾਨ ਕੇਜਰੀਵਾਲ ਦਾ ਨਾਮ ਹੀ ਰਿਹਾ ਹੈ। ਕੇਜਰੀਵਾਲ ਦਾ ਸੂਬੇ ਵਿਚ ਕਈ ਥਾਂਈਂ ਵਿਰੋਧ ਵੀ ਹੋਇਆ ਤੇ ਉਨ੍ਹਾਂ ਦੀ ਕਾਰ 'ਤੇ ਪੱਥਰ ਵੀ ਮਾਰੇ ਗਏ। 'ਆਪ' ਆਗੂਆਂ ਨੇ ਦਾਅਵਾ ਵੀ ਕੀਤਾ ਕਿ ਪੱਥਰਬਾਜ਼ੀ ਕਰਨ ਵਾਲੇ ਸੁਖਬੀਰ ਦੇ ਭੇਜੇ ਬੰਦੇ ਸਨ। ਦਰਅਸਲ, ਸ਼੍ਰੋਮਣੀ ਅਕਾਲੀ ਦਲ ਨੇ ਕੇਜਰੀਵਾਲ ਦੀ ਪੰਜਾਬ ਫੇਰੀ ਤੋਂ ਪਹਿਲਾਂ ਉਨ੍ਹਾਂ ਹੱਥੋਂ ਮੁੱਦੇ ਖੋਹਣ ਦੀ ਕੋਸ਼ਿਸ਼ ਕੀਤੀ ਸੀ। ਦੌਰੇ ਤੋਂ ਤਿੰਨ ਦਿਨ ਪਹਿਲਾਂ ਨਰਮਾ ਪੱਟੀ ਦੇ ਕਿਸਾਨਾਂ ਵਿਚ ਧੜਾ ਧੜ ਖਰਾਬੇ ਦੇ ਚੈੱਕ ਵੰਡੇ ਗਏ ਤੇ ਮੰਗਾਂ ਨੂੰ ਲੈ ਕੇ ਸੰਘਰਸ਼ ਵਿੱਢੀ ਬੈਠੀਆਂ ਵੱਖ-ਵੱਖ ਜਥੇਬੰਦੀਆਂ ਦੇ ਮਸਲੇ ਹੱਲ ਕਰਨ ਲਈ ਮੀਟਿੰਗਾਂ ਰੱਖੀਆਂ ਗਈਆਂ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਜਰੀਵਾਲ ਨੂੰ ਮੌਸਮੀ ਬਟੇਰਾ ਵੀ ਦੱਸਿਆ। ਜਿਸ ਤਰ੍ਹਾਂ ਕੇਜਰੀਵਾਲ ਦੇ ਦੌਰੇ ਦੇ ਐਨ ਵਿਚਾਲੇ ਕਾਂਗਰਸ ਦੇ ਦਿੱਲੀ ਤੋਂ ਦੋ ਕੇਂਦਰੀ ਆਗੂਆਂ ਅਜੇ ਮਾਕਨ ਤੇ ਸ਼ੀਲਾ ਦੀਕਸ਼ਤ ਨੂੰ ਆਉਣ ਪਿਆ, ਉਸ ਤੋਂ ਜਾਪਦਾ ਹੈ ਕਿ ਕਾਂਗਰਸ ਵੀ 'ਆਪ' ਨੂੰ ਮਿਲੇ ਹੁੰਗਾਰੇ ਤੋਂ ਘਬਰਾ ਗਈ ਹੈ। ਦਿੱਲੀ ਕਾਂਗਰਸ ਦੇ ਪ੍ਰਧਾਨ ਅਜੇ ਮਾਕਨ ਤਾਂ ਕੇਜਰੀਵਾਲ ਸਰਕਾਰ ਦਾ ਇਕ ਸਾਲ ਦਾ ਰਿਪੋਰਟ ਕਾਰਡ ਵੀ ਪੇਸ਼ ਕਰ ਦਿੱਤਾ ਤੇ ਸਰਕਾਰ ਨੂੰ 100 ਵਿਚੋਂ ਜ਼ੀਰੋ ਨੰਬਰ ਦਿੱਤੇ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ 'ਆਪ' ਨੂੰ ਥੋੜ੍ਹੇ ਜਿਹੇ ਸਮੇਂ ਵਿਚ ਪੰਜਾਬ ਵਿਚੋਂ ਵੱਡਾ ਹੁੰਗਾਰਾ ਮਿਲਿਆ ਹੈ ਤੇ ਇਹ ਨਵੀਂ ਪਾਰਟੀ ਸੂਬੇ ਵਿਚ ਤੀਸਰੇ ਬਦਲ ਦੇ ਤੌਰ 'ਤੇ ਉੱਭਰ ਰਹੀ ਹੈ।

# ਕੇਂਦਰੀ ਬਜਟ ਵਿਚ ਪੰਜਾਬ ਨੂੰ ਮਾਰ

**ਚੰਡੀਗੜ੍ਹ:** ਕੇਂਦਰੀ ਬਜਟ ਵਿਚੋਂ ਪੰਜਾਬ ਦੇ ਹੱਥ ਪੱਲੇ ਕੁਝ ਵੀ ਪੈਂਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਸਰਕਾਰ ਨੇ ਕੇਂਦਰੀ ਬਜਟ ਰਾਹੀਂ 15,000 ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਸੀ, ਪਰ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਇਸ ਮੰਗ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਸਨਅਤਕਾਰਾਂ ਦੀ ਤਰਜ਼ 'ਤੇ ਕਿਸਾਨਾਂ ਦੇ ਕਰਜ਼ਿਆਂ ਉੱਤੇ ਲੀਕ ਮਾਰੇ ਜਾਣ ਦੀ ਵੀ ਮੰਗ ਕੀਤੀ ਸੀ, ਪਰ ਮੋਦੀ ਸਰਕਾਰ ਨੇ ਇਸ ਮੰਗ ਨੂੰ ਵੀ ਅਣਗੌਲਿਆਂ ਹੀ ਕਰ ਦਿੱਤਾ ਹੈ।

ਸ੍ਰੀ ਜੇਤਲੀ ਨੇ ਪੱਛਮੀ ਬੰਗਾਲ ਦੀ ਤਰਜ਼ ਉਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਮੁਆਫੀ ਤਾਂ ਕੀ ਦੇਣੀ ਸੀ ਬਲਕਿ ਕੈਂਸਰ ਪੀੜਤਾਂ ਲਈ 100 ਕਰੋੜ ਰੁਪਏ, ਕੇਂਦਰ ਸਰਕਾਰ ਵੱਲੋਂ ਗੁਆਂਢੀ ਸੂਬਿਆਂ ਨੂੰ ਸਨਅਤੀ ਰਿਆਇਤਾਂ ਦੇਣ ਕਾਰਨ ਸੂਬੇ ਨੂੰ ਹੋਏ ਤਕਰੀਬਨ 3700 ਕਰੋੜ ਰੁਪਏ ਦੇ ਨੁਕਸਾਨ ਦੀ ਭਰਪਾਈ, ਪੇਸ਼ੇਵਾਰਾਨਾ ਟੈਕਸ ਦੀ ਸੀਮਾ ਵਧਾਉਣ ਅਤੇ ਸਾਰੇ ਸੂਬਿਆਂ ਲਈ ਇਕਸਾਰ ਕਰਨ, ਪਠਾਨਕੋਟ ਦਹਿਸ਼ਤੀ ਹਮਲੇ ਸਮੇਂ ਤਾਇਨਾਤ ਅਰਧ ਸੈਨਿਕ ਬਲਾਂ 'ਤੇ ਖ਼ਰਚੇ 298 ਕਰੋੜ ਰੁਪਏ ਦੀ ਮੁਆਫੀ ਆਦਿ ਜਾਇਜ਼ ਮੰਗਾਂ ਵੀ ਨਹੀਂ ਮੰਨੀਆਂ। ਪੰਜਾਬ ਦੇ ਕਿਸਾਨਾਂ ਨੂੰ ਸਿਰਫ ਕਿਸਾਨੀ ਕਰਜ਼ਿਆਂ ਤੋਂ ਮੁਆਫੀ ਦੀ ਆਸ ਮਿਲਣੀ ਸੀ ਪਰ ਕੇਂਦਰੀ ਬਜਟ ਇਨ੍ਹਾਂ ਸਾਰੇ ਮੁੱਦਿਆਂ ਉਤੇ ਚੁੱਪ ਹੈ।

# ਪਾਣੀਆਂ ਦੇ ਮੁੱਦੇ 'ਤੇ ਪੰਜਾਬ ਖਿਲਾਫ ਖੜ੍ਹੀ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

ਇਹ ਧਾਰਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਦਿੱਲੀ ਦੇ ਅਧਿਕਾਰਾਂ ਤੇ ਜ਼ਿੰਮੇਵਾਰੀਆਂ ਨਾਲ ਸਬੰਧਤ ਹੈ।

ਪੰਜਾਬ ਨੇ 2004 ਵਿਚ ਬਣਾਏ ਇਸ ਕਾਨੂੰਨ ਤਹਿਤ ਆਪਣੇ ਗੁਆਂਢੀ ਰਾਜਾਂ ਖਾਸ ਤੌਰ 'ਤੇ ਹਰਿਆਣਾ ਨੂੰ ਰਾਵੀ, ਬਿਆਸ ਤੇ ਸਤਲੁਜ ਦਾ ਪਾਣੀ ਦੇਣ ਵਾਲੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਵਰਨਣਯੋਗ ਹੈ ਕਿ ਇਹ ਨਵਾਂ ਕਾਨੂੰਨ ਉਦੋਂ ਆਇਆ ਸੀ ਜਦੋਂ ਸੁਪਰੀਮ ਕੋਰਟ ਨੇ ਕੇਂਦਰ ਨੂੰ ਕਿਹਾ ਸੀ ਕਿ ਉਹ ਆਪਣੀਆਂ ਏਜੰਸੀਆਂ ਰਾਹੀਂ ਪੰਜਾਬ ਵਾਲੇ ਹਿੱਸੇ ਦੀ ਸਤਲੁਜ-ਯਮੁਨਾ ਲਿੰਕ ਨਹਿਰ ਮੁਕੰਮਲ ਕਰਵਾਏ ਤਾਂ ਜੋ ਹਰਿਆਣਾ ਨੂੰ ਉਸ ਦੇ ਹਿੱਸੇ ਦਾ ਪਾਣੀ ਮਿਲ ਸਕੇ। ਪੰਜਾਬ ਵਿਚ ਇਸ ਨਹਿਰ ਦਾ ਕੰਮ ਕਈ ਸਾਲਾਂ ਤੋਂ ਬੰਦ ਹੈ। ਹੁਣ ਸੁਪਰੀਮ ਕੋਰਟ ਇਹ ਤੈਅ ਕਰਨ ਲਈ ਸੁਣਵਾਈ ਕਰੇਗਾ ਕਿ ਸਾਲ-2004 ਦਾ ਕਾਨੂੰਨ ਪੰਜਾਬ ਪੁਨਰਗਠਨ ਕਾਨੂੰਨ-1966 ਦੀ ਧਾਰਾ 78 ਮੁਤਾਬਕ ਸਹੀ ਹੈ ਜਾਂ ਨਹੀਂ।

# ਵਹਿਸ਼ੀਪੁਣੇ ਦੀ ਹੱਦ ਸੀ ਮੂਰਥਲ ਕਾਂਡ

*(ਸਫਾ ਇਕ ਦੀ ਬਾਕੀ)*

ਵਿਸ਼ੇਸ਼ ਜਾਂਚ ਟੀਮ ਕੋਲ ਸਮੂਹਿਕ ਜਬਰ ਜਨਾਹ ਦਾ ਮਾਮਲਾ ਦਰਜ ਕਰਵਾਇਆ ਹੈ। ਇਸੇ ਔਰਤ ਨੇ ਪਹਿਲਾਂ ਫੋਨ ਉਤੇ ਆਪਣੀ ਵਿਥਿਆ ਪੁਲਿਸ ਨੂੰ ਦੱਸੀ ਸੀ। ਪੀੜਤਾ ਨੇ ਸਾਰੇ ਮੁਲਜ਼ਮਾਂ ਨੂੰ ਪਛਾਣਨ ਦੀ ਗੱਲ ਵੀ ਕਹੀ ਹੈ। ਉਸ ਦਾ ਕਹਿਣਾ ਹੈ ਕਿ ਮੂਰਥਲ ਕੋਲ ਗੁੰਡਿਆਂ ਨੇ ਵੈਨ ਰੋਕ ਕੇ ਉਸ ਦੀ ਭੰਨ ਤੋੜ ਕੀਤੀ ਤੇ ਉਸ ਨੂੰ ਉਸ ਦੀ 15 ਸਾਲਾ ਧੀ ਸਣੇ ਬਾਹਰ ਘੜੀਸ ਲਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਹਾਈਵੇ ਦੇ ਨੇੜੇ ਕਿਸੇ ਇਮਾਰਤ ਵਿਚ ਲਿਜਾਇਆ ਗਿਆ ਜਿਥੇ ਉਸ ਨਾਲ ਜਬਰ ਜਨਾਹ ਕੀਤਾ ਗਿਆ।

ਮੂਰਥਲ ਨੇੜੇ ਭੂਤਰੇ ਗੁੰਡਿਆਂ ਦਾ ਸ਼ਿਕਾਰ ਹੋਈਆਂ ਦੋ ਮੁਟਿਆਰਾਂ ਦੇ ਹਵਾਲੇ ਨਾਲ ਵੈੱਬ ਪੋਰਟਲ 'ਫਸਟਪੋਸਟ' ਨੇ ਰਿਪੋਰਟ ਨਸ਼ਰ ਕੀਤੀ ਹੈ। ਪੀੜਤਾਂ ਨੇ ਦੋਸ਼ ਲਾਇਆ ਹੈ ਕਿ ਪੁਲਿਸ ਨੇ ਉਨ੍ਹਾਂ ਨੂੰ ਇੱਜ਼ਤ ਬਚਾਉਣ ਲਈ ਚੁੱਪ ਰਹਿਣ ਦੀ ਸਲਾਹ ਦਿੱਤੀ ਸੀ। 'ਫਸਟਪੋਸਟ' ਮੁਤਾਬਕ ਇਕ ਪੀੜਤ ਨੇ ਦੱਸਿਆ ਕਿ ਉਹ ਆਪਣੇ ਪਤੀ ਨਾਲ ਬੱਸ ਰਾਹੀਂ ਵਾਪਸ ਜਾ ਰਹੀ ਸੀ। ਸੁਖਦੇਵ ਢਾਬੇ ਨੇੜੇ ਗੁੰਡਿਆਂ ਨੇ ਬੱਸ ਰੋਕੀ ਤੇ ਔਰਤਾਂ ਨੂੰ ਬਾਹਰ ਧੂਹ ਲਿਆ। ਉਸ ਨਾਲ ਨੇੜਲੇ ਖੇਤਾਂ ਵਿਚ ਸਮੂਹਿਕ ਬਲਾਤਕਾਰ ਕੀਤਾ ਗਿਆ ਜਿਸ ਕਾਰਨ ਉਹ ਬੇਹੋਸ਼ ਹੋ ਗਈ।

ਦੂਜੀ ਪੀੜਤ ਮੁਟਿਆਰ ਦੀ ਮਾਂ ਨੇ ਦੱਸਿਆ ਕਿ ਉਹ ਨੈਣਾਂ ਦੇਵੀ ਤੋਂ ਕਾਰ ਰਾਹੀਂ ਵਾਪਸ ਆ ਰਹੇ ਸਨ। ਮੂਰਥਲ ਨੇੜੇ ਮੋਟਰ ਸਾਈਕਲ ਸਵਾਰਾਂ ਨੇ ਉਨ੍ਹਾਂ ਦੀ ਕਾਰ ਰੋਕੀ। ਉਨ੍ਹਾਂ ਨੇ ਬੰਦੂਕ ਦਿਖਾ ਕੇ ਉਨ੍ਹਾਂ ਦੀ ਧੀ ਨੂੰ ਅਗਵਾ ਕਰ ਲਿਆ ਅਤੇ ਕਾਰ ਨੂੰ ਅੱਗ ਲਗਾ ਦਿੱਤੀ। ਉਸ ਨੂੰ ਨਹੀਂ ਪਤਾ ਬਾਅਦ ਵਿਚ ਉਸ ਦੀ ਬੱਚੀ ਨਾਲ ਕੀ ਵਾਪਰਿਆ, ਪਰ ਉਹ ਬਾਅਦ ਵਿਚ ਨੇੜਲੇ ਢਾਬੇ ਦੀ ਪਾਣੀ ਵਾਲੀ ਟੈਂਕੀ ਪਿਛਿਉਂ ਮਿਲੀ ਸੀ। ਇਸ ਘਟਨਾ ਤੋਂ ਬਾਅਦ ਸਵਾਲ ਉਠਿਆ ਹੈ ਕਿ ਅਜਿਹਾ ਵਰਤਾਰਾ ਇਸ ਲਈ ਵਾਪਰ ਰਿਹਾ ਹੈ, ਕਿਉਂਕਿ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਸਮੇਂ-ਸਮੇਂ ਵਾਪਰੇ ਦੰਗਿਆਂ ਦੇ ਦੋਸ਼ੀਆਂ ਨੂੰ ਕਦੇ ਵੀ ਸਜ਼ਾਵਾਂ ਨਹੀਂ ਦਿੱਤੀਆਂ ਜਾ ਸਕੀਆਂ।

ਵੋਟ ਬੈਂਕਾਂ ਦੀ ਸਿਆਸਤ ਵਿਚ ਯਕੀਨ ਰੱਖਣ ਵਾਲੀਆਂ ਸਰਕਾਰਾਂ ਤੇ ਸਿਆਸੀ ਪਾਰਟੀਆਂ ਅਜਿਹੇ ਨੁਕਸਾਨ ਨੂੰ ਅਕਸਰ ਹੀ ਨਜ਼ਰ ਅੰਦਾਜ਼ ਕਰ ਦਿੰਦੀਆਂ ਹਨ। ਜੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਤਾਂ ਸ਼ਾਇਦ ਗੁਜਰਾਤ ਤੇ ਭਾਗਲਪੁਰ ਸਮੇਤ ਹੋਰ ਥਾਂਵਾਂ ਉਤੇ ਹੋਏ ਦੰਗੇ ਸ਼ਾਇਦ ਨਾ ਵਾਪਰਦੇ ਅਤੇ ਨਾ ਹੀ ਹਾਲ ਹੀ ਵਿਚ ਮੂਰਥਲ ਨੇੜੇ ਗੁੰਡਿਆਂ ਵੱਲੋਂ ਇਸ ਸ਼ਰਮਨਾਕ ਘਟਨਾ ਨੂੰ ਅੰਜਾਮ ਦੇਣ ਦੀ ਜੁਰਅਤ ਕੀਤੀ ਜਾਂਦੀ।

### ਚਸ਼ਮਦੀਦਾਂ ਦੀ ਜ਼ੁਬਾਨੀ ਦਰਿੰਦਗੀ ਦੀ ਦਾਸਤਾਨ

**ਚੰਡੀਗੜ੍ਹ:** ਪਠਾਨਕੋਟ ਵਾਸੀ ਨਿਰੰਜਣ ਤੇ ਸੁਖਵਿੰਦਰ ਸਿੰਘ ਨੇ ਇਸ ਦਿਲ ਕੰਬਾਊ ਘਟਨਾ ਬਾਰੇ ਬਿਆਨ ਦਰਜ ਕਰਵਾਏ ਹਨ। ਉਨ੍ਹਾਂ ਦੱਸਿਆ ਕਿ ਕਈ ਔਰਤਾਂ ਨਾਲ ਜਬਰ ਜਨਾਹ ਕੀਤੇ ਗਏ। ਪਿੱਪਲੀ ਖੇੜਾ ਪਿੰਡ (ਨੇੜੇ ਗੰਨੌਰ) ਲਾਗੇ ਮੁਟਿਆਰਾਂ ਤੋਂ ਉਨ੍ਹਾਂ ਦੇ ਬੱਚੇ ਖੋਹ ਲਏ ਗਏ। ਗੁੰਡੇ ਉਨ੍ਹਾਂ ਨੂੰ ਧੂਹ ਕੇ ਲਾਗਲੇ ਖੇਤਾਂ ਵਿਚ ਲਿਜਾ ਰਹੇ ਸਨ। ਆਦਮਪੁਰ ਦੇ ਸਤਬੀਰ ਸੱਤੀ ਜਿਸ ਦੀ ਕਾਰ ਸਾੜ ਦਿੱਤੀ ਗਈ, ਨੇ ਦੱਸਿਆ ਕਿ ਉਸ ਨੇ ਦੋ ਔਰਤਾਂ ਨੂੰ ਆਬਰੂ ਬਚਾਉਣ ਲਈ ਨੰਗੇ ਪੈਰੀਂ ਤੇ ਫਟੇ ਕੱਪੜਿਆਂ ਵਿਚ ਭੱਜਦਿਆਂ ਦੇਖਿਆ। ਉਸ ਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਐਨ.ਆਰ.ਆਈਜ਼. ਸਨ। ਉਸ ਮੁਤਾਬਕ ਇਕ ਔਰਤ ਕੈਲਗਰੀ ਤੇ ਦੂਜੀ ਐਡਮਿੰਟਨ (ਕੈਨੇਡਾ) ਤੋਂ ਸੀ। ਚਾਰ-ਪੰਜ ਬੰਦੇ ਉਨ੍ਹਾਂ ਨੂੰ ਖੇਤਾਂ ਵਿਚ ਲੈ ਗਏ ਸਨ। ਉਸ ਨੇ ਜਜ਼ਬਾਤੀ ਹੁੰਦਿਆਂ ਦੱਸਿਆ, "ਮੈਂ ਆਪਣੀ ਆਂਟੀ ਨੂੰ ਜਹਾਜ਼ ਚੜ੍ਹਾਉਣ ਜਾ ਰਿਹਾ ਸਾਂ ਜਿਸ ਨੇ ਇਕ ਢਾਬੇ ਵਿਚ ਲੁਕ ਕੇ ਆਪਣੀ ਇੱਜ਼ਤ ਬਚਾਈ। ਉਹ ਇੰਨੀ ਸਦਮੇ ਵਿਚ ਹੈ ਕਿ ਕੈਲੀਫੋਰਨੀਆ ਪੁੱਜਣ ਪਿੱਛੋਂ ਇਸ ਸਬੰਧੀ ਗਵਾਹੀ ਦੇਣ ਲਈ ਤਿਆਰ ਨਹੀਂ ਹੈ।"

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬਹੁਜਨ ਸਮਾਜ ਆਗੂ ਸੀ.ਐਲ. ਚੁੰਬਰ ਨੂੰ ਸ਼ਰਧਾਂਜਲੀ ਭੇਟ

**ਮੁਕੰਦਪੁਰ (ਬਿਊਰੋ):** ਬਹੁਜਨ ਸਮਾਜ ਦੇ ਚਿੰਤਕ, ਨਿਧੜਕ ਬੁਲਾਰੇ, ਕੌਮੀ ਉਡਾਰੀਆਂ ਮੈਗਜ਼ੀਨ ਦੇ ਮੁੱਖ ਸੰਪਾਦਕ, ਬਹੁਜਨ ਬੁਲੇਟਨ ਦੇ ਸੰਚਾਲਕ ਅਤੇ ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੇ ਸੰਘਰਸ਼ ਦੇ ਮੁਦੱਈ ਸ਼੍ਰੀ ਸੀ.ਐਲ. ਚੁੰਬਰ ਨਮਿਤ ਅੰਤਿਮ ਅਰਦਾਸ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਫੇਸ 2, ਜਲੰਧਰ ਵਿਖੇ ਹੋਈ। ਇਸ ਮੌਕੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ, ਸਿਆਸੀ ਤੇ ਸਮਾਜਿਕ ਆਗੂਆਂ ਅਤੇ ਪ੍ਰਮੁੱਖ ਪੱਤਰਕਾਰਾਂ ਨੇ ਉਨ੍ਹਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਸੀ.ਐਲ. ਚੁੰਬਰ 6 ਫਰਵਰੀ 2016 ਨੂੰ ਚਲਾਣਾ ਕਰ ਗਏ ਸਨ।

ਸ਼ਰਧਾਂਜਲੀ ਭੇਟ ਕਰਦਿਆਂ ਬੁਲਾਰਿਆਂ ਨੇ ਸਵਰਗੀ ਸ੍ਰੀ ਚੁੰਬਰ ਦੀ ਸਮਾਜ ਨੂੰ ਦੇਣ ਅਤੇ ਨੇਕ ਕਾਰਗੁਜ਼ਾਰੀ 'ਤੇ ਚਾਨਣਾ ਪਾਇਆ। ਸੀ.ਐਲ. ਚੁੰਬਰ ਦੇ ਛੋਟੇ ਭਰਾ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ, ਹਫ਼ਤਾਵਾਰੀ ਅਖਬਾਰ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼) ਨੇ ਕਿਹਾ ਕਿ ਉਨ੍ਹਾਂ ਦੇ ਭਰਾ ਵਲੋਂ ਪਿਤਾ ਸ਼੍ਰੀ ਪੰਜਾਬ ਰਾਏ ਚੁੰਬਰ ਦੇ ਸਦੀਵੀ ਵਿਛੋੜਾ ਦੇ ਜਾਣ ਪਿਛੋਂ ਮਾਤਾ ਬਿਸ਼ਨ ਕੌਰ ਦੇ ਸਹਿਯੋਗ ਨਾਲ ਪਰਿਵਾਰ ਨੂੰ ਅੱਗੇ ਲੈ ਕੇ ਜਾਣ ਲਈ ਜੋ ਘਾਲਣਾ ਕੀਤੀ, ਉਹ ਕਦੇ ਵੀ ਭੁਲਾਈ ਨਹੀਂ ਜਾ ਸਕਦੀ। ਇਸ ਸਮੇਂ ਚੁੰਬਰ ਭਰਾਵਾਂ ਦੀ ਮਾਤਾ ਬਿਸ਼ਨ ਕੌਰ ਨਾਲ਼ ਸਭ ਸ਼ਖਸੀਅਤਾਂ ਵਲੋਂ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਸਿੰਘ ਸ਼ੁਕਲਾ ਆਦਿ ਧਰਮ ਮੰਡਲ ਹਿਮਾਚਲ ਪ੍ਰਦੇਸ਼, ਪੱਤਰਕਾਰ ਜਤਿੰਦਰ ਪੰਨੂੰ, ਮੰਗਤ ਰਾਮ ਪਾਸਲਾ ਸੀ.ਪੀ.ਆਈ. (ਐਮ), ਡਾ. ਰਘਬੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਰਮੇਸ਼ ਚੰਦਰ ਸਾਬਕਾ ਅੰਬੈਸਡਰ ਰਸ਼ੀਆ, ਪੱਤਰਕਾਰ ਨਿਰੰਜਨ ਸਿੰਘ ਸਾਥੀ, ਡਾ. ਰੌਣਕੀ ਰਾਮ ਡੀਨ ਅਤੇ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਡਾ. ਕਰਮਜੀਤ ਸਿੰਘ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ, ਸੀਨੀਅਰ ਆਗੂ ਡਾ. ਰਾਮ ਲਾਲ ਜੱਸੀ, ਸਾਬਕਾ ਐਮ.ਐਲ.ਏ. ਚੌਧਰੀ ਦਰਸ਼ਨ ਲਾਲ ਜੇਠੂਮਜਾਰਾ, ਸ਼ਿੰਗਾਰਾ ਰਾਮ ਸਹੂੰਗੜਾ, ਡਾ. ਜਸਵੰਤ ਰਾਏ, ਸਵਰਗੀ ਚੁੰਬਰ ਦੇ ਬਚਪਨ ਦੇ ਸਾਥੀ ਡਾ. ਕੁਲਵੰਤ ਸਿੰਘ, ਬਲਵੀਰ ਪਰਵਾਨਾ ਨਵਾਂ ਜ਼ਮਾਨਾ, ਗੁਰਮੀਤ ਸਿੰਘ ਨਵਾਂ ਜ਼ਮਾਨਾ, ਸਰਦਾਰੀ ਲਾਲ ਮਹੇ ਆਗੂ ਆਮ ਆਦਮੀ ਪਾਰਟੀ, ਅਵਤਾਰ ਸਿੰਘ ਸਰਹੱਦੀ, ਹਰਬੰਸ ਸਿੰਘ ਹੀਰਾ ਕਾਂਸ਼ੀ ਰੇਡੀਓ ਯੂ.ਕੇ. ਤੇ ਆਦਿ ਧਰਮ ਬ੍ਰਦਰਹੁੱਡ ਯੂ.ਕੇ., ਫਰੈਡੀ ਜੋਸਫ਼ ਚੀਫ਼ ਐਡੀਟਰ ਮਸੀਹੀ ਸੰਸਾਰ ਅਤੇ ਬੇਗ਼ਮਪੁਰਾ ਟਾਈਮਜ਼ ਦੇ ਸੀਤਾ ਰਾਮ ਬਾਂਸਲ ਹਾਜ਼ਰ ਸਨ।

ਇਸ ਸਮਾਰੋਹ ਵਿਚ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਕਮੇਟੀ ਅਹੁਦੇਦਾਰ ਡੀ.ਆਰ. ਚੁੰਬਰ, ਅਸ਼ੋਕ ਕੁਮਾਰ ਤੇ ਮੈਂਬਰਾਂ ਵਲੋਂ ਸ਼੍ਰੀਮਤੀ ਸੰਤੋਸ਼ ਕੁਮਾਰੀ ਚੁੰਬਰ ਪਤਨੀ ਸਵ: ਸੀ.ਐਲ. ਚੁੰਬਰ ਨੂੰ ਸਿਰੋਪਾਓ ਦਿੱਤਾ ਗਿਆ। ਸ਼੍ਰੀਮਤੀ ਸੰਤੋਸ਼ ਕੁਮਾਰੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਸ਼੍ਰੀ ਚੁੰਬਰ ਦਾ ਜਿਉਣਾ ਸਫ਼ਲ ਹੋ ਗਿਆ ਹੈ ਅਤੇ ਉਨ੍ਹਾਂ ਦੀ ਕਿਰਤ ਘਾਲਣਾ ਤੇ ਸੰਘਰਸ਼ ਦਾ ਮੁੱਲ ਪੈ ਗਿਆ ਹੈ। ਇਸ ਮੌਕੇ ਸ਼੍ਰੀ ਚੁੰਬਰ ਦੇ ਵੱਡੇ ਲੜਕੇ ਕੁਮਾਰਜੀਵ ਚੁੰਬਰ ਨੂੰ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ ਪਗੜੀ ਦੀ ਰਸਮ ਕੀਤੀ ਗਈ। ਇਸ ਸਮੇਂ ਜਨਸੰਗਰਾਮ ਚੁੰਬਰ, ਰਵੀਜੋਤ ਅਤੇ ਅਮਨਦੀਪ ਵੀ ਹਾਜ਼ਰ ਸਨ।



*ਸੀ.ਐਲ. ਚੁੰਬਰ*

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮਾਜਿਕ ਸ਼ਖਸੀਅਤਾਂ ਪ੍ਰਕਾਸ਼ ਚੰਦ ਜੱਸਲ ਆਰ.ਪੀ.ਆਈ., ਐਫ.ਸੀ. ਮੱਲ ਸਾਬਕਾ ਈ.ਏ. ਡਾਇਰੈਕਟਰ, ਹਰਜਿੰਦਰ ਸਿੰਘ ਜਲੰਧਰ ਦੂਰਦਰਸ਼ਨ, ਧਰਮਪਾਲ ਰਾਹੁਲ ਬੁੱਧ ਵਿਹਾਰ ਸੋਫੀ ਪਿੰਡ, ਗੁਰਦਿਆਲ ਜੱਸਲ, ਗੁਰਮੀਤ ਲਾਲ ਸਾਂਪਲਾ, ਬਲਵਿੰਦਰ ਕੁਮਾਰ ਪੁਆਰ, ਅਸ਼ੋਕ ਮਹੇ, ਮਨੋਹਰ ਲਾਲ ਮਹੇ, ਰਾਮ ਨਾਥ ਸੁੰਡਾ ਮੂਲ ਨਿਵਾਸੀ ਦੇ ਮੁੱਖ ਸੰਪਾਦਕ, ਜੈ ਰਾਮ ਮਾਹਿਲਪੁਰ, ਡੀ.ਪੀ. ਮਹਿਮੀ ਸਾਬਕਾ ਮੈਨੇਜਰ ਰਿਜ਼ਰਵ ਬੈਂਕ, ਪ੍ਰਿੰਸੀਪਲ ਰਾਜ ਕੁਮਾਰ ਬੱਧਣ, ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ ਜਵਾਹਰ ਨਵੋਦਿਆ, ਹਰਨਾਮ ਦਾਸ ਮਹੇ ਸਾਬਕਾ ਮੈਨੇਜਰ ਸਟੇਟ ਬੈਂਕ, ਸੱਤਪਾਲ ਸਾਹਲੋਂ ਸੰਪਾਦਕ ਅਦਬੀ ਮਹਿਕ, ਗੀਤਕਾਰ ਪੰਮੀ ਲਾਲੋ ਮਜ਼ਾਰਾ, ਮਿਸ਼ਨਰੀ ਗਾਇਕ ਰਾਜ ਦਦਰਾਲ ਅਤੇ ਰੋਸ਼ਨ ਭਾਰਤੀ ਪੱਤਰਕਾਰ ਹਾਜ਼ਰ ਸਨ। ਸਮਾਹੋਰ 'ਚ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਮੇਸ਼ ਜੱਸਲ ਨੇ ਨਿਭਾਈ।



# ਬੀਬੀ ਵੀਰਾਂ ਦਾ ਅਕਾਲ ਚਲਾਣਾ

**ਸਰੀ, ਕੈਨੇਡਾ (ਬਿਊਰੋ):** ਦੇਸ਼ ਭਗਤ ਪਰਿਵਾਰਾਂ ਦੇ ਕਾਫੀ ਨਜ਼ਦੀਕ ਰਹੀ ਅਤੇ ਖ਼ੁਦ ਇਸਤਰੀ ਹੱਕਾਂ ਲਈ ਲੜਦੇ ਰਹੇ ਬੀਬੀ ਵੀਰਾਂ ਸੰਖੇਪ ਜਿਹੀ ਬਿਮਾਰੀ ਪਿਛੋਂ ਪਿਛਲੇ ਦਿਨੀਂ 85 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਬੀਬੀ ਵੀਰਾਂ ਬੜੇ ਹੀ ਮਿੱਠ ਬੋਲੜੇ, ਸੁਹਿਰਦ ਤੇ ਸੰਜੀਦਾ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 28 ਫਰਵਰੀ ਨੂੰ ਰਿਵਰ ਸਾਈਡ ਫਿਊਨਰਲ ਹੋਮ ਵਿਚ ਕਰ ਦਿਤਾ ਗਿਆ।

ਬੀਬੀ ਵੀਰਾਂ ਦਾ ਪੇਕਾ ਪਿੰਡ ਘਰਿਆਲਾ, ਜਿਲ੍ਹਾ ਅੰਮ੍ਰਿਤਸਰ ਸੀ। ਉਨ੍ਹਾਂ ਦਾ ਜਨਮ ਇਸੇ ਪਿੰਡ 15 ਫਰਵਰੀ 1931 ਨੂੰ ਹੋਇਆ। ਭਾਵੇਂ ਉਨ੍ਹਾਂ ਕੋਈ ਰਸਮੀ ਵਿਦਿਆ ਤਾਂ ਪ੍ਰਾਪਤ ਨਹੀਂ ਸੀ ਕੀਤੀ ਪਰ ਪ੍ਰਸਿੱਧ ਦੇਸ਼ ਭਗਤ ਗਹਿਲ ਸਿੰਘ ਛੱਜਲਵੱਢੀ, ਅੰਮ੍ਰਿਤਸਰ ਵਲੋਂ ਇਸਤਰੀ ਵਿਦਿਆ ਲਈ ਚਾਲੂ ਕੀਤੇ ਸਕੂਲ ਤੋਂ ਵਿਦਵਾਨੀ ਦੀ ਪ੍ਰੀਖਿਆ ਪਾਸ ਕੀਤੀ। ਇਥੋਂ ਹੀ ਬੀਬੀ ਵੀਰਾਂ ਨੂੰ ਉਨ੍ਹਾਂ ਦੀ ਬੇਟੀ ਬੀਬੀ ਕਲਸੀ ਦੀ ਅਗਵਾਈ ਵਿਚ ਇਸਤਰੀਆਂ ਨੂੰ ਆਪਣੇ ਹੱਕਾਂ ਲਈ ਜਥੇਬੰਦ ਕਰਨ ਤੇ ਦੇਸ਼ ਦੀ ਆਜ਼ਾਦੀ ਲਈ ਜੂਝਣ ਦੀ ਪ੍ਰੇਰਣਾ ਮਿਲੀ।

ਇਸਤਰੀ ਆਗੂਆਂ ਬਿਮਲਾ ਡਾਂਗ, ਉਰਮਿਲਾ ਅਨੰਦ ਤੇ ਸ਼ੀਲ ਚੈਨ ਨਾਲ ਉਨ੍ਹਾਂ ਦੇ ਬੜੇ ਨੇੜਲੇ ਸਬੰਧ ਸਨ। ਉਨ੍ਹਾਂ ਦੀਆਂ ਦੇਸ਼ ਭਗਤ ਪਰਿਵਾਰਾਂ ਨਾਲ ਸਾਂਝਾਂ ਨੂੰ ਸਦਾ ਸਦਾ ਲਈ ਯਾਦ ਕੀਤਾ ਜਾਵੇਗਾ।

ਬੀਬੀ ਵੀਰਾਂ ਦਾ ਵਿਆਹ 24 ਫਰਵਰੀ 1960 ਨੂੰ ਕਰਮ ਸਿੰਘ ਰਾਣੀਪੁਰ, ਜਿਲ੍ਹਾ ਕਪੂਰਥਲਾ ਨਾਲ ਹੋਇਆ। ਸ. ਕਰਮ ਸਿੰਘ ਖ਼ੁਦ ਕਿਸਾਨਾਂ-ਮਜ਼ਦੂਰਾਂ ਤੇ ਅਗਾਂਹਵਧੂ ਸੋਚ ਵਾਲੀਆਂ ਲਹਿਰਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਦੀਆਂ ਚਾਰ ਬੇਟੀਆਂ- ਦਵਿੰਦਰ, ਮਨੀਸ਼ਾ, ਕਿੱਕੂ ਤੇ ਰਿਤੂ ਆਪਣੇ ਆਪਣੇ ਘਰੀਂ ਸੁਖੀ ਵਸਦੀਆਂ ਹਨ।

1980 ਵਿਚ ਬੀਬੀ ਵੀਰਾਂ ਕੈਨੇਡਾ ਆ ਗਏ ਜਿਥੇ ਸ. ਕਰਮ ਸਿੰਘ ਪਹਿਲੋਂ ਹੀ 1972 ਵਿਚ ਆ ਵਸੇ ਸਨ। ਇਸ ਪਰਿਵਾਰ ਦਾ ਬੀ ਸੀ, ਕੈਨੇਡਾ ਵਿਚ ਵਸਦੇ ਦੇਸ਼ ਭਗਤ ਪਰਿਵਾਰਾਂ ਤੇ ਸਿਆਸੀ ਸਰਗਰਮੀਆਂ ਨਾਲ ਬੜਾ ਗੂੜ੍ਹਾ ਸਬੰਧ ਹੈ।

ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ ਨੇ ਬੀਬੀ ਵੀਰਾਂ ਦੀ ਮੌਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਕਿਹਾ ਹੈ। ਜਥੇਬੰਦੀ ਨੇ ਸਾਲ 2015 ਦੇ ਗਦਰੀ ਬਾਬਿਆਂ ਦੇ ਮੇਲੇ 'ਤੇ ਉਨ੍ਹਾਂ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ ਸੀ ਪਰ ਸਿਹਤ ਠੀਕ ਨਾ ਹੋਣ ਕਾਰਨ ਉਹ ਆ ਨਾ ਸਕੇ।

**Punjab Time**
*Punjabtimes1@gmail.com*


# ਕੁਕ ਤੇ ਵੇਟਰ ਦੀ ਲੋੜ ਹੈ

**ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁਕ ਤੇ ਵੇਟਰ ਦੀ ਲੋੜ ਹੈ**

*ਸੰਪਰਕ ਕਰੋ:*

**ਫੋਨ: 850-510-3046**

## ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ

**ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ**







**Upgrade your Security Cameras to High Definition at very reasonable prices**

*For a Free Demo of our new HD Cameras*
*Please Contact us*: Balbir S Sidhu

**209-495-3905 (Cell)**

www.dvrunlimited.com

**Toll Free (888) 233-4566**

**DVRunlimited Inc.** | Installation Available

# Golden State Realty

**9912 Kapalua Ln., Elk Grove, CA 95624**

*Please Contact For*
**Commercial or Residential Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

**Ph: 916-612-5773**

**email:** samchahal@hotmail.com

***Serving all over California***

# ਗੁਰਦੁਆਰਾ ਫਰੀਮਾਂਟ ‘ਚ ਸਿੱਖ ਪੰਚਾਇਤ ਦੀ ‘ਸਰਕਾਰ’ ਦਾ ਹਿਸਾਬ ਕਿਤਾਬ-ਇਕ ਨਜ਼ਰ

**ਸਿੱਖ ਪੰਚਾਇਤ ਦੇ ਮੌਜੂਦਾ ਪ੍ਰਬੰਧਕਾਂ ਨੇ ਗੁਰਦੁਆਰੇ ਦੀ ਵੈਬਸਾਈਟ ‘ਤੇ ਹਿਸਾਬ-ਕਿਤਾਬ ਨੂੰ 27 ਫਰਵਰੀ ਰਾਤ ਦੇ 11 ਵਜੇ ਤੱਕ ਜਿੰਦਾ ਲਾ ਕੇ ਸੰਗਤ ਤੋਂ ਲੁਕੋ ਕੇ ਰੱਖਿਆ ਅਤੇ ਇਸ ਨੂੰ ਇਹ ਇੱਕ ਪਾਰਦਰਸ਼ੀ ਹਿਸਾਬ-ਕਿਤਾਬ ਦਸਦੇ ਹਨ,ਪੰਚਾਇਤ ਵੀ ਕਬੂਤਰੀ ਵਾਂਗ ਬਿੱਲੀ ਨੂੰ ਦੇਖ ਕੇ ਅੱਖਾਂ ਮੀਟੀ ਬੈਠੀ ਹੈ। 2010 ਤੋਂ 2014 ਤੱਕ ਘੱਟ ਤੋਂ ਘੱਟ 3 ਮਿਲੀਅਨ ਦੇ ਘਪਲੇ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ?**

| Golak money each week Approximately $35,000 - $40,000 | + | Library (Receipt) money Reported for 2012 – 2104 $41,840 per month | = | Total monthly income should be ~$204,340 |
|---|---|---|---|---|

**Monthly income as reported by current committee from 2010 - 2014**

| | Year 2010 | Year 2011 | Year 2012 | Year 2013 | Year 2014 | Year 2015 |
|---|---|---|---|---|---|---|
| Average Per Month | $113,368 | $115,034 | $119,681 | $119,725 | $147,192 | not provided |

- Gurdwara monthly income has been going up, but the bank balance has been going down due to inefficient Management. **Why??**
- Fremont Gurdwara monthly mortgage is $8,000 (Vs $68,000 of San Jose Gurdwara), that means a minimum of $60,000 ($68,000 - $8,000) should be extra saving compared to San Jose Gurdwara and that money should reflect in bank account every month. **But it is not, why??**
- Fremont Gurdwara has **only paid off $ 110,000.00 (in 5 years)** from loan amount of $1.42 million.

**San Jose Gurdwara has paid off $2.5 million during last 5 years**
**Where is the Fremont Gurdwara Golak money going?????**

- For new construction drawings, Fremont Gurdwara has paid over **$494,031** for a $2.7 million project, **18.3%** which is way over (3X) typical percentage. Why such a high cost while these were outsourced to India. **Why??**
- Why there is no Gurdwara audit ever done by a reputable auditing firm. **Why not??**
- Why Fremont Gurdwara has been denied $2.2 million construction loan. **Why??**

**San Jose Gurdwara got $13.5 million construction loan**

The Management promised a 2-story parking garage. Nothing has been done**. Why not??**

- 100-acre parcel was purchased in 2005 for $1 million and the Management has never made any effort for the benefit of Gurdwara. **Why not?**

**Note: Fremont Gurdwara has 1.5 times more income than San Jose Gurdwara because of a lot more sangat members**

## ‘ਅੰਮ੍ਰਿਤਧਾਰੀ’ ਜਸਦੇਵ ਸਿੰਘ ਦਾ ਵੀ ਝੂਠ ਫੜਿਆ ਗਿਆ

ਲੰਘੇ ਐਤਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ’ਚ ਜਸਦੇਵ ਸਿੰਘ ਨੇ ਕਿਹਾ ਕਿ ਇੰਡੀਆ ਤੋਂ ਡਰਾਇੰਗਾਂ ਬਣਾਉਣ ਦਾ ਖਰਚਾ $172,000 ਦਿੱਤਾ। ਹੇਠਾਂ ਦੇਖੋ ਕੰਸਟਰਕਸ਼ਨ ਪ੍ਰਾਜੈਕਟ ਦੇ ਹਿਸਾਬ ਦੀ ਨਕਲ (ਜੋ ਹਿਸਾਬ ਸੰਗਤ ਤੋਂ ਲੁਕੋ ਕੇ ਰੱਖਿਆ ਗਿਆ), ਅਸਲ ਵਿਚ $494,031 ਦਿੱਤਾ ਹੈ।



| Soft Costs BUDGET | |
|---|---|
| $578,227.21 | |
| Category | |
| Drafting & Sub-contract - MKK | Expense to date: |
| Surveyer+Civil - Chaudhary Assoc. | $171,010 |
| Geotech - Alan Kropp | $79,527 |
| Structural - Rajendra Sahai (DCI+SDE) | $13,199 |
| Mechanical - Ajmani Pamadi | $64,439 |
| Electrical (Mr.Bhatia) | $61,597 |
| Landscape Arch. (XS/LA) | $- |
| Code Consultant | $22,381 |
| Specifications | $- |
| Printing & Misc | $2,400 |
| City of Fremont | $5,734 |
| City Impact Fees (tentative) | $73,745 |
| Permit Fees | $- |
| | $- |
| Total | $494,031 |

## ਸਿੱਖ ਪੰਚਾਇਤ ਦੀ ਪ੍ਰਬੰਧਕ ਕਮੇਟੀ ਦੀਆਂ ਆਡਿਟ ਰਿਪੋਰਟਾਂ ਦਾ ਪਰਦਾਫਾਸ਼

ਹੇਠਾਂ (ਖੱਬੇ ਪਾਸੇ) ਦੇਖੋ 28 ਮਈ 2015 ਨੂੰ ਗੁਰਦੁਆਰਾ ਫਰੀਮਾਂਟ ਦੀ ਵੈਬਸਾਈਟ ਤੋਂ ਦੇਖੀ ਗਈ 2012-2013 ਦੀ ਆਡਿਟ ਰਿਪੋਰਟ ਅਤੇ ਹੇਠਾਂ (ਸੱਜੇ ਪਾਸੇ) 28 ਫਰਵਰੀ 2016 ਨੂੰ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਤੋਂ ਦਿਸ ਰਹੀ ਉਸੇ 2012-2013 ਦੀ ਆਡਿਟ ਰਿਪੋਰਟ। ਬੇ ਏਰੀਆ ਸਿੱਖ ਅਲਾਇੰਸ ਸੰਸਥਾ ਵਲੋਂ ਇਨ੍ਹਾਂ ਦੀ 28 ਮਈ 2015 ਦੀ ਦਿਖਾਈ ਹੋਈ ਗਲਤ ਆਡਿਟ ਰਿਪੋਰਟ ਬਾਰੇ ਸੰਗਤਾਂ ਵਿਚ ਪੇਪਰ ਵੰਡਣ ਤੋਂ ਬਾਅਦ ਇਹ ਆਪੂੰ ਬਣਾਈਆਂ ਆਡਿਟ ਰਿਪੋਰਟਾਂ ਨੂੰ ਚੇਪੀਆਂ ਲਾ ਕੇ ਸਹੀ ਕਰਨ ਦੀ ਕੋਸ਼ਿਸ਼ ਕਰਦੇ ਫੜੇ ਗਏ। ਇਨ੍ਹਾਂ ਸਾਰੀਆਂ ਆਡਿਟ ਰਿਪੋਰਟਾਂ ‘ਤੇ ਕਿਸ ਤਰ੍ਹਾਂ ਯਕੀਨ ਕੀਤਾ ਜਾ ਸਕਦਾ ਹੈ? ਇਸ ਤੋਂ ਲੱਗਦਾ ਹੈ ਕਿ ਜਸਜੀਤ ਸਿੰਘ (ਚੇਲੇ) ਦੀ ਕਮਾਂਡ ਹੇਠ ਚੱਲ ਰਹੀ ਸਿੱਖ ਪੰਚਾਇਤ ਦੀ ਪ੍ਰਬੰਧਕ ਕਮੇਟੀ ਸਰਾਸਰ ਝੂਠੀ ਹੈ ਅਤੇ ਹੋ ਸਕਦਾ ਹੈ ਕਿ ਇਨ੍ਹਾਂ ਨੇ ਆਡਿਟ ਕਰਵਾਇਆ ਹੀ ਨਾ ਹੋਵੇ। ਸੰਗਤ ਦੇ ਅੱਖੀਂ ਘੱਟਾ ਪਾਉਣ ਲਈ ਆਡਿਟ ਰਿਪੋਰਟਾਂ ਦੀ ਅਦਲਾ-ਬਦਲੀ ਕਰ ਰਹੇ ਹੋਣ!

ਗੁਰੂ ਪਿਆਰੀ ਸਾਧ ਸੰਗਤ ਜੀ ਜੇ ਇਹ ਕਿਸੇ ਕੰਪਨੀ ਨੇ ਆਡਿਟ ਕੀਤੀ ਹੁੰਦੀ ਤਾਂ ਫਿਰ ਇਸ ਨੂੰ ਕੋਈ ਬਦਲ ਨਹੀਂ ਸਕਦਾ। ਗੁਰੂ ਘਰ ਦੀ ਸੰਗਤ ਲਈ ਸ਼ੱਰੇਆਮ ਧੋਖਾ, ਸ਼ਾਇਦ ਆਡਿਟ ਕਰਵਾਉਣ ਤੋਂ ਬਿਨਾਂ ਹੀ ਆਡਿਟ ਕਰਵਾਉਣ ਦਾ ਲੱਖਾਂ ਡਾਲਰ ਤੋਂ ਵੱਧ ਦਾ ਖਰਚਾ ਵੀ ਨਾਜਾਇਜ਼ ਹੀ ਦੱਸ ਗਏ ਹੋਣਗੇ।

In our opinion, except for the items discussed below, the financial statements referred to abovepresent fairly, in all material respects, the financial position of the organization, for the years ended December 31, 2012 and 2013, and the related statements of activities, and cash flows for the years then ended in conformity with accounting principles generally accepted in the United States c America.

For all years, the organization did not provide us sufficient evidence to evaluate its cash balance at East-West bank and note payable to the. Accordingly, our opinion on the following accounts maintained at East-West bank is qualified.

| Description | 2012 | 2013 |
|---|---|---|
| Current Assets | | |
| Cash | $ 5,071 | $ 5,071 |
| Long-term Liabilities | | |
| Notes payable | 1,455,844 | 1,440,303 |

Chuks L. Iheke, CPA

Chuks L. Iheke, Certified Public Accountant
Fremont, CA
April 15, 2015

In our opinion, except for the items discussed below, the financial statements referred to above present fairly, in all material respects, the financial position of the organization, for the years ended December 31, 2012 and 2013, and the related statements of activities, and cash flows for the years then ended in conformity with accounting principles generally accepted in the United States of America.

For all years, we were unable to confirm the organization's accounts balances with East-West bank. Accordingly, our opinion on the following accounts is qualified.

| Description | 2012 | 2013 |
|---|---|---|
| Current Assets | | |
| Cash | $ 5,105 | $ 5,105 |
| Long-term Liabilities | | |
| Notes payable | 1,354,225 | 1,315,241 |

Chuks L. Iheke, CPA

Chuks L. Iheke, Certified Public Accountant
Fremont, CA
April 15, 2015

**Guru Piari Sadh Sangat Ji, we would like to address above stated issues. Sangat donates money for Gurdwara projects and it must go to Gurdwara bank account. Charawa must be counted along with Sangat members in presence of sangat, Gurdwara receipt must be made as Charawa. Money must be totaled up on receipt books and be matched to actual cash/checks and then deposited into Gurdwara bank account each week.**

**We will complete construction on a fast track. We will look into all possible avenues for additional car parking including 2-story parking garage. We will coordinate with neighboring Gurdwaras to alternate Ragi Jathas to provide best Katha/Keertan for the Sangat. We will take Khalsa school to the highest level (like San Jose Gurdwara Khalsa school did) and provide additional necessary means.**

## Please vote for Bay Area Sikh alliance organization candidates

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿਚ ਹਿੱਸਾ ਲੈਣ ਲਈ ਬੇ ਏਰੀਆ ਸਿੱਖ ਅਲਾਇੰਸ ਸੰਸਥਾ ਵਲੋਂ ਉਤਾਰੇ ਗਏ ਉਮੀਦਵਾਰ ਗੁਰਦੁਆਰਾ ਸਾਹਿਬ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਹਨ। ਇਨ੍ਹਾਂ ਦਾ ਗੁਰਦੁਆਰਾ ਸਾਹਿਬ ਅਤੇ ਖਾਲਸਾ ਸਕੂਲ ਬਣਾਉਣ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਸਾਰੇ ਹੀ ਉਮੀਦਵਾਰ ਇਮਾਨਦਾਰ, ਸਖਤ ਮਿਹਨਤੀ ਅਤੇ ਸੰਗਤ ਵਿਚ ਜਾਣੇ ਪਛਾਣੇ ਹਨ। ਉਪਰ ਲਿਖੇ ਮਸਲਿਆਂ ਦੇ ਮਦੇਨਜ਼ਰ ਗੁਰੂ ਘਰ ਦੀ ਮੈਨੇਜਮੈਂਟ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਉਮੀਦਵਾਰ ਗੁਰੂ ਘਰ ਨੂੰ ਦਰਪੇਸ਼ ਉਪਰੋਕਤ ਮਸਲਿਆਂ ਨੂੰ ਹਲ ਕਰਨ ਲਈ ਸੁਹਿਰਦਤਾ ਅਤੇ ਤਨ, ਮਨ ਤੇ ਧਨ ਨਾਲ ਯਤਨ ਕਰਨਗੇ। ਆਓ, ਸਾਰੇ ਰਲ ਮਿਲ ਕੇ ਇਸ ਤਬਦੀਲੀ ਨੂੰ ਅਮਲੀ ਰੂਪ ਦੇਣ ਅਤੇ ਗੁਰੂ ਘਰ ਦੇ ਵਿਕਾਸ ਲਈ ਆਉਣ ਵਾਲੀਆਂ ਚੋਣਾਂ ਵਿਚ ਬੇ ਏਰੀਆ ਸਿੱਖ ਅਲਾਇੰਸ ਸੰਸਥਾ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰੀਏ। ਸਾਧ ਸੰਗਤ ਜੀ, ਇਹ ਤੁਹਾਡੀ ਆਪਣੀ ਕਾਮਯਾਬੀ ਹੋਵੇਗੀ।

## ਬੇ ਏਰੀਆ ਸਿੱਖ ਅਲਾਇੰਸ ਸੰਸਥਾ ਦੇ ਉਮੀਦਵਾਰਾਂ ਨੂੰ ਵੋਟ ਪਾਓ ਜੀ



ਦਵਿੰਦਰ ਸਿੰਘ ਚਾਨਾ



ਧਨਵੰਤ ਸਿੰਘ ਧਾਲੀਵਾਲ



ਵਿਕਰਮਜੀਤ ਸਿੰਘ



ਮਹਿੰਦਰ ਸਿੰਘ ਕਲੇਰ



ਅਵਤਾਰ ਸਿੰਘ ਧਾਮੀ

**Ad by: Amarjit Sidhu 510-676-0027, Iqbal Singh Hundal 510-366-6056, Rana Singh Kahlon 510-378-8510**

*Paid ad on behalf the advertiser who is responsible for the contents and not Punjab Times.*

# ਪੰਜਾਬੀਆਂ ਨਾਲ ਕੇਜਰੀਵਾਲ ਦਾ ਚੰਗੇ ਦਿਨਾਂ ਦਾ ਵਾਅਦਾ

**ਅੰਮ੍ਰਿਤਸਰ:** ਅਰਵਿੰਦ ਕੇਜਰੀਵਾਲ ਨੇ ਆਪਣੇ ਪੰਜਾਬ ਦੌਰੇ ਦੌਰਾਨ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਆਈ ਤਾਂ ਸੂਬੇ ਵਿਚ ਨਸ਼ਿਆਂ, ਗੈਰਕਾਨੂੰਨੀ ਕਾਰੋਬਾਰ ਨੂੰ ਠੱਲ੍ਹ ਪਾਈ ਜਾਵੇਗੀ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਸੂਬੇ ਅੰਦਰ ਸਿਆਸੀ ਨੇਤਾ ਅਤੇ ਅਫਸਰਸ਼ਾਹੀ ਮਿਲ ਕੇ ਸਨਅਤ ਅਤੇ ਵਪਾਰ ਦਾ ਖੂਨ ਚੂਸ ਰਹੇ ਹਨ। 'ਆਪ' ਦੀ ਸਰਕਾਰ ਬਣਨ ਉਤੇ ਭ੍ਰਿਸ਼ਟਾਚਾਰ ਨੂੰ ਦੋ ਮਹੀਨੇ ਵਿਚ ਖਤਮ ਕਰ ਦਿੱਤਾ ਜਾਵੇਗਾ ਅਤੇ ਸਨਅਤ ਤੇ ਵਪਾਰ ਨੂੰ ਮਜ਼ਬੂਤ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਆਉਣ ਉਤੇ ਅਜਿਹੀਆਂ ਨੀਤੀਆਂ ਬਣਾਈਆਂ ਜਾਣਗੀਆਂ ਕਿ ਕਰਜ਼ੇ ਕਾਰਨ ਕੋਈ ਕਿਸਾਨ ਖ਼ੁਦਕੁਸ਼ੀ ਨਾ ਕਰੇ। ਸ੍ਰੀ ਕੇਜਰੀਵਾਲ ਨਸ਼ਿਆਂ ਤੋਂ ਪੀੜਤ ਪਰਿਵਾਰਾਂ ਦੇ ਜੀਆਂ ਨੂੰ ਮਿਲੇ। ਸ੍ਰੀ ਕੇਜਰੀਵਾਲ ਨੇ ਇਨ੍ਹਾਂ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ 'ਆਪ' ਦੇ ਸੱਤਾ ਵਿਚ ਆਉਣ ਉਤੇ ਨਸ਼ਾ ਪੀੜਤਾਂ ਨੂੰ ਮੈਡੀਕਲ ਸਹਾਇਤਾ ਦੇ ਕੇ ਨਸ਼ਿਆਂ ਦੇ ਚੁੰਗਲ ਵਿਚੋਂ ਕੱਢਿਆ ਜਾਵੇਗਾ ਅਤੇ ਨਸ਼ਿਆਂ ਦੇ ਧੰਦੇ ਨਾਲ ਜੁੜੇ ਲੋਕਾਂ ਉਤੇ ਸ਼ਿਕੰਜਾ ਕੱਸਿਆ ਜਾਵੇਗਾ। ਉਨ੍ਹਾਂ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ 'ਆਪ' ਆਗੂਆਂ ਨੂੰ ਕੇਸ ਦਰਜ ਕਰਾਉਣ ਦੀਆਂ ਧਮਕੀਆਂ ਦੇ ਕੇ ਡਰਾਉਣਾ ਚਾਹੁੰਦੇ ਹਨ, ਪਰ ਇਕ ਸਾਲ ਬਾਅਦ ਸਰਕਾਰ ਬਦਲਣ ਮਗਰੋਂ ਨਸ਼ਿਆਂ ਦੇ ਧੰਦੇ ਨਾਲ ਜੁੜੇ ਹਰੇਕ ਵਿਅਕਤੀ ਨੂੰ ਜੇਲ੍ਹ ਵਿਚ ਬੰਦ ਕੀਤਾ ਜਾਵੇਗਾ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਜ਼ਿਆਦਾਤਰ ਕਿਸਾਨਾਂ ਨੇ ਕਰਜ਼ੇ ਕਾਰਨ ਖ਼ੁਦਕੁਸ਼ੀ ਕੀਤੀ ਹੈ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਜੇਕਰ ਸੂਬੇ ਵਿਚ 'ਆਪ' ਦੀ ਸਰਕਾਰ ਆਈ ਤਾਂ ਅਜਿਹੀ ਵਿਵਸਥਾ ਕੀਤੀ ਜਾਵੇਗੀ ਕਿ ਭਵਿੱਖ ਵਿਚ ਜਬਰੀ ਕਰਜ਼ਾ ਵਸੂਲੀ ਦੇ ਮਾਮਲੇ ਕਾਰਨ ਕਿਸੇ ਕਿਸਾਨ ਨੂੰ ਖ਼ੁਦਕੁਸ਼ੀ ਨਾ ਕਰਨੀ ਪਵੇ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਇਕ ਪੱਤਰ ਲਿਖਿਆ ਹੈ, ਜਿਸ ਵਿਚ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਕਿਸਾਨਾਂ ਕੋਲੋਂ ਜਬਰੀ ਕਰਜ਼ਾ ਵਸੂਲੀ ਦਾ ਸਿਲਸਿਲਾ ਇਕ ਸਾਲ ਲਈ ਬੰਦ ਕਰ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਸਾਲ ਬਾਅਦ ਜੇਕਰ 'ਆਪ' ਦੀ ਸਰਕਾਰ ਆਈ ਤਾਂ ਇਸ ਸਬੰਧੀ ਇਕ ਠੋਸ ਨੀਤੀ ਬਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਦਿੱਲੀ ਵਿਚ ਕਿਸਾਨਾਂ ਨੂੰ ਫਸਲਾਂ ਦੇ ਖਰਾਬੇ ਵਜੋਂ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਗਿਆ ਹੈ ਤੇ ਉਥੇ ਕਿਸੇ ਵੀ ਕਿਸਾਨ ਨੇ ਖ਼ੁਦਕੁਸ਼ੀ ਨਹੀਂ ਕੀਤੀ। ਇਸੇ ਤਰ੍ਹਾਂ ਦੀ ਨੀਤੀ ਪੰਜਾਬ ਵਾਸਤੇ ਬਣਾਈ ਜਾਵੇਗੀ।

ਉਨ੍ਹਾਂ ਨੇ ਸਿੱਧੇ ਅਸਿੱਧੇ ਢੰਗ ਨਾਲ ਸੂਬੇ ਵਿਚ ਨਸ਼ਿਆਂ ਦੇ ਰੁਝਾਨ ਅਤੇ ਕਰਜ਼ੇ ਕਾਰਨ ਕਿਸਾਨ ਖ਼ੁਦਕੁਸ਼ੀਆਂ ਲਈ ਮੌਜੂਦਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਹਵਾ ਦਾ ਰੁਖ਼ ਬਦਲ ਰਿਹਾ ਹੈ ਅਤੇ ਇਹ ਹਵਾ 'ਆਪ' ਪੱਖੀ ਤੂਫ਼ਾਨ ਦਾ ਰੂਪ ਧਾਰ ਰਹੀ ਹੈ, ਜਿਸ ਵਿਚ ਬਾਦਲ ਅਤੇ ਕੈਪਟਨ ਉੱਡ ਜਾਣਗੇ। ਇਕ ਸਾਲ ਮਗਰੋਂ ਪੰਜਾਬ ਵਿਚ ਖਾਲਸਾ ਰਾਜ ਸਥਾਪਤ ਹੋਵੇਗਾ। ਖਾਲਸਾ ਰਾਜ ਦਾ ਜ਼ਿਕਰ ਕਰਦਿਆਂ ਉਨ੍ਹਾਂ 'ਬੋਲੇ ਸੋ ਨਿਹਾਲ' ਦਾ ਜੈਕਾਰਾ ਵੀ ਲਾਇਆ। ਕਾਲੇ ਝੰਡੇ ਦਿਖਾਏ ਜਾਣ ਤੇ ਨਾਅਰੇਬਾਜ਼ੀ ਕੀਤੇ ਜਾਣ ਬਾਰੇ ਉਨ੍ਹਾਂ ਦੋਸ਼ ਲਾਇਆ ਕਿ ਇਹ ਪੈਸੇ ਨਾਲ ਖਰੀਦ ਕੇ ਲਿਆਂਦੇ ਗਏ ਲੋਕ ਹਨ।

## ਛੇੜਛਾੜ ਤੋਂ ਰੋਕਣ ਉਤੇ ਔਰਤ ਨੂੰ ਗੋਲੀ ਮਾਰੀ

**ਬਟਾਲਾ:** ਇਥੇ ਜਲੰਧਰ ਰੋਡ 'ਤੇ ਸਥਿਤ ਮੈਰਿਜ ਪੈਲੇਸ ਢੀਂਡਸਾ ਸੋਲੀਟਰ ਗਾਰਡਨ ਵਿਚ ਇਕ ਸ਼ਗਨ ਸਮਾਗਮ ਦੌਰਾਨ ਚਾਂਭਲੇ ਹੋਏ ਮੁੰਡਿਆਂ ਨੇ ਇਕ ਔਰਤ ਨਾਲ ਛੇੜਛਾੜ ਕੀਤੀ ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਔਰਤ ਨੂੰ ਗੋਲੀ ਮਾਰ ਦਿੱਤੀ। ਮਿਲੀ ਜਾਣਕਾਰੀ ਮੁਤਾਬਕ 32 ਸਾਲਾ ਰੁਪਿੰਦਰ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਵਡਾਲਾ ਗ੍ਰੰਥੀਆਂ ਸਕੂਲ ਅਧਿਆਪਕਾ ਸੀ ਅਤੇ ਆਪਣੇ ਬੱਚੇ ਨਾਲ ਸ਼ਗਨ ਸਮਾਗਮ ਵਿਚ ਸ਼ਾਮਲ ਹੋਣ ਗਈ ਸੀ। ਉਸ ਨਾਲ ਕੁਝ ਮੁੰਡਿਆਂ ਨੇ ਛੇੜਛਾੜ ਕੀਤੀ, ਜਿਸ ਦਾ ਉਸ ਨੇ ਵਿਰੋਧ ਕੀਤਾ। ਰੁਪਿੰਦਰ ਕੌਰ ਖਾਣ ਪੀਣ ਵਾਲੇ ਕਿਸੇ ਸਟਾਲ 'ਤੇ ਖੜ੍ਹੀ ਸੀ ਅਤੇ ਦੋ-ਤਿੰਨ ਮੁੰਡੇ ਫਿਰ ਉਸ ਕੋਲ ਆਏ ਅਤੇ ਛੇੜਛਾੜ ਕਰ ਲੱਗੇ।

ਉਸ ਵੱਲੋਂ ਵਿਰੋਧ ਕਰਨ 'ਤੇ ਉਨ੍ਹਾਂ ਵਿਚੋਂ ਇਕ ਮੁੰਡੇ ਨੇ ਪਿਸਤੌਲ ਕੱਢ ਲਿਆ ਅਤੇ ਰੁਪਿੰਦਰ ਕੌਰ ਨੂੰ ਗੋਲੀ ਮਾਰ ਦਿੱਤੀ। ਰੁਪਿੰਦਰ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੋਲੀ ਮਾਰਨ ਦੇ ਦੋਸ਼ ਹੇਠ ਦੋ ਨੌਜਵਾਨਾਂ ਪਰਮਿੰਦਰ ਸਿੰਘ ਅਤੇ ਕਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ ਕੋਲੋਂ ਵਾਰਦਾਤ ਵਿਚ ਵਰਤਿਆ 32 ਬੋਰ ਦਾ ਪਿਸਤੌਲ ਵੀ ਬਰਾਮਦ ਕਰ ਲਿਆ ਹੈ।

# ਅਮਨੈਸਟੀ ਨੇ ਮੋਦੀ ਸਰਕਾਰ ਨੂੰ ਅਸਹਿਣਸ਼ੀਲਤਾ ਦੇ ਮੁੱਦੇ 'ਤੇ ਘੇਰਿਆ

**ਲੰਡਨ:** ਅਮਨੈਸਟੀ ਇੰਟਰਨੈਸ਼ਨਲ ਨੇ ਭਾਰਤ ਵਿਚ ਵਧ ਰਹੀ ਅਸਹਿਣਸ਼ੀਲਤਾ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਭਾਰਤੀ ਪ੍ਰਸ਼ਾਸਨ ਧਾਰਮਿਕ ਹਿੰਸਾ ਦੀਆਂ ਘਟਨਾਵਾਂ ਨੂੰ ਰੋਕਣ ਵਿਚ ਨਾਕਾਮ ਰਿਹਾ ਤੇ ਕਈ ਵਾਰ ਧਰੁਵੀਕਰਨ ਵਾਲੇ ਭਾਸ਼ਣਾਂ ਨੇ ਤਣਾਅ ਵਧਾਉਣ ਵਿਚ ਯੋਗਦਾਨ ਦਿੱਤਾ ਹੈ। ਮਨੁੱਖੀ ਅਧਿਕਾਰਾਂ ਦੀ ਸੰਸਥਾ ਵੱਲੋਂ ਸਾਲ 2015-16 ਲਈ ਜਾਰੀ ਕੀਤੀ ਸਾਲਾਨਾ ਰਿਪੋਰਟ ਵਿਚ ਵਿਸ਼ਵ ਭਰ ਵਿਚ ਆਜ਼ਾਦੀ 'ਤੇ ਹੋ ਰਹੇ ਹੱਲਿਆਂ ਤੇ ਕਈ ਸਰਕਾਰਾਂ ਵੱਲੋਂ ਕੌਮਾਂਤਰੀ ਕਾਨੂੰਨ ਨੂੰ ਇੱਛਾ ਅਨੁਸਾਰ ਤੋੜਨ ਖਿਲਾਫ਼ ਚਿਤਾਵਨੀ ਦਿੱਤੀ ਹੈ।



ਭਾਰਤ ਬਾਰੇ ਇਸ ਰਿਪੋਰਟ ਵਿਚ ਕਿਹਾ ਗਿਆ ਹੈ, 'ਕਿੰਨੇ ਹੀ ਕਲਾਕਾਰਾਂ, ਲੇਖਕਾਂ ਤੇ ਖੋਜੀਆਂ ਨੇ ਵਧ ਰਹੀ ਅਸਹਿਣਸ਼ੀਲਤਾ ਦੇ ਮਾਹੌਲ ਖਿਲਾਫ਼ ਪ੍ਰਦਰਸ਼ਨ ਕਰਦਿਆਂ ਕੌਮੀ ਸਨਮਾਨ ਮੋੜ ਦਿੱਤੇ। ਦੋ ਤਰਕਸ਼ੀਲ ਲੇਖਕਾਂ ਦੀ ਹੱਤਿਆ ਕਰ ਦਿੱਤੀ ਗਈ। ਸਰਕਾਰੀ ਨੀਤੀਆਂ ਦੇ ਆਲੋਚਕ ਸਿਵਲ ਸੁਸਾਇਟੀ ਆਰਗੇਨਾਈਜ਼ੇਸ਼ਨਾਂ ਉਤੇ ਪ੍ਰਸ਼ਾਸਨ ਨੇ ਕਾਰਵਾਈ ਕੀਤੀ ਤੇ ਵਿਦੇਸ਼ ਤੋਂ ਮਿਲਣ ਵਾਲੇ ਧਨ ਉਤੇ ਰੋਕਾਂ ਵਧਾ ਦਿੱਤੀਆਂ। ਧਾਰਮਿਕ ਤਣਾਅ ਵਧ ਗਿਆ ਤੇ ਲਿੰਗ ਤੇ ਜਾਤੀ ਦੇ ਆਧਾਰ 'ਤੇ ਭੇਦਭਾਵ ਅਤੇ ਹਿੰਸਾ ਵੱਡੇ ਪੱਧਰ 'ਤੇ ਹੋਈ। ਸੈਂਸਰਸ਼ਿਪ ਤੇ ਕੱਟੜਪੰਥੀ ਹਿੰਦੂ ਸੰਗਠਨਾਂ ਦੇ ਪ੍ਰਗਟਾਵੇ ਦੇ ਹੱਕ ਉਤੇ ਹਮਲੇ ਵਧੇ।'

ਅਮਨੈਸਟੀ ਇੰਡੀਆ ਦੇ ਕਾਰਜਕਾਰੀ ਨਿਰਦੇਸ਼ਕ ਆਕਾਰ ਪਟੇਲ ਨੇ ਕਿਹਾ ਕਿ ਸਾਲ 2015 ਵਿਚ ਭਾਰਤ ਵਿਚ ਮਨੁੱਖੀ ਅਧਿਕਾਰਾਂ ਉਤੇ ਹਮਲੇ ਦੇਖਣ ਨੂੰ ਮਿਲੇ। ਸਰਕਾਰ ਨੇ ਸਿਵਲ ਸੁਸਾਇਟੀ ਆਰਗੇਨਾਈਜ਼ੇਸ਼ਨਾਂ ਉਤੇ ਪਾਬੰਦੀਆਂ ਵਧਾ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ, ਜੋ ਅਧਿਕਾਰਾਂ 'ਤੇ ਡਾਕੇ ਦਾ ਵਿਰੋਧ ਹੋ ਰਿਹਾ ਹੈ। ਇੰਟਰਨੈੱਟ ਉਤੇ ਪ੍ਰਗਟਾਵੇ ਦੀ ਆਜ਼ਾਦੀ ਖਿਲਾਫ਼ ਦਮਨਕਾਰੀ ਕਾਨੂੰਨ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕੀਤਾ ਜਾਣਾ, ਭੂਮੀ ਗ੍ਰਹਿਣ ਕਾਨੂੰਨ ਖਿਲਾਫ਼ ਰੋਸ ਪ੍ਰਦਰਸ਼ਨ ਤੋਂ ਇਹ ਉਮੀਦ ਬੱਝੀ ਹੈ ਕਿ ਸਾਲ 2016 ਭਾਰਤ ਵਿਚ ਮਨੁੱਖੀ ਅਧਿਕਾਰਾਂ ਲਈ ਇਕ ਬਿਹਤਰ ਸਾਲ ਹੋ ਸਕਦਾ ਹੈ। ਰਿਪੋਰਟ ਵਿਚ ਕਿਹਾ ਗਿਆ ਕਿ ਸੰਸਦ ਦੇ ਹੇਠਲੇ ਸਦਨ ਵੱਲੋਂ ਅਨੁਸੂਚਿਤ ਜਾਤੀ ਤੇ ਜਨਜਾਤੀ (ਅਤਿਆਚਾਰ ਰੋਕਥਾਮ) ਕਾਨੂੰਨ ਵਿਚ ਸੋਧ ਬਿੱਲ ਪਾਸ ਹੋਣ ਨਾਲ ਕੁਝ ਪ੍ਰਗਤੀ ਹੋਈ। ਅਮਨੈਸਟੀ ਨੇ ਉੱਤਰਪੂਰਬੀ ਭਾਰਤ ਵਿਚ ਸਰਕਾਰ ਤੇ ਹਥਿਆਰਬੰਦ ਗਰੁੱਪ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲੈਂਡ ਵਿਚਾਲੇ ਇਤਿਹਾਸਕ ਸ਼ਾਂਤੀ ਸਮਝੌਤੇ ਦੀ ਸ਼ਲਾਘਾ ਵੀ ਕੀਤੀ ਹੈ।

## ਧੋਖਾਧੜੀ ਦੇ ਕੇਸ ਵਿਚ ਫਸਿਆ 'ਦੇਸ਼ ਭਗਤ' ਵਕੀਲ

**ਨਵੀਂ ਦਿੱਲੀ:** ਖੁਦ ਨੂੰ ਦੇਸ਼ ਭਗਤ ਦੱਸਣ ਵਾਲੇ ਵਕੀਲ ਯਸ਼ਪਾਲ ਤਿਆਗੀ ਬਾਰੇ ਨਵਾਂ ਖ਼ੁਲਾਸਾ ਹੋਇਆ ਹੈ। ਯਸ਼ਪਾਲ 'ਤੇ ਇਲਜ਼ਾਮ ਹੈ ਕਿ ਉਸ ਨੇ ਜ਼ਮੀਨ ਦੇ ਨਾਂ ਉਤੇ 45 ਲੱਖ ਦੀ ਧੋਖਾਧੜੀ ਕੀਤੀ ਸੀ। ਇਹ ਉਹੀ ਵਕੀਲ ਹੈ ਜਿਸ ਨੇ ਜੇ.ਐਨ.ਯੂ. ਦੇ ਵਿਦਿਆਰਥੀ ਲੀਡਰ ਦੀ ਪੇਸ਼ੀ ਦੌਰਾਨ ਕੁੱਟਮਾਰ ਕੀਤੀ ਸੀ। ਪੁਲਿਸ ਨੇ ਤਿਆਗੀ ਨੂੰ ਕੁੱਟਮਾਰ ਦੇ ਇਲਜ਼ਾਮ ਤਹਿਤ ਗ੍ਰਿਫਤਾਰ ਕੀਤਾ, ਪਰ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ। ਭਾਜਪਾ ਦਾ ਖਾਸ ਮੰਨੇ ਜਾਣ ਵਾਲੇ ਵਕੀਲ ਯਸ਼ਪਾਲ 'ਤੇ ਇਲਜ਼ਾਮ ਹੈ ਕਿ 2014 ਵਿਚ ਇਕ ਔਰਤ ਨੂੰ ਫਰਜ਼ੀ ਤਰੀਕੇ ਨਾਲ ਮਕਾਨ ਮਾਲਕ ਦੱਸ ਕੇ ਜੀ.ਕੇ.-1 ਦੀ ਇਕ ਪ੍ਰਾਪਰਟੀ ਵੇਚ ਦਿੱਤੀ ਸੀ।

ਅਦਾਲਤ ਵਿਚ ਦਿੱਤੀ ਗਈ ਸ਼ਿਕਾਇਤ ਮੁਤਾਬਕ ਯਸ਼ਪਾਲ ਨੇ ਜੀਕੇ-1 ਦੀ ਉਸ ਪ੍ਰਾਪਰਟੀ ਦਾ ਸੌਦਾ 3.80 ਕਰੋੜ ਵਿਚ ਤੈਅ ਕੀਤਾ। ਪੇਸ਼ਗੀ ਵਜੋਂ 45 ਲੱਖ ਰੁਪਏ ਲੈ ਲਏ। ਬਾਅਦ ਵਿਚ ਜਦੋਂ ਸ਼ਿਕਾਇਤਕਰਤਾ ਨੇ ਪ੍ਰਾਪਰਟੀ ਦੇ ਦਸਤਾਵੇਜਾਂ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਯਸ਼ਪਾਲ ਨੇ ਉਸ ਨਾਲ ਧੋਖਾਧੜੀ ਕੀਤੀ ਹੈ। ਮਾਮਲਾ ਅਦਾਲਤ ਪਹੁੰਚਿਆ ਤੇ ਯਸ਼ਪਾਲ ਨੂੰ ਪੈਸੇ ਵਾਪਸ ਕਰਨ ਦਾ ਹੁਕਮ ਹੋਇਆ। ਇਸੇ ਅਧਾਰ 'ਤੇ ਯਸ਼ਪਾਲ ਨੂੰ ਪੇਸ਼ਗੀ ਜ਼ਮਾਨਤ ਵੀ ਮਿਲ ਗਈ ਸੀ। ਯਸ਼ਪਾਲ ਨੇ ਤੈਅ ਸਮੇਂ ਵਿਚ ਪੈਸਾ ਵਾਪਸ ਨਹੀਂ ਕੀਤਾ ਜਿਸ ਮਗਰੋਂ ਅਦਾਲਤ ਨੇ ਜ਼ਮਾਨਤ ਰੱਦ ਕਰ ਦਿੱਤੀ ਸੀ। ਇਹ ਮਾਮਲਾ ਹੁਣ ਹਾਈਕੋਰਟ ਵਿਚ ਹੈ।

## ਪਠਾਨਕੋਟ ਹਮਲਾ: ਪਾਕਿਸਤਾਨ 'ਚ ਤਿੰਨ ਮੁਲਜ਼ਮਾਂ ਦਾ ਪੁਲਿਸ ਰਿਮਾਂਡ

**ਲਾਹੌਰ:** ਪਠਾਨਕੋਟ ਅਤਿਵਾਦੀ ਹਮਲੇ ਸਬੰਧੀ ਪਾਕਿਸਤਾਨ ਵਿਚ ਗ੍ਰਿਫਤਾਰ ਕੀਤੇ ਗਏ ਤਿੰਨ ਮਸ਼ਕੂਕਾਂ ਨੂੰ ਅਤਿਵਾਦ ਰੋਕੂ ਅਦਾਲਤ ਨੇ ਪੁਲਿਸ ਰਿਮਾਂਡ ਵਿਚ ਭੇਜ ਦਿੱਤਾ ਹੈ। ਕੁਝ ਹੀ ਦਿਨ ਪਹਿਲਾਂ ਇਸ ਮਾਮਲੇ ਵਿਚ ਕੇਸ ਦਰਜ ਕੀਤਾ ਗਿਆ ਸੀ। ਖ਼ਾਲਿਦ ਮਹਿਮੂਦ, ਇਰਸ਼ਾਦੁਲ ਹੱਕ ਤੇ ਮੁਹੰਮਦ ਸ਼ੋਏਬ ਨੂੰ ਸੂਬਾ ਪੰਜਾਬ ਦੇ ਗੁੱਜਰਾਂਵਾਲਾ ਵਿਚ ਸਥਿਤ ਏ.ਟੀ.ਐਸ.-2 ਅਦਾਲਤ ਦੀ ਜੱਜ ਬੁਸ਼ਰਾ ਜਮਾਂ ਸਾਹਮਣੇ ਪੇਸ਼ ਕੀਤਾ ਗਿਆ। ਡਾਅਨ ਅਖ਼ਬਾਰ ਦੀ ਰਿਪੋਰਟ ਮੁਤਾਬਕ ਜੱਜ ਨੇ ਮਸ਼ਕੂਕਾਂ ਦੀ ਛੇ ਦਿਨਾਂ ਹਿਰਾਸਤ ਮਨਜ਼ੂਰ ਕਰਦਿਆਂ ਉਨ੍ਹਾਂ ਨੂੰ ਪੁਲਿਸ ਦੇ ਅਤਿਵਾਦ ਰੋਕੂ ਵਿਭਾਗ (ਸੀ.ਟੀ.ਡੀ.) ਨੂੰ ਸੌਂਪ ਦਿੱਤਾ। ਦੱਸਿਆ ਜਾਂਦਾ ਹੈ ਕਿ ਇਹ ਤਿੰਨੋਂ ਦੋ ਜਨਵਰੀ ਨੂੰ ਪਠਾਨਕੋਟ ਵਿਚ ਭਾਰਤੀ ਹਵਾਈ ਫੌਜ ਦੇ ਟਿਕਾਣੇ 'ਤੇ ਕੀਤੇ ਗਏ ਹਮਲੇ ਵਿਚ ਸ਼ਾਮਲ ਸਨ। ਇਨ੍ਹਾਂ ਨੇ ਹਮਲਾਵਰਾਂ ਨੂੰ ਹਮਲੇ ਲਈ ਮਦਦ ਦਿੱਤੀ ਸੀ। ਸੀ.ਟੀ.ਡੀ. ਨੇ ਇਨ੍ਹਾਂ ਤਿੰਨਾਂ ਨੂੰ ਚੰਦ ਦਾ ਕਿਲਾ ਬਾਈਪਾਸ ਨੇੜੇ ਤੋਂ ਇਕ ਕਿਰਾਏ ਦੇ ਮਕਾਨ ਵਿਚੋਂ ਕਾਬੂ ਕੀਤਾ ਸੀ। ਤਿੰਨਾਂ ਨੂੰ ਪੁੱਛ ਪੜਤਾਲ ਲਈ ਕਿਸੇ ਅਣਦੱਸੀ ਥਾਂ ਲਿਜਾਇਆ ਗਿਆ ਹੈ ਤੇ ਮੁਲਜ਼ਮਾਂ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਸੀ.ਟੀ.ਡੀ. ਨੇ ਇਸ ਮਹੀਨੇ ਦੇ ਸ਼ੁਰੂ ਵਿਚ ਗੁਜਰਾਂਵਾਲਾ ਵਿਚ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕੀਤਾ ਸੀ।

## ਟੱਬਰ ਦੇ 14 ਜੀਆਂ ਦੀ ਹੱਤਿਆ ਮਗਰੋਂ ਖੁਦਕੁਸ਼ੀ

**ਠਾਣੇ:** ਇਥੇ ਹਸਨੇਨ ਅਨਵਰ ਵਾਰੇਕਰ (35 ਸਾਲ) ਨਾਂ ਦੇ ਇਕ ਵਿਅਕਤੀ ਨੇ ਨੀਂਦ ਦੀਆਂ ਗੋਲੀਆਂ ਖਵਾਉਣ ਬਾਅਦ ਆਪਣੇ ਮਾਤਾ-ਪਿਤਾ, ਪਤਨੀ ਅਤੇ ਬੱਚਿਆਂ ਸਮੇਤ ਪਰਿਵਾਰ ਦੇ 14 ਜੀਆਂ ਦੀ ਗਲ ਵੱਢ ਕੇ ਹੱਤਿਆ ਕਰ ਦਿੱਤੀ ਅਤੇ ਬਾਅਦ ਵਿਚ ਆਪ ਫਾਹਾ ਲੈ ਲਿਆ। ਸੱਤ ਬੱਚਿਆਂ, ਛੇ ਔਰਤਾਂ ਅਤੇ ਦੋਸ਼ੀ ਦੇ ਪਿਤਾ ਦੀਆਂ ਖ਼ੂਨ ਨਾਲ ਲੱਥਪਥ ਲਾਸ਼ਾਂ ਮਿਲੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਘੱਟ ਉਮਰ ਦੀ ਹਸਨੇਨ ਦੀ ਤਿੰਨ ਮਹੀਨਿਆਂ ਦੀ ਧੀ ਸੀ। ਪੁਲਿਸ ਮੁਤਾਬਕ ਹਸਨੇਨ ਦੀ ਲਾਸ਼ ਸ਼ਹਿਰ ਦੇ ਕਾਸਰਵਾਦਵਾਲੀ ਇਲਾਕੇ ਵਿਚ ਸਥਿਤ ਉਸ ਦੇ ਦੋ ਮੰਜ਼ਿਲਾ ਮਕਾਨ ਵਿਚ ਫੰਦੇ ਨਾਲ ਲਟਕਦੀ ਮਿਲੀ ਸੀ ਅਤੇ ਉਸ ਦੇ ਹੱਥ ਵਿਚ ਚਾਕੂ ਸੀ।

ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਵਿਚ ਪਰਿਵਾਰ ਦਾ ਇਕ ਮੈਂਬਰ ਬਚ ਗਿਆ, ਜਿਸ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ।ਹਸਨੇਨ ਨੇ ਆਪਣੀਆਂ ਤਿੰਨ ਭੈਣਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਮੂਹਿਕ ਮਿਲਣ ਸਮਾਗਮ ਲਈ ਬੁਲਾਇਆ ਸੀ ਅਤੇ ਉਹ ਅਕਸਰ ਅਜਿਹਾ ਕਰਦਾ ਸੀ। ਹਸਨੇਨ ਕਾਮਰਸ ਗਰੈਜੂਏਟ ਸੀ ਅਤੇ ਉਹ ਨਵੀਂ ਮੁੰਬਈ ਦੀ ਸੀਏ ਫਰਮ ਵਿਚ ਆਮਦਨ ਕਰ ਨਾਲ ਸਬੰਧਤ ਦਸਤਾਵੇਜ਼ ਤਿਆਰ ਕਰਨ ਦਾ ਕੰਮ ਕਰਦਾ ਸੀ।


# ਗੁਰਦੁਆਰਾ ਫਰੀਮਾਂਟ ਦੇ ਆਡਿਟ ਦੀ ਅਸਲੀਅਤ ਜੱਗ ਜ਼ਾਹਿਰ

**ਗੁਰੂ ਪਿਆਰੀ ਸੰਗਤ ਜੀ,**

**ਆਪ ਸਭ ਨੇ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਦੇ ਬਿਆਨ ਅਖਬਾਰਾਂ ਵਿਚ ਪੜ੍ਹੇ ਹੋਣਗੇ ਅਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਉਨ੍ਹਾਂ ਨੂੰ ਇਹ ਕਹਿੰਦਿਆਂ ਵਾਰ-ਵਾਰ ਸੁਣਿਆ ਹੋਵੇਗਾ ਕਿ ਅਸੀਂ ਗੁਰਦੁਆਰਾ ਸਾਹਿਬ ਫਰੀਮਾਂਟ ਦਾ ਅਕਾਊਂਟ ਆਡਿਟ ਕਰਵਾ ਕੇ ਸੰਗਤ ਨੂੰ ਰਿਪੋਰਟ ਦਿੱਤੀ ਹੈ ਤੇ ਰਿਪੋਰਟ ਬਿਲਕੁਲ ਸਹੀ ਹੈ; ਜਦੋਂ ਕਿ ਅਸਲੀਅਤ ਇਸ ਤਰ੍ਹਾਂ ਹੈ:**

**1. ਜਿਸ ਆਡਿਟ ਕੰਪਨੀ ਤੋਂ ਆਡਿਟ ਕਰਵਾਇਆ ਹੈ, ਉਸ ਕੰਪਨੀ ਦਾ ਲਾਈਸੈਂਸ ਕੈਲੀਫੋਰਨੀਆ ਸਟੇਟ ਗੌਰਮਿੰਟ ਨੇ 2013 ਤੋਂ ਰੱਦ ਕੀਤਾ ਹੋਇਆ ਹੈ।**

**2. ਰਿਪੋਰਟ ਮੁਤਾਬਕ ਆਡਿਟ ਕੰਪਨੀ ਦਾ ਸਿਰਨਾਵਾਂ 39270 Paseopadre Prky suit # 250 ਹੈ, ਪਰ ਸੰਗਤ ਦਾ ਕੋਈ ਵੀ ਮੈਂਬਰ ਉਥੇ ਜਾ ਕੇ ਦੇਖ ਸਕਦਾ ਹੈ ਕਿ ਇਹ ਦਫ਼ਤਰ ਜਾਂ ਕੋਈ ਸੁਇਟ ਨਹੀਂ, ਸਗੋਂ ਇਕ-ਅੱਧੀ ਇੱਟ ਦੇ ਆਕਾਰ ਜਿੱਡਾ ਪੀ.ਓ. ਬਾਕਸ ਹੈ।**

**ਗੁਰੂ ਪਿਆਰੀ ਸੰਗਤ ਜੀ, ਮੌਜੂਦਾ ਪ੍ਰਬੰਧਕਾਂ ਦੇ ਇਹ ਸਾਰਾ ਕੁਝ ਧਿਆਨ ਵਿਚ ਲਿਆਉਣ ਤੋਂ ਬਾਅਦ ਇਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ। ਪ੍ਰਬੰਧਕਾਂ ਨੇ ਜਵਾਬ ਦੇਣ ਦੀ ਬਜਾਏ ਸਗੋਂ ਆਪਣੇ ਗੁੱਸੇ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਸੰਗਤ ਆਪ ਫੈਸਲਾ ਕਰੇ ਕਿ ਸਾਨੂੰ ਅਜਿਹੇ ਹੈਂਕੜਬਾਜ਼ ਅਤੇ ਹਮੇਸ਼ਾ ਗਲਤ ਜਾਣਕਾਰੀ ਦੇਣ ਵਾਲੇ ਪ੍ਰਬੰਧਕਾਂ ਤੋਂ ਪਿੱਛਾ ਕਿਵੇਂ ਛਡਾਉਣਾ ਹੈ। ਇਸ ਦਾ ਸੌਖਾ ਹੱਲ ਤੁਹਾਡੀ ਵੋਟ ਦੀ ਤਾਕਤ ਹੈ। ਪੰਥਕ ਸਲੇਟ ਆਪ ਜੀ ਨੂੰ ਅਪੀਲ ਕਰਦੀ ਹੈ ਕਿ ਗੁਰੂ ਘਰ ਫਰੀਮਾਂਟ ਕਿਉਂਕਿ ਬਹੁਤ ਵੱਡੀ ਪੰਥਕ ਸਟੇਜ ਹੈ, ਇਸ ਸਟੇਜ ਨੂੰ ਚਲਾਉਣ ਲਈ ਯੋਗ ਤੇ ਸੇਵਾ ਭਾਵਨਾ ਅਤੇ ਗੁਰੂ ਨੂੰ ਸਮਰਪਿਤ ਪ੍ਰਬੰਧਕਾਂ ਦੀ ਲੋੜ ਹੈ; ਨਾ ਕਿ ਈ-ਮੇਲ ਰਾਹੀਂ ਪ੍ਰਬੰਧ ਚਲਾਉਣ ਵਾਲੇ ਹੱਥੀਂ ਸੇਵਾ ਤੋਂ ਹੀਣੇ ਪ੍ਰਬੰਧਕਾਂ ਦੀ।**

***ਕ੍ਰਿਪਾ ਕਰ ਕੇ ਆਪਣੀ ਵੋਟ 13 ਮਾਰਚ ਨੂੰ ਭਾਈ ਜਸਵਿੰਦਰ ਸਿੰਘ ਦੀ ਪੰਥਕ ਸਲੇਟ ਨੂੰ ਪਾ ਕੇ ਸੇਵਾ ਦਾ ਮੌਕਾ ਦਿਓ।***

**ਪੰਥਕ ਸਲੇਟ, ਫਰੀਮਾਂਟ**

*ਜਾਰੀ ਕਰਤਾ: ਗੁਰਚਰਨ ਸਿੰਘ ਮਾਨ, ਫੋਨ: 510-797-7989*

*Advt.*

# ਪੌਣੇ ਤਿੰਨ ਲੱਖ ਲੋਕਾਂ ਦੀ ਮੌਤ ਪਿਛੋਂ ਖਾਮੋਸ਼ ਹੋਈਆਂ ਬੰਦੂਕਾਂ

**ਦਮਸ਼ਕ :** ਸੰਯੁਕਤ ਰਾਸ਼ਟਰ ਨੇ ਸੀਰੀਆ ਵਿਚ ਜੰਗਬੰਦੀ ਕਰ ਦਿੱਤੀ ਹੈ। ਪਿਛਲੇ ਪੰਜ ਸਾਲਾਂ ਵਿਚ ਸੀਰੀਆ ਵਿਚ ਘਰੇਲੂ ਜੰਗ ਕਾਰਨ ਦੋ ਲੱਖ ਸੱਤਰ ਹਜ਼ਾਰ ਲੋਕਾਂ ਦੀ ਮੌਤ ਹੋਈ ਹੈ। ਜੰਗਬੰਦੀ ਤੋਂ ਇਕ ਦਿਨ ਪਹਿਲਾਂ ਹੀ ਰੂਸ ਦੀ ਹਵਾਈ ਫੌਜ ਨੇ ਬਾਗੀਆਂ ਦੇ ਟਿਕਾਣਿਆਂ ਉਤੇ ਹਮਲੇ ਕੀਤੇ ਸਨ। ਸੀਰੀਆ ਦੇ ਮਨੁੱਖੀ ਅਧਿਕਾਰਾਂ ਨੂੰ ਵਾਚਣ ਵਾਲੇ ਗਰੁੱਪ ਨੇ ਕਿਹਾ ਹੈ ਕਿ ਸੀਰੀਆ ਦੇ ਕਈ ਇਲਾਕਿਆਂ ਵਿਚ ਮਾਹੌਲ ਪਹਿਲਾਂ ਨਾਲੋਂ ਠੀਕ ਹੈ, ਪਰ ਹਰ ਥਾਂ ਉਤੇ ਨਜ਼ਰ ਰੱਖੀ ਜਾ ਰਹੀ ਹੈ।

ਸੀਰੀਆ ਵਿਚ 2011 ਤੋਂ ਸਿਵਲ ਵਾਰ ਚੱਲ ਰਹੀ ਹੈ। ਮੰਨਿਆ ਜਾ ਰਿਹਾ ਹੈ ਇਹ ਜੰਗਬੰਦੀ ਤੋਂ ਬਾਅਦ ਸੀਰੀਆ ਦਾ ਮਾਹੌਲ ਸ਼ਾਂਤ ਹੋਵੇਗਾ।


ਸੀਰੀਆ ਵਿਚ ਸੀਜ਼ਫਾਈਰ ਤੋਂ ਬਾਅਦ ਪੀੜਤਾਂ ਨੂੰ ਮਦਦ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਯੂ.ਐਨ. ਨੇ ਕਿਹਾ ਹੈ ਕਿ ਸਪੈਸ਼ਲ ਟਾਸਕ ਫੋਰਸ ਜੰਗਬੰਦੀ ਨੂੰ ਮੌਨੀਟਰ ਕਰ ਰਹੀ ਹੈ ਤੇ ਜਲਦ ਹੀ ਹਾਲਾਤ ਹੋਰ ਸੁਧਾਰਨ ਦੇ ਅਸਾਰ ਹਨ। ਇਸੇ ਦਰਮਿਆਨ ਹੀ ਸੀਰੀਆ ਦੇ ਕਈ ਹਿੱਸਿਆਂ ਵਿਚ ਹਿੰਸਾ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਦੱਸਣਯੋਗ ਹੈ ਕਿ ਆਈ.ਐਸ.ਆਈ.ਐਸ. ਨੇ ਸਭ ਤੋਂ ਵੱਡਾ ਕਹਿਰ ਸੀਰੀਆ ਵਿਚ ਹੀ ਢਾਹਿਆ ਹੈ। ਇਥੇ ਸਭ ਤੋਂ ਵੱਡੇ ਜ਼ੁਲਮ ਕੁਰਦਸ਼ ਭਾਈਚਾਰੇ ਦੇ ਲੋਕਾਂ 'ਤੇ ਹੋਏ ਹਨ। ਆਈ.ਐਸ. ਦਾ ਸੁਫਨਾ ਹੈ ਇਹ ਸਾਰਾ ਖੇਤਰ ਇਸਲਾਮਿਕ ਨਿਯਮਾਂ ਮੁਤਾਬਕ ਚੱਲੇ ਤੇ ਉਸ ਦੀ ਅਗਵਾਈ ਉਹ ਕਰੇ। ਇਸੇ ਕਰਕੇ ਉਸ ਵੱਲੋਂ ਲਗਾਤਾਰ ਉਥੋਂ ਦੀਆਂ ਸਰਕਾਰਾਂ ਖਿਲਾਫ ਕੰਮ ਕੀਤਾ ਜਾ ਰਿਹਾ ਹੈ।

## ਗਾਖਲ ਭਰਾਵਾਂ ਵਲੋਂ ਸਿੱਖ ਪੰਚਾਇਤ ਸਲੇਟ ਦੀ ਹਮਾਇਤ ਦੀ ਅਪੀਲ

**ਫਰੀਮਾਂਟ (ਬਿਊਰੋ):** ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਸਿੱਖ ਸੰਗਤਾਂ ਨੂੰ ਗੁਰਦੁਆਰਾ ਫਰੀਮਾਂਟ ਚੋਣਾਂ ਵਿਚ ਪੰਚਾਇਤ ਸਲੇਟ ਦੀ ਹਮਾਇਤ ਲਈ ਅਪੀਲ ਕਰਦਿਆਂ ਕਿਹਾ ਹੈ ਕਿ ਜਿੱਥੇ ਇਸ ਵੇਲੇ ਸਿੱਖ ਕੌਮ ਦੀ ਪਹਿਚਾਣ ਦਾ ਮਸਲਾ ਹੈ, ਸਿੱਖਾਂ 'ਤੇ ਨਸਲੀ ਹਮਲੇ ਹੋ ਰਹੇ ਹਨ, ਹਵਾਈ ਅੱਡਿਆਂ 'ਤੇ ਦਸਤਾਰ ਉਤਾਰਨ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਸ ਸਮੇਂ ਸਿੱਖ ਕੌਮ ਨੂੰ ਸਹੀ ਦਿਸ਼ਾ ਅਤੇ ਸੇਧ ਦੇਣ ਲਈ ਪੜ੍ਹੇ-ਲਿਖੇ ਅਤੇ ਜਾਗ੍ਰਿਤ ਨੌਜਵਾਨਾਂ ਨੂੰ ਅੱਗੇ ਆਉਣ ਦੀ ਲੋੜ ਹੈ ਅਤੇ ਉਹ ਕਿਸੇ ਪੱਖਪਾਤੀ ਨਜ਼ਰੀਏ ਨਾਲ ਨਹੀਂ ਸਗੋਂ ਉਪਰੋਕਤ ਮਕਸਦ ਕਰ ਕੇ ਹੀ ਸਿੱਖ ਪੰਚਾਇਤ ਸਲੇਟ ਦੀ ਹਮਾਇਤ ਕਰ ਰਹੇ ਹਨ।

ਗਾਖਲ ਭਰਾਵਾਂ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਪੰਚਾਇਤ ਦੇ ਉਮੀਦਵਾਰਾਂ ਅਰਵਿੰਦਰ ਕੌਰ, ਜਸਦੇਵ ਸਿੰਘ, ਗੁਰਿੰਦਰ ਸਿੰਘ, ਹਰਿੰਦਰਪਾਲ ਸਿੰਘ ਅਤੇ ਪਰਮਿੰਦਰ ਸਿੰਘ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰਨ।

# ਹਿਜਰਤ ਕਰਨ ਵਾਲਿਆਂ ਨੂੰ ਦੂਹਰੀ ਮਾਰ

**ਜਨੇਵਾ:** ਕੌਮਾਂਤਰੀ ਪਰਵਾਸੀ ਸੰਸਥਾ ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਇਸ ਸਾਲ ਗ੍ਰੀਸ ਤੇ ਇਟਲੀ ਜਾਂਦੇ 110,000 ਪਰਵਾਸੀਆਂ ਤੇ ਰਫ਼ਿਊਜੀਆਂ ਵਿਚੋਂ 413 ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ ਹੈ। ਹੁਣ ਤੱਕ ਗ੍ਰੀਸ 'ਚ 102547 ਲੋਕ ਪੁੱਜੇ ਹਨ ਤੇ 7,507 ਇਟਲੀ ਆਏ ਹਨ। ਦੱਸਣਯੋਗ ਹੈ ਕਿ ਆਈ.ਐਸ.ਆਈ.ਐਸ. ਦੇ ਕਹਿਰ ਕਰਕੇ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੂੰ ਆਪਣਾ ਮੁਲਕ ਛੱਡਣਾ ਪਿਆ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਤ੍ਰਾਸਦੀ ਸੀਰੀਆ ਵਿਚ ਵਾਪਰੀ ਹੈ।

ਸੀਰੀਆ ਨੂੰ ਇਸ ਦਾ ਸਭ ਤੋਂ ਵੱਡਾ ਪੀੜਤ ਮੰਨਿਆ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੂੰ ਜਿਥੇ ਆਪਣੇ ਦੇਸ਼ ਵਿਚ ਖਾਨਾਜੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਗੈਰਕਾਨੂੰਨੀ ਢੰਗ ਨਾਲ ਯੂਰਪ ਜਾਂਦੇ ਸਮੇਂ ਬਹੁਤੇ ਲੋਕ ਜਾਂ ਤਾਂ ਸਮੁੰਦਰ ਦੀ ਭੇਟ ਚੜ੍ਹ ਜਾਂਦੇ ਹਨ ਜਾਂ ਫਿਰ ਕਈ ਯੂਰਪੀ ਦੇਸ਼ ਉਨ੍ਹਾਂ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੰਦੇ ਹਨ ਜਿਸ ਕਾਰਨ ਉਹ ਨਾ ਘਰ ਦੇ ਰਹਿੰਦੇ ਹਨ ਤੇ ਨਾ ਘਾਟ ਦੇ।

ਸੰਸਥਾ ਨੇ ਦੱਸਿਆ ਕਿ 413 ਲੋਕਾਂ ਦੀ ਯੂਰਪ ਪਹੁੰਚਣ ਸਮੇਂ ਮੌਤ ਹੋਈ ਹੈ ਜਿਨ੍ਹਾਂ 'ਚੋਂ 321 ਗ੍ਰੀਸ ਵਾਲੇ ਰੂਟ ਵਿਚ ਹਨ। ਇਸ ਤੋਂ ਪਹਿਲਾਂ 35,000 ਪਰਵਾਸੀ ਤੇ ਰਿਫ਼ਿਊਜੀ ਗ੍ਰੀਸ 'ਚ ਪਹੁੰਚੇ ਹਨ। ਇਨ੍ਹਾਂ ਵਿਚੋਂ ਬਹੁਤੇ ਸੀਰੀਆ, ਅਫ਼ਗਾਨਿਸਤਾਨ ਤੇ ਇਰਾਕ ਵਿਚੋਂ ਹਨ। ਉਨ੍ਹਾਂ ਕਿਹਾ ਕਿ ਸਾਡਾ ਅੰਦਾਜ਼ਾ ਹੈ ਕਿ ਅਫ਼ਗਾਨਿਸਤਾਨ ਦੇ ਤਕਰੀਬਨ 20,000 ਲੋਕ ਸਮੁੰਦਰ ਜ਼ਰੀਏ ਗ੍ਰੀਸ ਪੁੱਜੇ ਹਨ। ਇਸੇ ਤਰ੍ਹਾਂ 31,000 ਸੀਰੀਅਨ ਤੇ 12,000 ਇਰਾਕੀ ਹਨ।

## ਭਗਤ ਰਵਿਦਾਸ ਪ੍ਰਕਾਸ਼ ਪੁਰਬ ਸਬੰਧੀ ਸਮਾਗਮ 20 ਨੂੰ

**ਸੈਲਮਾ (ਬਿਊਰੋ):** ਸਥਾਨਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਵਿਖੇ ਭਗਤ ਰਵਿਦਾਸ ਜੀ ਦੇ 639ਵੇਂ ਪ੍ਰਕਾਸ਼ ਪੁਰਬ ਸਬੰਧੀ ਇਕ ਧਾਰਮਿਕ ਸਮਾਗਮ 20 ਮਾਰਚ, ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ 18 ਮਾਰਚ ਨੂੰ ਅਖੰਡ ਪਾਠ ਅਰੰਭ ਹੋਣਗੇ ਅਤੇ 20 ਮਾਰਚ ਨੂੰ ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ ਢਾਡੀ ਅਤੇ ਕਥਾਵਾਚਕ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਉਪਦੇਸ਼ ਸਬੰਧੀ ਸੰਗਤਾਂ ਨੂੰ ਜਾਣੂ ਕਰਵਾਉਣਗੇ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਫੋਨ 559-891-8286 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

*Toll Free: 1-877-OK-HOMEO (1-877-654-6636)*



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ


Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote:** **1-408-771-2438**
satwant@satwantins.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

ਪੰਜਾਬ ਟਾਈਮਜ਼

*ਸਨਿਚਰਵਾਰ, 5 ਮਾਰਚ 2016*

## ਕੇਜਰੀਵਾਲ ਦੀ ਪੰਜਾਬ ਫੇਰੀ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦੌਰੇ ਨੇ ਪੰਜਾਬ ਦੇ ਪਹਿਲਾਂ ਹੀ ਭਖੇ ਹੋਏ ਸਿਆਸੀ ਪਿੜ ਨੂੰ ਹੋਰ ਮਘਾ ਦਿੱਤਾ ਹੈ। ਕੱਲ੍ਹ ਤੱਕ ਦੋਵਾਂ ਵੱਡੀਆਂ ਰਵਾਇਤੀ ਪਾਰਟੀਆਂ-ਕਾਂਗਰਸ ਅਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਇਹ ਕਹਿੰਦੇ ਨਹੀਂ ਸਨ ਥੱਕਦੇ ਕਿ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਦਾ ਉਨ੍ਹਾਂ ਦੀ ਪਾਰਟੀ ਜਾਂ ਸੂਬੇ ਦੀ ਸਿਆਸਤ ਉਤੇ ਕੋਈ ਅਸਰ ਪੈਣ ਵਾਲਾ ਨਹੀਂ। 'ਆਪ' ਨੂੰ ਪਾਣੀ ਦਾ ਬੁਲਬੁਲਾ ਤੱਕ ਆਖਿਆ ਗਿਆ। ਹੁਣ ਜਦੋਂ ਕੇਜਰੀਵਾਲ ਨੇ ਸੂਬੇ ਦਾ ਪੰਜ ਰੋਜ਼ਾ ਦੌਰਾ ਕੀਤਾ ਤਾਂ ਸਪਸ਼ਟ ਹੋ ਗਿਆ ਹੈ ਕਿ ਇਨ੍ਹਾਂ ਦੋਹਾਂ ਪਾਰਟੀਆਂ ਦੇ ਆਗੂ ਕਿਸ ਕਦਰ 'ਆਪ' ਅਤੇ ਇਸ ਦੇ ਆਗੂਆਂ ਦੀ ਸਿਆਸਤ ਤੋਂ ਭੈਅਭੀਤ ਹਨ। ਇਸ ਵਾਰ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਰੈਲੀਆਂ/ਜਲਸਿਆਂ ਦੀ ਥਾਂ ਲੋਕਾਂ ਨਾਲ ਉਨ੍ਹਾਂ ਦੇ ਘਰੀਂ ਜਾ ਕੇ ਮੁਲਾਕਾਤ ਕੀਤੀ। ਆਪਣੀ ਸਿਆਸਤ ਦੀ ਗੱਲ ਤਾਂ ਖੈਰ ਉਨ੍ਹਾਂ ਕਰਨੀ ਹੀ ਸੀ, ਉਨ੍ਹਾਂ ਬਹੁਤਾ ਕਰ ਕੇ ਮੁੱਦਿਆਂ ਅਤੇ ਮਸਲਿਆਂ ਬਾਰੇ ਹੀ ਗੱਲਾਂ ਤੋਰੀਆਂ। ਉਨ੍ਹਾਂ ਖੁਦਕੁਸ਼ੀਆਂ ਦੇ ਕਹਿਰ ਨਾਲ ਝੰਬੇ ਪਰਿਵਾਰਾਂ ਨਾਲ ਦੁੱਖ ਵੰਡਾਇਆ, ਨਸ਼ਿਆਂ ਦੀ ਮਾਰ ਹੇਠ ਆਏ ਲੋਕਾਂ ਦੇ ਸੁਝਾਅ ਲਏ ਅਤੇ ਫਿਰ ਰੇਤ ਮਾਫੀਆ ਜਾਂ ਇਸ ਤਰ੍ਹਾਂ ਦੇ ਹੋਰ ਅਹਿਮ ਮੁੱਦਿਆਂ ਬਾਰੇ ਸੱਤਾਧਾਰੀਆਂ ਨੂੰ ਸਿੱਧਾ ਲਲਕਾਰਿਆ। ਆਪਣੀ ਇਸੇ ਪਹੁੰਚ ਕਾਰਨ ਹੀ ਉਨ੍ਹਾਂ ਪੰਜਾਬੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਸ਼ਾਇਦ ਇਸੇ ਕਰ ਕੇ ਮੁੱਖ ਸਿਆਸੀ ਪਾਰਟੀਆਂ ਦਾ ਧਿਆਨ ਵੀ ਇਨ੍ਹਾਂ ਪੰਜ ਦਿਨਾਂ ਦੌਰਾਨ 'ਆਪ' ਅਤੇ ਕੇਜਰੀਵਾਲ ਵੱਲ ਹੀ ਲੱਗਾ ਰਿਹਾ। ਦਰਅਸਲ, ਇਨ੍ਹਾਂ ਦੋਹਾਂ ਪਾਰਟੀਆਂ ਦੀ ਚੋਣ ਸਿਆਸਤ ਕਾਰਨ ਪੰਜਾਬ ਦੇ ਲੋਕ ਅੱਜ ਜਿਸ ਮੋੜ ਉਤੇ ਪਹੁੰਚੇ ਹੋਏ ਹਨ, ਉਥੇ ਖਲੋ ਕੇ ਕਿਸੇ 'ਕੇਜਰੀਵਾਲ' ਨੂੰ ਹਾਕਾਂ ਵੱਜਣੀਆਂ ਹੀ ਸਨ। ਹੁਣ ਜਦੋਂ ਲੋਕਾਂ ਨੂੰ 'ਆਪ' ਦੇ ਰੂਪ ਵਿਚ ਤੀਜੀ ਧਿਰ ਸਿਆਸੀ ਪਿੜ ਵਿਚ ਦਿਸ ਰਹੀ ਹੈ ਤਾਂ ਲੋਕਾਂ ਨੇ ਇਸ ਨੂੰ ਭਰਪੂਰ ਹੁੰਗਾਰਾ ਭਰਿਆ ਹੈ।

ਪੰਜਾਬ ਵਿਚ ਹੁਣ ਜੋ ਹਾਲਾਤ ਬਣ ਰਹੇ ਹਨ, ਉਨ੍ਹਾਂ ਤੋਂ ਜ਼ਾਹਿਰ ਇਹੀ ਹੋ ਰਿਹਾ ਹੈ ਕਿ ਸਿਆਸੀ ਜਾਂ ਚੋਣ ਪਿੜ ਵਿਚ ਕੋਈ ਸਿਫਤੀ ਤਬਦੀਲੀ ਅੰਗੜਾਈਆਂ ਲੈ ਰਹੀ ਹੈ। ਕੇਜਰੀਵਾਲ ਨੇ ਭਾਵੇਂ 100 ਤੋਂ ਉਪਰ ਸੀਟਾਂ ਜਿੱਤ ਕੇ ਦਿੱਲੀ ਵਾਲਾ ਇਤਿਹਾਸ ਦੁਹਰਾਉਣ ਦੀ ਗੱਲ ਕਹੀ ਹੈ ਅਤੇ ਪਾਰਟੀ ਦੇ ਮੁਕਾਮੀ ਆਗੂ ਵੀ ਇਹੀ ਦਾਅਵੇ ਕਰ ਰਹੇ ਹਨ, ਪਰ ਇਕ ਗੱਲ ਤਾਂ ਪੱਕੀ ਹੈ ਕਿ ਪੰਜਾਬ ਨੂੰ ਰਵਾਇਤੀ ਪਾਰਟੀਆਂ ਦੀ 'ਕੋਹਲੂ ਦੇ ਬੈਲ' ਵਰਗੀ ਸਿਆਸਤ ਤੋਂ ਕੁਝ ਤਾਂ ਸਾਹ ਆਵੇਗਾ ਹੀ। ਫਿਲਹਾਲ ਪੰਜਾਬ ਲਈ ਇਹੀ ਵੱਡੀ ਬਾਤ ਹੈ। ਇਹ ਵੀ ਸ਼ਾਇਦ ਪਹਿਲੀ ਵਾਰ ਹੈ ਕਿ ਦਿੱਲੀ ਤੋਂ ਆਏ ਕਿਸੇ ਲੀਡਰ ਨੂੰ ਲੋਕਾਂ ਨੇ ਇਉਂ ਹੁੰਗਾਰਾ ਭਰਿਆ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਪੰਜਾਬ ਅਤੇ ਦਿੱਲੀ ਦੇ ਰਿਸ਼ਤੇ ਸੁਖਾਵੇਂ ਨਹੀਂ ਰਹੇ। ਕੇਜਰੀਵਾਲ ਦੀ ਆਮਦ ਨੂੰ ਇਸ ਨੁਕਤੇ ਤੋਂ ਵੀ ਵਿਚਾਰਨਾ ਬਣਦਾ ਹੈ। ਕੁਝ ਸਿੱਖ ਸਿਆਣੇ ਭਾਵੇਂ ਇਹ ਆਖ ਰਹੇ ਹਨ ਕਿ ਕੇਜਰੀਵਾਲ ਨੂੰ ਸਿੱਖ ਮਸਲਿਆਂ ਬਾਰੇ ਗਹਿਰਾਈ ਵਿਚ ਕੁਝ ਵੀ ਪਤਾ ਨਹੀਂ, ਪਰ ਜਿਸ ਤਰ੍ਹਾਂ ਦੀ ਸਿਆਸਤ ਸਾਹਮਣੇ ਆਈ ਹੈ, ਅੱਜ ਦੇ ਹਾਲਾਤ ਮੁਤਾਬਕ ਉਸ ਵਿਚ ਆਸ ਦੀ ਕਿਰਨ ਜ਼ਰੂਰ ਹੀ ਨਜ਼ਰੀ ਪੈ ਰਹੀ ਹੈ। ਮਸਲਾ ਤਾਂ ਹੁਣ ਸਿਰਫ ਇੰਨਾ ਹੀ ਹੈ ਕਿ 'ਆਪ' ਕਨਵੀਨਰ, ਇਸ ਸਿਆਸਤ ਦੀ ਉਡਾਣ ਕਿੰਨੀ ਕੁ ਉਚੀ ਭਰ ਸਕਦੇ ਹਨ। ਭਾਰਤ ਦਾ ਚੋਣ ਪ੍ਰਬੰਧ ਅਜਿਹੀਆਂ ਪਾਰਟੀਆਂ ਅਤੇ ਇਨ੍ਹਾਂ ਦੀ ਸੋਚ ਨੂੰ ਸਦਾ ਰੱਸੇ ਪਾਉਂਦਾ ਰਿਹਾ ਹੈ। ਇਹ ਗੱਲ ਇਕ ਵਾਰ ਨਹੀਂ, ਅਨੇਕ ਵਾਰ ਸਾਬਤ ਹੋ ਚੁੱਕੀ ਹੈ। ਦੇਖਣਾ ਇਹ ਬਾਕੀ ਹੈ ਕਿ 'ਆਪ' ਵਾਲੇ ਇਸ ਮਸਲੇ ਨਾਲ ਕਿਸ ਤਰ੍ਹਾਂ ਅਤੇ ਕਿੰਨੀ ਪ੍ਰਚੰਡਤਾ ਨਾਲ ਨਜਿੱਠਦੇ ਹਨ।

ਅਜੇ ਤੱਕ ਪੰਜਾਬ ਵਿਚ 'ਆਪ' ਦੀ ਚਰਚਾ ਬਹੁਤਾ ਕਰ ਕੇ ਚੋਣਾਂ ਦੇ ਪ੍ਰਸੰਗ ਵਿਚ ਹੀ ਹੋਈ ਹੈ। ਇਹ ਯਾਦ ਰੱਖਣਾ ਪਵੇਗਾ ਕਿ ਅੱਜ ਦੇ ਸੱਚ ਦਾ ਇਹ ਬਹੁਤ ਛੋਟਾ ਪੱਖ ਹੈ। ਵਿਰਾਟ ਸੱਚ ਤਾਂ ਲੀਹੋਂ ਲਹਿ ਚੁੱਕੇ ਪ੍ਰਬੰਧ ਨੂੰ ਲੀਹ ਉਤੇ ਚਾੜ੍ਹਨ ਦਾ ਹੈ। ਇਸ ਪ੍ਰਸੰਗ ਵਿਚ 'ਆਪ' ਦੇ ਪਟਿਆਲਾ ਤੋਂ 'ਬਾਗੀ' ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਦੀ ਗੱਲ ਵੱਲ ਤਵੱਜੋ ਦੇਣੀ ਬਣਦੀ ਹੈ। ਕੇਜਰੀਵਾਲ ਦੇ ਦੌਰੇ ਦੌਰਾਨ ਡਾਕਟਰ ਗਾਂਧੀ ਅਤੇ ਇਕ ਹੋਰ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਬਾਰੇ ਸਵਾਲ ਉਠਣੇ ਹੀ ਸਨ। ਜਦੋਂ ਕੇਜਰੀਵਾਲ ਨੇ ਕਿਹਾ ਕਿ ਦੋਵੇਂ ਮੁਆਫੀ ਮੰਗ ਕੇ ਪਾਰਟੀ ਸਫਾਂ ਵਿਚ ਸਰਗਰਮ ਹੋਣ ਤਾਂ ਡਾਕਟਰ ਗਾਂਧੀ ਨੇ ਬੜੇ ਪਤੇ ਦੀ ਗੱਲ ਆਖੀ। ਉਨ੍ਹਾਂ ਚੇਤਾ ਕਰਵਾਇਆ ਕਿ 'ਆਪ' ਦੀ ਲੜਾਈ ਦੀ ਸ਼ੁਰੂਆਤ ਚੋਣਾਂ ਜਿੱਤਣ ਲਈ ਨਹੀਂ, ਲੀਹੋਂ ਲਹਿ ਚੁੱਕੇ ਪ੍ਰਬੰਧ ਨੂੰ ਲੀਹ ਉਤੇ ਚਾੜ੍ਹਨ ਲਈ ਕੀਤੀ ਗਈ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਭ ਤੋਂ ਪਹਿਲਾਂ ਪਾਰਟੀ ਸਫਾਂ ਅੰਦਰ ਜਮਹੂਰੀਅਤ ਬਹਾਲ ਹੋਣੀ ਚਾਹੀਦੀ ਹੈ। ਇਹ ਸੱਚ ਹੈ ਕਿ ਪਾਰਟੀ ਅੰਦਰ ਜਮਹੂਰੀਅਤ ਦੇ ਮੁੱਦੇ 'ਤੇ 'ਆਪ' ਫਿਲਹਾਲ ਪਛੜ ਰਹੀ ਹੈ। ਡਾਕਟਰ ਗਾਂਧੀ ਅਤੇ ਸ. ਖਾਲਸਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ 'ਕਾਰਨ ਦੱਸੋ ਨੋਟਿਸ' ਦਾ ਜਵਾਬ ਛੇ ਮਹੀਨੇ ਪਹਿਲਾਂ ਦੇ ਦਿੱਤਾ ਸੀ, ਪਰ ਪਾਰਟੀ ਇਸ ਬਾਰੇ ਕੋਈ ਫੈਸਲਾ ਨਹੀਂ ਕਰ ਰਹੀ। ਦੂਜੇ ਬੰਨੇ, ਦਿੱਲੀ ਵਿਚ ਮੰਤਰੀ ਜਾਂ ਵਿਧਾਇਕਾਂ ਬਾਰੇ ਤੁਰੰਤ ਕਾਰਵਾਈ ਕਰਨ ਵਰਗੀਆਂ ਗੱਲਾਂ ਬਹੁਤ ਵਧਾ-ਚੜ੍ਹਾ ਕੇ ਕੀਤੀਆਂ ਜਾਂਦੀਆਂ ਹਨ। ਦੂਜੀ ਗੱਲ ਜੋ ਇਨ੍ਹਾਂ ਲੋਕ ਸਭਾ ਮੈਂਬਰਾਂ ਨੇ ਕੀਤੀ ਹੈ, ਉਹ ਵਧੇਰੇ ਮਹੱਤਵਪੂਰਨ ਹੈ; ਉਹ ਇਹ ਕਿ ਪੰਜਾਬ ਦੀ ਸਿਆਸਤ ਦਿੱਲੀ ਬੈਠ ਕੇ ਨਾ ਚਲਾਈ ਜਾਵੇ। ਮੁਕਾਮੀ ਹਾਲਾਤ ਅਤੇ ਆਗੂ ਹੀ ਸਿਆਸਤ ਨੂੰ ਅੱਗੇ ਲੈ ਕੇ ਜਾਣ। ਫਿਰ ਵੀ ਇਨ੍ਹਾਂ ਸਭ ਖਾਮੀਆਂ ਦੇ ਬਾਵਜੂਦ ਇਸ ਪਾਰਟੀ ਨੇ ਪੰਜਾਬ ਦੇ ਲੋਕਾਂ ਲਈ ਆਸ ਜਗਾਈ ਹੈ। ਹੁਣ ਦੇਖਣਾ ਸਿਰਫ ਇਹ ਹੈ ਕਿ ਬੁਰੀ ਤਰ੍ਹਾਂ ਭ੍ਰਿਸ਼ਟ ਹੋਏ ਇਸ ਪ੍ਰਬੰਧ ਵਿਚ, 'ਆਪ' ਲੋਕਾਂ ਦੇ ਇਸ ਹੁੰਗਾਰੇ ਨੂੰ ਵੋਟਾਂ ਵਿਚ ਕਿੰਨਾ ਕੁ ਤਬਦੀਲ ਕਰਨ ਵਿਚ ਕਾਮਯਾਬ ਹੁੰਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿੱਖ ਤੇ ਸਲੇਟਾਂ?*

ਜਦੋਂ ਕਿਤੇ ਚੋਣ ਹੁੰਦੀ ਐ 'ਕਮੇਟੀ' ਦੀ, 'ਕੈਂਡੀਟੇਡ' ਬਣ ਬਹਿੰਦੇ 'ਸੇਵਾਦਾਰ' ਜੀ।
ਬੋਲ ਨਾ ਸਕੇ ਕੋਈ ਜਿਹੜਾ ਘਰੇ ਆਪਣੇ, ਗੁਰਦੁਆਰੇ ਗੱਲ ਕਰਦਾ ਹਜਾਰ ਜੀ।
ਧਰਮ-ਸਿਧਾਂਤ ਵੱਲ ਧਿਆਨ ਕੋਈ ਨਾ, ਗੋਲਕਾਂ ਦਾ ਇਹ ਵੀ ਬਣਿਆ ਵਪਾਰ ਜੀ।
ਆਪੋ ਵਿਚੀਂ ਕੌੜ ਦਿਲਾਂ ਵਿਚ ਰੱਖ ਕੇ, 'ਮੈਂਬਰੀ' ਲਈ ਹੁੰਦੇ ਬਹੁਤੇ ਪੱਬਾਂ ਭਾਰ ਜੀ।
ਲੈਂਦੇ 'ਪ੍ਰਧਾਨਗੀ' ਜਫਰ ਜਾਲ ਕੇ, ਦਿੰਦਾ ਨਾ ਕੋਈ ਰੱਖ ਕੇ ਪਲੇਟਾਂ ਵਿਚ ਜੀ।
ਲੱਗੇ ਹੋਏ ਪਹਿਲੇ 'ਲੇਬਰਾਂ' ਨੂੰ ਭੁੱਲ ਕੇ, ਸਿੱਖ ਵੰਡੇ ਜਾਂਦੇ ਨੇ 'ਸਲੇਟਾਂ' ਵਿਚ ਜੀ!

# 'ਦਿੱਲੀ ਤੋਂ ਪਾੜੋ ਤੇ ਮੁਲਕ ਵਿਚ ਮਾਰੋ' ਦਾ ਭਾਜਪਾਈ ਮੰਤਰ

***ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਅੱਜ ਕੱਲ੍ਹ ਭਖੇ ਹੋਏ ਮਸਲੇ ਦਾ ਅਸਲ ਨਿਸ਼ਾਨਾ ਖੱਬੇ ਪੱਖੀ ਹਨ ਜੋ ਚਿਰਾਂ ਤੋਂ ਇਸ ਯੂਨੀਵਰਸਿਟੀ ਵਿਚ ਛਾਏ ਹੋਏ ਹਨ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਹੁਣ ਸੰਸਦਵਾਦੀ ਅਤੇ ਗੈਰ-ਸੰਸਦਵਾਦੀ ਖੱਬੇ ਪੱਖੀਆਂ ਵਿਚਕਾਰ ਲਕੀਰ ਖਿੱਚ ਕੇ ਇਨ੍ਹਾਂ ਨੂੰ ਇਕੱਲੇ-ਇਕੱਲੇ ਨਿਖੇੜ ਕੇ ਖਦੇੜਨ ਦੇ ਰਾਹ ਪਈ ਹੋਈ ਹੈ। ਇਸ ਸਮੁੱਚੇ ਹਾਲਾਤ ਬਾਰੇ ਤਬਸਰਾ ਕਰ ਰਹੇ ਹਨ ਸਾਡੇ ਕਾਲਮਨਵੀਸ ਦਲਜੀਤ ਅਮੀ ਜੋ ਅੱਜ ਕੱਲ੍ਹ ਇਸੇ ਯੂਨੀਵਰਸਿਟੀ ਵਿਚ ਪੀ.ਐੱਚਡੀ. ਕਰ ਰਹੇ ਹਨ। -ਸੰਪਾਦਕ***

ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦੇ ਹਵਾਲੇ ਨਾਲ ਖੱਬੇ ਪੱਖੀ ਸਿਆਸਤ ਦੀ ਵੰਨ-ਸੁਵੰਨਤਾ ਉਨ੍ਹਾਂ ਦੇ ਪਾਰਟੀ ਪਰਚਿਆਂ ਅਤੇ ਕਾਲਜਾਂ-ਯੂਨੀਵਰਸਿਟੀਆਂ ਤੋਂ ਬਾਹਰ ਆਈ ਹੈ। ਬਹੁਤ ਸਾਲਾਂ ਤੱਕ ਜੇ.ਐੱਨ.ਯੂ. ਖੱਬੇ ਪੱਖੀਆਂ ਅੰਦਰਲੀ ਸਖ਼ਤ ਮੁਕਾਬਲੇ ਵਾਲੀ ਸਿਆਸਤ ਦਾ ਅਖਾੜਾ ਰਹੀ ਹੈ। ਇਹੋ ਮੁਕਾਬਲਾ ਨਾਅਰਿਆਂ ਤੋਂ ਲੈ ਕੇ ਕੰਧ ਪੋਸਟਰਾਂ ਵਿਚ ਝਲਕਦਾ ਰਿਹਾ ਹੈ। ਹਰ ਸਮਝ ਨਾਲ ਜੁੜੇ ਸਰਗਰਮ ਕਾਰਕੁਨ, ਹਮਾਇਤੀ ਅਤੇ ਹਮਦਰਦ ਆਪਣੀ ਦਲੀਲ ਪੇਸ਼ ਕਰਦੇ ਰਹੇ ਹਨ ਅਤੇ ਦੂਜਿਆਂ ਦੀਆਂ ਦਲੀਲਾਂ ਰੱਦ ਕਰਦੇ ਰਹੇ ਹਨ।

ਪੂੰਜੀਵਾਦੀ ਨੀਤੀਆਂ ਅਤੇ ਫ਼ਿਰਕੂ ਸਿਆਸਤ ਖ਼ਿਲਾਫ਼ ਸਾਂਝੀ ਸਰਗਰਮੀ ਹੁੰਦੀ ਰਹੀ ਹੈ, ਪਰ ਸਰਗਰਮੀ ਦੇ ਰੂਪ ਅਤੇ ਮਸਲਿਆਂ ਦੀ ਸਮਝ ਬਾਬਤ ਇਤਫ਼ਰਕੇ ਰਹੇ ਹਨ। ਨਤੀਜੇ ਵਜੋਂ ਸੰਸਦਵਾਦੀ ਖੱਬੇ ਪੱਖੀਆਂ ਧਿਰਾਂ ਨੂੰ ਪੂੰਜੀਵਾਦੀ ਦੇ ਖੱਬੇ ਦਲਾਲ ਕਰਾਰ ਦਿੱਤਾ



**ਦਲਜੀਤ ਅਮੀ**
ਫੋਨ: +91-97811-21873

ਜਾਂਦਾ ਰਿਹਾ ਹੈ ਅਤੇ ਹਥਿਆਰਬੰਦ ਨਕਸਲਵਾਦੀ ਧਿਰਾਂ ਨੂੰ ਅਰਾਜਕਤਾਵਾਦੀ ਜਾਂ ਅਤਿਵਾਦੀ ਗਰਦਾਨਿਆ ਜਾਂਦਾ ਰਿਹਾ ਹੈ। ਨਕਸਲਵਾਦੀ ਧਾਰਾ ਤੋਂ ਸੰਸਦੀ ਧਾਰਾ ਵਿਚ ਆਉਣ ਵਾਲੇ ਆਪਣੇ-ਆਪ ਨੂੰ ਦੋਵਾਂ ਤੋਂ ਬਿਹਤਰ ਕਰਾਰ ਦਿੰਦੇ ਰਹੇ ਹਨ ਅਤੇ ਦੋਵਾਂ ਦੀ ਤਿੱਖੀ ਆਲੋਚਨਾ ਦਾ ਸ਼ਿਕਾਰ ਹੋਏ ਹਨ। ਸਿਧਾਂਤਕ ਇਤਫ਼ਰਕੇ ਇਨ੍ਹਾਂ ਮੋਟੀਆਂ ਧਾਰਾਵਾਂ ਤੋਂ ਜ਼ਿਆਦਾ ਰਹੇ ਹਨ।

ਸਾਰੀਆਂ ਧਿਰਾਂ ਦੀ ਪੂੰਜੀਵਾਦ ਦੀ ਵਿਆਖਿਆ ਦੇ ਨਾਲ ਜਾਤ-ਸਮਾਜ ਦੀ ਸਮਝ ਉਤੇ ਸੁਆਲ ਹੁੰਦੇ ਰਹੇ ਹਨ। ਇਸ ਦੇ ਨਤੀਜੇ ਵਜੋਂ ਖੱਬੀਆਂ ਪਾਰਟੀਆਂ ਅੰਦਰਲੇ ਬ੍ਰਾਹਮਣਵਾਦ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜਾਤ-ਜਮਾਤ ਦੇ ਤਵਾਜ਼ਨ ਨੂੰ ਅਹਿਮ ਮੰਨਿਆ ਗਿਆ ਹੈ। ਇਸੇ ਤਰ੍ਹਾਂ ਦੀ ਬਹਿਸ ਨਾਰੀਵਾਦੀ ਸੁਆਲਾਂ ਅਤੇ ਸੋਚ ਬਾਬਤ ਰਹੀ ਹੈ। ਇਨ੍ਹਾਂ ਸੁਆਲਾਂ ਨਾਲ ਜੋੜ ਖੱਬੇ ਪੱਖੀ ਧਿਰਾਂ ਵਿਚ ਪਿਤਾ ਪੁਰਖ਼ੀ ਰੁਝਾਨ ਦੀ ਸ਼ਨਾਖ਼ਤ ਕਰਨ ਅਤੇ ਮਰਦਾਵੇਂ ਖ਼ਾਸੇ ਨੂੰ ਮੁਖ਼ਾਤਬ ਹੋਣ ਦੀ ਬਹਿਸ ਚੱਲੀ ਹੈ। ਕੌਮੀਅਤਾਂ ਦੇ ਮਸਲਿਆਂ ਅਤੇ ਉਨ੍ਹਾਂ ਦੀ ਲਹਿਰਾਂ ਬਾਬਤ ਲਗਾਤਾਰ ਬਹਿਸ ਹੁੰਦੀ ਰਹੀ ਹੈ। ਇਹ ਸੁਆਲ ਅਹਿਮ ਰਹੇ ਹਨ ਕਿ ਕਿਹੜੀ ਲਹਿਰ ਦਾ ਖ਼ਾਸਾ ਕੀ ਹੈ ਅਤੇ ਉਸ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੋਣਾ ਚਾਹੀਦਾ ਹੈ? ਕੁਝ ਧਿਰਾਂ ਲਈ ਮੁਲਕ ਦੀ 'ਏਕਤਾ ਅਤੇ ਅਖੰਡਤਾ' ਦਾ ਮੁੱਦਾ ਅੰਤਿਮ ਸੱਚ ਹੋ ਗਿਆ ਹੈ, ਪਰ ਕੁਝ ਧਿਰਾਂ ਮੁਲਕ ਨੂੰ ਸਭਿਆਚਾਰ ਅਤੇ ਕੌਮੀਅਤ ਨਾਲ ਜੋੜ ਕੇ ਇਤਿਹਾਸ ਦੀ ਉਪਜ ਮੰਨਦੀਆਂ ਹਨ ਜੋ ਹਰ ਹਾਲਾਤ ਵਿਚ ਪੜਚੋਲ ਅਤੇ ਵਿਆਖਿਆ ਦੀ ਮੰਗ ਕਰਦਾ ਹੈ। ਇਸੇ ਸਮਝ ਤਹਿਤ ਵੱਖ-ਵੱਖ ਲਹਿਰਾਂ ਨਾਲ ਖੱਬੇ ਪੱਖੀਆਂ ਦਾ ਰਿਸ਼ਤਾ ਬਹੁਤ ਸੂਖ਼ਮ ਤਵਾਜ਼ਨ ਦੀ ਮੰਗ ਕਰਦਾ ਰਿਹਾ ਹੈ ਜਿਸ ਦੇ ਹਾਲਾਤ ਮੁਤਾਬਕ ਕਿਸੇ ਪਾਸੇ ਵੀ ਉਲਾਰ ਹੋਣ ਦਾ ਖ਼ਦਸ਼ਾ ਕਾਇਮ ਰਿਹਾ ਹੈ।

ਇਹ ਬਹਿਸ ਦੀ ਅਹਿਮੀਅਤ ਹੈ, ਕਿਉਂਕਿ ਕੋਈ ਸੋਚ ਜਾਂ ਸਿਧਾਂਤ ਖੜੋਤ ਵਿਚ ਨਹੀਂ ਰਹਿ ਸਕਦਾ। ਇਸੇ ਬਹਿਸ ਦੇ ਸਿੱਟੇ ਤਿੱਖੇ ਸੰਵਾਦ ਅਤੇ ਸਿਧਾਂਤਕ ਹਮਲਿਆਂ ਤੋਂ ਅੱਗੇ ਜਾ ਕੇ ਹਿੰਸਕ ਰੂਪ ਧਾਰਦੇ ਰਹੇ ਹਨ। ਸਿਆਸੀ ਧਿਰਾਂ ਅੰਦਰ ਖਰੇ ਇਨਕਲਾਬੀ ਕਹਾਉਣ ਅਤੇ ਦੂਜੀਆਂ ਧਿਰਾਂ ਨੂੰ ਸੋਧਵਾਦੀ ਜਾਂ ਪੂੰਜੀਵਾਦੀਆਂ ਦੇ ਦਲਾਲ ਜਾਂ ਤਰ੍ਹਾਂ-ਤਰ੍ਹਾਂ ਦੇ ਵਿਸ਼ੇਸ਼ਣ ਨਾਲ ਨਿਵਾਜਣ ਦੀ ਲੰਮੀ ਰਵਾਇਤ ਹੈ। ਇਨ੍ਹਾਂ ਰਵਾਇਤਾਂ ਦੇ ਨਤੀਜੇ ਵਜੋਂ ਕਈ ਪਹਾੜਨੁਮਾ ਧਾਰਨਾਵਾਂ ਬਣੀਆਂ ਹੋਈਆਂ ਹਨ ਜੋ ਹਰ ਫੁੱਟ ਜਾਂ ਕਿਸੇ ਸਾਥੀ ਦੇ ਨਿਖੇੜਾ ਕਰਨ ਮੌਕੇ ਪੜ੍ਹੀਆਂ ਜਾਂਦੀਆਂ ਹਨ। ਕੁਝ ਧਿਰਾਂ ਨੇ ਇੱਕ-ਦੂਜੇ ਨੂੰ ਅਛੂਤ ਕਰਾਰ ਦਿੱਤਾ ਹੋਇਆ ਹੈ ਅਤੇ ਇਨ੍ਹਾਂ ਦੀ ਇੱਕ-ਦੂਜੇ ਬਾਰੇ ਦਲੀਲ ਤਕਰੀਬਨ ਹਰ ਮੌਕੇ ਸਲੀਕੇ ਜਾਂ ਸ਼ਬਦਾਂ ਦੇ ਸੰਜਮ ਤੋਂ ਬਾਹਰ ਜਾਣ ਦੀ ਕਾਹਲ ਵਿਚ ਰਹਿੰਦੀ ਹੈ। ਨਤੀਜੇ ਵਜੋਂ ਮੁਕਾਬਲੇ ਵਾਲਾ ਰਿਸ਼ਤਾ ਖ਼ੋਰੀ ਸ਼ਰੀਕਾਂ ਜਾਂ ਮੂੰਹ-ਜ਼ੋਰ ਦੁਸ਼ਮਣਾਂ ਵਾਲਾ ਹੋ ਗਿਆ ਹੈ।

ਇਨ੍ਹਾਂ ਬਹਿਸਾਂ, ਦਲੀਲਾਂ ਅਤੇ ਮੁੱਦਿਆਂ ਦੀ ਬਹੁਤ ਅਹਿਮੀਅਤ ਹੈ। ਇਨ੍ਹਾਂ ਦਾ ਕੋਈ ਅੰਤਿਮ ਸੱਚ ਵਰਗਾ ਹੱਲ ਨਹੀਂ ਨਿਕਲ ਸਕਦਾ, ਪਰ ਬਿਹਤਰ ਹੱਲ ਹੋ ਸਕਦਾ ਹੈ ਜੋ ਸਦਾ ਹੋਰ ਬਿਹਤਰ ਹੋਣ ਦੀ ਮੰਗ ਕਰੇਗਾ। ਜਦੋਂ ਹਰ ਮੁੱਦੇ ਉਤੇ ਹਰ ਵੇਲੇ ਅਤੇ ਹਰ ਹਾਲਾਤ ਵਿਚ ਵਿਚਾਰ ਕਰਨ ਵਿਚ ਕੋਈ ਸਿਧਾਂਤਕ ਰੁਕਾਵਟ ਨਹੀਂ ਹੈ, ਤਾਂ ਸੰਵਾਦ ਦੀ ਗੁੰਜ਼ਾਇਸ਼ ਬਣ ਜਾਂਦੀ ਹੈ। ਸੱਜੇ ਪੱਖੀ ਸਿਆਸਤ ਲਈ ਬਹੁਤ ਸਾਰੇ ਮੁੱਦੇ ਸ਼ਰਧਾ ਜਾਂ ਅੰਤਿਮ ਸੱਚ ਦੇ ਘੇਰੇ ਵਿਚ ਆਏ ਹੋ ਸਕਦੇ ਹਨ ਜਿਨ੍ਹਾਂ ਨੂੰ ਉਹ ਚਰਚਾ ਦੇ ਘੇਰੇ ਤੋਂ ਬਾਹਰ ਮੰਨਦੇ ਹਨ। ਇਹ ਬੰਦਿਸ਼ ਖੱਬੇ ਪੱਖੀਆਂ ਉਤੇ ਲਾਗੂ ਨਹੀਂ ਹੁੰਦੀ, ਪਰ ਕਦੇ-ਕਦੇ ਉਹ ਆਪ ਹੀ ਇਸ ਘੇਰੇ ਵਿਚ ਆ ਜਾਂਦੇ ਹਨ। ਮੌਜੂਦਾ ਹਾਲਾਤ ਵਿਚ ਸੰਸਦੀ ਸਿਆਸਤ ਦੀਆਂ ਬਹੁਤ ਸਾਰੀਆਂ ਮਜਬੂਰੀਆਂ ਹੋ ਸਕਦੀਆਂ ਹਨ। ਇਹ ਸੁਆਲ ਤਾਂ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਮਜਬੂਰੀਆਂ ਦੇ ਘੇਰੇ ਵਿਚ ਰਹਿਣ ਨਾਲ ਸਿਆਸੀ ਜ਼ਮੀਨ ਵਿਚ ਵਾਧਾ ਹੁੰਦਾ ਹੈ ਜਾਂ ਜਿਉਂ ਦੀ ਤਿਉਂ ਹਾਲਤ ਰਹਿੰਦੀ ਹੈ? ਜੇ ਜ਼ਮੀਨ ਖੁੱਸ ਜਾਣ ਦਾ ਖ਼ਦਸ਼ਾ ਕਾਇਮ ਹੈ ਤਾਂ ਮਜਬੂਰੀਆਂ ਵਿਚ ਰਹਿਣ ਦਾ ਮਤਲਬ ਤਾਂ ਡੰਗ ਟਪਾਉਣਾ ਹੀ ਹੋ ਜਾਂਦਾ ਹੈ।

ਇਨ੍ਹਾਂ ਹਾਲਾਤ ਵਿਚ ਜੇ.ਐੱਨ.ਯੂ. ਦੇ ਹਵਾਲੇ ਨਾਲ ਕੁਝ ਚਰਚਾ ਕਰਨੀ ਬਣਦੀ ਹੈ। ਜੇ.ਐੱਨ.ਯੂ. ਕੈਂਪਸ ਵਿਚ ਲੱਗੇ ਨਾਅਰਿਆਂ ਦੇ ਹਵਾਲੇ ਨਾਲ ਕਈ ਦਲੀਲਾਂ ਸਾਹਮਣੇ ਆ ਰਹੀਆਂ ਹਨ। ਉਨ੍ਹਾਂ ਨਾਅਰਿਆਂ ਦੇ ਸਬੂਤ ਅਤੇ ਗਵਾਹਾਂ ਦਾ ਮਾਮਲਾ ਆਪਣੀ ਥਾਂ ਹੈ, ਪਰ ਸਿਆਸੀ ਦਲੀਲਾਂ ਆਪਣੀ ਥਾਂ ਹਨ। ਇਸ ਵੇਲੇ ਸੰਸਦੀ ਖੱਬੇ ਪੱਖੀ ਧਿਰਾਂ ਨੇ ਦਲੀਲ ਦਿੱਤੀ ਹੈ ਕਿ 'ਨਿਰਦੋਸ਼' ਕਨ੍ਹੱਈਆ ਕੁਮਾਰ ਨੂੰ ਸਾਜ਼ਿਸ਼ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੀ ਮੰਗ ਹੈ ਕਿ ਨਿਰਦੋਸ਼ ਨੂੰ ਉਲਝਾਉਣ ਦੀ ਥਾਂ 'ਅਸਲ' ਦੋਸ਼ੀਆਂ ਦੀ ਸ਼ਨਾਖ਼ਤ ਕਰ ਕੇ ਕਾਰਵਾਈ ਕੀਤੀ ਜਾਵੇ। ਇਸ ਮਾਮਲੇ ਵਿਚ ਕਾਨੂੰਨ ਮੁਤਾਬਕ ਦੇਸ਼ ਧਰੋਹ ਦਾ ਮਾਮਲਾ ਨਹੀਂ ਬਣਦਾ ਅਤੇ ਇਸ ਹਵਾਲੇ ਨਾਲ ਕਈ ਅਦਾਲਤੀ ਫ਼ੈਸਲਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਸੰਸਦੀ ਖੱਬੇ ਪੱਖੀ ਧਿਰਾਂ ਇਹ ਪੈਂਤੜਾ ਲੈਣ ਤੋਂ ਗੁਰੇਜ਼ ਕਰਦੀਆਂ ਜਾਪਦੀਆਂ ਹਨ ਕਿ ਨਾਅਰਿਆਂ ਨਾਲ ਅਸਹਿਮਤੀ ਦੇ ਬਾਵਜੂਦ ਇਹ ਦੇਸ਼ ਧਰੋਹ ਦਾ ਮਾਮਲਾ ਨਹੀਂ ਬਣਦਾ।

ਦੂਜਾ ਸਿਧਾਂਤਕ ਮਸਲਾ ਹੈ ਜੋ ਖੱਬੇ ਪੱਖੀਆਂ ਦੀ ਰਵਾਇਤ ਦਾ ਹਿੱਸਾ ਹੈ। ਜੇ ਕਿਸੇ ਨਾਲ ਨਾਅਰੇ ਦੀ ਅਸਹਿਮਤੀ ਹੋਵੇ, ਤਾਂ ਇਸ ਨਾਲ ਨਾਅਰੇ ਲਗਾਉਣ ਵਾਲੇ ਦਾ ਹੱਕ ਰੱਦ ਨਹੀਂ ਹੋ ਜਾਂਦਾ। ਸੰਸਦੀ ਖੱਬੇ ਪੱਖੀ ਧਿਰਾਂ ਇਸ ਸਿਧਾਂਤਕ ਪੱਖ ਨੂੰ ਨਜ਼ਰਅੰਦਾਜ਼ ਕਰਦੀਆਂ ਜਾਪਦੀਆਂ ਹਨ। ਕਾਨੂੰਨੀ ਅਤੇ ਸਿਧਾਂਤਕ ਪੱਖ ਨੂੰ ਨਜ਼ਰਅੰਦਾਜ਼ ਕਰਨ ਦਾ ਪਿਛੋਕੜ ਉਨ੍ਹਾਂ ਦੀ ਮੁਲਕ ਦੀ ਸਮਝ ਨਾਲ ਜੁੜਿਆ ਜਾਪਦਾ ਹੈ। ਇਸ ਤੋਂ ਬਾਅਦ ਉਨ੍ਹਾਂ ਲਈ ਮੁਲਕ ਦੀ 'ਏਕਤਾ ਅਤੇ ਅਖੰਡਤਾ' ਦਾ ਸੁਆਲ 'ਅੰਤਿਮ ਸੱਚ' ਵਾਂਗ ਪਾਕ ਹੋ ਗਿਆ ਜਾਪਦਾ ਹੈ। ਉਨ੍ਹਾਂ ਨੂੰ ਭਾਜਪਾ ਦੀ ਬਹੁ-ਗਿਣਤੀ ਵਾਲੀ ਸੰਸਦ ਅਤੇ ਮੌਜੂਦਾ ਹਾਲਾਤ ਵਿਚ ਇਨ੍ਹਾਂ ਪੱਖਾਂ ਉਤੇ ਬੋਚ ਕੇ ਚੱਲਣਾ ਅਹਿਮ ਲੱਗਦਾ ਹੈ।

ਇਸ ਹਾਲਤ ਦਾ ਦੂਜਾ ਪੱਖ ਭਾਜਪਾ ਦੀ ਸਿਆਸਤ ਹੈ। ਭਾਜਪਾ ਲਈ ਸਿਰਫ਼ ਜੇ.ਐੱਨ.ਯੂ. ਦਾ ਸੁਆਲ ਨਹੀਂ ਹੈ। ਉਨ੍ਹਾਂ ਦੀ ਸਮਝ ਵਿਚ ਪੂਰਾ ਖੱਬੀ ਪੱਖੀ ਖੇਮਾ ਦੁਸ਼ਮਣ ਜਮਾਤ ਦਾ ਹਿੱਸਾ ਹੈ। ਇਸ ਦੀ ਗਵਾਹੀਆਂ ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੀਆਂ ਪੁਰਾਣੀਆਂ ਅਤੇ ਸੱਜਰੀਆਂ ਲਿਖਤਾਂ ਵਿਚੋਂ ਮਿਲਦੀਆਂ ਹਨ। ਉਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਦੇ ਬਿਆਨਾਂ ਤੋਂ ਇਹ ਸਮਝਣ ਲਈ ਵਿਦਵਾਨ ਹੋਣ ਦੀ ਜ਼ਰੂਰਤ ਨਹੀਂ ਹੈ। ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਦੀ ਜੇ.ਐੱਨ.ਯੂ. ਵਿਚ ਸਮਝ ਕੁਝ ਵੀ ਹੋਵੇ, ਪਰ ਉਸ ਤੋਂ ਬਾਹਰ ਉਨ੍ਹਾਂ ਦੀ ਸਮਝ ਬਿਲਕੁਲ ਸਾਫ਼ ਹੈ। ਇਸ ਵੇਲੇ ਦਿੱਲੀ ਦੀਆਂ ਸੜਕਾਂ ਉਤੇ ਲੱਗੇ ਇਸ਼ਤਿਹਾਰਾਂ ਵਿਚ ਉਹ ਖੱਬੇ ਪੱਖੀਆਂ, ਅਤਿਵਾਦੀਆਂ, ਜਹਾਦੀਆਂ ਅਤੇ ਦੇਸ਼ ਧਰੋਹੀਆਂ ਨੂੰ ਇੱਕੋ ਅਰਥ ਨਾਲ ਜੋੜਦੇ ਹਨ।

ਭਾਜਪਾ ਅਤੇ ਸੰਘ ਦੀ ਸਿਆਸਤ ਇੱਕ ਪਾਸੇ ਸੰਸਦਵਾਦੀ ਖੱਬੇ ਪੱਖੀਆਂ ਨੂੰ ਦੂਜੀਆਂ ਖੱਬੇ ਪੱਖੀਆਂ ਨਾਲੋਂ ਨਿਖੇੜਨਾ ਚਾਹੁੰਦੀ ਹੈ, ਦੂਜੇ ਪਾਸੇ ਸਿਆਸੀ ਪ੍ਰਚਾਰ ਵਿਚ ਉਨ੍ਹਾਂ ਨੂੰ ਇੱਕ ਬਣਾ ਕੇ ਪੇਸ਼ ਕਰਨਾ ਚਾਹੁੰਦੀ ਹੈ। ਉਨ੍ਹਾਂ ਨੂੰ ਪਤਾ ਹੈ ਕਿ ਉਹ ਕਿਹੜੀ ਖੱਬੇ ਪੱਖੀ ਧਿਰ ਨਾਲ ਕੀ ਗੱਲ ਕਰ ਰਹੇ ਹਨ ਅਤੇ ਕਿਸ ਤਬਕੇ ਨੂੰ ਸੁਣਾ ਰਹੇ ਹਨ। ਖੱਬੇ ਪੱਖੀ ਧਿਰਾਂ ਇਸ ਜਾਲ ਵਿਚ ਫਸਦੀਆਂ ਜਾਪਦੀਆਂ ਹਨ। ਸੰਸਦਵਾਦੀ ਖੱਬੇ ਪੱਖੀ ਧਿਰਾਂ ਨੂੰ ਜਾਪਦਾ ਹੈ ਕਿ ਉਹ ਬਾਕੀ ਖੱਬੇ ਪੱਖੀ ਧਿਰਾਂ ਨਾਲੋਂ ਨਿਖੇੜਾ ਕਰ ਕੇ ਆਪਣੀ ਸਿਆਸੀ ਜ਼ਮੀਨ ਬਚਾ ਲੈਣਗੇ। ਭਾਜਪਾ ਅਤੇ ਇਸ ਦੇ ਬੁਲਾਰਿਆਂ ਦੀਆਂ ਲਿਖਤਾਂ ਅਤੇ ਬਿਆਨ ਸਾਫ਼ ਕਰਦੇ ਹਨ ਕਿ ਸੰਸਦਵਾਦੀ ਖੱਬੇ ਪੱਖੀ ਧਿਰਾਂ ਪਹਿਲਾਂ ਬਾਕੀ ਖੱਬੇ ਪੱਖੀ ਧਿਰਾਂ ਦੇ ਨਿਖੇੜੇ ਦਾ ਸੰਦ ਬਣ ਸਕਦੀਆਂ ਹਨ, ਪਰ ਬਾਅਦ ਵਿਚ ਇਨ੍ਹਾਂ ਦੀ ਵਾਰੀ ਹੈ। ਹੁਣ ਸੰਸਦਵਾਦੀ ਖੱਬੇ ਪੱਖੀ ਧਿਰਾਂ ਨੇ ਫ਼ੈਸਲਾ ਕਰਨਾ ਹੈ ਕਿ ਉਨ੍ਹਾਂ ਨੇ ਆਪਣੀ ਵਾਰੀ ਦੀ ਉਡੀਕ ਕਰਨੀ ਹੈ, ਜਾਂ ਡੰਗ ਟਪਾਉਣ ਦੀ ਥਾਂ ਸਿਧਾਂਤਕ ਪੈਂਤੜਾ ਅਖ਼ਤਿਆਰ ਕਰਨਾ ਹੈ। ਇਸ ਦਲੀਲ ਦੇ ਦੋਵੇਂ ਸਿਰੇ ਹੋ ਸਕਦੇ ਹਨ ਕਿ 'ਦੂਜੀਆਂ ਖੱਬੇ ਪੱਖੀ ਧਿਰਾਂ ਦਾ ਕੀਤਾ ਸੰਸਦਵਾਦੀ ਖੱਬੇ ਪੱਖੀਆਂ ਨੂੰ ਭੁਗਤਣਾ' ਪੈ ਰਿਹਾ ਹੈ ਜਾਂ ਸੰਸਦਵਾਦੀ ਖੱਬੇ ਪੱਖੀਆਂ ਤੋਂ ਪਹਿਲਾਂ ਬਾਕੀ ਖੱਬੇ ਪੱਖੀਆਂ ਦੀ ਵਾਰੀ ਆਈ ਹੈ। ਇਨ੍ਹਾਂ ਹਾਲਾਤ ਵਿਚ ਗ਼ੈਰ-ਸੰਸਦਵਾਦੀ ਖੱਬੇ ਪੱਖੀ ਧਿਰਾਂ ਦਾ ਇਹ ਸੋਚ ਬਣਦੀ ਜਾਪਦੀ ਹੈ ਕਿ ਸੰਸਦਵਾਦੀ ਖੱਬੇ ਪੱਖੀ ਧਿਰਾਂ 'ਆਪਣੇ ਨਿਘਾਰ ਦੀ ਸਿਖ਼ਰ ਉਤੇ' ਪਹੁੰਚ ਗਈਆਂ ਹਨ। ਉਨ੍ਹਾਂ ਨੂੰ ਆਪਣੀ ਸੋਚ ਇਨਕਲਾਬ ਦਾ 'ਅੰਤਿਮ ਰਾਹ' ਜਾਪਦੀ ਹੈ।

ਜਦੋਂ ਭਾਜਪਾ ਚੋਣ ਪ੍ਰਚਾਰ ਕਰੇਗੀ ਜਾਂ ਆਪਣੇ ਹਮਾਇਤੀਆਂ ਜਾਂ ਹਮਦਰਦਾਂ ਨੂੰ ਮੁਖ਼ਾਤਬ ਹੋਵੇਗੀ ਤਾਂ ਉਹ ਖੱਬੇ ਪੱਖੀਆਂ ਦੀਆਂ ਵੱਖ-ਵੱਖ ਧਿਰਾਂ ਵਿਚ ਨਿਖੇੜਾ ਨਹੀਂ ਕਰੇਗੀ। ਉਨ੍ਹਾਂ ਦੀ ਦਲੀਲ ਸੰਸਦਵਾਦੀ ਖੱਬੇ ਪੱਖੀਆਂ ਦੇ ਚੋਣ ਹਲਕਿਆਂ ਵਿਚ ਚੋਣ ਪ੍ਰਚਾਰ ਵਜੋਂ ਸੁਆਲ ਬਣ ਕੇ ਗੂੰਜੇਗੀ। ਖੱਬੇ ਪੱਖੀਆਂ ਦੇ ਮਾਮਲੇ ਵਿਚ ਭਾਜਪਾ 'ਦਿੱਲੀ ਤੋਂ ਪਾੜੋ ਅਤੇ ਸਮੁੱਚੇ ਮੁਲਕ ਵਿਚ ਮਾਰੋ' ਦੀ ਸਿਆਸੀ ਖੇਡ ਖੇਡਣ ਲੱਗੀ ਹੈ। ਸਮੁੱਚੀਆਂ ਖੱਬੇ ਪੱਖੀ ਧਿਰਾਂ ਵਿਚ ਏਕੇ ਦੀ ਗੱਲ ਤਾਂ ਨਿਰੀ ਖ਼ਾਮ-ਖ਼ਿਆਲੀ ਹੋਵੇਗੀ, ਪਰ 'ਘੱਟੋ-ਘੱਟ ਸਾਂਝੇ ਉਪਰਾਲੇ' ਦੀ ਅਹਿਮੀਅਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇ ਇਸ ਮਾਹੌਲ ਵਿਚ ਬਹੁਤ ਸਾਰੇ ਖ਼ਦਸ਼ੇ ਠੋਸ ਖ਼ਤਰਿਆਂ ਵਜੋਂ ਦਰਵਾਜ਼ੇ ਉਤੇ ਦਸਤਕ ਦੇ ਰਹੇ ਹਨ ਤਾਂ ਸੰਭਾਵਨਾਵਾਂ ਫਰੋਲਣ ਦੀ ਗੁੰਜਾਇਸ਼ ਵੀ ਕਾਇਮ ਹੈ। ਕਬੀਰ ਵਾਲੇ ਪ੍ਰੇਮ ਦੇ ਢਾਈ ਅੱਖਰਾਂ ਵਾਂਗ ਸਿਧਾਂਤਕ ਮੰਤਰ ਤਾਂ ਸੁਖਾਲਾ ਹੀ ਹੈ ਕਿ ਕੁਝ ਵੀ 'ਅੰਤਿਮ ਸੱਚ' ਨਹੀਂ ਹੁੰਦਾ ਅਤੇ ਨਾ ਹੀ ਮਨੁੱਖੀ ਉਪਰਾਲਾ 'ਅੰਤਿਮ ਸੱਚ' ਤੱਕ ਪਹੁੰਚਦਾ ਹੈ। ਬਿਹਤਰ ਸੱਚ ਦੀ ਭਾਲ ਹੀ ਮਨੁੱਖ ਨੂੰ ਮਨੁੱਖ ਬਣਾਉਂਦੀ ਹੈ ਜੋ ਹਰ ਰੋਜ਼ ਨਵਾਂ ਹੋ ਜਾਂਦਾ ਹੈ। ਜੇ ਖੱਬੇ ਪੱਖੀ ਬਿਹਤਰ ਸੱਚ ਦੀ ਭਾਲ ਵਿਚ ਹਨ ਤਾਂ ਉਨ੍ਹਾਂ ਨੂੰ ਆਪਣੇ 'ਅੰਤਿਮ ਸੱਚ' ਉਤੇ ਸਿਧਾਂਤਮੁਖੀ ਜਾਂ ਘੱਟੋ-ਘੱਟ ਪੈਂਤੜਾ-ਮੁਖੀ ਵਿਚਾਰ ਤਾਂ ਕਰ ਹੀ ਲੈਣਾ ਚਾਹੀਦਾ ਹੈ। 000

***ਹਿੰਦੂ ਰਾਸ਼ਟਰ ਦੇ ਦਾਈਏ ਬੰਨ੍ਹਣ ਵਾਲੀ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਮੁਲਕ ਦੀ ਸਿਆਸਤ ਵਿਚ ਤਿੱਖਾ ਮੋੜ ਆਇਆ ਹੈ। ਇਸ ਪਾਰਟੀ ਅਤੇ ਇਸ ਦੇ ਜੋਟੀਦਾਰਾਂ ਦੇ ਸ਼ਿਸ਼ਕੇਰੇ ਹਿੰਦੂਵਾਦੀ, ਕਿਸ ਤਰ੍ਹਾਂ ਲੋਕਾਂ ਦਾ ਜਿਉਣਾ ਔਖਾ ਕਰ ਰਹੇ ਹਨ, ਉਸ ਬਾਰੇ ਖੁਲਾਸਾ ਪ੍ਰਸਿੱਧ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਆਪਣੇ ਲੇਖ ਵਿਚ ਕੀਤਾ ਹੈ। ਪ੍ਰੋ. ਪ੍ਰੀਤਮ ਸਿੰਘ ਨੇ ਹਿੰਦੂਵਾਦੀਆਂ ਦੇ ਆਪ-ਹੁਦਰੇਪਣ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੇ ਪਤਨ ਦੀ ਪੇਸ਼ੀਨਗੋਈ ਕੀਤੀ ਹੈ। -ਸੰਪਾਦਕ***

# ਭਗਵੀਂ ਸਹਿਣਸ਼ੀਲਤਾ!

ਸਹਿਣਸ਼ੀਲਤਾ-ਅਸਹਿਣਸ਼ੀਲਤਾ ਦਾ ਮੁੱਦਾ ਘੱਟੋ-ਘੱਟ ਇਸ ਸਰਕਾਰ ਦੀ ਅਉਧ ਵਿਚ ਮੱਠਾ ਪੈਣ ਵਾਲਾ ਨਹੀਂ। ਕਾਰਨ ਇਹ ਹੈ ਕਿ ਹਾਕਮ ਧਿਰ ਅਸਹਿਣਸ਼ੀਲਤਾ ਛੱਡਣ ਦੀ ਥਾਂ ਵਿਰੋਧੀਆਂ ਨੂੰ ਇਸ ਤੋਹਮਤ ਨਾਲ ਚੁੱਪ ਕਰਾਉਣਾ ਚਾਹੁੰਦੀ ਹੈ ਕਿ ਉਹ ਮਹਾਨ ਭਾਰਤ ਨੂੰ ਅਸਹਿਣਸ਼ੀਲ ਕਹਿ ਰਹੇ ਹਨ ਜੋ "ਨਾ ਕਦੀ ਅਸਹਿਣਸ਼ੀਲ ਸੀ, ਨਾ ਹੁਣ ਹੈ ਤੇ ਨਾ ਭਵਿੱਖ ਵਿਚ ਕਦੀ ਹੋ ਹੀ ਸਕਦਾ ਹੈ!" ਦੂਜੇ ਪਾਸੇ, ਸਾਡੇ ਦੇਸ਼ ਤੇ ਸਮਾਜ ਦੀ ਵਰਤਮਾਨ ਅਸਲੀਅਤ ਇਹ ਹੈ ਕਿ ਮਾਨਵੀ ਸੁਭਾਅ ਤੇ ਸੋਚ ਰੱਖਣ ਵਾਲੇ ਮਨੁੱਖ ਵਾਸਤੇ ਅਖ਼ਬਾਰ ਪੜ੍ਹਨਾ ਤੇ ਟੀ.ਵੀ. ਦੇਖਣਾ ਬੜੀ ਬੇਚੈਨੀ ਤੇ ਪਰੇਸ਼ਾਨੀ ਦਾ ਕਾਰਨ ਬਣ ਜਾਂਦਾ ਹੈ। ਮੇਰੇ ਸਾਹਮਣੇ ਅੰਗਰੇਜ਼ੀ ਅਖ਼ਬਾਰ ਪਿਆ ਹੈ। ਕਿਸੇ ਵੀ ਅਖ਼ਬਾਰ ਲਈ, ਭਾਵੇਂ ਉਹਦਾ ਪੱਤਰਪ੍ਰੇਰਕੀ ਤਾਣਾਪੇਟਾ ਕਿੰਨਾ ਵੀ ਫੈਲਿਆ ਹੋਇਆ ਹੋਵੇ, ਇੰਨੇ ਵੱਡੇ ਦੇਸ਼ ਦੀ ਪੂਰੀ ਤਾਂ ਕੀ, ਅਧੂਰੀ ਤਸਵੀਰ ਦੇਣਾ ਵੀ ਸੰਭਵ ਨਹੀਂ। ਤਾਂ ਵੀ ਇਕ ਦਿਨ ਦੇ ਇਸ ਅਖ਼ਬਾਰ ਦੀਆਂ ਖ਼ਬਰਾਂ ਦੇਗ ਵਿਚੋਂ ਕੁਝ ਦਾਣੇ ਤਾਂ ਹਨ ਹੀ ਜੋ ਪੂਰੀ ਦੇਗ ਦੇ ਕੱਚ-ਸੱਚ ਦੀ ਥਾਹ ਪੁਆ ਸਕਦੇ ਹਨ।

**ਗੁਰਬਚਨ ਸਿੰਘ ਭੁੱਲਰ**
**ਫੋਨ: 0091-1142502364**

ਪਹਿਲੇ ਪੰਨੇ ਉਤੇ ਹੀ ਲੰਮੀ-ਚੌੜੀ ਖ਼ਬਰ ਹੈ ਜਿਸ ਦਾ ਸਾਰ ਹੈ: ਮਹਾਰਾਸ਼ਟਰ ਦੇ ਰੇਨਾਪੁਰ ਥਾਣੇ ਦੇ ਏ.ਐਸ.ਆਈ. ਯੂਨਸ ਸ਼ੇਖ ਅਤੇ ਸਿਪਾਹੀ ਅਵਾਸਕਰ ਦੀ ਡਿਊਟੀ, ਫ਼ਿਰਕੂ ਪੱਖੋਂ ਸੰਵੇਦਨਸ਼ੀਲ ਮੰਨੇ ਜਾਂਦੇ ਪਾਨਗਾਉਂ ਇਲਾਕੇ ਦੇ ਅੰਬੇਦਕਰ ਚੌਕ ਵਿਚ ਲਾਈ ਜਾਂਦੀ ਹੈ। 'ਸ਼ਿਵਾਜੀ ਜੈਅੰਤੀ ਮੰਡਲ' ਦੇ ਲੋਕ ਉਸ ਚੌਕ ਵਿਚ ਭਗਵਾ ਝੰਡਾ ਝੁਲਾ ਕੇ ਸ਼ਿਵਾਜੀ ਜੈਅੰਤੀ ਮਨਾਉਣਾ ਚਾਹੁੰਦੇ ਹਨ। ਸ਼ੇਖ ਤੇ ਅਵਾਸਕਰ ਨੂੰ ਅਜਿਹਾ ਹੋਣੋਂ ਰੋਕਣ ਦਾ ਹੁਕਮ ਦਿੱਤਾ ਜਾਂਦਾ ਹੈ। ਸ਼ੇਖ ਉਨ੍ਹਾਂ ਨੂੰ ਸਮਾਗਮ ਵਾਸਤੇ ਕੋਈ ਹੋਰ ਢੁੱਕਵੀਂ ਥਾਂ ਦੇਣ ਦਾ ਵਾਅਦਾ ਵੀ ਕਰਦਾ ਹੈ ਜਿਸ ਨੂੰ ਉਹ ਰੱਦ ਕਰ ਦਿੰਦੇ ਹਨ। ਹੁਕਮ ਮੰਨਣੋਂ ਇਨਕਾਰੀ ਭੀੜ ਲਗਾਤਾਰ ਵਧਦੀ ਦੇਖ ਕੇ ਉਹ ਸਵੇਰ ਦੇ ਸਾਢੇ ਅੱਠ ਵਜੇ ਕੰਟਰੋਲ ਰੂਮ ਤੇ ਥਾਣੇ ਨੂੰ ਫੋਨ ਕਰ ਕੇ ਹੋਰ ਸਿਪਾਹੀ ਮੰਗਦਾ ਹੈ। ਨਿਹਫਲ ਉਡੀਕਣ ਮਗਰੋਂ ਪਰੇਸ਼ਾਨ ਹੋ ਕੇ ਉਹ ਦੁਬਾਰਾ ਫੋਨ ਕਰਦਾ ਹੈ। ਇੰਨੇ ਨੂੰ ਝੰਡਾ ਝੁਲਾਉਣੋਂ ਰੋਕਣ ਬਦਲੇ ਤੇ ਮਦਦ ਲਈ ਫੋਨ ਕਰਦਾ ਦੇਖ ਕੇ ਭੀੜ 38 ਸਾਲ ਦੀ ਬੇਦਾਗ਼ ਸੇਵਾ ਵਾਲੇ ਵਰਦੀਧਾਰੀ ਸ਼ੇਖ ਨੂੰ ਕੁੱਟਣਾ ਤੇ ਜ਼ਲੀਲ ਕਰਨਾ ਸ਼ੁਰੂ ਕਰ ਦਿੰਦੀ ਹੈ ਪਰ ਅਵਾਸਕਰ ਨੂੰ ਕੁਝ ਨਹੀਂ ਕਹਿੰਦੀ। ਜੀਅ ਭਰ ਕੇ ਕੁੱਟ ਲੈਣ ਮਗਰੋਂ ਗੁੰਡੇ ਸ਼ੇਖ ਨੂੰ ਜ਼ਖ਼ਮੀ ਹਾਲਤ ਵਿਚ ਭਗਵਾ ਝੰਡਾ ਚੁੱਕ ਕੇ ਤੁਰਨ ਵਾਸਤੇ ਅਤੇ "ਜੈ ਭਵਾਨੀ, ਜੈ ਸ਼ਿਵਾਜੀ" ਦੇ ਨਾਅਰੇ ਲਾਉਣ ਵਾਸਤੇ ਮਜਬੂਰ ਕਰਦਿਆਂ ਉਹਦਾ ਜਲੂਸ ਕੱਢਦੇ ਹਨ ਤੇ ਅੰਬੇਦਕਰ ਚੌਕ ਵਿਚ ਪਹੁੰਚ ਕੇ ਉਸੇ ਹੱਥੋਂ ਝੰਡਾ ਝੁਲਵਾਉਂਦੇ ਹਨ। ਦਸ ਵੱਜ ਕੇ ਦਸ ਮਿੰਟ ਉਤੇ ਹੋਰ ਸਿਪਾਹੀ ਪਹੁੰਚਦੇ ਹਨ ਤਾਂ ਇਹ ਸਾਰਾ ਕੁਝ ਹੋ ਚੁੱਕਿਆ ਹੁੰਦਾ ਹੈ। ਲਾਤੂਰ ਦੇ ਸਿਵਲ ਹਸਪਤਾਲ ਵਿਚ ਪੱਟੀਆਂ ਵਿਚ ਲਪੇਟਿਆ ਪਿਆ ਸ਼ੇਖ ਪੁੱਛਦਾ ਹੈ, "ਆਖ਼ਰ ਮੇਰਾ ਕਸੂਰ ਕੀ ਸੀ? ਮੈਂ ਤਾਂ ਆਪਣੇ ਅਫ਼ਸਰ ਦੀ ਲਾਈ ਡਿਊਟੀ ਨਿਭਾ ਰਿਹਾ ਸੀ!"

ਦੂਜੀ ਖ਼ਬਰ: ਦਿੱਲੀ ਦੀ ਅਦਾਲਤ ਵਿਚ ਦਰਜਨਾਂ ਪੁਲਸੀਆਂ ਦੀ ਹਾਜ਼ਰੀ ਵਿਚ ਵਕੀਲਾਂ, ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਨੂੰ, ਖਾਸ ਕਰ ਕੇ ਪੁਲਿਸ ਦੇ ਹਿਰਾਸਤੀਏ ਵਿਦਿਆਰਥੀ ਆਗੂ ਕਨ੍ਹਈਆ ਨੂੰ ਬੁਰੀ ਤਰ੍ਹਾਂ ਕੁੱਟਣ ਵਾਲੇ ਭਾਜਪਾ ਪੱਖੀ ਤਿੰਨ ਵਕੀਲ ਸਟਿੰਗ ਓਪਰੇਸ਼ਨ ਵਿਚ ਆਪਣੀ ਕਰਤੂਤ ਬਾਰੇ ਖੁੱਲ੍ਹ ਕੇ ਦੱਸਦੇ ਹਨ: "ਜਦੋਂ ਅਸੀਂ ਕੁੱਟਮਾਰ ਕਰ ਰਹੇ ਸੀ, ਸਾਨੂੰ ਹਲਾਸ਼ੇਰੀ ਦਿੰਦੇ ਹੋਏ ਪੁਲਸੀਏ ਆਖ ਰਹੇ ਸਨ ਕਿ ਵਰਦੀ ਕਾਰਨ ਅਸੀਂ ਤੁਹਾਡਾ ਸਾਥ ਨਹੀਂ ਦੇ ਸਕਦੇ।" ਇਕ ਵਕੀਲ ਦਾ ਕਹਿਣਾ ਸੀ, "ਅਗਲੀ ਪੇਸ਼ੀ ਸਮੇਂ ਮੈਂ ਪਟਰੌਲ ਬੰਬ ਲੈ ਕੇ ਆਵਾਂਗਾ ਤੇ ਗ੍ਰਿਫ਼ਤਾਰ ਹੋ ਕੇ ਕਨ੍ਹਈਆ ਨੂੰ ਜੇਲ੍ਹ ਵਿਚ ਕੁੱਟਾਂਗਾ।" ਟੀ.ਵੀ. ਚੈਨਲਾਂ ਦੀਆਂ ਲਗਾਤਾਰ ਖ਼ਬਰਾਂ ਤੇ ਇਸ ਇਕਬਾਲ ਮਗਰੋਂ ਵੀ ਦਿੱਲੀ ਪੁਲਿਸ ਕਮਿਸ਼ਨਰ ਦਾ ਕਹਿਣਾ ਹੈ ਕਿ ਕਾਰਵਾਈ ਵਾਸਤੇ ਇਹ ਕੋਈ ਪੁਖ਼ਤਾ ਸਬੂਤ ਨਹੀਂ ਹਨ।

ਤੀਜੀ ਖ਼ਬਰ: ਬੀ.ਜੇ.ਪੀ. ਦੇ ਮਿਸਾਲੀ ਮੁੱਖ ਮੰਤਰੀ ਰਮਨ ਸਿੰਘ ਦੇ ਛੱਤੀਸਗੜ੍ਹ ਦੇ ਬੇਵੱਸ ਤੇ ਬੇਆਸ ਆਦਿਵਾਸੀਆਂ ਦੇ ਭਲੇ ਲਈ ਕੰਮ ਕਰਨ ਵਾਲੀ ਬੇਗਰਜ਼ ਸਮਾਜ ਸੇਵਿਕਾ ਸੋਨੀ ਸੋਰੀ ਦੇ ਚਿਹਰੇ ਉਤੇ ਦਾਂਤੇਵਾੜਾ ਦੇ ਇਲਾਕੇ ਵਿਚ ਦੋ ਮੋਟਰਸਾਈਕਲ ਸਵਾਰ ਨਕਾਬਪੋਸ਼ ਗੁੰਡਿਆਂ ਨੇ ਕੋਈ ਤੇਜ਼ਾਬੀ ਚੀਜ਼ ਪਾ ਦਿੱਤੀ। ਕੁਝ ਸਮਾਂ ਪਹਿਲਾਂ ਸੋਰੀ ਨੇ ਤਿੰਨ ਮਾਮਲਿਆਂ ਵਿਚ ਆਦਿਵਾਸੀ ਕੁੜੀਆਂ ਦੀ ਸਮੂਹਕ ਬੇਪਤੀ ਦੇ ਅਪਰਾਧੀਆਂ ਵਿਰੁਧ ਮੁਕੱਦਮੇ ਦਰਜ ਕਰਵਾਏ ਸਨ। ਪੁਲਿਸ ਨੂੰ ਕਿਸੇ ਕਾਰਵਾਈ ਦੀ ਲੋੜ ਮਹਿਸੂਸ ਨਹੀਂ ਸੀ ਹੋਈ। ਸੋਰੀ ਨੇ ਖੁੱਲ੍ਹੇ ਫਿਰਦੇ ਗੁੰਡਿਆਂ ਤੋਂ ਲਗਾਤਾਰ ਮਿਲਦੀਆਂ ਧਮਕੀਆਂ ਦੀ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਤੇ ਸੁਰੱਖਿਆ ਦੀ ਮੰਗ ਵੀ



ਕੀਤੀ। ਪੁਲਿਸ ਨੇ ਇਨ੍ਹਾਂ ਗੱਲਾਂ ਵੱਲ ਧਿਆਨ ਦੇਣ ਦੀ ਵੀ ਲੋੜ ਨਹੀਂ ਸਮਝੀ, ਕਿਉਂਕਿ ਪੁਲਿਸ ਤਾਂ ਆਪ ਲੰਮੇ ਸਮੇਂ ਤੋਂ ਉਸ ਉਤੇ ਨਕਸਲੀ ਹੋਣ ਦਾ ਠੱਪਾ ਲਾ ਕੇ ਉਹਨੂੰ ਤੰਗ ਤੇ ਜ਼ਲੀਲ ਕਰਦੀ ਰਹਿੰਦੀ ਹੈ। ਚਿਹਰੇ ਦੇ ਜ਼ਖ਼ਮਾਂ ਦੀ ਗੰਭੀਰਤਾ ਨੂੰ ਦੇਖਦਿਆਂ ਉਹਨੂੰ ਦਿੱਲੀ ਲਿਆ ਕੇ ਇੰਦਰਪ੍ਰਸਥ ਅਪੋਲੋ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ।

ਚੌਥੀ ਖ਼ਬਰ: 'ਭਗੌੜੇ' ਉਮਰ ਖਾਲਿਦ ਨੇ, ਜੋ ਕਾਰਪੋਰੇਟ ਮੀਡੀਆ ਤੇ ਸੰਘ ਪਰਿਵਾਰ ਅਨੁਸਾਰ ਭਾਰਤ ਦਾ ਸਭ ਤੋਂ ਵੱਡਾ ਆਤੰਕਵਾਦੀ ਤੇ ਦੇਸ਼ ਧਰੋਹੀ ਹੈ, ਜਵਾਹਰ ਲਾਲ ਯੂਨੀਵਰਸਿਟੀ ਵਿਚ ਸਾਹਮਣੇ ਆ ਕੇ ਵਿਦਿਆਰਥੀਆਂ ਨੂੰ ਭਾਸ਼ਨ ਦਿੱਤਾ। ਉਹ ਹੋਰ ਗੱਲਾਂ ਤੋਂ ਇਲਾਵਾ ਕਹਿੰਦਾ ਹੈ, "ਸੱਚ ਦੱਸਾਂ, ਮੈਨੂੰ ਆਪਣੀ ਬਹੁਤੀ ਚਿੰਤਾ ਨਹੀਂ ਸੀ, ਕਿਉਂਕਿ ਮੈਂ ਜਾਣਦਾ ਸੀ ਤੇ ਮੇਰਾ ਪੱਕਾ ਭਰੋਸਾ ਸੀ ਕਿ ਤੁਸੀਂ ਸਾਰੇ ਹਜ਼ਾਰਾਂ ਦੀ ਗਿਣਤੀ ਵਿਚ ਮੇਰੀ ਹਮਾਇਤ ਵਿਚ ਨਿਤਰੋਗੇ; ਪਰ ਜਦੋਂ ਮੈਂ ਆਪਣੀ ਭੈਣ ਤੇ ਆਪਣੇ ਪਿਤਾ ਦੇ ਬਿਆਨ ਦੇਖੇ, ਮੈਨੂੰ ਫ਼ਿਕਰ ਹੋਇਆ, ਮੈਨੂੰ ਡਰ ਲੱਗਣ ਲੱਗਿਆ। ਇਨ੍ਹਾਂ ਲੋਕਾਂ ਨੇ, ਇਹ ਜੋ ਜਵਾਹਰ ਲਾਲ ਯੂਨੀਵਰਸਿਟੀ ਨੂੰ 'ਦੇਸ਼ ਧਰੋਹੀ' ਆਖਦੇ ਹਨ, ਸੋਸ਼ਲ ਮੀਡੀਆ ਵਿਚ ਭਾਂਤ ਭਾਂਤ ਦੀਆਂ ਗੱਲਾਂ ਲਿਖਣੀਆਂ ਤੇ ਇਹ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ ਉਨ੍ਹਾਂ ਨਾਲ ਕੀ ਕਰਨਗੇ। ਮੇਰੀ ਇਕ ਭੈਣ ਨੂੰ ਕਿਹਾ ਗਿਆ ਕਿ ਉਹਦੇ ਨਾਲ ਬਲਾਤਕਾਰ ਕੀਤਾ ਜਾਵੇਗਾ, ਦੂਜੀ ਨੂੰ ਕਿਹਾ ਗਿਆ ਕਿ ਉਹਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਉਸ ਮੌਕੇ ਮੈਨੂੰ ਕੰਧਾਮਲ ਵਿਚ ਬਜਰੰਗ-ਦਲੀਆਂ ਦਾ ਇਕ ਈਸਾਈ ਨਨ ਨਾਲ ਬਲਾਤਕਾਰ ਕਰਦਿਆਂ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਾਉਣਾ ਚੇਤੇ ਆਇਆ। ਮੈਨੂੰ ਸਾਥੀ ਕਨ੍ਹਈਆ ਦਾ 11 ਫ਼ਰਵਰੀ ਦਾ ਭਾਸ਼ਣ ਯਾਦ ਆਉਂਦਾ ਹੈ, 'ਜੇ ਤੁਹਾਡੀ ਭਾਰਤ ਮਾਤਾ ਇਹ ਹੈ ਤਾਂ ਇਹ ਸਾਡੀ ਭਾਰਤ ਮਾਤਾ ਨਹੀਂ ਹੈ! ਤੇ ਸਾਨੂੰ ਇਹ ਕਹਿੰਦਿਆਂ ਕੋਈ ਸ਼ਰਮ ਨਹੀਂ!'... ਇਕ ਪਲ ਮੈਂ ਇਕ ਗੱਲ ਆਪਣੀ ਵੀ ਕਰ ਲਵਾਂ। ਪਿਛਲੇ ਸੱਤ ਸਾਲਾਂ ਵਿਚ ਜਦੋਂ ਤੋਂ ਮੈਂ ਇਸ ਕੈਂਪਸ ਵਿਚ ਰਾਜਨੀਤੀ ਕਰਦਾ ਆਇਆ ਹਾਂ, ਮੈਂ ਕਦੇ ਸੋਚਿਆ ਤੱਕ ਨਹੀਂ ਕਿ ਮੈਂ ਮੁਸਲਮਾਨ ਹਾਂ। ਮੈਂ ਕਦੇ ਮੁਸਲਮਾਨ ਵਜੋਂ ਦਿਸਣਾ ਵੀ ਨਹੀਂ ਚਾਹਿਆ। ਤੇ ਮੈਂ ਹਮੇਸ਼ਾ ਹੀ ਇਹ ਮਹਿਸੂਸ ਕੀਤਾ ਹੈ ਕਿ ਅੱਜ ਸਮਾਜ ਵਿਚ ਸਿਰਫ਼ ਮੁਸਲਮਾਨ ਹੀ ਮਜ਼ਲੂਮ ਨਹੀਂ, ਸਗੋਂ ਮਜ਼ਲੂਮ ਭਾਈਚਾਰੇ ਕਈ ਹਨ ਜਿਵੇਂ ਆਦਿਵਾਸੀ ਨੇ, ਦਲਿਤ ਨੇ...। ਪਿਛਲੇ ਸੱਤ ਸਾਲਾਂ ਵਿਚ ਮੈਨੂੰ ਹੁਣ ਪਹਿਲੀ ਵਾਰ ਅਹਿਸਾਸ ਹੋਇਆ ਹੈ ਕਿ ਮੈਂ ਮੁਸਲਮਾਨ ਹਾਂ ਤੇ ਇਹ ਪਿਛਲੇ ਦਸ ਦਿਨਾਂ ਵਿਚ ਹੋਇਆ ਹੈ। ਹਮਰਾਹੀਓ, ਘਬਰਾਉਣ ਦੀ ਲੋੜ ਨਹੀਂ। ਇਨ੍ਹਾਂ ਕੋਲ ਸੰਸਦ ਦੀ ਬਹੁਗਿਣਤੀ, ਮੀਡੀਆ, ਸਰਕਾਰੀ ਮਸ਼ੀਨਰੀ ਤੇ ਪੁਲਿਸ; ਸਭ ਕੁਝ ਹੋ ਸਕਦਾ ਹੈ, ਪਰ ਇਹ ਬੁਜ਼ਦਿਲ ਹਨ। ਇਹ ਸਾਥੋਂ ਡਰਦੇ ਹਨ, ਇਹ ਸਾਡੀਆਂ ਜਦੋਜਹਿਦਾਂ ਤੋਂ ਡਰਦੇ ਹਨ। ਇਹ ਸਾਥੋਂ ਇਸ ਲਈ ਡਰਦੇ ਹਨ ਕਿਉਂਕਿ ਅਸੀਂ ਸੋਚ ਸਕਦੇ ਹਾਂ! ਤੇ ਅੱਜ ਇਸ ਦੇਸ਼ ਵਿਚ ਜਿਸ ਪਲ ਤੁਸੀਂ ਸੋਚਣਾ ਸ਼ੁਰੂ ਕਰਦੇ ਹੋ, ਉਸੇ ਪਲ ਤੁਸੀਂ 'ਦੇਸ਼ ਧਰੋਹੀ' ਬਣ ਜਾਂਦੇ ਹੋ!"

ਪੰਜਵੀਂ ਖ਼ਬਰ: ਕੇਂਦਰੀ ਸਭਿਆਚਾਰ ਮੰਤਰਾਲੇ ਅਧੀਨ ਚਲਦੀ ਕਲਕੱਤੇ ਦੀ ਸੰਸਥਾ ਵਿਕਟੋਰੀਆ ਮੈਮੋਰੀਅਲ ਨੇ ਉਥੇ ਲੱਗਣ ਵਾਲੀ ਪਾਕਿਸਤਾਨੀ ਕਲਾਕਾਰ ਸ਼ਾਹਿਦ ਰੱਸਮ ਦੀ ਨੁਮਾਇਸ਼ 'ਗ਼ਾਲਿਬ ਤੇ ਗੁਲਜ਼ਾਰ' ਉਦਘਾਟਨ ਤੋਂ ਕੁਝ ਘੰਟੇ ਪਹਿਲਾਂ ਰੱਦ ਕਰ ਦਿੱਤੀ, ਕਿਉਂਕਿ ਪੱਛਮੀ ਬੰਗਾਲ ਦੇ ਭਗਵੇਂ ਗਵਰਨਰ ਕੇਸਰੀ ਨਾਥ ਤ੍ਰਿਪਾਠੀ ਨੇ ਪਹਿਲਾਂ ਉਹਦਾ ਉਦਘਾਟਨ ਕਰਨਾ ਪਰਵਾਨ ਕਰ ਕੇ ਮੌਕੇ ਉਤੇ ਇਨਕਾਰ ਕਰ ਦਿੱਤਾ ਸੀ।

ਛੇਵੀਂ ਖ਼ਬਰ: ਰਾਜਸਥਾਨ ਦੇ ਸ਼ਹਿਰ ਅਜਮੇਰ ਦੇ ਜਵਾਹਰ ਰੰਗਮੰਚ ਵਿਚ ਹੋਣ ਵਾਲਾ ਸਾਹਿਤਕ ਪ੍ਰੋਗਰਾਮ 'ਸ਼ਾਇਰੀ: ਸਰਹੱਦ ਸੇ ਪਰੇ' ਰੱਦ ਕਰ ਦਿੱਤਾ ਗਿਆ। ਇਸ ਵਿਚ ਭਾਰਤੀ ਸ਼ਾਇਰ ਏ.ਐਮ. ਤੁਰਾਜ਼ ਅਤੇ ਪਾਕਿਸਤਾਨੀ ਸ਼ਾਇਰ ਅੱਬਾਸ ਤਾਬਿਸ਼ ਨੇ ਹਿੱਸਾ ਲੈਣਾ ਸੀ। ਕਨਵੀਨਰ ਰਾਸ ਬਿਹਾਰੀ ਗੌੜ ਦਾ ਕਹਿਣਾ ਹੈ ਕਿ ਸਾਨੂੰ ਪ੍ਰੋਗਰਾਮ ਇਸ ਲਈ ਰੱਦ ਕਰਨਾ ਪਿਆ, ਕਿਉਂਕਿ ਬੀ.ਜੇ.ਪੀ. ਦੇ ਜ਼ਿਲ੍ਹਾ ਪ੍ਰਧਾਨ ਅਰਵਿੰਦ ਯਾਦਵ ਨੇ ਫੋਨ ਕਰ ਕੇ 'ਬੇਨਤੀ' ਕੀਤੀ ਸੀ। ਅਸੀਂ ਨਹੀਂ ਸੀ ਚਾਹੁੰਦੇ ਕਿ ਕੋਈ ਭੈੜੀ ਘਟਨਾ ਵਾਪਰੇ।" ਯਾਦਵ ਦਾ ਕਹਿਣਾ ਹੈ, "ਅਸੀਂ ਪ੍ਰੋਗਰਾਮ ਦਾ ਵਿਰੋਧ ਇਸ ਲਈ ਕੀਤਾ, ਕਿਉਂਕਿ ਇਸ ਵਿਚ ਇਕ ਪਾਕਿਸਤਾਨੀ ਹਿੱਸਾ ਲੈ ਰਿਹਾ ਸੀ।"

ਸੱਤਵੀਂ ਖ਼ਬਰ: ਓਹੋ! ਸੱਤਵੀਂ ਤਾਂ ਕੀ, ਖ਼ਬਰਾਂ ਤਾਂ ਅਜੇ ਕਈ ਹੋਰ ਹਨ, ਪਰ ਮੇਰੇ ਕੰਪਿਊਟਰ ਨੇ ਲੇਖ ਦੀ ਲੰਮਾਈ ਦੀ ਹੱਦ ਦੀ ਲਾਲ ਝੰਡੀ ਦਿਖਾ ਦਿੱਤੀ ਹੈ। ਤਾਂ ਵੀ ਆਸ ਹੈ, ਇਹ ਛੇ ਦਾਣੇ ਪਾਠਕਾਂ ਨੂੰ ਪੂਰੀ ਦੇਗ ਦੀ ਤਾਸੀਰ ਦੱਸਣ ਲਈ ਅਤੇ ਉਪਰੋਕਤ ਸਭ ਗੱਲਾਂ ਬਾਰੇ ਸੋਚਣ ਵਾਸਤੇ ਮਜਬੂਰ ਕਰਨ ਲਈ ਕਾਫ਼ੀ ਹੋਣਗੇ। ਸੋਚਣਾ ਇਸ ਲਈ ਜ਼ਰੂਰੀ ਹੈ ਕਿਉਂਕਿ, ਉਮਰ ਖਾਲਿਦ ਦੇ ਕਹਿਣ ਵਾਂਗ, ਸੋਚਣ ਵਾਲੇ ਲੋਕ ਹੀ ਹਨ ਜਿਨ੍ਹਾਂ ਤੋਂ ਹਾਕਮ ਸਭ ਤੋਂ ਬਹੁਤਾ ਡਰਦੇ ਹਨ!

ਮੈਂ ਆਪਣੀ ਇਹ ਲਿਖਤ ਅਸਹਿਣਸ਼ੀਲਤਾ ਦੀ ਹੋਂਦ ਤੋਂ ਪੂਰੀ ਤਰ੍ਹਾਂ ਮੁਨਕਰ, ਆਜ਼ਾਦ ਜਮਹੂਰੀ ਭਾਰਤ ਦੇ ਪਹਿਲੇ ਦਰਬਾਰੀ ਕਲਾਕਾਰ ਅਨੁਪਮ ਖੇਰ ਨੂੰ ਸਮਰਪਿਤ ਕਰਦਾ ਹਾਂ!

# ਹਿੰਦੂਤਵ ਵਿਚਾਰਧਾਰਾ ਦੀ ਕਬਰ

ਕੇਂਦਰ ਦੀ ਸੱਤਾ ਹਥਿਆ ਕੇ ਸਿਆਸੀ ਚੜ੍ਹਤ ਵਿਚ ਆਈ ਹਿੰਦੂਤਵ ਵਿਚਾਰਧਾਰਾ ਹੁਣ ਆਪਣੀ ਕਬਰ ਆਪ ਪੁੱਟਣ ਵੱਲ ਵਧ ਰਹੀ ਹੈ। ਕੋਈ ਵੀ ਸੁਚੇਤ ਹੋ ਕੇ ਆਪਣੇ ਲਈ ਕਬਰ ਨਹੀਂ ਪੁੱਟਦਾ, ਪਰ ਆਪਣਿਆਂ ਚੇਤਨ ਕੋਸ਼ਿਸ਼ਾਂ ਦਾ ਅਣਕਿਆਸਿਆ ਨਤੀਜਾ ਉਸ ਨੂੰ ਬਦੋਬਦੀ ਪਤਨ ਦੇ ਰਾਹ ਤੋਰ ਸਕਦਾ ਹੈ। ਆਪਣੀ ਕਬਰ ਆਪ ਪੁੱਟਣ ਦੀ ਅਚੇਤ ਪ੍ਰਕਿਰਿਆ ਬਾਰੇ ਸਫ਼ਲਤਾ ਦਾ ਦਵੰਦ ਸੋਚਣ ਹੀ ਨਹੀਂ ਦਿੰਦਾ।

ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦਾ ਹਿੰਦੂਤਵ ਲਹਿਰ ਦਾ ਸੁਚੇਤ ਹੰਭਲਾ ਸਭ ਹੱਦ-ਬੰਨੇ ਟੱਪ ਰਿਹਾ ਹੈ। 2014 ਦੀਆਂ ਆਮ ਚੋਣਾਂ ਵਿਚ ਹਿੰਦੂ ਰਾਸ਼ਟਰਵਾਦੀ- ਭਾਜਪਾ, ਦੀ ਜਿੱਤ ਹਿੰਦੂਤਵ ਜਥੇਬੰਦੀਆਂ ਅਤੇ ਕਾਰਕੁਨਾਂ ਦੇ ਸਿਰ 'ਤੇ ਹੀ ਨੇਪਰੇ ਚੜ੍ਹੀ। ਇਸ ਚੋਣ ਸਫ਼ਲਤਾ ਦੇ ਨਸ਼ੇ ਵਿਚ ਮਦਹੋਸ਼ ਇਨ੍ਹਾਂ ਜਥੇਬੰਦੀਆਂ ਦੇ ਕਾਰਕੁਨ ਹੁਣ ਆਪੇ ਤੋਂ ਬਾਹਰ ਹੋ ਗਏ ਹਨ ਅਤੇ ਉਹ ਆਪਣੇ ਪ੍ਰਤੀ ਅਸਹਿਮਤੀ ਦੀ ਹਰ ਨਿਸ਼ਾਨੀ ਨੂੰ ਦਬਾ ਰਹੇ ਹਨ।

**ਪ੍ਰੋ. ਪ੍ਰੀਤਮ ਸਿੰਘ**
**ਆਕਸਫੋਰਡ ਬਰੁੱਕਸ ਯੂਨੀਵਰਸਿਟੀ**

ਹਿੰਦੂਤਵ ਵਿਚਾਰਧਾਰਾ ਨੇ ਭਾਰਤ ਦੇ ਧਾਰਮਿਕ ਫ਼ਿਰਕਿਆਂ ਨੂੰ ਮੂਲ (ਅਖੌਤੀ ਤੌਰ 'ਤੇ ਭਾਰਤ ਵਿਚ ਜਨਮੇ) ਅਤੇ ਗ਼ੈਰ-ਮੂਲ (ਵਿਦੇਸ਼ ਵਿਚ ਉਪਜੇ ਮੰਨੇ ਜਾਂਦੇ) ਦੇ ਦੋ ਵਰਗਾਂ ਵਿਚ ਰੇਖਾਂਕਿਤ ਕਰ ਦਿੱਤਾ ਹੈ। ਇਹ ਵਿਚਾਰਧਾਰਾ ਮੁਲਕ ਦੇ ਮੂਲ ਧਰਮਾਂ ਦੀ ਹਿੰਦੂ ਧਰਮ ਨਾਲ ਨੇੜਤਾ ਜਾਂ ਵੈਰ-ਭਾਵ ਨਾਲ ਹੀ ਇਸ ਮੁਲਕ ਵਿਚ ਪੈਦਾ ਹੋਏ ਧਰਮਾਂ ਦੀ ਮੂਲ ਪ੍ਰਕਿਰਤੀ ਤੈਅ ਕਰਦੀ ਹੈ। ਇਹ ਵਿਚਾਰਧਾਰਾ ਹਿੰਦੂਵਾਦ, ਸਿੱਖਵਾਦ, ਬੁੱਧਵਾਦ ਤੇ ਜੈਨਵਾਦ ਨੂੰ ਮੂਲ ਧਰਮਾਂ ਦੇ ਕਲਾਵੇ ਵਿਚ ਲੈਂਦੀ ਹੈ। ਮੰਦੇਭਾਗੀਂ ਹਿੰਦੂ ਵਿਚਾਰਧਾਰਾ ਆਪਣਾ ਪ੍ਰਭਾਵ ਵਰਤ ਕੇ ਸਿੱਖਾਂ, ਬੋਧੀਆਂ ਤੇ ਜੈਨੀਆਂ ਨੂੰ ਸੰਵਿਧਾਨ ਵਿਚ ਹਿੰਦੂਆਂ ਦੇ ਵਰਗ ਵਿਚ ਹੀ ਸ਼ਾਮਲ ਕਰਵਾਉਣ ਵਿਚ ਕਾਮਯਾਬ ਰਹੀ ਸੀ। ਇਸ ਗ਼ਲਤ ਸੰਵਿਧਾਨਕ ਧਾਰਾ ਵਿਰੁਧ ਇਹ ਤਿੰਨੇ ਫ਼ਿਰਕੇ ਵਿਰੋਧ ਦਰਜ ਕਰਵਾ ਕੇ ਆਪਣੀਆਂ ਨਿਆਰੀਆਂ ਇਤਿਹਾਸਕ ਪਛਾਣਾਂ ਦੇ ਦਾਅਵੇ ਕਰ ਰਹੇ ਹਨ। ਇਨ੍ਹਾਂ ਤਿੰਨਾਂ ਭਾਈਚਾਰਿਆਂ ਨੂੰ ਆਪਣੇ ਵਿਚ ਆਤਮਸਾਤ ਕਰਨ ਦੇ ਹਿੰਦੂਤਵ ਦੇ ਦਿਨ-ਬ-ਦਿਨ ਹਮਲਾਵਰ ਹੁੰਦੇ ਜਾ ਰਹੇ ਏਜੰਡੇ ਅਤੇ ਇਨ੍ਹਾਂ ਭਾਈਚਾਰਿਆਂ ਦੀ ਆਪਣੀ ਵੱਖਰੀ ਪਛਾਣ ਦੇ ਦਾਅਵੇ ਨਾਲ ਇਨ੍ਹਾਂ ਦੇ ਹਿੰਦੂਤਵ ਨਾਲ ਤਿੱਖੇ ਮਤਭੇਦ ਦੇ ਦਰ ਖੁੱਲ੍ਹਣਗੇ।

ਗ਼ੈਰ-ਮੂਲ ਧਰਮਾਂ ਵਿਚ ਹਿੰਦੂਤਵ ਵਿਚਾਰਧਾਰਾ ਇਸਾਈ ਮੱਤ, ਇਸਲਾਮ ਤੇ ਪਾਰਸੀਆਂ ਨੂੰ ਖੜ੍ਹਾ ਕਰਦੀ ਹੈ। ਭਾਰਤ ਵਿਚ ਪਾਰਸੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਅਤੇ ਸ਼ਾਇਦ ਇਸੇ ਕਾਰਨ ਉਹ ਹਾਲੇ ਤਕ ਹਿੰਦੂਤਵ ਜਥੇਬੰਦੀਆਂ ਦੇ ਵੈਰ-ਭਾਵ ਤੋਂ ਬਚੇ ਹੋਏ ਹਨ। ਮੁਸਲਮਾਨ ਤੇ ਇਸਾਈ, ਹਿੰਦੂਤਵ ਦੇ ਸਿੱਧੇ ਹੱਲੇ ਦੀ ਜ਼ਦ ਵਿਚ ਹਨ।

ਪਹਿਲਾਂ ਗੁਜਰਾਤ ਅਤੇ ਬਾਅਦ ਵਿਚ 2014 ਦੀਆਂ ਸੰਸਦੀ ਚੋਣਾਂ ਵਿਚ ਹਿੰਦੂਤਵੀ ਚੋਣ ਸਫ਼ਲਤਾ ਨੇ ਉਨ੍ਹਾਂ ਦੀ ਮਨੌਤ ਨੂੰ ਹੀ ਸਾਬਤਕਦਮੀ ਬਖ਼ਸ਼ੀ ਹੈ ਅਤੇ ਉਹ ਇਸਾਈਆਂ ਤੇ ਮੁਸਲਮਾਨ-ਵਿਰੋਧੀ ਆਪਣੀਆਂ ਮੁਹਿੰਮਾਂ ਨੂੰ ਹੋਰ ਜ਼ੋਰ ਸ਼ੋਰ ਨਾਲ ਚਲਾ ਰਹੇ ਹਨ। ਕੇਂਦਰ ਦੀ ਸੱਤਾ ਹਾਸਲ ਕਰ ਕੇ ਹੌਸਲੇ ਵਿਚ ਆਈਆਂ ਹਿੰਦੂਤਵ ਜਥੇਬੰਦੀਆਂ ਤੇ ਕਾਰਕੁਨ ਹੁਣ ਹਿੰਦੂਆਂ ਉਤੇ ਵੀ ਹਮਲੇ ਕਰ ਕੇ ਆਪਣੇ ਲਈ ਆਪ ਖਾਈ ਪੁੱਟਣ ਵਾਲੇ ਮੋੜ ਉਤੇ ਪੁੱਜ ਗਏ ਹਨ। ਹਿੰਦੂਤਵ ਦੀ ਵਿਸ਼ੈਲੀ ਵਿਚਾਰਧਾਰਾ ਉਤੇ ਉਂਗਲ ਉਠਾਉਣ ਵਾਲੇ ਹਿੰਦੂ ਇਨ੍ਹਾਂ ਹਿੰਦੂਤਵ ਜਥੇਬੰਦੀਆਂ ਤੇ ਕਾਰਕੁਨਾਂ ਦੇ ਹਮਲਿਆਂ ਦੀ ਚਾਂਦਮਾਰੀ ਵਿਚ ਹਨ। ਭਾਰਤ ਦੀ ਮੰਨੀ ਪ੍ਰਮੰਨੀ ਵਿੱਦਿਅਕ ਸੰਸਥਾ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੀ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਕਨ੍ਹੱਈਆ ਕੁਮਾਰ, ਜੇ.ਐਨ.ਯੂ. ਦੇ ਅਕਾਦਮਿਕ ਭਾਈਚਾਰੇ ਵਿਰੁਧ ਮੁਹਿੰਮ ਸ਼ੁਰੂ ਕਰਨ ਅਤੇ ਦਿੱਲੀ ਵਿਚ ਹਿੰਦੂਤਵੀ ਹੁਲੜਬਾਜ਼ਾਂ ਵੱਲੋਂ ਪੱਤਰਕਾਰਾਂ ਤੇ ਵਕੀਲਾਂ 'ਤੇ ਹਮਲੇ ਹੈਂਕੜ ਦਾ ਪ੍ਰਤੀਕ ਹਨ ਜੋ ਇਸ ਦੇ ਪਤਨ ਦੇ ਹਾਲਾਤ ਸਿਰਜ ਰਿਹਾ ਹੈ। ਇਨ੍ਹਾਂ ਹਮਲਿਆਂ ਨੇ ਮੁਕਾਮੀ, ਕੌਮੀ ਤੇ ਕੌਮਾਂਤਰੀ ਪੱਧਰ 'ਤੇ ਹਿੰਦੂਤਵ ਵਿਚਾਰਧਾਰਾ ਵਿਰੁੱਧ ਪ੍ਰਦਰਸ਼ਨਾਂ ਦੀ ਲੜੀ ਖੋਲ੍ਹ ਦਿੱਤੀ ਹੈ। ਜੇ.ਐਨ.ਯੂ. ਵਿਚ ਪੈਦਾ ਹੋਈ ਸਥਿਤੀ ਨਾਲ ਸਿੱਝਣ ਦੇ ਕੇਂਦਰ ਸਰਕਾਰ ਦੇ ਢੰਗ ਵਿਰੁੱਧ ਰੋਸ ਪ੍ਰਗਟਾ ਰਹੇ ਵਿਦਿਆਰਥੀਆਂ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਭਾਜਪਾ ਦਾ ਵਿਦਿਆਰਥੀ ਵਿੰਗ) ਦੀ ਇਸ 'ਵਰਸਿਟੀ ਵਿਚਲੀ ਇਕਾਈ ਦੇ ਅਹੁਦੇਦਾਰਾਂ ਨੇ ਅਸਤੀਫ਼ਾ ਦੇ ਦਿੱਤਾ। ਏ.ਬੀ.ਵੀ.ਪੀ. ਦੀ ਜੇ.ਐਨ.ਯੂ. ਇਕਾਈ ਦੇ ਸੰਯੁਕਤ ਸਕੱਤਰ ਪ੍ਰਦੀਪ, ਏ.ਬੀ.ਵੀ.ਪੀ. ਇਕਾਈ ਦੇ ਸਮਾਜ ਸ਼ਾਸਤਰ ਸਕੂਲ ਦੇ ਪ੍ਰਧਾਨ ਰਾਹੁਲ ਯਾਦਵ ਅਤੇ ਸਕੱਤਰ ਅੰਕਿਤ ਹੰਸ ਜਨਤਕ ਤੌਰ .ਤੇ ਏ.ਬੀ.ਵੀ.ਪੀ. ਦੀ ਇਕਾਈ ਤੋਂ ਆਪਣੇ ਆਪ ਨੂੰ ਨਿਖੇੜ ਕੇ ਬਾਗ਼ੀ ਸੁਰਾਂ ਦੇ ਦਮਨ ਦੀਆਂ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਖੁੱਲ੍ਹੇਆਮ ਨੁਕਤਾਚੀਨੀ ਕਰ ਚੁੱਕੇ ਹਨ। ਤਾਜ਼ਾ ਹਮਲਿਆਂ ਵਿਰੁੱਧ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਅਧਿਆਪਕ, ਪੱਤਰਕਾਰ, ਵਕੀਲ, ਇਥੋਂ ਤਕ ਕਿ ਕਈ ਕਵੀ ਵੀ ਲਾਮਬੰਦੀ ਦੇ ਧਾਗੇ ਵਿਚ ਪਰੋਏ ਗਏ ਹਨ। ਇਸ ਦਮਨ ਚੱਕਰ ਨੇ ਵੱਖ-ਵੱਖ ਸਿਆਸੀ ਨਜ਼ਰੀਏ ਵਾਲਿਆਂ ਨੂੰ ਇੱਕ ਮੰਚ 'ਤੇ ਲਿਆ ਦਿੱਤਾ ਹੈ।

> ***ਹਿੰਦੂਤਵ ਵਿਚਾਰਧਾਰਾ ਨੇ ਭਾਰਤ ਦੇ ਧਾਰਮਿਕ ਫ਼ਿਰਕਿਆਂ ਨੂੰ ਮੂਲ ਅਤੇ ਗ਼ੈਰ-ਮੂਲ ਦੇ ਵਰਗਾਂ ਵਿਚ ਰੇਖਾਂਕਿਤ ਕਰ ਦਿੱਤਾ ਹੈ। ਇਹ ਵਿਚਾਰਧਾਰਾ ਹਿੰਦੂਵਾਦ, ਸਿੱਖਵਾਦ, ਬੁੱਧਵਾਦ ਤੇ ਜੈਨਵਾਦ ਨੂੰ ਮੂਲ ਧਰਮਾਂ ਦੇ ਕਲਾਵੇ ਵਿਚ ਲੈਂਦੀ ਹੈ। ਇਹ ਆਪਣਾ ਪ੍ਰਭਾਵ ਵਰਤ ਕੇ ਸਿੱਖਾਂ, ਬੋਧੀਆਂ ਤੇ ਜੈਨੀਆਂ ਨੂੰ ਸੰਵਿਧਾਨ ਵਿਚ ਹਿੰਦੂਆਂ ਦੇ ਵਰਗ ਵਿਚ ਹੀ ਸ਼ਾਮਲ ਕਰਵਾਉਣ ਵਿਚ ਕਾਮਯਾਬ ਰਹੀ ਸੀ।... ਇਸ ਗ਼ਲਤ ਸੰਵਿਧਾਨਕ ਧਾਰਾ ਵਿਰੁਧ ਇਹ ਤਿੰਨੇ ਫ਼ਿਰਕੇ ਵਿਰੋਧ ਦਰਜ ਕਰਵਾ ਰਹੇ ਹਨ।***

ਸੀ.ਪੀ.ਐਮ.-ਪੰਜਾਬ ਦੇ ਚੰਡੀਗੜ੍ਹ ਸਥਿਤ ਦਫ਼ਤਰ 'ਤੇ ਹਮਲੇ ਨਾਲ ਹਿੰਦੂਤਵ ਜਥੇਬੰਦੀਆਂ ਨੇ ਆਪਣੀ ਕਬਰ ਹੋਰ ਡੂੰਘੀ ਕੀਤੀ ਹੈ। ਹਮਲਾਵਰਾਂ ਨੂੰ ਖ਼ਬਰੇ ਇਹ ਇਲਮ ਨਹੀਂ ਕਿ ਪੰਜਾਬ, ਦਿੱਲੀ ਨਹੀਂ ਹੈ। ਇਹ ਸ਼ਾਇਦ ਦਿੱਲੀ ਵਿਚ ਆਪਣੇ ਕੀਤੇ ਕਾਰੇ ਦੀ ਸਜ਼ਾ ਤੋਂ ਬਚ ਜਾਣ, ਪਰ ਪੰਜਾਬ ਵਿਚ ਇਸ ਦਾ ਪਰਤਵਾਂ ਹਮਲਾ, ਜਦੋਂ ਵੀ ਹੋਇਆ, ਬਹੁਤ ਤਿੱਖਾ ਹੋਵੇਗਾ।

ਕੌਮਾਂਤਰੀ ਤੌਰ 'ਤੇ ਸਰਕਾਰ ਦੀ ਛਬੀਲੀ ਦਿੱਖ ਨੂੰ ਕੁਝ ਮਹੀਨਿਆਂ ਤੋਂ ਢਾਹ ਲੱਗੀ ਹੈ। ਸੰਸਾਰ ਭਰ ਦੇ 500 ਤੋਂ ਵੱਧ ਅਕਾਦਮੀਸ਼ੀਅਨ ਮੀਡੀਆ ਦੀ ਚਰਚਾ ਵਿਚ ਰਹੇ ਉਸ ਬਿਆਨ 'ਤੇ ਦਸਤਖ਼ਤ ਕਰ ਚੁੱਕੇ ਹਨ ਜਿਸ ਵਿਚ ਭਾਰਤ ਦੀ ਸੁਤੰਤਰਤਾ ਤੇ ਅਕਾਦਮਿਕ ਸੰਸਥਾਵਾਂ ਉਤੇ ਹਿੰਦੂਤਵ ਤੋਂ ਪ੍ਰੇਰਿਤ ਹਮਲਿਆਂ ਦੀ ਨੁਕਤਾਚੀਨੀ ਕੀਤੀ ਗਈ। ਭਾਰਤ ਦੇ ਹਿੰਦੂਕਰਨ ਦੀਆਂ ਵਧਦੀਆਂ ਕੋਸ਼ਿਸ਼ਾਂ ਤੋਂ ਮੱਧ ਪੂਰਬ ਦੇ ਮੁਸਲਿਮ ਬਹੁ-ਗਿਣਤੀ ਵਾਲੇ ਮੁਲਕਾਂ ਵਿਚ ਬੇਚੈਨੀ ਵਧ ਰਹੀ ਹੈ। ਕਈ ਪੱਛਮੀ ਵਪਾਰਕ ਕਾਰਪੋਰੇਸ਼ਨਾਂ ਨੇ ਸ਼ੁਰੂ ਵਿਚ ਭਾਵੇਂ ਬੇਰੁਚੀ ਨਾਲ ਹੀ ਸਹੀ, ਨਰੇਂਦਰ ਮੋਦੀ ਦੀ ਚੋਣ ਮੁਹਿੰਮ ਦੇ 'ਵਿਕਾਸ' ਏਜੰਡੇ ਦੀ ਜਿੱਤ ਦਾ ਸਵਾਗਤ ਕੀਤਾ ਸੀ ਪਰ ਹੁਣ ਉਹ ਭਾਰਤੀ ਸ਼ਾਸਨ ਦੀ ਵਧਦੀ ਅਸਹਿਣਸ਼ੀਲਤਾ ਨਾਲ ਸਹਿਮ ਗਈਆਂ ਹਨ ਜਿਸ ਨੇ ਉਨ੍ਹਾਂ ਨੂੰ ਯੂਰਪੀ ਇਤਿਹਾਸ ਦੇ ਨਾਜ਼ੀ ਤੇ ਫਾਸ਼ੀਵਾਦ ਦੇ ਡਰਾਉਣੇ ਸੁਪਨੇ ਚੇਤੇ ਕਰਵਾ ਦਿੱਤੇ ਹਨ।

ਜੇ.ਐਨ.ਯੂ. ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਦੀ ਗਲਤ ਗ੍ਰਿਫ਼ਤਾਰੀ ਨੇ ਆਲਮੀ ਭਾਈਚਾਰੇ ਦਾ ਧਿਆਨ ਇੰਨੇ ਵੱਡੇ ਪੱਧਰ 'ਤੇ ਖਿਚਿਆ ਹੈ ਜੋ ਸਾਡੇ ਹਾਲੀਆ ਚੇਤਿਆਂ ਵਿਚ ਹੋਈ ਕੋਈ ਹੋਰ ਗ੍ਰਿਫ਼ਤਾਰੀ ਨਹੀਂ ਖਿੱਚ ਸਕੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪਤਨ ਤੋਂ ਪਹਿਲਾਂ ਹਿੰਦੂਤਵ ਦੀ ਛਬ ਫਿੱਕੀ ਪੈ ਗਈ ਹੈ। ਕੇਂਦਰ ਦੀ ਸੱਤਾ ਹਥਿਆਉਣ ਤੋਂ ਉਪਜੀ ਹਿੰਦੂਤਵ ਹੈਂਕੜ ਹੀ ਇਸ ਖੁਣਸੀ ਗ੍ਰਿਫ਼ਤਾਰੀ ਦੀ ਜੜ੍ਹ ਹੈ। ਕਨ੍ਹੱਈਆ ਦੀ ਗ੍ਰਿਫ਼ਤਾਰੀ ਹਿੰਦੂਤਵ ਦੇ ਖੱਫਣ ਦੀ ਆਖ਼ਰੀ ਕਿੱਲ ਸਾਬਤ ਹੋ ਸਕਦੀ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਸਿੱਖੀ, ਸ਼ਾਖਾਵਾਂ ਤੇ ਸ਼ਰੀਕ

ਇਕ ਪਰਵਾਸੀ ਟੀ.ਵੀ. ਚੈਨਲ 'ਤੇ ਸਿੱਖ ਧਰਮ ਨਾਲ ਸਬੰਧਤ ਕਿਸੇ ਇਤਿਹਾਸਕ ਦਿਹਾੜੇ ਉਤੇ ਟਾਕ ਸ਼ੋਅ ਚੱਲ ਰਿਹਾ ਸੀ। ਪ੍ਰੋਗਰਾਮ ਦੇ ਪੇਸ਼ਕਾਰ, ਸਿੱਖ ਸਕਾਲਰ ਨੇ ਦਿਨੋ-ਦਿਨ ਵਧਦੇ ਜਾ ਰਹੇ ਬਾਬਾ-ਵਾਦ ਦੀ ਨਿਖੇਧੀ ਹਿੱਤ ਬਾਬੇ ਬਕਾਲੇ ਦੀਆਂ ਮੰਜੀਆਂ ਵਾਲਾ ਇਤਿਹਾਸਕ ਬਿਰਤਾਂਤ ਸੁਣਾਇਆ। ਪੰਜ ਸੌ ਦੀ ਥਾਂ ਹਰ ਗੱਦੀਦਾਰ ਮੂਹਰੇ ਪੰਜ-ਪੰਜ ਮੋਹਰਾਂ ਦਾ ਮੱਥਾ ਟੇਕਣ ਵਾਲੇ ਭਾਈ ਮੱਖਣ ਸ਼ਾਹ ਦਾ ਨਾਂ ਕਈ ਵਾਰ ਲੈ ਕੇ ਸਕਾਲਰ ਨੇ ਦੱਸਿਆ ਕਿ ਕਿਵੇਂ ਉਸ ਨੇ ਨੌਵੇਂ ਗੁਰੂ ਜੀ ਨਾਲ ਮਿਲਾਪ ਹੋਣ 'ਤੇ ਕੋਠੇ ਚੜ੍ਹ ਕੇ ਰੌਲਾ ਪਾਇਆ ਕਿ ਭਾਈ ਸੰਗਤੇ! ਆਹ ਬਾਈ ਮੰਜੀਆਂ ਲਾ ਕੇ ਮੱਥੇ ਟਿਕਾਉਣ ਵਾਲੇ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਨਹੀਂ ਹਨ। 'ਗੁਰੂ ਲਾਧੋ ਰੇ' ਦਾ ਹੋਕਾ ਦਿੰਦਿਆਂ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਿੱਖ ਜਗਤ ਦਾ ਨੌਵਾਂ ਤੇ ਅਸਲ ਗੁਰੂ ਐਲਾਨਿਆ।

ਪ੍ਰੋਗਰਾਮ ਪੇਸ਼ ਕਰਤਾ ਨੇ ਆਪਣਾ ਵਿਖਿਆਨ ਸਮਾਪਤ ਕਰਦਿਆਂ ਭਾਈ ਮੱਖਣ ਸ਼ਾਹ ਵਾਲੀ ਬਿਰਤੀ ਅਪਨਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਨੂੰ ਵੀ ਤਰ੍ਹਾਂ-ਤਰ੍ਹਾਂ ਦੇ ਸੰਤ-ਬਾਬਿਆਂ ਮਗਰ ਭੱਜਣ ਦੀ ਥਾਂ, ਸ਼ਬਦ ਗੁਰੂ ਦੇ ਆਗਿਆਕਾਰ ਬਣਨਾ ਚਾਹੀਦਾ ਹੈ। ਪ੍ਰਚਲਿਤ ਰੁਟੀਨ ਮੁਤਾਬਕ ਪ੍ਰੋਗਰਾਮ ਪੇਸ਼ ਕਰਤਾ ਨੇ ਦੱਸਿਆ ਕਿ ਪਿਆਰੇ ਦਰਸ਼ਕੋ! ਹੁਣ ਮੈਂ ਟੈਲੀਫੋਨ ਦੀਆਂ ਲਾਈਨਾਂ ਖੋਲ੍ਹ ਦਿੱਤੀਆਂ ਹਨ, ਤੁਸੀਂ ਵੀ ਅੱਜ ਦੇ ਵਿਸ਼ੇ ਮੁਤੱਲਕ ਆਪਣੇ ਵਿਚਾਰ ਦੇ ਸਕਦੇ ਹੋ।

ਪਹਿਲਾ ਹੀ 'ਕਾਲਰ' ਬੋਲਿਆ, "ਜੀ ਬਾਕੀ ਤਾਂ ਆਪ ਨੇ ਬਹੁਤ ਵਧੀਆ ਦੱਸਿਆ ਹੈ, ਪਰ ਤੁਸੀਂ ਇਕ ਗਲਤੀ ਕਈ ਵਾਰ ਕੀਤੀ ਹੈ।"

"ਇਨਸਾਨ ਗਲਤੀਆਂ ਦਾ ਪੁਤਲਾ ਹੈ ਜੀ, ਪਰ ਤੁਸੀਂ ਦੱਸ ਦਿਓ ਕ੍ਰਿਪਾ ਕਰ ਕੇ, ਕਿਹੜੀ ਗਲਤੀ ਹੋਈ ਐ ਮੇਰੇ ਕੋਲੋਂ?" ਪੇਸ਼ਕਾਰ ਨੇ ਪੁੱਛਿਆ।

"ਤੁਸੀਂ ਭਾਈ ਮੱਖਣ ਸ਼ਾਹ 'ਲੁਬਾਣਾ' ਕਿਉਂ ਨਹੀਂ ਕਿਹਾ?... ਤੁਹਾਨੂੰ ਪਤਾ ਨਹੀਂ ਕਿ ਭਾਈ ਮੱਖਣ ਸ਼ਾਹ ਲੁਬਾਣਾ ਜੀ ਦੇ ਨਾਂ 'ਤੇ ਅਨੇਕਾਂ ਸਭਾ-ਸੰਸਥਾਵਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਦਾ ਪੰਥ ਵਿਚ ਬਹੁਤ ਮਾਣ-ਸਤਿਕਾਰ ਹੈ।"

ਪ੍ਰੋਗਰਾਮ ਪੇਸ਼ਕਾਰ ਨੇ ਬੜੇ ਢੁਕਵੇਂ ਲਫ਼ਜ਼ਾਂ ਵਿਚ ਜਵਾਬ ਤਾਂ ਦੇ ਦਿੱਤਾ, ਪਰ ਸਮਾਪਤੀ ਉਪਰੰਤ ਜਦੋਂ ਮੈਂ ਕਾਲ ਕਰ ਕੇ 'ਆਫ ਦਿ ਏਅਰ' ਉਸ ਸਕਾਲਰ ਨਾਲ ਜਾਤ-ਪਾਤ 'ਤੇ ਅਟਕੀ ਹੋਈ ਸਿੱਖ ਸੋਚ ਬਾਰੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ, ਤਦ ਉਹ ਵਿਅੰਗ ਵਾਲੀ ਸੁਰ ਵਿਚ ਕਹਿਣ ਲੱਗਾ, "ਭਾਈ ਸਾਹਿਬ! ਬਾਕੀ ਦਾ ਪ੍ਰੋਗਰਾਮ ਕਰਦਿਆਂ ਮੈਨੂੰ ਤਾਂ ਇਹੀ ਫਿਕਰ ਲੱਗਾ ਰਿਹਾ ਕਿ ਕੋਈ ਸਿੱਖ ਭਰਾ ਮੈਨੂੰ ਇਹ ਨਾ ਫੋਨ ਕਰ ਦੇਵੇ ਕਿ ਤੁਸੀਂ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਤੇਗ ਬਹਾਦਰ ਸੋਢੀ ਕਿਉਂ ਨਹੀਂ ਕਿਹਾ!"

ਸਤੰਬਰ 2015 ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰਸੇ ਵਾਲੇ ਸਾਧ ਦਾ ਮੁਆਫ਼ੀਨਾਮਾ ਪ੍ਰਵਾਨ ਹੋਣ 'ਤੇ ਸਿੱਖ ਪੰਥ ਵਿਚ ਉਪਰੋਥਲੀ ਕਈ ਤਰ੍ਹਾਂ ਦੀਆਂ ਅਣ-ਸੁਖਾਵੀਆਂ ਘਟਨਾਵਾਂ ਵਾਪਰੀਆਂ। ਤਖ਼ਤਾਂ ਦੇ ਜਥੇਦਾਰਾਂ ਖ਼ਿਲਾਫ ਤਕੜਾ ਵਿਦਰੋਹ ਖੜ੍ਹਾ ਹੋਇਆ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਣ ਵਾਲੇ ਪੰਜ ਪਿਆਰਿਆਂ ਨੇ ਗੁਰਮਤਾ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਕਿ ਉਹ ਸਾਧ ਮੁਆਫੀਨਾਮਾ ਵਾਲੇ ਕਾਂਡ ਵਿਚ ਸ਼ਾਮਲ ਜਥੇਦਾਰਾਂ ਨੂੰ ਫੌਰਨ ਵਿਹਲੇ ਕਰ ਕੇ ਘਰਾਂ ਨੂੰ ਤੋਰੇ, ਇਨ੍ਹਾਂ ਦੀ ਜਗ੍ਹਾ ਨਵੇਂ ਸਿੰਘ ਸਾਹਿਬਾਨ ਨਿਯੁਕਤ ਕੀਤੇ ਜਾਣ। ਸਾਰਾ ਸਿੱਖ ਜਗਤ ਇਹ ਹੁਕਮ ਜਾਰੀ ਕਰਨ ਵਾਲੇ ਪੰਜਾਂ ਪਿਆਰਿਆਂ ਦੀ ਹਮਾਇਤ ਵਿਚ ਆ ਨਿੱਤਰਿਆ, ਪਰ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਉਲਟਾ ਇਨ੍ਹਾਂ ਪੰਜ ਪਿਆਰਿਆਂ ਨੂੰ ਹੀ ਡਿਊਟੀ ਤੋਂ ਫਾਰਗ ਕਰ ਦਿੱਤਾ।

ਇਸ ਹੈਂਕੜ ਕਾਰਨ ਸਿੱਖ ਜਗਤ ਵਿਚ ਹੋਰ ਗੁੱਸਾ ਭੜਕ ਪਿਆ। ਥਾਂ-ਥਾਂ ਇਨ੍ਹਾਂ ਪੰਜ ਪਿਆਰਿਆਂ ਨੂੰ ਸਨਮਾਨਤ ਕੀਤਾ ਜਾਣ ਲੱਗ ਪਿਆ। ਚੰਡੀਗੜ੍ਹ ਵਿਚ ਹੋਏ ਅਜਿਹੇ ਹੀ ਸਨਮਾਨ ਸਮਾਰੋਹ ਮੌਕੇ ਸੰਗਤ ਨੇ ਪੰਜਾਂ ਪਿਆਰਿਆਂ ਨੂੰ ਨਵੀਂ ਇਨੋਵਾ ਕਾਰ ਭੇਟ ਕਰ ਦਿੱਤੀ। ਇਸ ਸਮਾਗਮ ਦੀ ਖਬਰ ਫੋਟੋ ਸਮੇਤ ਸਾਰੀਆਂ ਅਖਬਾਰਾਂ ਵਿਚ ਛਪੀ। ਫੋਟੋ ਵਿਚ ਕਈ ਸਿੱਖ, ਪੰਜਾਂ ਪਿਆਰਿਆਂ ਨੂੰ ਕਾਰ ਦੀਆਂ ਚਾਬੀਆਂ ਸੌਂਪਦੇ ਨਜ਼ਰ ਆ ਰਹੇ ਸਨ।

ਸਮੁੱਚੇ ਪੰਥ ਵੱਲੋਂ ਇਹ ਮਾਣ-ਸਤਿਕਾਰ ਨਾਲ ਪੜ੍ਹੀ-ਸੁਣੀ ਜਾਣ ਵਾਲੀ ਅਹਿਮ ਖਬਰ ਸਮਝ ਕੇ ਮੈਂ ਇਸ ਨੂੰ ਆਪਣੇ ਫੇਸਬੁੱਕ ਪੇਜ ਉਤੇ ਚਾੜ੍ਹ ਦਿੱਤਾ। ਉਤੇ ਸਿਰਲੇਖ ਲਿਖ ਦਿੱਤਾ ਕਿ ਚੰਡੀਗੜ੍ਹ ਦੀ ਸੰਗਤ ਨੇ ਪੰਜਾਂ ਪਿਆਰਿਆਂ ਨੂੰ ਧਰਮ ਪ੍ਰਚਾਰ ਲਈ ਨਵੀਂ ਗੱਡੀ ਭੇਟ ਕੀਤੀ। ਮੇਰੀ ਲਿਖੀ ਇਸ 'ਸੁਰਖੀ' ਦੀ ਤਰਦੀਦ ਵਜੋਂ ਇਕ ਸੱਜਣ ਨੇ ਕੁਮੈਂਟ ਕੀਤਾ, "ਲਿਖੀ ਹੋਈ ਜਾਣਕਾਰੀ ਦਰੁਸਤ ਕਰੋ ਜੀ... ਪੰਜਾਂ ਪਿਆਰਿਆਂ ਨੂੰ ਗੱਡੀ 'ਸਾਡੀ ਜਥੇਬੰਦੀ' (ਉਸ ਨੇ ਆਪਣੀ ਜਥੇਬੰਦੀ ਦਾ ਨਾਂ ਲਿਖਿਆ) ਨੇ ਭੇਟ ਕੀਤੀ ਹੈ ਜੀ... ਫੋਟੋ ਧਿਆਨ ਨਾਲ ਦੇਖੋ, 'ਸਾਡੇ ਸਿੰਘ' ਚਾਬੀਆਂ ਫੜਾ ਰਹੇ ਸਾਫ ਨਜ਼ਰ ਆ ਰਹੇ ਹਨ।"

ਸਿੱਖ ਸ਼ਰਧਾਲੂਆਂ ਨਾਲ ਭਰੀ ਹੋਈ ਡੀ-ਲਕਸ ਬੱਸ ਦਿੱਲੀਓਂ ਪੰਜਾਬ ਨੂੰ ਚੱਲ ਪਈ। ਇਸ ਵਿਚ ਸਵਾਰ ਸਾਰੇ ਸਿੱਖ, ਜਲੰਧਰ ਲਾਗਲੇ ਸੰਤ ਦੇ ਸ਼ਰਧਾਲੂ ਹੀ ਸਨ, ਪਰ ਬੱਸ ਦੀਆਂ ਕੁਝ ਖਾਲੀ ਰਹਿੰਦੀਆਂ ਸੀਟਾਂ ਭਰਨ ਲਈ ਇਨ੍ਹਾਂ ਸੰਤ ਸੇਵਕਾਂ ਨੇ ਆਪਣੇ ਕੁਝ ਹੋਰ ਦੋਸਤ, ਪਰਿਵਾਰਾਂ ਸਮੇਤ ਨਾਲ ਜਾਣ ਲਈ ਤਿਆਰ ਕਰ ਲਏ ਜੋ ਪੰਜਾਬ ਦੇ ਸੈਰ-ਸਪਾਟੇ ਹਿੱਤ ਨਾਲ ਚੱਲੇ ਹੋਏ ਸਨ। ਨਿਰਧਾਰਤ ਸਮੇਂ 'ਤੇ ਇਹ ਬੱਸ ਜਲੰਧਰ ਲਾਗੇ ਸੰਤ ਦੇ ਡੇਰੇ ਪਹੁੰਚ ਗਈ।

ਇਕ ਰਾਤ ਤੇ ਇਕ ਦਿਨ ਇਨ੍ਹਾਂ ਨੇ ਸੰਤ ਦੇ ਡੇਰੇ ਵਿਚ ਹੋਏ ਸੰਤ ਸਮਾਗਮ ਦਾ ਖੂਬ ਅਨੰਦ ਮਾਣਿਆ। ਦੂਜੇ ਦਿਨ ਸ਼ਾਮ ਦੀ ਵਾਪਸੀ ਮੌਕੇ ਇਨ੍ਹਾਂ ਸੰਤ ਸ਼ਰਧਾਲੂਆਂ ਨਾਲ ਆਏ ਹੋਏ ਦੂਸਰੇ ਦੋਸਤਾਂ ਨੇ ਇਨ੍ਹਾਂ ਅੱਗੇ ਮਸ਼ਵਰਾ ਰੱਖਿਆ ਕਿ ਆਪਾਂ ਸਬੱਬੀਂ ਪੰਜਾਬ ਆਏ ਹੋਏ ਹਾਂ, ਘਰਾਂ ਵਿਚੋਂ ਕਿਥੇ ਨਿਕਲ ਹੁੰਦਾ ਹੈ, ਕਿਉਂ ਨਾ ਲਗਦੇ ਹੱਥ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਯਾਤਰਾ ਵੀ ਕਰ ਆਈਏ? ਆਹ ਲਾਗੇ ਹੀ ਤਾਂ ਹੈ। ਇਸ ਮਸ਼ਵਰੇ ਦਾ ਸੰਤ ਸੇਵਕਾਂ ਨੇ ਕੋਈ ਹਾਂ-ਮੁਖੀ ਹੁੰਗਾਰਾ ਨਾ ਭਰਿਆ, ਪਰ ਜਦੋਂ ਦੋਸਤਾਂ ਨੇ ਜ਼ੋਰ ਪਾ ਕੇ ਦੁਬਾਰਾ ਕਿਹਾ ਤਾਂ ਸ਼ਰਧਾਲੂ ਕਹਿੰਦੇ ਕਿ ਅੰਮ੍ਰਿਤਸਰ ਜਾਣ ਦਾ ਤਾਂ ਕੋਈ ਹਰਜ ਨਹੀਂ, ਪਰ 'ਸਾਡੇ ਸੰਤ' ਕਿਹਾ ਕਰਦੇ ਨੇ, ਭਾਈ ਜਿਸ ਅਸਥਾਨ ਦੀ ਯਾਤਰਾ ਕਰਨ ਘਰੋਂ ਮਿੱਥ ਕੇ ਤੁਰੋ, ਉਥੋਂ ਹੀ ਵਾਪਸ ਘਰੇ ਮੁੜ ਜਾਓ! ਰਾਹੀਂ-ਬਾਗੀਂ ਹੋਰ ਦੀਆਂ ਹੋਰ ਸਲਾਹਾਂ ਨਹੀਂ ਬਣਾਉਣੀਆਂ ਚਾਹੀਦੀਆਂ!

ਅੰਮ੍ਰਿਤਸਰ ਜਾਣ ਦੇ ਇੱਛਕ ਸਿੱਖ ਬੜੇ ਹੈਰਾਨ ਹੋਏ ਕਿ ਇਹ ਕੈਸਾ ਫੁਰਮਾਨ ਹੋਇਆ? ਦੋਹਾਂ ਧਿਰਾਂ ਵਿਚਾਲੇ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਆਖਰ ਫੈਸਲਾ ਹੋਇਆ ਕਿ ਅੰਮ੍ਰਿਤਸਰ ਜਾਣ ਵਾਲੇ ਅਭਿਲਾਸ਼ੀਆਂ ਨੂੰ ਨਾਲ ਲੈ ਕੇ ਸ਼ਰਧਾਲੂ-ਜਨ, ਸੰਤ ਜੀ ਤੋਂ ਇਜਾਜ਼ਤ ਲੈਣ ਜਾਣ, ਪਰ ਨਾਲ ਸ਼ਰਤ ਇਹ ਲਾਈ ਗਈ ਕਿ ਮਹਾਂਪੁਰਸ਼ ਜੋ ਆਦੇਸ਼ ਦੇਣ, ਉਸ ਨੂੰ ਸਿਰ ਮੱਥੇ ਮੰਨਿਆ ਜਾਵੇਗਾ ਤੇ ਕਿਸੇ ਤਰ੍ਹਾਂ ਦਾ ਵਾਦ-ਵਿਵਾਦ ਨਹੀਂ ਕੀਤਾ ਜਾਵੇਗਾ।

ਗਲਾਂ ਵਿਚ ਚਿੱਟੇ ਪਰਨੇ ਪਾ ਕੇ ਸ਼ਰਧਾਲੂ-ਜਨ, ਸੰਤ ਦੇ ਕਮਰੇ ਵਿਚ ਜਾ ਹਾਜ਼ਰ ਹੋਏ। ਉਸ ਵਿਸ਼ੇਸ਼ ਕਮਰੇ ਵਿਚ ਹੋਰ ਵੀ ਕਈ ਸੇਵਕ ਆਪੋ-ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਕਰਾਉਣ ਲਈ ਸੰਤ ਮੂਹਰੇ ਹੱਥ ਬੰਨ੍ਹੀ ਬੈਠੇ ਹੋਣ ਕਰ ਕੇ ਕਾਫੀ ਦੇਰ ਬਾਅਦ ਦਿੱਲੀ ਦੀ ਸੰਗਤ ਨੂੰ ਆਵਾਜ਼ ਪਾਈ। ਵਾਰ-ਵਾਰ ਹੱਥ ਘੁੱਟਦਿਆਂ ਦੱਬਵੀਂ ਜਿਹੀ ਸੁਰ ਵਿਚ ਡੇਰਾ ਸੇਵਕਾਂ ਨੇ ਆਪਣੇ ਨਾਲਦਿਆਂ ਵੱਲ ਹੱਥ ਕਰ ਕੇ ਬਾਬਾ ਜੀ ਨੂੰ ਪੁੱਛਿਆ ਕਿ 'ਇਹ' ਜਾਣਾ ਚਾਹੁੰਦੇ ਨੇ ਅੰਮ੍ਰਿਤਸਰ!

ਕਾਲੀਆਂ ਐਨਕਾਂ ਲਾਈ ਬੈਠੇ ਬਾਬਾ ਜੀ ਨੇ ਪਹਿਲਾਂ ਤਾਂ ਦਾੜ੍ਹੀ 'ਤੇ ਹੱਥ ਫੇਰਦਿਆਂ ਚਿੱਟੇ-ਚਿੱਟੇ ਦੰਦ ਕੱਢ ਕੇ ਹੱਸਦਾ ਹੋਣ ਦਾ ਭਰਮ ਜਿਹਾ ਪਾਇਆ, ਫਿਰ ਰਤਾ ਖਰ੍ਹਵੀ ਜਿਹੀ ਟੋਨ ਵਿਚ ਬੋਲੇ, "ਜਾਓ ਭਾਈ, ਜਾਓ, ਜਿਥੇ ਮਰਜ਼ੀ ਜਾਓ... ਇਹ ਮਤਲਬ ਮਹਾਰਾਜ... ਸਿੰਘ ਜੀ (ਉਸ ਡੇਰੇ ਦੇ ਵੱਡੇ ਸੰਤ ਦਾ ਨਾਂ) ਦੇ ਅਸਥਾਨ 'ਤੇ ਆ ਕੇ ਤੁਹਾਡੀ ਕੋਈ ਮਨੋ-ਕਾਮਨਾ ਪੂਰੀ ਹੋਣੋਂ ਰਹਿ ਗਈ ਹੋਵੇਗੀ?"

ਬਾਬਿਆਂ ਮੂੰਹੋਂ ਇੰਨੀ ਗੱਲ ਨਿਕਲਣ ਦੀ ਦੇਰ ਸੀ ਕਿ ਸੰਤ ਸੇਵਕ ਮੱਥਾ ਟੇਕਦੇ ਹੋਏ ਇਉਂ ਗਿੜਗਿੜਾਉਣ ਲੱਗ ਪਏ, ਜਿਵੇਂ ਕਿਤੇ ਉਨ੍ਹਾਂ ਪਾਸੋਂ ਕੋਈ ਬਹੁਤ ਭਾਰੀ ਅਵੱਗਿਆ ਹੋ ਗਈ ਹੋਵੇ। ਵਾਰ-ਵਾਰ ਖਿਮਾ-ਜਾਚਨਾ ਕਰਦਿਆਂ ਸੰਤਾਂ ਕੋਲੋਂ ਦਿੱਲੀ ਵਾਪਸੀ ਦੀ ਇਜਾਜ਼ਤ ਮੰਗੀ। ਡੇਰੇ ਦੀ 'ਬੰਨ੍ਹੀ ਹੋਈ ਮਰਿਆਦਾ' ਦੀ ਜਿੱਤ ਹੋਈ ਸਮਝਦਿਆਂ, ਮੰਦ-ਮੰਦ ਮੁਸਕਾਉਂਦੇ ਸੰਤ ਨੇ ਨਿੱਕੀ ਲੈਚੀ ਅਤੇ ਮਿਸ਼ਰੀ ਦੀਆਂ ਪੁੜੀਆਂ 'ਵਾਪਸੀ ਦੀ ਆਗਿਆ' ਵਜੋਂ ਚਰਨ ਸੇਵਕਾਂ ਦੇ ਹੱਥ ਫੜਾਈਆਂ। ਅੰਮ੍ਰਿਤਸਰ ਯਾਤਰਾ ਅਭਿਲਾਸ਼ੀ ਸੱਜਣ ਭੌਰ-ਭੌਰ ਹੋਏ ਇਹ ਸਾਰਾ ਨਾਟਕ ਦੇਖ-ਦੇਖ ਹੈਰਾਨ ਹੁੰਦੇ ਰਹੇ।

ਪ੍ਰੋ. ਮੋਹਨ ਸਿੰਘ ਨੇ 'ਸਿੱਖੀ' ਨਾਂ ਵਾਲੀ ਬੜੀ ਗਜ਼ਬ ਕਵਿਤਾ ਲਿਖੀ ਹੋਈ ਹੈ। ਆਰੇ ਦੇ ਦੰਦਿਆਂ 'ਤੇ, ਰੰਬੀ ਦੀਆਂ ਧਾਰਾਂ 'ਤੇ, ਖ਼ੈਬਰ ਦਿਆਂ ਦੱਰਿਆਂ ਵਿਚ, ਸਰਸਾ ਦੀਆਂ ਲਹਿਰਾਂ 'ਤੇ, ਸਤਲੁਜ ਦੇ ਕੰਢੇ 'ਤੇ, ਲੱਖੀ ਦੇ ਜੰਗਲਾਂ ਵਿਚ, ਰੋੜਾਂ ਵਿਚ ਰੱਕੜਾਂ ਵਿਚ, ਸਰਹੰਦ ਦੀਆਂ ਨੀਂਹਾਂ ਵਿਚ, ਜਿਥੇ ਵੀ ਲਾ ਦੇਈਏ... ਉਥੇ ਹੀ ਪਲਣ ਵਾਲੇ 'ਸਿੱਖੀ ਦੇ ਬੂਟੇ' ਦੀ ਉਪਮਾ ਵਿਚ ਲਿਖੀ ਹੋਈ ਇਸ ਕਵਿਤਾ ਦੇ ਅਖੀਰਲੇ 'ਬੰਦ' ਵਿਚ ਸ਼ਾਇਰ ਨੇ ਮਹਾਨ ਸਿੱਖੀ ਦੀਆਂ ਵੰਡੀਆਂ ਗਈਆਂ, ਫਟ ਗਈਆਂ ਅਤੇ ਤਿੜਕ ਕੇ ਬਣੀਆਂ 'ਸ਼ਾਖਾਂ ਜਾਂ ਲਗਰਾਂ' ਬਾਰੇ ਹਉਕਾ ਭਰਿਆ ਹੈ,

ਕੀ ਹੋਇਆ ਜੇ...?
ਅੱਜ ਸ਼ਾਖਾਂ ਏਸ ਦੀਆਂ
ਅੱਜ ਲਗਰਾਂ ਏਸ ਦੀਆਂ
ਆਪੋ ਵਿਚ ਪਾਟ ਗਈਆਂ
ਆਪੋ ਵਿਚ ਤਿੜਕ ਪਈਆਂ
ਕੋਈ ਪੂਰਬ ਚਲੀ ਗਈ
ਕੋਈ ਪੱਛਮ ਚਲੀ ਗਈ
ਕੋਈ 'ਪਿੰਡੀ' ਮੱਲ ਬੈਠੀ
ਕੋਈ 'ਭੈਣੀ' ਜਾ ਬੈਠੀ
ਪਰ ਮੁੱਢ ਤਾਂ ਇਕੋ ਏ
ਪਰ ਖੂਨ ਤਾਂ ਸਾਂਝਾ ਏ!

ਸੰਨ 1978 ਵਿਚ ਅਕਾਲ ਚਲਾਣਾ ਕਰ ਗਏ ਪ੍ਰੋ. ਮੋਹਨ ਸਿੰਘ ਜੇ ਅੱਜ ਜਿਉਂਦੇ ਹੁੰਦੇ ਤਾਂ ਵਰਤਮਾਨ ਸਮੇਂ ਗੁਰੂ ਸਾਹਿਬਾਨ ਦੀ ਸਾਜੀ ਨਿਵਾਜੀ ਸਿੱਖੀ ਦੀਆਂ 'ਸ਼ਾਖਾਵਾਂ' ਦਾ 'ਪੰਥਕ ਪਿਆਰ' ਦੇਖ ਕੇ, ਸ਼ਾਇਦ ਆਪਣੀ ਉਪਰੋਕਤ ਕਵਿਤਾ ਦੇ ਅਖੀਰਲੇ ਬੰਦ ਵਿਚ ਇੰਜ ਲਿਖ ਦਿੰਦੇ ਕਿ ਜਿਨ੍ਹਾਂ ਨੂੰ ਮੈਂ 'ਸ਼ਾਖਾ' ਕਹਿੰਦਾ ਰਿਹਾ, ਉਨ੍ਹਾਂ ਵਿਚੋਂ ਬਹੁਤੀਆਂ ਤਾਂ ਸਿੱਖੀ ਦੀਆਂ 'ਸ਼ਰੀਕ' ਬਣੀਆਂ ਬੈਠੀਆਂ ਹਨ।

ਸਮੰਦਰੋਂ ਕੇ ਸਫ਼ਰ ਜਿਨਕੇ ਨਾਮ ਲਿਖੇ ਥੇ
ਉਤਰ ਗਏ ਵੋਹ ਕਿਨਾਰੋਂ ਪੇ
ਕਸ਼ਤੀਆਂ ਲੇਕਰ। -ਜ਼ੁਬੈਰ ਰਿਜ਼ਵੀ

# ਪੰਜਾਬੀ ਮੀਡੀਆ ਦੀ ਰਾਜਧਾਨੀ ਜਲੰਧਰ ਤੋਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸੰਨ ਸੰਤਾਲੀ ਦੀ ਵੰਡ ਵਿਚ ਲਾਹੌਰ ਦੇ ਪਾਕਿਸਤਾਨ ਵਿਚ ਰਹਿ ਜਾਣ ਪਿੱਛੋਂ ਪੰਜਾਬ ਦੇ ਸਾਰੇ ਅਖਬਾਰ ਤੇ ਵੱਡਾ ਰੇਡੀਓ ਸਟੇਸ਼ਨ ਜਲੰਧਰ ਵਿਚ ਸਥਾਪਤ ਹੋਏ ਤੇ ਇਹ ਸ਼ਹਿਰ ਨਵੇਂ ਪੰਜਾਬ ਦੀ ਮੀਡੀਆ ਰਾਜਧਾਨੀ ਵਜੋਂ ਜਾਣਿਆ ਜਾਣ ਲੱਗਾ। 20-21 ਫਰਵਰੀ ਨੂੰ ਦੋਆਬਾ ਕਾਲਜ, ਜਲੰਧਰ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਵੱਲੋਂ ਕਰਵਾਈ ਗਈ ਦੋ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ ਨੇ ਇਸ ਤੱਥ ਨੂੰ ਮੁੜ ਤਸਦੀਕ ਕੀਤਾ ਹੈ। ਮਾਤ ਭਾਸ਼ਾ ਦਿਵਸ ਨੂੰ ਪ੍ਰਣਾਈ ਇਸ ਕਾਨਫਰੰਸ ਵਿਚ ਖੇਤਰੀ ਬੋਲੀਆਂ, ਜਨ ਸੰਚਾਰ ਤੇ ਸਮਾਜ ਦੀ ਆਪੋ ਵਿਚਲੀ ਸਾਂਝ ਦੇ ਮਹੱਤਵ ਨੂੰ ਖੂਬ ਉਘਾੜਿਆ ਗਿਆ। ਇਸ ਵਿਚ ਭਾਰਤੀ ਭਾਸ਼ਾਵਾਂ ਤੇ ਸਭਿਆਚਾਰਾਂ ਦੀ ਅਨੇਕਤਾ ਵਿਚ ਏਕਤਾ ਦੇ ਮਹੱਤਵ ਨੂੰ ਉਜਾਗਰ ਕਰਨ ਵਿਚ ਵੱਖ-ਵੱਖ ਖੇਤਰਾਂ ਦੇ ਗੀਤ, ਸੰਗੀਤ, ਫਿਲਮਾਂ, ਕੋਮਲ ਕਲਾਵਾਂ, ਘੱਟ ਗਿਣਤੀ ਵਸਨੀਕਾਂ ਦੇ ਹੱਕਾਂ ਨੂੰ ਉਘਾੜਨ ਵਾਲੀ ਅਕਾਸ਼ਵਾਣੀ, ਦੂਰਦਰਸ਼ਨ ਤੇ ਪੱਤਰਕਾਰੀ ਦੇ ਯੋਗਦਾਨ ਨੂੰ ਉਘਾੜਨ ਹਿੱਤ ਆਲ ਇੰਡੀਆ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ ਦੀ ਡਾ. ਜੈਸ਼ੀ ਦੇਸ਼ਵਾਨੀ, ਹੈਦਰਾਬਾਦ ਯੂਨੀਵਰਸਿਟੀ ਦੇ ਡਾ. ਕੰਚਨ ਕੁਮਾਰ ਮਲਿਕ, ਖੇਤੀ ਯੂਨੀਵਰਸਿਟੀ-ਲੁਧਿਆਣਾ ਦਾ ਸਰਬਜੀਤ ਸਿੰਘ, ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਰਣਬੀਰ ਸਿੰਘ ਅਤੇ ਪੰਜਾਬ ਯੂਨੀਵਰਸਿਟੀ ਦੀ ਡਾ. ਹੈਪੀ ਜੇਜੀ ਤੇ ਸਿਮਰਨਜੀਤ ਕੌਰ ਹੀ ਨਹੀਂ ਪੰਜਾਬ ਜਾਗ੍ਰਿਤੀ ਮੰਚ ਦੇ ਕਰਤਾ ਧਰਤਾ ਸਤਿਨਾਮ ਮਾਣਕ ਤੇ ਦੀਪਕ ਬਾਲੀ ਵੀ ਆਪਣੇ ਵਿਚਾਰਾਂ ਨਾਲ ਭਰਪੂਰ ਹਾਜ਼ਰੀ ਲਾਉਣ ਪੁੱਜੇ ਹੋਏ ਸਨ। ਹਾਲਾਂਕਿ ਹੋਰ ਤਿੰਨ ਦਿਨ ਪਿੱਛੋਂ ਉਨ੍ਹਾਂ ਨੇ ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਪੁੱਡੂਚੇਰੀ ਦੇ ਸਾਬਕਾ ਰਾਜਪਾਲ ਇਕਬਾਲ ਸਿੰਘ, ਅਜੀਤ ਪ੍ਰਕਾਸ਼ਨ ਸਮੂਹ ਦੇ ਬਰਜਿੰਦਰ ਸਿੰਘ ਹਮਦਰਦ, ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਪੰਜਾਬੀ ਲੇਖਕਾਂ ਦੇ ਪ੍ਰਤੀਨਿਧ ਪਿਆਰਾ ਸਿੰਘ ਭੋਗਲ ਸਮੇਤ ਦੋ ਦਰਜਨ ਹਸਤੀਆਂ ਨੂੰ



ਡਾ. ਨਰੇਸ਼ ਕੁਮਾਰ ਧੀਮਾਨ

ਨਾਲ ਲੈ ਕੇ ਲਾਸਾਨੀ ਪੰਜਾਬੀ ਜਾਗ੍ਰਿਤੀ ਮਾਰਚ ਕਰਨਾ ਸੀ।

ਦੋਆਬਾ ਕਾਲਜ ਵੱਲੋਂ ਕਰਵਾਈ ਗਈ ਇਸ ਦੋ ਦਿਨਾਂ ਕਾਨਫਰੰਸ ਵਿਚ ਡੇਢ ਦਰਜਨ ਬੁੱਧੀਜੀਵੀ ਤੇ ਵਿਦਵਾਨ ਸ਼ਰੀਕ ਹੋਏ ਜਿਨ੍ਹਾਂ ਵਿਚ ਸਭ ਤੋਂ ਵੱਧ ਗਿਣਤੀ ਜਲੰਧਰ ਵਾਲਿਆਂ ਦੀ ਸੀ। ਕਾਲਜ ਦੇ ਪ੍ਰਿੰਸੀਪਲ ਡਾ. ਨਰੇਸ਼ ਕੁਮਾਰ ਧੀਮਾਨ ਨੇ ਸਵੈ-ਰਚਾਏ 'ਧੀਮਾਨ ਯੂਨੀ ਕਨਵਰਟਰ' ਦੁਆਰਾ ਇਕ ਬਟਨ ਦੀ ਮਾਰ ਨਾਲ ਤਾਮਿਲ, ਤੈਲਗੂ, ਬੰਗਲਾ, ਕੋਚੀਨੀ, ਮਲਿਆਲਮ, ਮਰਾਠੀ, ਗੁਜਰਾਤੀ ਦੀਆਂ ਲਿਪੀਆਂ ਤੇ ਸ਼ਬਦਾਂ ਨੂੰ ਜਿਸ ਤਰ੍ਹਾਂ ਕੈਨਵਸ ਉਤੇ ਉਘਾੜਿਆ, ਉਹ ਸੱਚਮੁੱਚ ਹੀ ਹੈਰਾਨ ਕਰਨ ਵਾਲਾ ਸੀ। ਇਸ ਕਾਨਫਰੰਸ ਦੀ ਬਹੁਪੱਖੀ ਸਫਲਤਾ ਲਈ ਵਿਭਾਗ ਦੀ ਮੁਖੀ ਸਿਮਰਨ ਸਿੱਧੂ ਵਧਾਈ ਦੀ ਹੱਕਦਾਰ ਹੈ।

**ਮੁਕੰਦਪੁਰ ਦੁਆਬਾ ਜ਼ਿੰਦਾਬਾਦ:** ਬੰਗਾ, ਬਹਿਰਾਮ, ਫਗਵਾੜਾ, ਨਗਰ ਤੇ ਔੜ ਉਤਪਾਦ ਵਿਚ ਘਿਰਿਆ ਮੁਕੰਦਪੁਰ ਦਾ ਕਸਬਾ ਆਪਣੇ ਵਿੱਦਿਅਕ ਅਦਾਰਿਆਂ ਲਈ ਜਾਣਿਆ ਜਾਂਦਾ ਹੈ। ਇਥੋਂ ਦੇ ਅਮਰਦੀਪ ਹਾਇਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੁਰੂ ਹਰ ਸਹਾਇ ਸਕੂਲ ਤੇ ਸਾਧੂ ਸਿੰਘ ਸ਼ੇਰਗਿੱਲ ਅਕਾਡਮੀ ਦੇ ਵਿਦਿਆਰਥੀ ਬੀ.ਏ. ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਐਮ.ਬੀ.ਏ., ਐਮ.ਸੀ.ਏ., ਐਮ.ਕਾਮ. ਦੀ ਵਿੱਦਿਆ ਲਈ ਅਮਰਦੀਪ ਮੈਮੋਰੀਅਲ ਕਾਲਜ ਤੋਂ ਵੱਡੀਆਂ ਡਿਗਰੀਆਂ ਪ੍ਰਾਪਤ ਕਰਦੇ ਹਨ। ਇਹ ਕਾਲਜ 1994 ਵਿਚ ਗੁਰਚਰਨ ਸਿੰਘ ਸ਼ੇਰਗਿੱਲ ਨੇ ਆਪਣੇ ਬੇਟੇ ਅਮਰਦੀਪ ਦੀ ਯਾਦ ਵਿਚ ਸਥਾਪਤ ਕੀਤਾ ਸੀ ਜਿਹੜਾ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ ਜੁੜ ਚੁਕਾ ਹੈ। ਇਸ ਵਿਚ ਅਧਿਆਪਕਾਂ ਦੇ ਰਹਿਣ ਲਈ 24 ਫਲੈਟ ਹਨ ਤੇ ਲੜਕੀਆਂ ਲਈ 75 ਸੀਟਾਂ ਦਾ ਹੋਸਟਲ। ਇਲਾਕੇ ਦੇ ਪੰਜ ਹਜ਼ਾਰ ਵਿਦਿਆਰਥੀਆਂ ਨੂੰ ਵਿੱਦਿਆ ਦੇਣ ਵਾਲਾ ਇਹ ਕਸਬਾ ਕੱਲ੍ਹ ਨੂੰ ਇਥੇ ਗ੍ਰਾਮੀਣ ਵਿਕਾਸ ਵਿਸ਼ਵ ਵਿਦਿਆਲਾ ਬਣਾਉਣ ਦੇ ਸੁਪਨੇ ਲੈ ਰਿਹਾ ਹੈ।

ਇਤਿਹਾਸ ਦੇ ਝਰੋਖੇ ਰਾਹੀਂ ਵੇਖੀਏ ਤਾਂ ਇਹ ਕਸਬਾ ਖੱਬੇ ਸ਼ਾਹ, ਨਿੱਕੂ ਸ਼ਾਹ ਆਦਿ ਅਨੇਕਾਂ ਪੀਰਾਂ ਦੀ ਮਾਨਤਾ ਲਈ ਜਾਣਿਆ ਜਾਂਦਾ ਹੈ। ਦੂਰ ਨੇੜੇ ਦੀਆਂ ਮਹਿਲਾਵਾਂ ਦੀ ਕੁੱਖ ਨੂੰ ਲਾਲ ਬਖਸ਼ਣ ਕਾਰਨ ਲਾਲਾਂ ਵਾਲੇ ਪੀਰ ਦੀ ਮਾਨਤਾ ਅਖੰਡ ਭਾਰਤ ਵਿਚ ਕੰਢੀ ਦੇ ਰੱਤੇਵਾਲ ਪਿੰਡ ਤੋਂ ਲੈ ਕੇ ਪੇਸ਼ਾਵਰ ਤੱਕ ਮੰਨੀ ਜਾਂਦੀ ਸੀ। ਅੱਜ ਵੀ ਉਸ ਦੀ ਯਾਦ ਵਿਚ ਕੱਢੀਆਂ ਜਾਂਦੀਆਂ ਚੌਕੀਆਂ ਦਾ ਮੇਲਾ ਰੱਤੇਵਾਲ ਤੋਂ ਚੱਲ ਕੇ, ਗੜ੍ਹਸ਼ੰਕਰ, ਮੁਕੰਦਪੁਰ, ਬਤਾ ਪਿੰਡ, ਰੁੜਕਾ, ਸ਼ੰਕਰ ਤੇ ਤਲਵੰਡੀ ਚੌਧਰੀਆਂ ਵਿਚ ਹਰ ਥਾਂ ਪੰਜ ਤੋਂ ਦਸ ਦਿਨ ਦਾ ਟਿਕਾਣਾ ਕਰਦਾ ਭਾਰਤ-ਪਾਕਿ ਸੀਮਾ ਤੱਕ ਜਾਂਦਾ ਹੈ ਜਿੱਥੋਂ ਸੀਮਾ ਪਾਰ ਦੇ ਪੰਜਾਬੀ ਇਸ ਦੀ ਲੜੀ ਫੜ੍ਹ ਕੇ ਪੇਸ਼ਾਵਰ ਤੱਕ ਜਾਂਦੇ ਹਨ। ਹਰ ਟਿਕਾਣੇ ਉਤੇ ਪੰਜ-ਦਸ ਦਿਨ ਕੁਸ਼ਤੀਆਂ, ਕਬੱਡੀ ਤੇ ਚੰਡੋਲ ਹੀ ਨਹੀਂ ਨਿੱਕੀ ਤੋਂ ਨਿੱਕੀ ਮੁੰਦਰੀ ਤੋਂ ਵੱਡੇ ਭਾਰੀ ਗੁਰਜਾਂ ਦੀ ਵਿਕਰੀ ਵੀ ਹੁੰਦੀ ਹੈ। ਇਸ ਕਸਬੇ ਦੀ ਸੱਜਰੀ ਫੇਰੀ ਸਮੇਂ ਮੈਂ ਇਥੇ ਦੁਨੀਆਂ ਭਰ ਦੀ ਹਰ ਚੀਜ਼ ਹੀ ਵਿਕਦੀ ਨਹੀਂ ਦੇਖੀ ਸਗੋਂ ਥਾਂ ਪਰ ਥਾਂ ਮੇਲਿਆਂ ਵਾਸਤੇ ਸੁੱਖਾ ਘੋਟਦੇ ਨਿਹੰਗ ਸਿੰਘ ਵੀ ਵੇਖੇ। ਪੀਰਾਂ ਨੂੰ ਪ੍ਰਣਾਏ ਇਸ ਮੇਲੇ ਵਿਚ ਕਿਸੇ ਤਰ੍ਹਾਂ ਦੀ ਕੋਈ ਹੁਲੜਬਾਜ਼ੀ ਨਹੀਂ ਹੁੰਦੀ, ਧੁਰ ਪਾਕਿਸਤਾਨ ਦੀ ਸੀਮਾ ਤੱਕ। ਮੁਕੰਦਪੁਰ ਵਿਚ ਇਹ ਮੇਲਾ ਪੂਰੇ ਦਸ ਦਿਨ ਲੱਗਦਾ ਹੈ, ਜਿੱਥੇ ਮੇਲੀਆਂ ਦੀ ਭੀੜ ਦਾ ਕੋਈ ਅੰਤ ਨਹੀਂ ਹੁੰਦਾ। ਮੈਂ ਚੌਕੀਆਂ ਦੇ ਮੇਲੇ ਨੂੰ ਭਾਰਤ-ਪਾਕਿਸਤਾਨ ਦੀ ਸਾਂਝ ਦਾ ਪ੍ਰਤੀਕ ਮੰਨਦਾ ਹਾਂ।

**ਅੰਤਿਕਾ:** ਧਰਮ ਕੰਮੇਆਣਾ
ਲੰਘ ਜਾਂਦੀ ਸਾਰੀ ਉਮਰ ਹੈ
ਘਰ ਨੂੰ ਬਣਾਉਂਦਿਆਂ,
ਪਲ ਵਿਚ ਹੈ ਕਰਦੀ ਰਾਖ
ਇਕ ਚਿੰਗਾਰੀ ਫਸਾਦ ਦੀ।

## ਪਾਠਕਾਂ ਦੀ ਰਾਏ

### ਸਿੱਖਾਂ ਨਾਲ ਵਿਤਕਰਾ

ਪੰਜਾਬ ਟਾਈਮਜ਼ ਦੇ 20 ਫਰਵਰੀ 2016 ਦੇ ਅੰਕ ਵਿਚ 'ਸੰਪਾਦਕ ਦੀ ਡਾਕ' ਵਿਚ ਜਗਮੀਤ ਸਿੰਘ ਓਬਰਾਏ ਦੀ ਚਿੱਠੀ 'ਲਕੀਰ-ਕੁੱਟ ਸਿੱਖ ਅਤੇ ਦੁਪਾਲਪੁਰ' ਪੜ੍ਹੀ। ਉਨ੍ਹਾਂ ਲਿਖਿਆ ਹੈ ਕਿ ਭਾਰਤ ਦੀ ਆਜ਼ਾਦੀ ਦੀ ਪਰੇਡ ਵਿਚ ਸਿੱਖ ਰੈਜੀਮੈਂਟ ਦਾ ਸ਼ਾਮਲ ਨਾ ਹੋਣਾ ਕਿਡਾ ਕੁ ਮਸਲਾ ਹੈ? ਮੇਰੀ ਰਾਏ ਹੈ ਕਿ ਕੋਈ ਵੀ ਮਸਲਾ ਵੱਡਾ ਜਾਂ ਛੋਟਾ ਹਰ ਇਕ ਦੀ ਸੋਚ 'ਤੇ ਨਿਰਭਰ ਕਰਦਾ ਹੈ। ਭਾਈਚਾਰੇ ਵਿਚ ਇਹ ਚਰਚਾ ਹੈ ਕਿ ਸਿੱਖ ਰੈਜੀਮੈਂਟ ਨੂੰ ਪਰੇਡ ਤੋਂ ਦੂਰ ਰੱਖਣਾ ਸਿੱਖਾਂ ਨਾਲ ਵਿਤਕਰਾ ਹੈ। ਸਿੱਖਾਂ ਨਾਲ ਵਿਤਕਰਾ ਤਾਂ ਦੇਰ ਤੋਂ ਹੋ ਰਿਹਾ ਹੈ। ਹੱਕ, ਸੱਚ, ਇਨਸਾਫ ਤੇ ਅਣਖ ਖਾਤਰ ਕਿੰਨੇ ਹੀ ਸਿੱਖ ਸ਼ਹੀਦੀਆਂ ਪਾ ਚੁਕੇ ਹਨ। ਇਸ ਬਾਰੇ ਲੇਖ ਵਿਚ ਤਰਲੋਚਨ ਸਿੰਘ ਦੁਪਾਲਪੁਰ ਨੇ ਲਕੀਰ-ਕੁੱਟ ਲੀਡਰਾਂ ਕਰਕੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਦੀ ਗੱਲ ਛੋਹੀ ਹੈ। ਇਸ ਮਸਲੇ ਨੂੰ ਛੋਟਾ ਸਮਝਣਾ ਸ. ਓਬਰਾਏ ਦੀ ਸੌੜੀ ਸੋਚ ਦਾ ਨਤੀਜਾ ਹੈ। ਅਜਿਹਾ ਕਿਉਂ ਹੋਇਆ ਤੇ ਇਸ ਪਿਛੇ ਭਾਵਨਾ ਕੀ ਸੀ? ਇਹ ਸਮਝਣ ਦੀ ਲੋੜ ਹੈ। ਇਸ ਤੋਂ ਇਲਾਵਾ ਸਿਰਦਾਰ ਕਪੂਰ ਸਿੰਘ ਨੂੰ ਗਲਤ ਸਿੱਧ ਕਰਨਾ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੈ। ਮੇਰੀ ਜਾਚੇ, ਸਿੱਖ ਕੌਮ ਨੂੰ ਆਪਸੀ ਵਿਰੋਧ ਮਿਟਾ ਕੇ ਇਕ ਮੱਤ ਹੋਣ ਦੀ ਲੋੜ ਹੈ।

-ਮਾਸਟਰ ਨਿਰਮਲ ਸਿੰਘ ਲਾਲੀ

# ਖੱਬੇ ਪੱਖੀਆਂ ਲਈ ਨਵੇਂ ਸਿਰਿਓਂ ਸੋਚਣ ਦਾ ਮੌਕਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਤੁਸੀਂ ਕਿਸੇ ਦਾ ਵੀ ਨੁਕਸ ਕੱਢਣ ਲਈ ਆਜ਼ਾਦ ਹੁੰਦੇ ਹੋ, ਪਰ ਜਿਨ੍ਹਾਂ ਨਾਲ ਕੋਈ ਚਿਰਾਂ ਦੀ ਸਾਂਝ ਹੋਵੇ, ਉਨ੍ਹਾਂ ਬਾਰੇ ਮਾਮੂਲੀ ਜਿਹੀ ਗੱਲ ਵੀ ਸੌ ਵਾਰੀ ਸੋਚ ਕੇ ਕਰਨੀ ਪੈਂਦੀ ਹੈ। ਇਹ ਧਰਮ ਸੰਕਟ ਮੇਰੇ ਲਈ ਵੀ ਹੈ। ਸਿਹਤ ਵਿਗੜ ਜਾਣ ਤੋਂ ਪਹਿਲਾਂ ਜਦੋਂ 'ਛੀਉਝੰਬਾ' ਦਾ ਕਾਲਮ ਲਿਖਦਾ ਹੁੰਦਾ ਸਾਂ ਤਾਂ ਕਦੇ-ਕਦੇ ਕਮਿਊਨਿਸਟਾਂ ਬਾਰੇ 'ਮਿੱਠੀ ਮਸ਼ਕਰੀ' ਭਾਵੇਂ ਕਰ ਜਾਂਦਾ ਸਾਂ, ਉਂਜ ਮੈਂ ਕਮਿਊਨਿਸਟਾਂ ਦੇ ਖਿਲਾਫ ਕਦੇ ਇਸ ਵਾਸਤੇ ਨਹੀਂ ਸੀ ਲਿਖਿਆ ਕਿ ਇਨ੍ਹਾਂ ਦਾ ਰਾਹ ਕਿਸੇ ਵਕਤ ਥਿੜਕਣ ਵਾਲਾ ਹੋ ਸਕਦਾ ਹੈ, ਲੀਡਰਾਂ ਦੇ ਨੁਕਸ ਕੱਢੇ ਜਾ ਸਕਦੇ ਹਨ, ਪਰ ਜਿਸ ਸੋਚ ਨੂੰ ਪ੍ਰਣਾਏ ਹਨ, ਉਸ ਦਾ ਬੁਨਿਆਦੀ ਸਿਧਾਂਤ ਮਨੁੱਖਵਾਦੀ ਹੈ ਤੇ ਉਸ ਵਿਚ ਨੁਕਸ ਨਹੀਂ। ਥਿੜਕਣ ਦੇ ਬਾਵਜੂਦ ਉਹ ਇੱਕੋ-ਇੱਕ ਰਾਹ ਏਦਾਂ ਦਾ ਜਾਪਦਾ ਸੀ, ਤੇ ਹੁਣ ਵੀ ਜਾਪਦਾ ਹੈ, ਜਿਹੜਾ ਲੁੱਟ ਤੋਂ ਰਹਿਤ ਸਰਬ ਸਾਂਝਾ ਸਮਾਜ ਸਿਰਜਣ ਦਾ ਸੰਕਲਪ ਲੈ ਕੇ ਚੱਲਦਾ ਹੈ। ਅਧਿਆਤਮਵਾਦੀ ਵਿਚਾਰਵਾਨਾਂ ਅਤੇ ਗੁਰੂ ਸਾਹਿਬਾਨ ਨੇ ਵੀ 'ਸਭੇ ਸਾਝੀਵਾਲ ਸਦਾਇਨਿ' ਦੇ ਸੰਦੇਸ਼ ਵਿਚ ਇਸੇ ਸਰਬ ਸਾਂਝੇ ਸਮਾਜ ਦਾ ਸੰਕਲਪ ਪੇਸ਼ ਕੀਤਾ ਸੀ। ਖੱਬੇ ਪੱਖੀ ਰਾਜਨੀਤੀ ਧਰਮ ਤੋਂ ਫਾਸਲਾ ਪਾ ਕੇ ਚੱਲਦੀ ਹੈ, ਪਰ ਸੁਫਨਾ ਸਾਂਝੀਵਾਲਤਾ ਦਾ ਹੀ ਹੈ। ਇਸ ਲਈ ਮੂਲ ਰੂਪ ਵਿਚ ਮਨੁੱਖਵਾਦੀ ਹਨ।





ਇਸ ਵਾਰੀ ਲਿਖਣ ਲਈ ਜਦੋਂ ਕਲਮ ਚੁੱਕੀ ਤਾਂ ਬਹੁਤ ਵਾਰੀ ਸੋਚਿਆ ਕਿ ਖੱਬੇ ਪੱਖੀਆਂ ਨੂੰ ਲਿਖਤ ਦੀ ਭਾਵਨਾ ਸਮਝ ਆਉਣੀ ਚਾਹੀਦੀ ਹੈ, ਆਪਣੇ ਪਿਛੋਕੜ 'ਤੇ ਝਾਤ ਮਾਰਨ ਦਾ ਚੇਤਾ ਆਉਣਾ ਚਾਹੀਦਾ ਹੈ, ਤੇ ਉਨ੍ਹਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਨ੍ਹਾਂ ਨੂੰ ਚਿੜਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਾਨੂੰ ਇਹ ਲਿਖਤ ਇਸ ਵਕਤ ਦਿੱਲੀ ਵਿਚ ਪੈ ਰਹੇ ਉਸ ਧਮੱਚੜ ਕਾਰਨ ਲਿਖਣੀ ਪੈ ਰਹੀ ਹੈ, ਜਿਸ ਦਾ ਨਿਸ਼ਾਨਾ ਖੱਬੇ ਪੱਖੀਏ ਹਨ।

ਭਾਰਤ ਦੀ ਪਾਰਲੀਮੈਂਟ ਵਿਚ ਹਾਕਮ ਧਿਰ ਇਹ ਕਹਿਣ ਲੱਗ ਪਈ ਹੈ ਕਿ ਖੱਬੇ ਪੱਖੀ ਇਸ ਦੇਸ਼ ਦੀ ਤਰੱਕੀ ਦਾ ਰਾਹ ਰੋਕਣ ਵਾਲੇ 'ਪ੍ਰੇਤ' ਹਨ। ਜਿਸ ਦੇਸ਼ ਲਈ ਕਿਸੇ ਵੀ ਸਭ ਤੋਂ ਵੱਧ ਖੱਬੇ ਪੱਖੀਆਂ ਨੇ ਕੁਰਬਾਨੀਆਂ ਦਿੱਤੀਆਂ ਸਨ, ਉਸ ਦੇਸ਼ ਵਿਚ ਇਹ ਦਿਨ ਆਉਣੇ ਸਨ ਕਿ ਖੱਬੇ ਪੱਖੀਆਂ ਲਈ 'ਪ੍ਰੇਤ' ਸ਼ਬਦ ਵਰਤਿਆ ਜਾਵੇ। ਕਹਿਣ ਵਾਲੇ ਆਗੂ 'ਸਾਮ, ਦਾਮ, ਦੰਡ, ਭੇਦ' ਹਰ ਗੱਲ ਦਾ ਸਹਾਰਾ ਲੈਂਦੇ ਹਨ। ਫਿਰਕੂ ਸੋਚ ਅਧੀਨ ਘੜੀਆਂ ਗਈਆਂ ਘਾੜਤਾਂ ਏਨੀਆਂ ਜ਼ੋਰਦਾਰ ਬਣਾ ਕੇ ਪੇਸ਼ ਕੀਤੀਆਂ ਜਾ ਰਹੀਆਂ ਹਨ ਕਿ ਸਾਡੇ ਵਰਗੇ ਲੋਕਾਂ ਨੂੰ ਵੀ ਵਕਤੀ ਤੌਰ ਉਤੇ ਉਹ ਸੱਚ ਜਾਪਣ ਲੱਗਦੀਆਂ ਹਨ। ਕਨ੍ਹਈਆ ਕੁਮਾਰ ਹੋਵੇ ਜਾਂ ਉਮਰ ਖਾਲਿਦ, ਜਾਂ ਫਿਰ ਰੋਹਿਤ ਵੇਮੁਲਾ, ਇਨ੍ਹਾਂ ਸਭਨਾਂ ਨੂੰ ਇਸ ਤਰ੍ਹਾਂ ਦੇਸ਼ ਧਰੋਹੀ ਬਣਾ ਕੇ ਪੇਸ਼ ਕੀਤਾ ਜਾਣ ਲੱਗਾ ਹੈ ਕਿ ਬਚਪਨ ਵਿਚ ਸੁਣੀ ਮੇਮਣਾ ਲਈ ਜਾਂਦੇ ਬੱਚੇ ਵਾਲੀ ਕਹਾਣੀ ਯਾਦ ਆਉਂਦੀ ਹੈ, ਜਿਸ ਨੂੰ ਚਾਰ ਜਣਿਆਂ ਨੇ ਵਾਰੀ-ਵਾਰੀ ਇਹੋ ਕਿਹਾ ਕਿ ਉਸ ਕੋਲ ਮੇਮਣਾ ਨਹੀਂ, ਕੁੱਤਾ ਹੈ, ਤੇ ਉਹ ਮੇਮਣੇ ਨੂੰ ਕੁੱਤਾ ਸਮਝ ਕੇ ਸੁੱਟ ਗਿਆ ਸੀ। ਅਸੀਂ ਕਈ ਵਾਰੀ ਇਸ ਤਰ੍ਹਾਂ ਦੀ ਚੁਸਤ ਚਾਲ ਤੋਂ ਭੁਲੇਖਾ ਖਾਧਾ ਹੈ, ਸ਼ਾਇਦ ਅੱਗੋਂ ਵੀ ਖਾ ਸਕਦੇ ਹਾਂ, ਕਿਉਂਕਿ ਜਿਹੜੇ ਰਾਹ-ਦਿਖਾਵੇ ਬਣ ਸਕਦੇ ਹਨ, ਉਹ ਦਬਾਅ ਹੇਠ ਵੀ ਹਨ ਤੇ ਆਪੋ ਵਿਚ ਵੰਡੇ ਹੋਏ ਹੋਣ ਕਾਰਨ ਗੋਇਬਲਜ਼ ਨਾਲੋਂ ਵੱਧ ਬੋਲੇ ਜਾਂਦੇ ਝੂਠ ਦਾ ਇੱਕ-ਸੁਰ ਹੋ ਕੇ ਮੁਕਾਬਲਾ ਕਰਨ ਦੀ ਸਮਰੱਥਾ ਵੀ ਅਜੇ ਤੱਕ ਪੈਦਾ ਨਹੀਂ ਕਰ ਸਕੇ।

ਕਦੇ ਖੱਬੇ ਪੱਖੀ ਇਸ ਦੇਸ਼ ਵਿਚ ਇੱਕ ਵੱਡੀ ਸਿਆਸੀ ਤਾਕਤ ਹੁੰਦੇ ਸਨ। ਫਿਰ ਇਹ ਪੱਛੜ ਗਏ। ਆਖਰ ਨੂੰ ਇਹ ਦਿਨ ਆ ਗਏ, ਜਦੋਂ ਪਾਰਲੀਮੈਂਟ ਵਿਚ ਹਾਕਮ ਧਿਰ ਉਨ੍ਹਾਂ ਨੂੰ ਪ੍ਰੇਤ ਕਹਿਣ ਤੱਕ ਪਹੁੰਚ ਗਈ, ਪਰ ਇਹ ਦਿਨ ਆਉਣ ਵਿਚ ਕਿਸੇ ਵੀ ਹੋਰ ਤੋਂ ਵੱਧ ਯੋਗਦਾਨ ਖੱਬੇ ਪੱਖੀਆਂ ਦਾ ਆਪਣਾ ਹੈ। ਮਾਮੂਲੀ ਗੱਲਾਂ ਤੋਂ ਫੁੱਟ ਪੈ ਗਈ ਤਾਂ ਖੱਬੇ-ਪੱਖੀਏ ਆਪੋ ਵਿਚ ਇੱਕ ਦੂਜੇ ਨੂੰ 'ਖੱਬੂ' ਅਤੇ 'ਸੱਜੂ' ਆਖਣ ਲੱਗ ਪਏ। ਇੱਕ ਵਾਰ ਇਹ ਖੇਡ ਸ਼ੁਰੂ ਹੋਈ ਤਾਂ 'ਸੋਧਵਾਦੀਏ' ਅਤੇ 'ਨਵ-ਸੋਧਵਾਦੀਏ' ਸਮੇਤ ਬਹੁਤ ਸਾਰੇ ਸ਼ਬਦ ਇਨ੍ਹਾਂ ਖੱਬੇ ਪੱਖੀਆਂ ਨੇ ਪੰਜਾਬੀ ਭਾਸ਼ਾ ਨੂੰ 'ਅਮੀਰ' ਕਰਨ ਲਈ ਦੇ ਦਿੱਤੇ। ਸਾਂਝੇ ਦੁਸ਼ਮਣ ਸਰਮਾਏਦਾਰ ਨਾਲ ਲੜਨ ਦੀ ਥਾਂ ਆਪੋ ਵਿਚ ਇਸ ਤਰ੍ਹਾਂ ਦਾ ਆਢਾ ਲਾ ਲਿਆ ਕਿ ਕਈ ਸਾਲਾਂ ਤੱਕ ਇੱਕ ਦੂਸਰੇ ਦੇ ਨਾਂ ਨਾਲ 'ਕਾਮਰੇਡ' ਲਿਖਣ ਦੀ ਥਾਂ ਉਚੇਚ ਨਾਲ 'ਸ੍ਰੀ' ਲਿਖਿਆ ਜਾਂਦਾ ਰਿਹਾ ਸੀ। ਹੁਣ 'ਭੱਜੀਆਂ ਬਾਹੀਂ' ਗਲ਼ ਨੂੰ ਆ ਰਹੀਆਂ ਹਨ। ਸ਼ੁਕਰ ਕਰ ਸਕਦੇ ਹਾਂ ਕਿ ਖੱਬੇ ਪੱਖੀਆਂ ਦੀਆਂ 'ਭੱਜੀਆਂ ਬਾਹੀਂ' ਗਲ਼ ਨੂੰ ਆਉਣ ਲੱਗੀਆਂ ਹਨ, ਪਰ ਇਹ ਬਾਂਹਾਂ ਏਨੀ ਬੁਰੀ ਤਰ੍ਹਾਂ ਭੰਨਣ ਅਤੇ ਭੰਨਵਾਉਣ ਦੀ ਕੀ ਲੋੜ ਸੀ? ਮੁੜ ਕੇ ਮਿਲਣ ਵਿਚ ਵੀ ਬਹੁਤ ਦੇਰ ਕਰ ਦਿੱਤੀ ਗਈ ਹੈ।

ਇੱਕ ਗੱਲ ਮਸ਼ਹੂਰ ਹੈ ਕਿ ਪਿੱਛਲ-ਝਾਤ ਮਾਰਨ ਵਿਚ ਕਿਸੇ ਵੀ ਹੋਰ ਨਾਲੋਂ ਕਮਿਊਨਿਸਟ ਵੱਧ ਸਿਆਣੇ ਹੁੰਦੇ ਹਨ, ਪਰ ਇਸ ਕੰਮ ਵਿਚ ਵੀ ਆਪਣੀ ਗਲਤੀ ਨਹੀਂ ਮੰਨ ਹੁੰਦੀ, ਦੂਸਰੇ ਦੀ ਕੱਢੀ ਜਾਂਦੀ ਹੈ। ਜਦੋਂ ਇਮਾਨਦਾਰੀ ਨਾਲ ਇਹ ਵੇਖਣਾ ਹੋਵੇ ਕਿ ਅੱਜ ਵਾਲੇ ਹਾਲਾਤ ਨੂੰ ਕਮਿਊਨਿਸਟ ਕਿਉਂ ਪਹੁੰਚ ਗਏ ਤਾਂ ਫਿਰ ਪਿਛਲੇ ਜਲੌਅ ਵਾਲੇ ਦਿਨਾਂ ਦਾ ਲੇਖਾ-ਜੋਖਾ ਕਰਨ ਲਈ ਅੰਤਰਮੁਖੀ ਹੋਣ ਦੀ ਥਾਂ ਅੰਕੜਿਆਂ ਦੀ ਮਦਦ ਲੈਣੀ ਚਾਹੀਦੀ ਹੈ।

ਸਾਡੇ ਕੋਲ ਜਿਹੜੇ ਅੰਕੜੇ ਹਨ, ਜੋ ਝੁਠਲਾਏ ਨਹੀਂ ਜਾ ਸਕਦੇ, ਉਹ ਇਹ ਕਹਿੰਦੇ ਹਨ ਕਿ ਆਪਸ ਵਿਚ ਪਾਟ ਜਾਣ ਪਿੱਛੋਂ ਖੱਬੇ ਪੱਖੀਆਂ ਦਾ ਸਾਰਾ ਜ਼ੋਰ ਆਪੋ ਵਿਚ ਇੱਕ-ਦੂਸਰੇ ਦਾ ਰਾਹ ਰੋਕਣ ਉਤੇ ਲੱਗਣਾ ਸ਼ੁਰੂ ਹੋ ਗਿਆ ਸੀ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ, ਜਿਨ੍ਹਾਂ ਵਿਚੋਂ ਕੁਝ ਇੱਕ ਦੀ ਚਰਚਾ ਕਰਨ ਲਈ ਇਹ ਛੋਟਾ ਜਿਹਾ ਬੰਦਾ ਆਗਿਆ ਚਾਹੇਗਾ।

ਆਜ਼ਾਦੀ ਮਿਲਣ ਮਗਰੋਂ ਨਿਜ਼ਾਮ ਹੈਦਰਾਬਾਦ ਦੇ ਖਿਲਾਫ ਸਭ ਤੋਂ ਸਖਤ ਅਤੇ ਕੁਰਬਾਨੀਆਂ ਭਰੀ ਲੜਾਈ ਕਮਿਊਨਿਸਟਾਂ ਨੇ ਲੜੀ ਅਤੇ ਤੇਲੰਗਾਨਾ ਦੇ ਸੰਘਰਸ਼ ਪਿੱਛੋਂ ਆਂਧਰਾ ਪ੍ਰਦੇਸ਼ ਵਿਚ ਬਹੁਤ ਤਕੜੀ ਰਾਜਸੀ ਤਾਕਤ ਬਣ ਕੇ ਉਭਰੇ। ਜਦੋਂ ਪਾਟਕ ਪੈ ਗਿਆ ਤਾਂ ਦੋਵਾਂ ਦਾ ਆਪਸੀ ਆਢਾ ਦੁਸ਼ਮਣੀ ਦੀ ਹੱਦ ਤੱਕ ਪਹੁੰਚ ਗਿਆ। ਸਾਲ 1962 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਥੇ ਸਾਂਝੀ ਪਾਰਟੀ ਦੀਆਂ 51 ਸੀਟਾਂ ਅਤੇ 19.53 ਫੀਸਦੀ ਵੋਟਾਂ ਸਨ। ਪੰਜ ਸਾਲ ਬਾਅਦ ਦੋ ਥਾਂਈਂ ਪਾਟ ਗਏ ਹੋਣ ਕਰ ਕੇ ਇੱਕ ਧਿਰ ਦੀਆਂ ਮਸਾਂ ਗਿਆਰਾਂ ਸੀਟਾਂ ਤੇ 7.78 ਫੀਸਦੀ ਵੋਟਾਂ ਤੇ ਦੂਸਰੀ ਦੀਆਂ ਨੌਂ ਸੀਟਾਂ ਅਤੇ 7.61 ਫੀਸਦੀ ਵੋਟਾਂ ਰਹਿ ਗਈਆਂ ਸਨ। ਸੀਟਾਂ ਦੀ ਗੱਲ ਛੱਡ ਕੇ ਸਿਰਫ ਵੋਟਾਂ ਵੇਖੀਏ ਤਾਂ ਦੋਵਾਂ ਦੀਆਂ 19.53% ਤੋਂ ਘੱਟ ਕੇ 15.39 ਰਹਿ ਗਈਆਂ, ਪਰ ਇੱਕ ਪਾਰਟੀ ਇਸ ਗੱਲ ਲਈ ਹਿੱਕ ਥਾਪੜਦੀ ਰਹੀ ਕਿ ਸਾਡੀਆਂ 0.17% ਵੋਟਾਂ 'ਵੱਧ' ਹਨ ਤੇ ਅਸੀਂ ਵੱਡੇ ਹਾਂ, ਦੂਸਰੀ ਇਹ ਕਹਿੰਦੀ ਰਹੀ ਕਿ 'ਸਿਰਫ' 0.17% ਹੀ ਵੱਧ ਹਨ, ਸਾਥੋਂ ਬਹੁਤੇ ਅੱਗੇ ਨਹੀਂ ਜਾ ਸਕੇ। ਇਸ ਤੋਂ ਵੀ ਭੈੜੀ ਗੱਲ ਅਗਲੀ ਹੈ ਤੇ ਉਹ ਇਹ ਕਿ ਪੰਜ ਸਾਲ ਪਹਿਲਾਂ 51 ਸੀਟਾਂ ਜਿੱਤਣ ਵਾਲੇ ਖੱਬੇ ਪੱਖੀਆਂ ਨੇ 52 ਸੀਟਾਂ ਉਤੇ ਇੱਕ ਦੂਜੇ ਵਿਰੁਧ ਉਮੀਦਵਾਰ ਖੜੇ ਕਰ ਕੇ ਸਾਰੀ ਤਾਕਤ ਝੋਕੀ ਰੱਖੀ। ਉਦੋਂ ਆਪੋ ਵਿਚ ਭੇੜ ਭਿੜਨ ਵਾਲੇ ਖੱਬੇ ਪੱਖੀਏ ਉਸ ਪਿੱਛੋਂ ਕਮਜ਼ੋਰ ਪੈਂਦੇ ਗਏ ਤੇ ਅੱਜ ਇਹ ਹਾਲਤ ਹੈ ਕਿ ਉਸ ਰਾਜ ਅੰਦਰ ਆਪਣੇ ਬਲਬੂਤੇ ਕੋਈ ਸੀਟ ਜਿੱਤ ਸਕਣ ਦੀ ਸਮਰੱਥਾ ਦਾ ਦਾਅਵਾ ਕਰਨ ਲਈ ਦੋਵਾਂ ਨੂੰ ਸੌ ਵਾਰੀ ਸੋਚਣਾ ਪੈ ਜਾਂਦਾ ਹੈ।

ਦੂਸਰੀ ਮਿਸਾਲ ਉਸ ਕੇਰਲਾ ਦੀ ਹੈ, ਜਿੱਥੇ ਭਾਰਤ ਵਿਚ ਪਹਿਲੀ ਵਾਰੀ ਰਾਜ ਸਰਕਾਰ ਕਮਿਊਨਿਸਟਾਂ ਕੋਲ ਆਈ ਸੀ। ਉਥੇ 1960 ਵਿਚ ਚੋਣਾਂ ਹੋਈਆਂ ਤਾਂ ਸਾਂਝੀ ਲਹਿਰ ਦੀਆਂ 39.14 ਫੀਸਦੀ ਵੋਟਾਂ ਸਨ, ਪਰ ਜਦੋਂ ਪੰਜ ਸਾਲ ਬਾਅਦ ਦੁਫਾੜ ਹੋਣ ਪਿੱਛੋਂ ਚੋਣ ਲੜੀ, ਇੱਕ ਧਿਰ ਦੀਆਂ ਮਸਾਂ 19.87 ਫੀਸਦੀ ਤੇ ਦੂਸਰੀ ਧਿਰ ਦੀਆਂ 8.30 ਫੀਸਦੀ ਰਹਿ ਜਾਣ ਕਾਰਨ ਕੁੱਲ 28.17 ਫੀਸਦੀ ਹੋ ਗਈਆਂ ਸਨ। ਕਮਾਲ ਦੀ ਗੱਲ ਇਹ ਕਿ ਇਥੇ ਵੀ ਦੋਵਾਂ ਧਿਰਾਂ ਨੇ ਵਿਧਾਨ ਸਭਾ ਦੀਆਂ 133 ਵਿਚੋਂ 45 ਸੀਟਾਂ ਉਤੇ ਇੱਕ-ਦੂਜੇ ਵਿਰੁੱਧ ਉਮੀਦਵਾਰ ਖੜੇ ਕੀਤੇ ਸਨ। ਇਸ ਦਾ ਚੰਗਾ ਸਿੱਟਾ ਕਦੇ ਹੋਣਾ ਵੀ ਨਹੀਂ ਸੀ ਤੇ ਹੋਇਆ ਵੀ ਨਹੀਂ ਸੀ। ਇਹ ਖੱਜਲ-ਖੁਆਰੀ ਦੀ ਸ਼ੁਰੂਆਤ ਸੀ। ਇਸੇ ਤਰ੍ਹਾਂ ਬਿਹਾਰ ਵਿਚ ਪਾਟਕ ਪੈਣ ਪਿੱਛੋਂ ਹੋਈਆਂ ਅਸੈਂਬਲੀ ਚੋਣਾਂ ਵਿਚ 13 ਸੀਟਾਂ ਉਤੇ ਆਪਸੀ ਮੁਕਾਬਲਾ ਹੋ ਜਾਣ ਨਾਲ ਬਿਕਰਮਗੰਜ ਵਿਚ ਕਾਂਗਰਸੀ ਉਮੀਦਵਾਰ 11870 ਵੋਟਾਂ ਲੈ ਕੇ ਜਿੱਤ ਗਿਆ, ਜਦ ਕਿ ਇੱਕ ਖੱਬੇ ਪੱਖੀ ਧਿਰ ਦੇ ਉਮੀਦਵਾਰ ਦੀਆਂ 11415 ਵੋਟਾਂ ਸਨ ਅਤੇ ਉਹ ਸਿਰਫ 455 ਵੋਟਾਂ ਨਾਲ ਇਸ ਕਰ ਕੇ ਹਾਰ ਗਿਆ ਕਿ ਦੂਸਰੇ ਖੱਬੇ ਪੱਖੀ ਉਮੀਦਵਾਰ ਨੇ ਉਸ ਹਲਕੇ ਵਿਚੋਂ 3913 ਵੋਟਾਂ ਖਿੱਚ ਕੇ ਖਰਾਬ ਕਰ ਦਿੱਤੀਆਂ ਸਨ।

ਸਾਡੇ ਪੰਜਾਬ ਵਿਚ ਵੀ ਕਈ ਵਾਰੀ ਇਹੋ ਕੁਝ ਹੋਇਆ। ਪਾਰਟੀ ਵਿਚ ਪਾਟਕ ਪੈਣ ਪਿੱਛੋਂ ਅਟਾਰੀ, ਨੰਗਲ ਤੇ ਭਦੌੜ ਦੇ ਤਿੰਨ ਚੋਣ ਹਲਕਿਆਂ ਵਿਚ ਇੱਕ-ਦੂਸਰੇ ਵਿਰੁੱਧ ਉਮੀਦਵਾਰ ਖੜੇ ਕੀਤੇ ਤੇ ਅਟਾਰੀ ਵਾਲੀ ਸੀਟ ਤੋਂ 15,844 ਵੋਟਾਂ ਵਾਲਾ ਕਾਂਗਰਸੀ ਉਮੀਦਵਾਰ ਸਿਰਫ ਇਨ੍ਹਾਂ ਦੇ ਪਾਟਕ ਨੇ ਜਿਤਾ ਦਿੱਤਾ ਸੀ। ਇੱਕ ਖੱਬੀ ਪਾਰਟੀ ਦੇ ਉਮੀਦਵਾਰ ਨੂੰ 11624 ਵੋਟਾਂ ਮਿਲੀਆਂ ਤੇ ਦੂਸਰੀ ਦਾ ਉਮੀਦਵਾਰ ਉਥੇ 7528 ਵੋਟਾਂ ਲੈ ਗਿਆ ਸੀ। ਇਹ ਵੋਟਾਂ ਉਥੇ ਖੱਬੇ ਪੱਖੀਆਂ ਨੇ ਇੱਕੋ ਥਾਂ ਪਾਈਆਂ ਹੁੰਦੀਆਂ ਤਾਂ ਨਤੀਜਾ ਹੋਰ ਹੋਣਾ ਸੀ। ਹਾਲੇ ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਨੂਰਮਹਿਲ ਵਿਚ ਦੋ ਸਕੇ ਭਰਾਵਾਂ ਨੂੰ ਦੋ ਖੱਬੀਆਂ ਧਿਰਾਂ ਨੇ ਆਪੋ ਵਿਚ ਮੁਕਾਬਲੇ ਲਈ ਲਿਆ ਕੇ ਤਮਾਸ਼ਾ ਬਣਾ ਦਿੱਤਾ ਸੀ। ਦੋਵੇਂ ਭਰਾ ਨਾਮਣੇ ਵਾਲੇ ਮਰਹੂਮ ਆਗੂ ਦੇ ਪੁੱਤਰ ਸਨ, ਆਪਣੇ ਪਿਤਾ ਦੀ ਸ਼ਹੀਦੀ ਦਾ ਦੋਵਾਂ ਨੂੰ ਮਾਣ ਸੀ, ਪਰ ਚੋਣ ਵਿਚ ਇੱਕ ਦੂਸਰੇ ਦੇ ਮੌਢੇ ਲਾਉਣ ਲਈ ਸਾਰਾ ਜ਼ੋਰ ਲਾਈ ਗਏ ਸਨ।

ਹੁਣ ਇੱਕ ਵਕਤ ਹੈ, ਜਦੋਂ ਖੱਬੇਪਖੀਆਂ ਨੂੰ ਮੁੜ ਸੋਚਣਾ ਪਵੇਗਾ। ਸਰੀਰ ਅੰਦਰ ਜਾਨ ਨਾ ਹੋਵੇ ਤਾਂ ਖੋਖਲੇ ਕਲਬੂਤ ਤੋਂ ਇਨਕਲਾਬ ਦੇ ਨਾਅਰੇ ਲਾਉਣ ਵੇਲੇ ਬਾਂਹ ਨੂੰ ਕੜੱਲ ਪੈਣ ਦਾ ਡਰ ਹੁੰਦਾ ਹੈ। ਜਿਸਮ ਵਿਚ ਜਾਨ ਏਕੇ ਨਾਲ ਆਉਂਦੀ ਹੈ। ਪ੍ਰੋਫੈਸਰ ਮੋਹਣ ਸਿੰਘ ਨੇ ਲਿਖਿਆ ਸੀ; 'ਪਾਟੀ ਕਿਰਤ ਗੁਲਾਮੀ ਕਰਦੀ, ਜੁੜੀ ਜਿੱਤੇ ਬ੍ਰਹਿਮੰਡ ਓ ਯਾਰ'। ਇਹ ਸਿਧਾਂਤ ਸਿਰਫ ਕਿਰਤੀਆਂ ਲਈ ਨਹੀਂ, ਕਿਰਤ ਦੇ ਮੁੜ੍ਹਕੇ ਦਾ ਮੋਹ ਰੱਖਣ ਵਾਲਿਆਂ ਲਈ ਵੀ ਲਾਗੂ ਹੁੰਦਾ ਹੈ। ਅਸੀਂ ਇਹ ਸਭ ਲਿਖਣ ਦੀ ਗੁਸਤਾਖੀ ਸਿਰ ਨਾਲ ਸੋਚਣ ਵਾਲਿਆਂ ਲਈ ਕੀਤੀ ਹੈ, ਉਨ੍ਹਾਂ ਵਾਸਤੇ ਨਹੀਂ, ਜਿਹੜੇ ਚੌਥਾ ਪੈਗ ਲਾ ਕੇ ਅੱਧੀ ਰਾਤ ਇਨਕਲਾਬ ਦਾ ਨੰਬਰ ਡਾਇਲ ਕਰਨ ਲੱਗਦੇ ਹਨ। ਅਸਾਂ ਸ਼ੁਰੂ ਵਿਚ ਕਿਹਾ ਸੀ ਕਿ ਲਿਖਤ ਦੀ ਭਾਵਨਾ ਸਮਝਣੀ ਚਾਹੀਦੀ ਹੈ ਤੇ ਇਹੋ ਗੱਲ ਫਿਰ ਕਹਿਣਾ ਚਾਹੁੰਦੇ ਹਾਂ ਕਿ ਲਿਖਤ ਦੇ ਲਫਜ਼ਾਂ ਨੂੰ ਨਹੀਂ, ਲਿਖਤ ਦੇ ਵਕਤ ਵਿਚੋਂ ਕੂਕਾਂ ਮਾਰਦੀ ਭਾਵਨਾ ਨੂੰ ਸਮਝਣ ਦੀ ਲੋੜ ਹੈ।

---

**ਸੰਪਾਦਕ ਦੀ ਡਾਕ**

# 'ਪਿੰਕੀ ਦੀਆਂ ਚਿੰਘਾੜਾਂ' ਤੇ ਮੇਰਾ ਅਜੀਜ ਗੁਰਦਿਆਲ ਬੱਲ

**ਐਡੀਟਰ ਜੀ,**

ਗੁਰਦਿਆਲ ਬੱਲ, ਮੈਨੂੰ 1966 ਦੀਆਂ ਗਰਮੀਆਂ ਵਿਚ ਮਿਲਿਆ ਸੀ। ਉਦੋਂ, ਇਹ ਸਿੱਖ ਨੈਸ਼ਨਲ ਕਾਲਜ, ਸਠਿਆਲਾ ਵਿਚ ਪੜ੍ਹਦਾ ਹੁੰਦਾ ਸੀ ਤੇ ਮੈਨੂੰ ਮਿਲਣ ਮਗਰੋਂ, ਕਾਲਜ ਅੰਦਰ ਸਾਡੇ ਅੰਮ੍ਰਿਤਸਰ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਚਾਹਿਲ ਦੀ ਅਗਵਾਈ ਹੇਠ ਕੁਲਬੀਰ ਹੁੰਦਲ, ਕਰਨੈਲ ਰੰਧਾਵਾ ਅਤੇ ਗੁਰਦੇਵ ਸਿੰਘ ਬੱਲ ਵਰਗੇ ਸਾਥੀ ਵਿਦਿਆਰਥੀਆਂ ਨਾਲ ਮਿਲ ਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਮੁੱਢਲੇ ਦੌਰ ਵਿਚ ਡੱਟ ਕੇ ਕੰਮ ਕੀਤਾ ਅਤੇ 1968 ਦੇ ਵਿਦਿਆਰਥੀ ਅੰਦੋਲਨ ਨੂੰ ਕਾਮਯਾਬ ਕਰਨ 'ਚ ਹਿੱਸਾ ਪਾਇਆ। 56 ਸਾਲ ਗੁਜ਼ਰ ਜਾਣ ਪਿਛੋਂ ਵੀ ਮੇਰੇ ਨਾਲ ਗੁਰਦਿਆਲ ਦਾ ਰਿਸ਼ਤਾ ਉਵੇਂ ਹੀ ਨਵਾਂ ਨਕੋਰ ਹੈ ਜਿਵੇਂ 1966 ਵਿਚ ਸੀ, ਤੇ ਇਹ ਮੇਰਾ ਅਜ਼ੀਜ਼ ਮਿੱਤਰ ਹੈ।

ਪਿਛਲੇ ਦਿਨੀਂ ਮੈਂ 'ਪੰਜਾਬ ਟਾਈਮਜ਼' ਵਿਚ ਲੜੀਵਾਰ ਛਪਿਆ ਗੁਰਦਿਅਲ ਬੱਲ ਦਾ ਲੇਖ 'ਗੁਰਮੀਤ ਸਿੰਘ ਪਿੰਕੀ ਦੀਆਂ ਚਿੰਘਾੜਾਂ ਤੇ ਪੰਜਾਬ ਸਿਆਸਤ ਦੀਆਂ ਸਿਮਰਤੀਆਂ' ਪੜ੍ਹਿਆ ਤੇ ਮੈਨੂੰ ਇਹ ਲੇਖ ਪੰਜਾਬੀ ਪੱਤਰਕਾਰੀ ਦਾ ਸਿਖਰ ਜਾਪਦਾ ਹੈ। ਗੁਰਦਿਆਲ ਨੇ ਪੂਰੀ ਵਫਾਦਾਰੀ, ਇਮਾਨਦਾਰੀ ਤੇ ਪੂਰੀ ਜੁਰਅਤ ਨਾਲ ਇਸ ਇਤਿਹਾਸਕ ਦੌਰ ਅੰਦਰ ਕਾਂਗਰਸ ਅਤੇ ਅਕਾਲੀ ਪਾਰਟੀਆਂ ਦੀ ਬੇਅਸੂਲੀ 'ਪਾਵਰ ਪਾਲਿਟਿਕਸ' ਅਤੇ ਉਸ ਦੇ ਖੌਫਨਾਕ ਨਤੀਜਿਆਂ ਨੂੰ ਲੋਕ ਕਚਹਿਰੀ ਵਿਚ ਪੇਸ਼ ਕੀਤਾ ਹੈ। ਗੁਰਦਿਆਲ ਜਦੋਂ ਆਪਣੀ ਭਾਵੁਕਤਾ ਤੇ ਜੋਰਦਾਰ ਭਾਸ਼ਾ ਵਿਚ ਦਸਦਾ ਹੈ ਕਿ ਗਲਤ ਰਾਜਨੀਤਕ ਪੈਂਤੜਿਆਂ ਕਾਰਨ 'ਹਿੰਸਾ-ਪ੍ਰਤੀ ਹਿੰਸਾ' ਦੀ ਲਪੇਟ ਵਿਚ ਪੰਜਾਬ ਦੇ ਉਸ ਸਰਾਪੇ ਦੌਰ ਦੌਰਾਨ ਜਦੋਂ ਪੁਲਿਸ ਖਾੜਕੂ ਮੁੰਡਿਆਂ ਨੂੰ ਅਤੇ ਮੁੰਡੇ ਸਧਾਰਨ ਸ਼ੱਕ ਦੀ ਬਿਨਾ ਉਤੇ ਸਧਾਰਨ ਲੋਕਾਂ ਜਾਂ ਡਾ. ਰਵੀ ਵਰਗੇ ਵਿਦਵਾਨਾਂ ਨੂੰ ਮਾਰ ਰਹੇ ਸਨ ਤਾਂ ਕਿਵੇਂ ਸਰਕਾਰਾਂ ਇਸ ਖੂਨੀ ਖੇਡ ਨੂੰ ਮੀਸਣੀ ਚੁੱਪ ਧਾਰ ਕੇ ਵੇਖਦੀਆਂ ਰਹੀਆਂ, ਉਨ੍ਹਾਂ ਦੇ ਪਿੰਡੇ 'ਤੇ ਜੂੰ ਨਾ ਸਰਕੀ। ਜਿਨ੍ਹਾਂ ਲੋਕਾਂ ਨੇ ਹਾਅ ਦਾ ਨਾਹਰਾ ਮਾਰਿਆ, ਪੁਲਿਸ ਦੇ ਜਬਰ ਨੇ ਉਨ੍ਹਾਂ ਦਾ ਖੁਰਾ ਖੋਜ ਹੀ ਮਿਟਾ ਦਿਤਾ।

ਘਟਨਾਵਾਂ ਨੂੰ ਬਿਆਨ ਕਰਨ ਦੀ ਗੁਰਦਿਆਲ ਦੀ ਆਪਣੀ ਵਖਰੀ ਹੀ ਸ਼ੈਲੀ ਹੈ, ਜਿਵੇਂ ਕਿ ਪੰਜਾਬ ਦੇ ਦੁਖਾਂਤ ਨੂੰ ਸਪਸ਼ਟ ਕਰਨ ਲਈ, ਇਹ ਸ੍ਰੀ ਲੰਕਾ ਦੇ ਦੁਖਾਂਤ ਦਾ ਜ਼ਿਕਰ ਕਰਦਾ ਹੈ ਤੇ ਇਸੇ ਤਰ੍ਹਾਂ ਪੇਰੂ ਵਿਚ ਅਬੀਮੀਲ ਗੁਜ਼ਮੈਨ ਦੀ ਅਗਵਾਈ ਵਿਚ ਚੱਲੇ ਗੁਰੀਲਾ ਯੁਧ ਦਾ ਜ਼ਿਕਰ ਕਰਦਾ ਹੈ ਜਿਸ ਵਿਚ 70-80 ਹਜ਼ਾਰ ਨੌਜੁਆਨ ਮੁੰਡੇ-ਕੁੜੀਆਂ ਦੇ ਲਹੂ ਨਾਲ ਪੇਰੂ ਦੀ ਧਰਤੀ ਰੰਗੀ ਗਈ। ਗੁਰਦਿਆਲ ਇਸ ਦੁਖਾਂਤ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ ਆਦਮੀ ਦੀ ਰੂਹ ਕੰਬ ਉਠਦੀ ਹੈ। ਪੰਜਾਬ ਸਰਕਾਰ ਨੇ ਹਿੰਸਾ ਵਿਰੁਧ ਹਿੰਸਾ ਦੇ ਅਸੂਲ ਨੂੰ ਅਪਨਾਇਆ ਅਤੇ ਪੁਲਿਸ ਨੇ ਨਕਸਲਬਾੜੀ ਲਹਿਰ ਤੇ ਸਿੱਖ ਖਾੜਕੂ ਲਹਿਰ ਵੇਲੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨੌਜੁਆਨਾਂ ਦਾ ਘਾਣ ਕੀਤਾ।

ਗੁਰਦਿਆਲ ਦੀਆਂ 'ਸਿਮਰਤੀਆਂ' ਪੜ੍ਹਦਿਆਂ ਮੇਰੀਆਂ ਆਪਣੀਆਂ ਸਿਮਰਤੀਆਂ ਵਿਚ ਅਗਸਤ 1971 ਦੇ ਉਹ ਵੇਲੇ ਉਭਰ ਆ ਗਏ ਹਨ ਜਦੋਂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸਿਧਾਰਥ ਸ਼ੰਕਰ ਰੇਅ ਨੇ ਕਲਕੱਤਾ ਸ਼ਹਿਰ ਦੇ ਕੋਸੀਪੋਰ-ਬਾਰਾਨਗਰ ਏਰੀਏ ਵਿਚ ਹਥਿਆਰਬੰਦ ਗੁੰਡਿਆਂ ਨੂੰ 24 ਘੰਟੇ ਖੁਲ੍ਹੀ ਛੁੱਟੀ ਦੇ ਕੇ, ਇੱਕੇ ਦਿਨ ਸੈਂਕੜੇ ਨਕਸਲੀ ਕਾਰਕੁਨਾਂ ਨੂੰ ਘਰਾਂ ਵਿਚੋਂ ਚੁੱਕ ਕੇ ਕਤਲ ਕਰਵਾ ਦਿੱਤਾ ਸੀ। ਗੁਰਦਿਆਲ ਨੇ ਹਥਿਆਰਬੰਦ ਅੰਦੋਲਨਾਂ ਦੀਆਂ ਘਾਟਾਂ 'ਤੇ ਵੀ ਪੂਰੀ ਬੇਬਾਕੀ ਨਾਲ ਉਂਗਲ ਧਰੀ ਹੈ ਯਾਨਿ ਜਦੋਂ ਅਜਿਹੇ ਅੰਦੋਲਨਾਂ ਵਿਚ ਸਭ ਹੱਦਾਂ ਟੱਪਦਿਆਂ ਹਿੰਸਾ ਬੇਮੁਹਾਰ ਹੋ ਜਾਵੇ ਤਾਂ ਕਿਸ ਕਿਸਮ ਦੀਆਂ ਤ੍ਰਾਸਦੀਆਂ ਵਾਪਰਦੀਆਂ ਹਨ। ਲੇਖ ਵਿਚ ਕਈ ਇਖ਼ਲਾਕੀ ਨੁਕਤੇ ਵੀ ਉਠਾਏ ਗਏ ਹਨ ਜੋ ਵਿਚਾਰਨਯੋਗ ਹਨ।

ਇਸ ਲੇਖ ਰਾਹੀਂ ਉਸ ਕਾਲੇ ਦੌਰ ਦੀ ਇਤਿਹਾਸਕ ਸੱਚਾਈ ਨੂੰ ਲੋਕ ਕਚਹਿਰੀ ਵਿਚ ਪੇਸ਼ ਕਰ ਕੇ ਉਹ ਪੰਜਾਬ ਸਰਕਾਰ ਨੂੰ ਵੰਗਾਰਦਾ ਹੈ ਕਿ ਇਸ ਦੌਰ ਵਿਚ ਪੁਲਿਸ ਅੱਤਿਆਚਾਰ ਦੀ ਜੁਡੀਸ਼ੀਅਲ ਪੜਤਾਲ ਹੋਣੀ ਚਾਹੀਦੀ ਹੈ। ਇਸ ਸੱਚ ਨੂੰ ਲੋਕ ਕਚਹਿਰੀ ਵਿਚ ਪੇਸ਼ ਕਰਨ ਲਈ ਮੈਂ ਜ਼ਾਤੀ ਤੌਰ 'ਤੇ ਗੁਰਦਿਆਲ ਨੂੰ ਮੁਬਾਰਕਬਾਦ ਦਿੰਦਾ ਹਾਂ।

*-ਦਰਸ਼ਨ ਸਿੰਘ ਖਹਿਰਾ, ਐਡਮੰਟਨ*
*ਫੋਨ: 1-780-450-3834*

# 'ਪਿੰਕੀ ਦੀਆਂ ਚਿੰਘਾੜਾਂ': ਬੱਲ ਨੇ ਨਵੇਂ ਤੱਤ ਉਜਾਗਰ ਕੀਤੇ

ਪਿਛਲੇ ਦਿਨੀਂ 'ਪੰਜਾਬ ਟਾਈਮਜ਼' ਵਿਚ ਛਪੇ ਲੰਮੇ ਲੇਖ ਵਿਚ ਗੁਰਦਿਆਲ ਬੱਲ ਨੇ ਪੰਜਾਬ ਵਿਚ ਹਿੰਸਾ ਦੇ ਝੱਖੜ ਦਾ ਜੋ ਵਰਣਨ ਕੀਤਾ ਹੈ, ਉਸ ਨਾਲ ਬਹੁਤ ਸਾਰੇ ਨਵੇਂ ਤੱਥ ਸਾਹਮਣੇ ਆਏ ਹਨ। ਜਿਸ ਨੀਝ ਨਾਲ ਬੱਲ ਨੇ ਇਸ ਸਭ ਕੁਝ ਦਾ ਲੇਖਾ-ਜੋਖਾ ਸਾਡੇ ਸਾਹਮਣੇ ਰੱਖਿਆ, ਇਸ ਨਾਲ ਮਹਾਂਭਾਰਤ ਤੋਂ ਸ੍ਰੀ ਲੰਕਾ, ਪੇਰੂ ਵਰਗੇ ਦੇਸ਼ਾਂ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਵੀ ਮਨੁੱਖ ਵੱਲੋਂ ਆਪਣੇ ਵਿਰੋਧੀ ਵਿਚਾਰ ਰੱਖਣ ਵਾਲੇ ਮਨੁੱਖ ਨੂੰ ਤਹਿਸ-ਨਹਿਸ ਕਰਨ ਦੇ ਘਿਨੌਣੇ ਦ੍ਰਿਸ਼ਾਂ ਦੇ ਵਰਣਨ ਰਾਹੀਂ ਪੰਜਾਬ ਵਿਚਲੀ ਹਿੰਸਾ ਦਾ ਵਿਸ਼ਵ ਦੇ ਸੰਦਰਭ ਵਿਚ ਲੇਖਾ-ਜੋਖਾ ਹੋਇਆ ਹੈ।

ਨਿਰੰਕਾਰੀ ਕਾਂਡ ਦੀ ਅਸਲ ਕਹਾਣੀ ਕੀ ਸੀ, ਉਥੇ ਉਦੋਂ ਕੀ ਹੋਇਆ ਤੇ ਕਿਉਂ ਹੋਇਆ? ਕਿਸੇ ਨੂੰ ਅੱਜ ਤੱਕ ਪਤਾ ਨਹੀਂ ਹੈ। ਇਸੇ ਤਰ੍ਹਾਂ ਹੀ ਡੀ. ਐਸ. ਪੀ. ਗਿਆਨੀ ਬਚਨ ਸਿੰਘ ਦੇ 'ਅਸਲ ਕਸੂਰ' ਤੋਂ ਵੀ ਕੋਈ ਜਾਣੂ ਨਹੀਂ ਹੈ। ਬੱਲ ਨੇ ਇਹ ਗੱਲਾਂ ਦੱਸ ਕੇ ਬੜਾ ਚੰਗਾ ਕੰਮ ਕੀਤਾ ਹੈ। ਇਸੇ ਤਰ੍ਹਾਂ 47 ਦੀ ਵੰਡ ਬਾਰੇ ਇਸ਼ਤਿਆਕ ਅਹਿਮਦ ਦੀ ਖੋਜ ਪੁਸਤਕ ਦੇ ਹਵਾਲੇ ਨੇ ਨਵੀਂ ਰੌਸ਼ਨੀ ਪਾਈ ਹੈ।

ਪੰਜਾਬ ਵਿਚਲੀਆਂ ਲਹਿਰਾਂ ਪਿੱਛੇ ਸਰਗਰਮ ਮਿੱਥਾਂ ਅਤੇ ਯਥਾਰਥ ਦਾ ਸਾਰਾ ਵਰਤਾਰਾ ਸਾਹਮਣੇ ਆ ਜਾਂਦਾ ਹੈ। ਜਿਸ ਯਥਾਰਥ ਵੱਲ ਬੱਲ ਦਾ ਇਸ਼ਾਰਾ ਹੈ, ਉਹ ਇਹ ਹੈ ਕਿ ਦੁਨੀਆਂ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ। ਪ੍ਰੰਤੂ ਇਹ ਕੰਮ ਕਾਹਲੀ ਜਾਂ ਤੱਤ-ਭੜੱਥੀ ਹਿੰਸਾ ਨਾਲ ਸਿਰੇ ਨਹੀਂ ਚੜ੍ਹ ਸਕਦਾ।

ਬੱਲ ਦਾ ਲੇਖ ਹਿੰਸਾ ਦੇ ਵਰਤਾਰੇ ਨੂੰ ਸਾਡੇ ਸਾਹਮਣੇ ਰੱਖਣ ਲਈ ਬਹੁਤ ਸਾਰੇ ਪ੍ਰਮਾਣ ਦੇ ਕੇ ਇਹੋ ਇਸ਼ਾਰਾ ਦੇਣ ਦਾ ਯਤਨ ਹੈ ਕਿ ਮਨੁੱਖੀ ਸਮੱਸਿਆਵਾਂ ਦੇ ਹੱਲ ਲਈ ਇਮਾਨਦਾਰੀ ਨਾਲ ਸੋਚ ਵਿਚਾਰ ਤੋਂ ਬਿਨਾਂ ਕੋਈ ਹੱਲ ਨਹੀਂ ਹੋ ਸਕਦਾ। ਲੋਕਾਂ ਉਪਰ ਰਾਜ ਕਰਨ ਲਈ ਉਨ੍ਹਾਂ ਦੇ ਮਨ ਜਿੱਤਣ ਦੀ ਲੋੜ ਹੈ ਨਾ ਕਿ ਸਰਕਾਰੀ ਦਹਿਸ਼ਤ ਫੈਲਾਉਣ ਦੀ।

ਇਹ ਲੇਖ ਪੜ੍ਹ ਕੇ ਇਸੇ ਸਿੱਟੇ 'ਤੇ ਪਹੁੰਚਦੇ ਹਾਂ ਕਿ ਮਨੁੱਖ ਨੂੰ ਸਵਾਰਥ ਛੱਡ ਕੇ ਇੱਕ ਚੰਗਾ ਮਨੁੱਖ ਬਣ ਕੇ ਮਨੁੱਖੀ ਕਦਰਾਂ-ਕੀਮਤਾਂ ਅਪਨਾ ਕੇ, ਆਪਣੇ ਵਿਰੋਧੀਆਂ ਨਾਲ ਬੈਠ ਕੇ ਗੱਲ ਕਰਦਿਆਂ ਮੱਨੁਖੀ ਹਮਦਰਦੀ ਦੀ ਤੰਦ ਨਹੀਂ ਛੱਡਣੀ ਚਾਹੀਦੀ ਕਿਉਂਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਤੁਸੀਂ ਆਪਣੇ ਵਿਰੋਧੀਆਂ ਨੂੰ ਮਾਰ ਕੇ ਮੁਕਾ ਨਹੀਂ ਸਕਦੇ। ਸਿਰਫ ਤੇ ਸਿਰਫ ਵਿਚਾਰਾਂ ਨਾਲ ਤਬਦੀਲੀ ਤੇ ਇਨਕਲਾਬ ਦੀ ਆਸ ਕਰਨੀ ਚਾਹੀਦੀ ਹੈ। ਜਿੱਥੇ ਇਹ ਗੱਲ ਪਾਠਕਾਂ ਦੇ ਧਿਆਨ-ਗੋਚਰੇ ਲਿਆਉਣ ਵਿਚ ਬੱਲ ਕਾਮਯਾਬ ਰਿਹਾ ਹੈ, ਉਥੇ ਬਹੁਤ ਸਾਰੀਆਂ ਅਣਫੋਲੀਆਂ ਪਰਤਾਂ ਦਾ ਇਤਿਹਾਸ ਪੜ੍ਹਨ ਦੀ ਚਿੰਗਾੜੀ ਵੀ ਪਾਠਕਾਂ ਅੰਦਰ ਜਗਾ ਗਿਆ ਹੈ।

*-ਸਤਨਾਮ ਢਾਅ ਕੈਲਗਰੀ*
*ਫੋਨ: 1-403-285-6091*

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆ ਪਾਤਿਸ਼ਾਹੀਆ ਜੇ ਸਤਿਗੁਰ ਨਦਰਿ ਕਰੇਇ॥





## ਸ੍ਰੀ ਗੁਰੂ ਰਵਿਦਾਸ ਜੀ ਦੇ 639ਵੇਂ ਆਗਮਨ ਪੁਰਬ 'ਤੇ

# 16ਵਾਂ ਸਾਲਾਨਾ ਮਹਾਨ ਨਗਰ ਕੀਰਤਨ

## 13 ਮਾਰਚ 2016, ਦਿਨ ਐਤਵਾਰ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਵਸ ਮੌਕੇ ਸੈਕਰਾਮੈਂਟੋ ਵਿਚ 16ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ 13 ਮਾਰਚ 2016, ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਇਸ ਸਮਾਗਮ ਮੌਕੇ ਪੰਥ ਪ੍ਰਸਿਧ ਰਾਗੀ, ਢਾਡੀ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਗੁਰਬਾਣੀ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।

### ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 11 ਮਾਰਚ 2016 (ਸ਼ੁੱਕਰਵਾਰ)-ਸਵੇਰੇ 9 ਵਜੇ
ਨਿਸ਼ਾਨ ਸਾਹਿਬ ਦੀ ਸੇਵਾ: 12 ਮਾਰਚ 2016 (ਸਨਿਚਰਵਾਰ)-ਬਾਅਦ ਦੁਪਹਿਰ 3 ਵਜੇ
ਰੈਣ ਸਬਾਈ ਕੀਰਤਨ ਦਰਬਾਰ: 12 ਮਾਰਚ 2016 (ਸਨਿਚਰਵਾਰ)-ਸ਼ਾਮ 6 ਵਜੇ ਤੋਂ ਸ਼ੁਰੂ ਹੋਵੇਗਾ
ਭੋਗ ਸ੍ਰੀ ਅਖੰਡ ਪਾਠ: 13 ਮਾਰਚ 2016 (ਐਤਵਾਰ)-ਸਵੇਰੇ 9 ਵਜੇ
ਉਪਰੰਤ ਨਗਰ ਕੀਰਤਨ ਅਰੰਭ ਹੋਵੇਗਾ
ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਹੋਵੇਗੀ।
ਨੋਟ: 13 ਮਾਰਚ ਨੂੰ ਸਮਾਂ ਇਕ ਘੰਟਾ ਅੱਗੇ ਹੋ ਜਾਵੇਗਾ।
ਆਪਣੀਆਂ ਗੱਡੀਆਂ ਸਹੀ ਜਗ੍ਹਾ 'ਤੇ ਪਾਰਕ ਕਰੋ ਜੀ।

### ਪਹੁੰਚ ਰਹੇ ਰਾਗੀ ਜਥੇ

-ਭਾਈ ਜਸਬੀਰ ਸਿੰਘ ਖਾਲਸਾ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
-ਭਾਈ ਮਨਪ੍ਰੀਤ ਸਿੰਘ ਚੰਡੀਗੜ੍ਹ ਵਾਲੇ
ਇਸ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀ ਜਥੇ, ਢਾਡੀ ਜਥੇ, ਕਵੀਸ਼ਰ ਅਤੇ ਕਥਾਵਾਚਕ ਗੁਰਬਾਣੀ ਕੀਰਤਨ, ਸ਼ਬਦ ਵਿਆਖਿਆ ਤੇ ਇਤਿਹਾਸਕ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।



*ਭਾਈ ਜਸਬੀਰ ਸਿੰਘ ਖਾਲਸਾ*

### ਲੜੀਵਾਰ ਅਖੰਡ ਪਾਠਾਂ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 4 ਮਾਰਚ 2016 (ਸ਼ੁੱਕਰਵਾਰ)
ਭੋਗ ਸ੍ਰੀ ਅਖੰਡ ਪਾਠ: 6 ਮਾਰਚ 2016 (ਐਤਵਾਰ)
ਅਖੰਡ ਪਾਠ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਵਲੋਂ ਹੋਵੇਗੀ।

ਅਰੰਭ ਸ੍ਰੀ ਅਖੰਡ ਪਾਠ: 11 ਮਾਰਚ 2016 (ਸ਼ੁੱਕਰਵਾਰ)
ਭੋਗ ਸ੍ਰੀ ਅਖੰਡ ਪਾਠ: 13 ਮਾਰਚ 2016 (ਐਤਵਾਰ)
ਅਖੰਡ ਪਾਠ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ ਅਤੇ ਸਮੂਹ ਸੰਗਤ ਵਲੋਂ ਹੋਵੇਗੀ।

### ਕਮੇਟੀ ਮੈਂਬਰ

ਚੇਅਰਮੈਨ ਜਸਵਿੰਦਰ ਬੰਗਾ 916-796-5003
ਵਾਈਸ ਚੇਅਰਮੈਨ ਦਰਸ਼ਨ ਵਿਰਕ 916-228-0540
ਪ੍ਰਧਾਨ ਜੋਗਿੰਦਰ ਚੁੰਬਰ 916-582-1611
ਮੀਤ ਪ੍ਰਧਾਨ ਸਤਨਾਮ ਮੰਢਾਲੀ 916-803-0108
ਮੀਤ ਪ੍ਰਧਾਨ ਬਲਵਿੰਦਰ ਰੱਲ੍ਹ 916-425-2707
ਸਟੇਜ ਸਕੱਤਰ ਜੀਵਨ ਰੱਤੂ 916-256-9393
ਸਟੇਜ ਸਕੱਤਰ ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ ਰਾਜ ਬੱਧਣ 916-601-3842
ਕੈਸ਼ੀਅਰ ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ ਸੁਰਿੰਦਰ ਮੱਲ 916-849-8530
ਕੈਸ਼ੀਅਰ ਮਨਜੀਤ ਭਾਰਦਵਾਜ 916-743-5012
ਲੋਕ ਸੰਪਰਕ ਸਕੱਤਰ ਜਸਵੰਤ ਸ਼ੀਮਾਰ 916-293-6030
ਮੇਂਟੀਨੈਂਸ ਇੰਚਾਰਜ ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ ਮਹਿੰਦਰ ਧਾਮੀ 916-470-9163

*ਗੁਰੂ ਘਰ ਦੀ ਨਵੀਂ ਇਮਾਰਤ ਦਾ ਕੰਮ ਜਲਦੀ ਸ਼ੁਰੂ ਹੋਣ ਵਾਲਾ ਹੈ। ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਕਾਰਜ ਵਿਚ ਯੋਗਦਾਨ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

*ਨਗਰ ਕੀਰਤਨ ਦੌਰਾਨ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਕਰਨ ਲਈ ਸੰਪਰਕ ਕਰੋ: ਗੁਰੂ ਘਰ 916-992-1710, ਜੱਸੀ ਬੰਗਾ 916-796-5003, ਜੋਗਿੰਦਰ ਚੁੰਬਰ 916-582-1611, ਦਰਸ਼ਨ ਵਿਰਕ 916-228-0540, ਬਲਵਿੰਦਰ ਰੱਲ੍ਹ 916-425-2705, ਸਤਨਾਮ ਮੰਢਾਲੀ 916-803-0108, ਜਸਵੰਤ ਜੱਸੀ ਸ਼ੀਮਾਰ 916-293-6030 ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ (916-992-1710) ਜਾਂ ਜੋਅ ਚੁੰਬਰ (916-582-1611) ਨਾਲ ਸੰਪਰਕ ਕਰੋ ਜੀ*

# ਮੁੰਬਈ 'ਚ ਗਾਖਲ ਭਰਾਵਾਂ ਦੀ ਫਿਲਮ 'ਵਿਸਾਖੀ ਲਿਸਟ' ਦਾ ਪੋਸਟਰ ਜਾਰੀ

**ਸੈਨ ਫਰਾਂਸਿਸਕੋ (ਐਸ ਅਸ਼ੋਕ ਭੌਰਾ):** ਜੀ ਬੀ ਐਂਟਰਟੇਨਮੈਂਟ ਅਤੇ ਗਾਖਲ ਭਰਾਵਾਂ ਦੀ ਪਹਿਲੀ ਪੰਜਾਬੀ ਫਿਲਮ 'ਵਿਸਾਖੀ ਲਿਸਟ' 22 ਅਪਰੈਲ ਨੂੰ ਸਿਨਮਾ ਖਿੜਕੀ 'ਤੇ ਦਸਤਕ ਦੇਵੇਗੀ। ਹਾਲ ਹੀ ਵਿਚ ਅਮਰੀਕਾ ਤੋਂ ਮੁੰਬਈ ਪੁੱਜੇ ਅਮੋਲਕ ਸਿੰਘ ਗਾਖਲ ਨੇ ਜੂਹੂ ਵਿਚ ਇਕ ਪੱਤਰਕਾਰ ਸੰਮੇਲਨ ਦੌਰਾਨ ਫਿਲਮ ਦਾ ਪੋਸਟਰ ਜਾਰੀ ਕਰਦਿਆਂ ਕਿਹਾ ਕਿ 'ਵਿਸਾਖੀ ਲਿਸਟ' ਪੰਜਾਬੀ ਫਿਲਮ ਉਦਯੋਗ ਲਈ ਇਕ ਸਾਰਥਿਕ ਤੇ ਉਦੇਸ਼ ਭਰਪੂਰ ਫਿਲਮ ਹੋਵੇਗੀ ਅਤੇ ਸਿਹਤਮੰਦ ਮਨੋਰੰਜਨ ਪੰਜਾਬੀ ਦਰਸ਼ਕਾਂ ਦੀ ਝੋਲੀ ਪਵੇਗਾ। ਉਨ੍ਹਾਂ ਕਿਹਾ ਕਿ ਫਿਲਮ ਦਾ ਟਰੇਲਰ 7 ਮਾਰਚ ਨੂੰ ਰਿਲੀਜ਼ ਕੀਤਾ ਜਾ ਰਿਹਾ ਹੈ।

ਪੋਸਟਰ ਜਾਰੀ ਕਰਦਿਆਂ ਫਿਲਮ ਵਿਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਪ੍ਰਸਿੱਧ ਬਾਲੀਵੁਡ ਅਦਾਕਾਰ ਜਿੰਮੀ ਸ਼ੇਰਗਿੱਲ ਅਤੇ ਸੁਨੀਲ ਗਰੋਵਰ ਉਰਫ ਗੁੱਥੀ ਨੇ ਕਿਹਾ ਕਿ ਇਸ ਫਿਲਮ ਵਿਚ ਕੰਮ ਕਰਕੇ ਉਨ੍ਹਾਂ ਨੂੰ ਸੁਆਦ ਹੀ ਨਹੀਂ ਆਇਆ ਸਗੋਂ ਗਾਖਲ ਭਰਾਵਾਂ ਨਾਲ ਵਿਚਰ ਕੇ ਵੀ ਇਕ ਵੱਖਰਾ ਅਨੰਦ ਮਿਲਿਆ ਹੈ। ਫਿਲਮ ਦਾ ਨਿਰਦੇਸ਼ਨ ਸਮੀਪ ਕੰਗ ਦਾ ਹੈ ਅਤੇ ਨਿਰਮਾਤਾ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਹਨ ਜਦਕਿ ਸੰਗੀਤ ਜੈਦੇਵ ਕੁਮਾਰ ਨੇ ਦਿੱਤਾ ਹੈ।




## ਭਾਈ ਚਮਨਦੀਪ ਸਿੰਘ ਲਾਲ ਦਾ ਸਨਮਾਨ

**ਸੀਰੀਜ਼ (ਬਿਊਰੋ):** ਗੁਰਦੁਆਰਾ ਮਾਡੈਸਟੋ ਸੀਰੀਜ਼ ਵਿਖੇ ਇਕ ਵਿਸ਼ੇਸ਼ ਕੀਰਤਨ ਦਰਬਾਰ ਕਰਵਾਇਆ ਗਿਆ। ਪੰਥ ਪ੍ਰਸਿਧ ਕੀਰਤਨੀਆਂ ਭਾਈ ਮਨਜੀਤ ਸਿੰਘ, ਭਾਈ ਅਮਰਜੀਤ ਸਿੰਘ ਅਤੇ ਭਾਈ ਦਰਸ਼ਨ ਸਿੰਘ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਭਾਈ ਚਰਨਜੀਤ ਸਿੰਘ ਲਾਲ, ਭਾਈ ਸੋਹਨਜੀਤ ਸਿੰਘ, ਬਾਬਾ ਭਗਵਾਨ ਸਿੰਘ ਫਰਿਜ਼ਨੋ ਅਤੇ ਭਾਈ ਹਰਵਿੰਦਰਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



ਸੰਜਨਾ ਪ੍ਰਭਾਕਰ
ਸੀਨੀਅਰ ਮਾਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ? ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

email: sanjana.prabhakar@gmail.com



ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390

Arcus LENDING America's Premier Mortgage Experts
Arcus NMLS # 1035734

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

Work with her preferred realtor and save money on real estate closing cost.

HIGH QUALITY PICTURE
HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਚੋਣਾਂ

# ਸੰਗਤ ਨੂੰ ਪੰਥਕ ਸਲੇਟ ਦੀ ਹਮਾਇਤ ਕਰਨ ਦੀ ਅਪੀਲ

## ਪੰਥਕ ਸਲੇਟ ਦੇ ਉਮੀਦਵਾਰ


ਭਾਈ ਜਸਵਿੰਦਰ ਸਿੰਘ ਜੰਡੀ


ਭਾਈ ਨਿਰਮਲ ਸਿੰਘ ਖਾਲਸਾ


ਭਾਈ ਅਮਰਜੀਤ ਸਿੰਘ


ਭਾਈ ਭੁਪਿੰਦਰ ਸਿੰਘ ਰੰਧਾਵਾ


ਭਾਈ ਹਰਬੰਸ ਸਿੰਘ

ਸਿੱਖ ਯੂਥ ਅਮਰੀਕਾ ਅਤੇ ਇਲਾਕੇ ਦੇ ਉਘੇ ਸਿੱਖ ਆਗੂਆਂ ਨੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ 13 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਪੰਥਕ ਸਲੇਟ ਦੇ ਉਮੀਦਵਾਰਾਂ-ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਨਿਰਮਲ ਸਿੰਘ ਬਾਠ, ਭਾਈ ਭੁਪਿੰਦਰ ਸਿੰਘ ਰੰਧਾਵਾ, ਭਾਈ ਅਮਰਜੀਤ ਸਿੰਘ ਅਤੇ ਭਾਈ ਹਰਬੰਸ ਸਿੰਘ ਦੀ ਤਨ, ਮਨ, ਧਨ ਨਾਲ ਮਦਦ ਕਰਨ ਦਾ ਭਰੋਸਾ ਦਿੰਦਿਆਂ ਸੰਗਤਾਂ ਨੂੰ ਪੰਥਕ ਸਲੇਟ ਦੇ ਹੱਕ ਵਿਚ ਫਤਵਾ ਦੇਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਹੈ ਕਿ ਭਾਈ ਜੰਡੀ ਦੀਆਂ ਪੰਥਕ ਸੇਵਾਵਾਂ ਕਿਸੇ ਤੋਂ ਭੁਲੀਆਂ ਨਹੀਂ, ਭਾਈ ਜੰਡੀ ਉਨ੍ਹਾਂ ਕੁਝ ਸ਼ਖਸੀਅਤਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਕੈਲੀਫੋਰਨੀਆ ਵਿਚ ਪੰਥਕ ਪਲੇਟਫਾਰਮਾਂ ਦਾ ਮੁੱਢ ਬੰਨਿਆ। ਇਸੇ ਤਰ੍ਹਾਂ ਭਾਈ ਨਿਰਮਲ ਸਿੰਘ ਖਾਲਸਾ ਉਹ ਸ਼ਖਸੀਅਤ ਹਨ ਜੋ ਨਿਸ਼ਕਾਮ ਸੇਵਕ ਵਜੋਂ ਪਿਛਲੇ 30 ਸਾਲਾਂ ਤੋਂ ਗੁਰੂ ਘਰ ਦੀ ਸੇਵਾ ਕਰਦੇ ਆ ਰਹੇ ਹਨ। ਨਿਮਰਤਾ ਦੀ ਮਿਸਾਲ ਇਸ ਤੋਂ ਵੱਡੀ ਕੋਈ ਨਹੀਂ ਹੋ ਸਕਦੀ ਕਿ ਜਦੋਂ ਭਾਈ ਨਿਰਮਲ ਸਿੰਘ ਬਾਠ ਆਪ ਗੁਰੂ ਘਰ ਦੇ ਪ੍ਰਧਾਨ ਸਨ, ਉਸ ਸਮੇਂ ਵੀ ਸੰਗਤਾਂ ਦੇ ਭਾਂਡੇ ਹੀ ਮਾਂਜਦੇ ਸਨ।

ਸਾਡੀ ਸਮੁੱਚੇ ਪੰਥ ਅੱਗੇ ਬੇਨਤੀ ਹੈ ਕਿ ਗੁਰੂ ਘਰ ਫਰੀਮਾਂਟ ਨੂੰ ਮੁੜ ਪੰਥਕ ਲੀਹਾਂ ਉਤੇ ਲਿਆਉਣ ਲਈ ਸੰਗਤਾਂ ਨੂੰ ਆਪਸ ਵਿਚ ਜੋੜਨ ਲਈ ਖਾਲਸਾ ਜੀ ਕੇ ਬੋਲ ਬਾਲਿਆ ਲਈ ਪੰਥਕ ਸਲੇਟ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕਿ ਅਗਲੇ ਦੋ ਸਾਲ ਲਈ ਸੇਵਾ ਦਾ ਮੌਕਾ ਦਿਓ ਜੀ।

## ਬੇਨਤੀ ਕਰਤਾ


ਮਨਜੀਤ ਸਿੰਘ ਉਪਲ


ਭਜਨ ਸਿੰਘ ਭਿੰਡਰ


ਹਰਮਿੰਦਰ ਸਿੰਘ ਸਮਾਣਾ


ਸੁਖਮਿੰਦਰ ਸਿੰਘ ਮਾਂਗਟ


ਗੁਰਤੇਜ ਸਿੰਘ ਓਲੀਪੀਅਨ


ਜਗਰੂਪ ਸਿੰਘ


ਗੁਰਜੀਤ ਸਿੰਘ ਧਾਮੀ


ਬਹਾਦਰ ਸਿੰਘ ਧਾਮੀ


ਇੰਦਰਜੀਤ ਸਿੰਘ ਬੈਂਸ


ਮਾਈਕ ਬੋਪਾਰਾਏ


ਅਨਿੰਦਰਪਾਲ ਸਿੰਘ ਬੱਬੂ


ਮਹਿਲ ਸਿੰਘ


ਜਸਵੀਰ ਤੱਖਰ

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

# ਮੌਜੂਦਾ ਪ੍ਰਬੰਧਕਾਂ ਵਲੋਂ ਹਿਸਾਬ-ਕਿਤਾਬ ਆਡਿਟ ਕਰਵਾਉਣ ਦੇ ਦਾਅਵੇ ਦਾ ਹੀਜ-ਪਿਆਜ

## ਆਡਿਟ ਕਰਨ ਵਾਲੀ ਕੰਪਨੀ ਕੋਲ ਕੈਲੀਫੋਰਨੀਆ ਲਾਈਸੈਂਸ ਹੀ ਨਹੀਂ

ਸਾਧ ਸੰਗਤ ਜੀ, ਸਿੱਖ ਪੰਚਾਇਤ ਦੇ ਨੁਮਾਇੰਦੇ ਮੌਜੂਦਾ ਪ੍ਰਬੰਧਕ ਅਤੇ ਸਿੱਖ ਪੰਚਾਇਤ ਵਲੋਂ ਸੁਪਰੀਮ ਕੌਂਸਲ ਲਈ ਉਮੀਦਵਾਰ ਭਾਈ ਜਗਦੇਵ ਸਿੰਘ ਅਤੇ ਭਾਈ ਗੁਰਿੰਦਰ ਸਿੰਘ ਸੰਗਤ ਨੂੰ ਸਟੇਜ ਤੋਂ ਵਾਰ ਵਾਰ ਕਹਿੰਦੇ ਆ ਰਹੇ ਹਨ ਕਿ ਗੁਰਦੁਆਰਾ ਸਾਹਿਬ ਦਾ ਹਿਸਾਬ-ਕਿਤਾਬ ਬਿਲਕੁਲ ਸਹੀ ਹੈ ਅਤੇ ਆਡਿਟ ਕਰਵਾਇਆ ਗਿਆ ਹੈ ਪਰ:

* ਜਿਸ ਕੰਪਨੀ ਤੋਂ ਆਡਿਟ ਕਰਵਾਇਆ ਗਿਆ, ਉਸ ਦਾ ਲਾਈਸੈਂਸ ਹੀ ਕੈਂਸਲ ਹੈ। (ਦੇਖੋ ਹੇਠਾਂ ਦਿੱਤੀਆਂ ਦਸਤਾਵੇਜ਼ਾਂ ਦੀਆਂ ਨਕਲਾਂ)
* ਸ਼ਾਇਦ ਇਸੇ ਕਰ ਕੇ **Audit** ਰਿਪੋਰਟ ਨਹੀਂ, ਸੰਗਤ ਨੂੰ **Consolidated Financial Statement** ਦਿੱਤੀ ਗਈ ਹੈ।

ਸਾਧ ਸੰਗਤ ਜੀ, ਤੁਸੀਂ ਆਪ ਹੀ ਨਿਰਣਾ ਕਰੋ ਕਿ ਪ੍ਰਬੰਧਕਾਂ ਨੂੰ ਭਲਾ ਕੋਈ ਬਾਕਾਇਦਾ ਲਾਈਸੈਂਸਸ਼ੁਦਾ ਸੀ ਪੀ ਏ ਕਿਉਂ ਨਹੀਂ ਲੱਭਾ? ਕੀ ਉਨ੍ਹਾਂ ਨੂੰ ਲਾਈਸੈਂਸ ਕੈਂਸਲ ਕਰਵਾ ਚੁਕੇ ਸੀ ਪੀ ਏ ਦੀ ਇਸ ਕਰ ਕੇ ਲੋੜ ਪਈ ਕਿ ਉਨ੍ਹਾਂ ਨੇ ਸੰਗਤ ਪਾਸੋਂ ਕੁਝ ਲੁਕਾਉਣਾ ਸੀ? ਉਨ੍ਹਾਂ ਤੋਂ ਇਹ ਜ਼ਰੂਰ ਪੁਛਿਆ ਜਾਵੇ।

* ਜਦੋਂ ਗੁਰਦੁਆਰਾ ਸਾਹਿਬ ਦੀ ਗੱਲ ਆਉਂਦੀ ਹੈ ਤਾਂ ਕੀ ਸੱਚ ਨੂੰ ਪਹਿਲ ਦੇਣੀ ਚਾਹੀਦੀ ਹੈ ਜਾਂ ਫਿਰ ਫਰਾਡ ਨੂੰ।
* ਜਰਾ ਗੰਭੀਰਤਾ ਨਾਲ ਸੋਚਿਆ ਜਾਵੇ ਕਿ ਕੀ ਸਿੱਖ ਪੰਚਾਇਤ ਦੇ ਉਮੀਦਵਾਰ ਤੁਹਾਡੀ ਵੋਟ ਦੇ ਹੱਕਦਾਰ ਹਨ?
* ਕੀ ਤੁਹਾਨੂੰ ਅਜਿਹੇ ਪ੍ਰਬੰਧਕਾਂ ਦੀ ਸਲੇਟ ਨੂੰ ਵੋਟ ਪਾਉਣਾ ਚੰਗਾ ਲੱਗੇਗਾ ਜਿਨ੍ਹਾਂ ਨੂੰ ਨਾ ਗੁਰੂ ਦਾ ਡਰ ਹੈ ਅਤੇ ਨਾ ਹੀ ਸੰਗਤ ਦਾ?


California Board of Accountancy - License Lookup Page 1 of 1

CA.GOV

Department of Consumer Affairs

California Board of Accountancy

| | |
|---|---|
| Licensee Name: | CHUKS L. IHEKE ACCOUNTANCY CORPORATION |
| License Type: | CPA - Corporation |
| License Number: | 5268 |
| License Status: | CANCELED Definition |
| Expiration Date: | May 31, 2013 |
| Issue Date: | May 08, 2003 |
| Address: | 39270 PASEO PADRE PARKWAY STE 250 |
| City: | FREMONT |
| State: | CA |
| Zip: | 94538 |
| County: | ALAMEDA |
| Disciplinary Actions/License Restrictions: | No |

No records returned

This information is updated Monday through Friday - Last updated: FEB-26-2016


GURDWARA SAHIB FREMONT, INC.

INDEPENDENT AUDITORS' REPORT ON

CONSOLIDATED FINANCIAL STATEMENTS

For the years ended December 31, 2012 and 2013

Table of Contents

| | Page |
|---|---|
| Independent Auditor's Report | 1 |
| Statements of Financial Position | 3 |
| Statements of Activities | 4 |
| Statements of Cash Flows | 5 |
| Description of Organization and Other Significant Information | 6 |

ਗੁਰਦੁਆਰਾ ਫਰੀਮਾਂਟ ਦੀ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਪੰਥਕ ਸਲੇਟ ਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦਿੱਤਾ ਜਾਵੇ ਤਾਂ ਜੋ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸਹੀ ਅਤੇ ਪਾਰਦਰਸ਼ੀ ਤਰੀਕੇ ਨਾਲ ਚਲਾਇਆ ਜਾ ਸਕੇ।

### ਪੰਥਕ ਸਲੇਟ ਦੇ ਉਮੀਦਵਾਰ


ਭਾਈ ਜਸਵਿੰਦਰ ਸਿੰਘ ਜੰਡੀ


ਭਾਈ ਨਿਰਮਲ ਸਿੰਘ ਖਾਲਸਾ


ਭਾਈ ਅਮਰਜੀਤ ਸਿੰਘ


ਭਾਈ ਭੁਪਿੰਦਰ ਸਿੰਘ ਰੰਧਾਵਾ


ਭਾਈ ਹਰਬੰਸ ਸਿੰਘ

ਜਾਰੀ ਕਰਤਾ: ਗੁਰਚਰਨ ਸਿੰਘ ਮਾਨ, ਫੋਨ:510-797-7989

*Paid ad on behalf the advertiser who is responsible for the contents and not Punjab Times.*

# ਗੁਰਦੁਆਰਾ ਫਰੀਮਾਂਟ-ਸੁਪਰੀਮ ਕੌਂਸਲ ਚੋਣਾਂ

## ਭਾਈ ਜਸਵਿੰਦਰ ਸਿੰਘ ਜੰਡੀ ਦੀ ਅਗਵਾਈ ਵਾਲੀ ਪੰਥਕ ਸਲੇਟ ਨੂੰ ਮਿਲ ਰਿਹਾ ਹੈ ਭਾਰੀ ਸਮਰਥਨ




### ਪੰਥਕ ਸਲੇਟ ਦੇ ਉਮੀਦਵਾਰ



ਭਾਈ ਜਸਵਿੰਦਰ ਸਿੰਘ ਜੰਡੀ | ਭਾਈ ਨਿਰਮਲ ਸਿੰਘ ਖਾਲਸਾ | ਭਾਈ ਅਮਰਜੀਤ ਸਿੰਘ | ਭਾਈ ਭੁਪਿੰਦਰ ਸਿੰਘ ਰੰਧਾਵਾ | ਭਾਈ ਹਰਬੰਸ ਸਿੰਘ




Advt.

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ

**ਸਹੋਤਾ ਭਰਾਵਾਂ**

ਵਲੋਂ ਸਮੂਹ ਸੰਗਤਾਂ ਨੂੰ

**ਸਿੱਖ ਪੰਚਾਇਤ ਸਲੇਟ**

ਦੀ ਡਟਵੀਂ ਹਮਾਇਤ ਕਰਨ ਦੀ

# ਅਪੀਲ

## ਸਿੱਖ ਪੰਚਾਇਤ SIKH PANCHAYAT



ਅਰਵਿੰਦਰ ਕੌਰ
ARVINDER KAUR



ਜਸਦੇਵ ਸਿੰਘ
JASDEV SINGH



ਗੁਰਿੰਦਰ ਸਿੰਘ
GURINDER SINGH



ਹਰਿੰਦਰਪਾਲ ਸਿੰਘ
HARINDER PAL SINGH



ਪਰਮਿੰਦਰ ਸਿੰਘ
PARMINDER SINGH

ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿਚ ਸਿੱਖ ਪੰਚਾਇਤ ਸਲੇਟ ਵਲੋਂ ਬਹੁਤ ਹੀ ਸੂਝਵਾਨ, ਸਿੱਖੀ ਨੂੰ ਸਮਰਪਿਤ, ਪੜ੍ਹੇ ਲਿਖੇ ਅਤੇ ਪੰਥਕ ਸੋਚ ਵਾਲੇ ਉਮੀਦਵਾਰਾਂ ਨੂੰ ਸੰਗਤਾਂ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ ਹੈ। ਇਹਨਾਂ ਉਮੀਦਵਾਰਾਂ ਤੇ ਸਹਿਮਤੀ ਦੀ ਮੋਹਰ ਲਗਾਉਂਦੇ ਹੋਏ ਸਹੋਤਾ ਭਰਾਵਾਂ

**ਜਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ**

ਵਲੋਂ ਸਿੱਖ ਪੰਚਾਇਤ ਸਲੇਟ ਦੀ ਹਮਾਇਤ ਕਰਦਿਆਂ ਸਮੂਹ ਸੰਗਤਾਂ ਨੂੰ ਸਿੱਖ ਪੰਚਾਇਤ ਸਲੇਟ ਨੂੰ ਗੁਰੂਘਰ ਦੇ ਪ੍ਰਬੰਧਾਂ ਦੀ ਸੇਵਾ ਸੌਂਪੇ ਜਾਣ ਦੀ ਅਪੀਲ ਕੀਤੀ ਜਾਂਦੀ ਹੈ।

## ਜਾਰੀ ਕਰਤਾ

**ਜਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ**



ਜਗਰਾਜ ਸਿੰਘ ਸਹੋਤਾ



ਨਰਿੰਦਰ ਸਿੰਘ ਸਹੋਤਾ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ

## ਗਾਖਲ ਭਰਾਵਾਂ

ਵਲੋਂ ਸਮੂਹ ਸੰਗਤਾਂ ਨੂੰ

## ਸਿੱਖ ਪੰਚਾਇਤ ਸਲੇਟ

ਦੀ ਡਟਵੀਂ ਹਮਾਇਤ ਕਰਨ ਦੀ

# ਅਪੀਲ

## ਸਿੱਖ ਪੰਚਾਇਤ SIKH PANCHAYAT



ਅਰਵਿੰਦਰ ਕੌਰ
ARVINDER KAUR



ਜਸਦੇਵ ਸਿੰਘ
JASDEV SINGH



ਗੁਰਿੰਦਰ ਸਿੰਘ
GURINDER SINGH



ਹਰਿੰਦਰਪਾਲ ਸਿੰਘ
HARINDER PAL SINGH



ਪਰਮਿੰਦਰ ਸਿੰਘ
PARMINDER SINGH

ਸਿੱਖ ਪੰਚਾਇਤ ਸਲੇਟ ਵਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿਚ ਸਿੱਖ ਪੰਥ ਨੂੰ ਸਮਰਪਿਤ, ਸਾਬਤ ਸੂਰਤ, ਪੜ੍ਹੇ ਲਿਖੇ, ਬੁੱਧੀਜੀਵੀ, ਸਿੱਖ ਮਸਲਿਆਂ ਨੂੰ ਸਮਝਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀਵਨ ਸਮਰਪਿਤ ਕਰ ਚੁੱਕੇ ਉਮੀਦਵਾਰ ਚੋਣਾਂ ਮੈਦਾਨ ਵਿਚ ਉਤਾਰੇ ਗਏ ਹਨ। ਇਸ ਲਈ ਗਾਖਲ ਭਰਾਵਾਂ

## ਸ੍ਰ. ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ

ਵਲੋਂ ਸਿੱਖ ਪੰਚਾਇਤ ਸਲੇਟ ਦੀ ਡਟਵੀਂ ਹਮਾਇਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ।



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

## ਜਾਰੀ ਕਰਤਾ

ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ



ਕਬੱਡੀ ਦੇ ਸਾਬਕਾ ਕੌਮਾਂਤਰੀ ਖਿਡਾਰੀ ਸਰਵਣ ਸਿੰਘ ਬੱਲ ਦੀ ਭਰਜਾਈ ਬੀਬੀ ਰਣਬੀਰ ਕੌਰ ਬੱਲ ਜੋ ਪਿਛਲੀ ਵਾਰ ਵਿਰੋਧੀ ਸਲੇਟ ਦੀ ਉਮੀਦਵਾਰ ਸਨ, ਇਸ ਵਾਰ ਸਿੱਖ ਪੰਚਾਇਤ ਸਲੇਟ ਦੀ ਹਮਾਇਤ ਤੇ ਹਨ। ਜ਼ਿਕਰਯੋਗ ਹੈ ਕਿ ਬੀਬੀ ਬੱਲ ਕਬੱਡੀ ਪ੍ਰੋਮੋਟਰ ਅਤੇ ਉੱਘੇ ਬਿਜ਼ਨਸਮੈਨ ਸ੍ਰ. ਅਮੋਲਕ ਸਿੰਘ ਗਾਖਲ ਦੇ ਭੂਆ ਜੀ ਹਨ।

# ਭਾਸ਼ਾ ਵਹਿੰਦਾ ਨੀਰ...



## ਝੁੰਪਾ ਲਾਹਿੜੀ ਦਾ ਇਤਾਲਵੀ ਨਾਲ ਪੇਚਾ ਇਨ ਅਦਰ ਵਰਡਸ

ਕਲਾ ਪਰਿਕਰਮਾ

ਜਗਜੀਤ ਸਿੰਘ ਸੇਖੋਂ

ਕਿਸੇ ਵੀ ਲੇਖਕ ਦਾ ਭਾਸ਼ਾ ਨਾਲ ਰਿਸ਼ਤਾ ਬੜਾ ਗਹਿਰਾ ਹੁੰਦਾ ਹੈ। ਇਸ ਰਿਸ਼ਤੇ ਵਿਚ ਸਭਿਆਚਾਰ ਦੀਆਂ ਕਣੀਆਂ ਆਪ-ਮੁਹਾਰੇ ਹੀ ਆਣ ਜੁੜਦੀਆਂ ਹਨ ਅਤੇ ਅਗਾਂਹ ਵਿਸਥਾਰ ਲੈਂਦੀਆਂ ਰਹਿੰਦੀਆਂ ਹਨ। ਸੰਸਾਰ ਸਾਹਿਤ ਵਿਚ ਕਈ ਅਜਿਹੇ ਲੇਖਕ ਹਨ ਜੋ ਭਾਸ਼ਾ ਦੇ ਬੰਧਨ ਤੋਂ ਪਾਰ ਜਾ ਕੇ ਦੁਨੀਆਂ ਨਾਲ ਗੱਲਾਂ ਕਰਦੇ ਹਨ। ਅਜਿਹੀ ਹੀ ਇਕ ਲੇਖਕਾ ਹੈ ਅਮਰੀਕਾ ਵੱਸਦੀ ਲੇਖਕਾ ਝੁੰਪਾ ਲਾਹਿੜੀ ਜਿਸ ਨੇ ਸਾਹਿਤ ਦੇ ਖੇਤਰ ਵਿਚ ਹੁਣ ਇਕ ਹੋਰ ਮੱਲ ਮਾਰੀ ਹੈ। ਉਸ ਨੇ ਇਤਾਲਵੀ ਵਿਚ ਕਿਤਾਬ ਲਿਖੀ ਹੈ ਜਿਸ ਦਾ ਅੰਗਰੇਜ਼ੀ ਅਨੁਵਾਦ 'ਇਨ ਅਦਰ ਵਰਡਸ' ਹਾਲ ਹੀ ਵਿਚ ਛਪ ਕੇ ਆਇਆ ਹੈ।

ਝੁੰਪਾ ਦਾ ਪਿਛੋਕੜ ਬੰਗਾਲ ਦਾ ਹੈ। ਉਹ ਲੰਡਨ ਵਿਚ ਜੰਮੀ ਅਤੇ ਅਮਰੀਕਾ ਵਿਚ ਪਲੀ ਹੈ; ਪਰ ਉਹਨੇ ਪਿਛਲੇ 20 ਸਾਲ ਤੋਂ ਇਤਾਲਵੀ ਨਾਲ ਸਾਂਝ ਵਾਲਾ ਰਿਸ਼ਤਾ ਬਣਾਇਆ ਹੋਇਆ ਹੈ। ਉਸ ਦਾ ਆਖਣਾ ਹੈ ਕਿ ਇਤਾਲਵੀ ਵਿਚ ਲਿਖਣਾ ਔਖਾ ਤਾਂ ਸੀ, ਪਰ ਉਸ ਨੂੰ ਅਨੰਦ ਬਹੁਤ ਆਇਆ। ਉਹ ਆਖਦੀ ਹੈ, "ਅੰਗਰੇਜ਼ੀ ਦੇ ਮੁਕਾਬਲੇ ਮੇਰੀ ਇਤਾਲਵੀ ਬਹੁਤ ਜ਼ਿਆਦਾ ਕਮਜ਼ੋਰ ਹੈ, ਪਰ ਇਹ ਇਕੋ-ਇਕ ਭਾਸ਼ਾ ਹੈ ਜਿਸ ਵਿਚ ਮੈਂ ਲਗਾਤਾਰ ਲਿਖਦੀ ਰਹੀ ਹਾਂ। ਇਤਾਲਵੀ ਵਿਚ ਲਿਖਣਾ ਮੇਰੀ ਆਪਣੀ ਪਸੰਦ ਸੀ। ਮੈਨੂੰ ਲੱਗਿਆ ਕਿ ਇਸ ਭਾਸ਼ਾ ਦੀ ਤੰਦ ਕਿਤੇ ਤਾਂ ਕਿਤੇ ਮੇਰੀਆਂ ਆਂਦਰਾਂ ਨਾਲ ਜੁੜੀ ਹੋਈ ਹੈ। ਲਗਦਾ ਹੈ, ਜਿਵੇਂ ਤੁਸੀਂ ਕਿਸੇ ਸ਼ਖ਼ਸ ਨੂੰ ਪਹਿਲੀ ਵਾਰ ਮਿਲੇ ਹੋ; ਕੋਈ ਤਰੰਗ ਉਡਦੀ ਹੈ; ਇਹ ਪਹਿਲੀ ਨਜ਼ਰੇ ਪਿਆਰ ਪੈ ਜਾਣ ਵਾਲੀ ਹੀ ਕੋਈ ਗੱਲ ਹੈ।"

ਯਾਦ ਰਹੇ ਕਿ ਝੁੰਪਾ ਲਾਹਿੜੀ ਇਤਾਲਵੀ ਪਰਚੇ 'ਇੰਟਰਨੈਸ਼ਨਲ' ਲਈ ਲਗਾਤਾਰ ਲਿਖਦੀ ਰਹੀ ਹੈ ਅਤੇ ਇਨ੍ਹਾਂ ਲਿਖਤਾਂ ਨੂੰ ਜੋੜ ਕੇ ਹੀ ਹੁਣ ਉਸ ਨੇ 'ਇਨ ਅਦਰ ਵਰਡਸ' ਵਾਲੀ ਕਿਤਾਬ ਤਿਆਰ ਕੀਤੀ ਹੈ। ਗਲਪ ਰਚਨਾਵਾਂ ਤੋਂ ਬਾਅਦ 'ਇਨ ਅਦਰ ਵਰਡਸ' ਉਸ ਦੀ ਪਹਿਲੀ ਵਾਰਤਕ ਪੁਸਤਕ ਹੈ। ਇਹ ਅਸਲ ਵਿਚ ਉਸ ਦੀ ਭਾਸ਼ਾਈ ਸਵੈ-ਜੀਵਨੀ ਹੋ ਨਿਬੜੀ ਹੈ। ਇਸ ਵਿਚ ਉਹ ਇਤਾਲਵੀ ਭਾਸ਼ਾ ਨਾਲ ਆਪਣੇ ਰਿਸ਼ਤੇ ਨਾਲ ਆਪਣਾ ਰਿਸ਼ਤਾ ਬੰਨ੍ਹਦੀ ਹੈ ਅਤੇ ਇਤਾਲਵੀ ਬਾਰੇ ਆਪਣੀਆਂ ਗੱਲਾਂ ਕਰਦੀ-ਕਰਦੀ ਜੀਵਨ ਦੀਆਂ ਹੋਰ ਗੱਲਾਂ ਛੋਹ ਬਹਿੰਦੀ ਹੈ।

ਝੁੰਪਾ ਲਾਹਿੜੀ ਉਦੋਂ ਦੋ ਸਾਲ ਦੀ ਸੀ ਜਦੋਂ ਉਸ ਦੇ ਮਾਪੇ ਲੰਡਨ ਤੋਂ ਅਮਰੀਕਾ ਵਿਚ ਆ ਵਸੇ। ਉਸ ਦਾ ਪਿਤਾ ਅਮਰ ਲਾਹਿੜੀ ਰ੍ਹੋਡ ਆਈਲੈਂਡ ਯੂਨੀਵਰਸਿਟੀ ਵਿਚ ਲਾਈਬਰੇਰੀਅਨ ਸੀ। ਉਥੇ ਹੀ ਝੁੰਪਾ ਨੇ 'ਇੰਟਰਪ੍ਰੇਟਰ ਆਫ਼ ਮੈਲੈਡੀਜ਼' ਨਾਂ ਦੀ ਕਿਤਾਬ ਛਪਵਾਈ। 2003 ਵਿਚ ਉਸ ਦਾ ਨਾਵਲ 'ਨੇਮਸੇਕ' ਛਪਿਆ ਸੀ। 10 ਸਾਲ ਦੇ ਵਕਫੇ ਤੋਂ ਬਾਅਦ ਉਸ ਨੇ 'ਦਿ ਲੋਅਲੈਂਡ' ਛਪਵਾਇਆ।

'ਇਨ ਅਦਰ ਵਰਡਸ' ਦਾ ਅਸਲ ਰੰਗ ਬਰਕਰਾਰ ਰੱਖਣ ਲਈ ਝੁੰਪਾ ਲਾਹਿੜੀ ਨੇ ਇਸ ਦਾ ਅਨੁਵਾਦ ਖੁਦ ਨਹੀਂ ਕੀਤਾ, ਸਗੋਂ ਮਸ਼ਹੂਰ ਅਨੁਵਾਦਕ, ਬੀਬੀ ਐਨ ਗੋਲਡਸਟੇਨ ਤੋਂ ਇਹ ਅਨੁਵਾਦ ਕਰਵਾਇਆ ਹੈ। ਉਸ ਨੂੰ ਡਰ ਸੀ ਕਿ ਆਪ ਅਨੁਵਾਦ ਕਰਦਿਆਂ ਉਸ ਨੇ ਮੂਲ ਲਿਖਤ ਨੂੰ ਸੋਧਣ ਬੈਠ ਜਾਣਾ ਹੈ ਅਤੇ ਇਸ ਤਰ੍ਹਾਂ ਮੂਲ ਲਿਖਤ ਉਤੇ ਫਿਰ ਉਸ ਦੀ ਅੰਗਰੇਜ਼ੀ ਭਾਸ਼ਾ ਦਾ ਕਬਜ਼ਾ ਹੋ ਜਾਣਾ ਹੈ। ਅਜਿਹਾ ਇਕ ਵਾਰ ਪਹਿਲਾਂ ਵਾਪਰ ਚੁੱਕਾ ਸੀ, ਜਦੋਂ ਉਸ ਨੇ ਇਤਾਲਵੀ ਵਿਚ ਲਿਖੇ ਆਪਣੇ ਇਕ ਲੇਖ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਸੀ। ਅਨੁਵਾਦਕ ਐਨ ਗੋਲਡਸਟੇਨ ਦਾ ਕਹਿਣਾ ਹੈ ਕਿ ਝੁੰਪਾ ਲਾਹਿੜੀ ਦੀਆਂ ਲਿਖਤਾਂ ਵਿਚ ਵਿਚਾਰਾਂ ਦੀ ਧੂਣੀ ਲਗਾਤਾਰ ਮਘਦੀ ਹੈ ਅਤੇ ਇਹ ਪ੍ਰਭਾਵ ਅੰਤ ਤੱਕ ਬਰਕਰਾਰ ਰਹਿੰਦਾ ਹੈ। ਆਪਣੀਆਂ ਲਿਖਤਾਂ ਬਾਰੇ ਝੁੰਪਾ ਸਿਰਫ਼ ਇੰਨਾ ਹੀ ਆਖਦੀ ਹੈ ਕਿ ਉਸ ਨੂੰ ਇਨ੍ਹਾਂ ਰਚਨਾਵਾਂ 'ਤੇ ਤਸੱਲੀ ਹੈ।




### ਜੜ੍ਹਾਂ ਦਾ ਹੁਲਾਰਾ

*ਝੁੰਪਾ ਲਾਹਿੜੀ ਦਾ ਅਸਲ ਨਾਂ ਨਿਲੰਜਨਾ ਸੁਦੇਸ਼ਨਾ ਹੈ; ਝੁੰਪਾ ਤਾਂ ਉਸ ਦਾ ਛੋਟਾ, ਘਰੇਲੂ ਨਾਂ ਹੈ। ਲੇਖਕ ਵਜੋਂ ਪਿੜ ਵਿਚ ਆਉਣ ਵੇਲੇ ਉਸ ਨੇ ਨਿਲੰਜਨਾ ਸੁਦੇਸ਼ਨਾ ਦੀ ਥਾਂ ਆਪਣਾ ਬੰਗਾਲੀ ਨਾਂ ਝੁੰਪਾ ਹੀ ਰੱਖਿਆ। ਉਹ ਆਪਣੀਆਂ ਬੰਗਾਲੀ ਜੜ੍ਹਾਂ ਨਾਲ ਵਾਰ-ਵਾਰ ਜੁੜਦੀ ਹੈ। 'ਦਿ ਲੋਅਲੈਂਡ' ਨਾਵਲ ਦਾ ਕਥਾਨਕ ਬੰਗਾਲ ਦਾ ਹੀ ਹੈ। ਇਹ ਨਾਵਲ ਦੋ ਭਰਾਵਾਂ ਦੀ ਕਹਾਣੀ ਹੈ। ਇਨ੍ਹਾਂ ਵਿਚੋਂ ਇਕ 1970ਵਿਆਂ ਵਿਚ ਚੱਲੀ ਨਕਸਲੀ ਲਹਿਰ ਨਾਲ ਜੁੜ ਜਾਂਦਾ ਹੈ ਅਤੇ ਦੂਜਾ ਪਰਦੇਸਾਂ ਵਿਚ ਜਾ ਵੱਸਦਾ ਹੈ। ਦੋਹਾਂ ਦੀ ਤਾਸੀਰ ਵੱਖਰੀ-ਵੱਖਰੀ ਹੋ ਨਿਬੜਦੀ ਹੈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਮਾਰਚ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-211




*ਬੰਨ'ਤਾ ਜੂੜਾ ਮੰਮੀ ਨੇ ਉਂਜ ਨਹੀਂ ਸਕੂਲੇ ਜਾਣਾ।*
*ਹੱਥੀਂ ਮੈਂ ਅਮਰੂਦ ਤੋੜ ਕੇ ਲੂਣ ਲਗਾ ਕੇ ਖਾਣਾ।*
*ਸ਼ਰਟ ਨਾਇਕ ਦੀ ਨਾਲ ਨੀਲਾ ਮੈਂ ਤਾਂ ਪਜਾਮਾ ਪਾਇਆ।*
*ਨੀਲੀ ਬੰਨਦਾ ਪੱਗ ਡੈਡੀ ਤੇ ਚਿੱਟੀ ਬੰਨਦਾ ਤਾਇਆ।*

## ਕੈਪਸ਼ਨ ਮੁਕਾਬਲਾ-209



ਸਾਡੀ ਖੇਡ ਦੀ ਰੀਸ ਨਾ ਕੋਈ
ਅਸੀਂ ਤਾਂ ਮੌਜ ਮਨਾਈ ਜਾਨੇ ਆਂ।
ਟਾਇਰਾਂ ਉਪਰ ਮਾਰ ਕੇ ਡੰਡੇ
ਜਿੱਦੋ ਜਿੱਦੀ ਭਜਾਈ ਜਾਨੇ ਆਂ।
ਵੱਡੀਆਂ ਵੱਡੀਆਂ ਖੇਡਾਂ ਦੀ ਵੀ
ਚੂਹੀ ਅਸੀਂ ਲਵਾਈ ਜਾਨੇ ਆਂ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਨਵੀਆਂ ਗੁੱਡੀਆਂ ਨਵੇਂ ਪਟੋਲੇ
ਨਵੇਂ ਖਿਡਾਰੀ ਖੇਡਣ ਵਾਲੇ।
ਸ਼ਾਲ, ਰੁਮਾਲੀਆਂ ਦੇ ਗਏ ਜਮਾਨੇ
ਸਰਦਾਰਾਂ ਤੋਂ ਬਣ ਗਏ ਨੇ ਲਾਲੇ।
ਚੱਕੀਆਂ ਚਰਖਿਆਂ ਦੀ ਕੀ ਗੱਲ ਕਰਨੀ
ਵਿਖਾਇਆ ਕਰਨਗੇ ਫਿਲਮਾਂ ਵਾਲੇ।

***-ਗੁਰਦਿਆਲ ਸਿੰਘ ਨੂਰਪੁਰੀ***
***ਫੋਨ: 408-204-7985***

---

ਦਿਨ ਸੀ ਚੰਗੇ ਹੁੰਦੇ ਫਿਕਰ ਨਾ ਫਾਕੇ
ਖੇਡਦੇ ਹੁੰਦੇ ਸੀ ਰਲ ਗੁੱਡੀਆਂ ਤੇ ਕਾਕੇ।
ਡੰਡੇ ਨਾਲ ਚਲਣਾ ਤੇ ਡੰਡੇ ਦੀ ਬਰੇਕ
ਭੱਜ ਭੱਜ ਬਣਾਉਣੀ ਟਾਇਰਾਂ ਦੀ ਰੇਲ।
ਦੋਵੇਂ ਪਾਸੇ ਡੰਡੇ ਨਾਲ ਹੁੰਦੀ ਸੀ ਕਟਾਈ
ਜ਼ਿੰਦਗੀ ਨਾ ਮੁੜ ਉਹ ਫਿਰ ਹੱਥ ਆਈ।

***-ਸਤਵਿੰਦਰ ਥਾਂਦੀ ਦੌਲਤਪੁਰੀ***

---

ਗਰੀਬੀ ਦਾਬੇ ਦੂਜਾ ਚੜ੍ਹਦੀ ਵਰੇਸ
ਖੇਡਣ ਅਤੇ ਮਨਪ੍ਰਚਾਵੇ ਦਾ
ਲੱਭਿਆ ਦੇਸੀ ਸੌਦਾ।
ਲੈ ਫਾਲਤੂ ਪਏ ਇਕ ਦੋ ਟਾਇਰ
ਡੰਡਾ ਲਿਆ ਹੱਥ ਫੜ੍ਹ।
ਮਾਰੋ ਡੰਡਾ ਇਸ ਹਿਸਾਬ
ਰੁੜ੍ਹਦਾ ਰਹੇ ਟਾਇਰ ਸਿੱਧਾ।
ਹੱਸ ਹੱਸ ਕੇ ਦੂਹਰੇ ਹੋਏ
ਆਏ ਖੇਡਣ ਜੋ ਦੋਸਤ।
ਖੁਸ਼ੀ ਦਾ ਵੀ ਅਨੰਦ
ਲੱਗਿਆ ਨਹੀਂ ਕੋਈ ਧੇਲਾ।

***-ਦਰਸ਼ਨਪਾਲ ਦੋਸਾਂਝ***


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


AJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us
100% SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986


Need Water? Tired of waiting in Line?
Are you looking for a drilling company
to drill water well at your farm?
Hydrotech Solutions do best deep water drilling in
shortest time and no one can beat our price.
Hydrotech convert
pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street
in C21 at Ag Show
Hydrotech Solutlions LLC

# ਕੇਂਦਰੀ ਬਜਟ: 'ਸੂਟ-ਬੂਟ ਦੀ ਸਰਕਾਰ' ਵਾਲਾ ਦਾਗ ਧੋਣ ਦੇ ਯਤਨ



**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੇਸ਼ ਕੀਤੇ ਗਏ ਬਜਟ ਇਸ ਵਾਰ ਪੇਂਡੂ ਅਰਥਚਾਰੇ ਨੂੰ ਸੁਰਜੀਤ ਕਰਨ ਵੱਲ ਧਿਆਨ ਕੇਂਦਰਿਤ ਕਰਕੇ ਨਰੇਂਦਰ ਮੋਦੀ ਸਰਕਾਰ 'ਤੇ ਲੱਗੇ 'ਸੂਟ ਬੂਟ ਦੀ ਸਰਕਾਰ' ਵਾਲੇ ਦਾਗ ਨੂੰ ਧੋਣ ਦਾ ਯਤਨ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਦਿਹਾਤੀ ਅਰਥਚਾਰੇ ਵਿਚ ਜਾਨ ਪਾਉਣ ਦੇ ਉਦੇਸ਼ ਨਾਲ 1.77 ਲੱਖ ਕਰੋੜ ਰੁਪਏ ਖਰਚਣ ਦੀ ਵਿਵਸਥਾ ਕੀਤੀ ਹੈ ਜਿਸ ਵਿਚੋਂ 90 ਹਜ਼ਾਰ ਕਰੋੜ ਰੁਪਏ ਖੇਤੀ ਨੂੰ ਲਾਹੇਵੰਦਾ ਕਿੱਤਾ ਬਣਾਉਣ ਅਤੇ ਕਿਸਾਨੀ ਦੀ ਆਮਦਨ ਵਧਾਉਣ 'ਤੇ ਖਰਚੇ ਜਾਣਗੇ। ਸ੍ਰੀ ਜੇਤਲੀ ਨੇ ਪਿੰਡਾਂ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੀ ਚੋਖੀ ਮਾਲੀ ਵਿਵਸਥਾ ਕੀਤੀ ਹੈ।

ਆਮ ਬਜਟ ਵਿਚ ਜਿਥੇ ਛੋਟੇ ਆਮਦਨ ਕਰਦਾਤਾਵਾਂ ਨੂੰ ਮਾਮੂਲੀ ਰਾਹਤ ਦਿੱਤੀ ਹੈ ਤੇ ਉਥੇ ਵੱਡੇ ਅਮੀਰਾਂ 'ਤੇ ਤਿੰਨ ਫੀਸਦੀ ਸਰਚਾਰਜ ਲਾਇਆ ਹੈ। ਬਜਟ ਵਿਚ ਕਿਸਾਨਾਂ ਨੂੰ ਰਾਹਤ ਤੇ ਪੇਂਡੂ ਖੇਤਰ ਨੂੰ ਫ਼ਾਇਦਾ ਪਹੁੰਚਾਉਣ ਵਾਲੇ ਅਨੇਕਾਂ ਐਲਾਨਾਂ ਦੇ ਬਾਵਜੂਦ ਕਾਰਾਂ ਅਤੇ ਆਮ ਸੇਵਾਵਾਂ ਉਤੇ ਨਵੇਂ ਕਰ ਤੇ ਸੈੱਸ ਲਾਏ ਜਾਣ ਕਾਰਨ ਇਹ ਬਜਟ ਮਹਿੰਗਾਈ ਵਿਚ ਵਾਧਾ ਕਰੇਗਾ। ਆਪਣਾ ਤੀਜਾ ਬਜਟ ਪੇਸ਼ ਕਰਦਿਆਂ ਸ੍ਰੀ ਜੇਤਲੀ ਨੇ ਵਿਅਕਤੀਗਤ ਜਾਂ ਕਾਰਪੋਰੇਟ ਆਮਦਨ ਕਰ ਸਲੈਬਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ, ਪਰ ਬਿਜਲੀ, ਗਹਿਣੇ, ਤਿਆਰ ਕੱਪੜੇ, ਮਿਨਰਲ ਤੇ ਏਅਰੇਟਡ ਪਾਣੀ ਤੇ ਸਿਗਰਟਾਂ ਤੇ ਹੋਰ ਤੰਬਾਕੂ ਵਸਤਾਂ ਉਤੇ ਟੈਕਸ ਲਾ ਕੇ ਇਨ੍ਹਾਂ ਨੂੰ ਮਹਿੰਗੀਆਂ ਕਰ ਦਿੱਤਾ ਹੈ। ਬਜਟ ਦਾ ਸਭ ਤੋਂ ਅਹਿਮ ਮਹਿੰਗਾਈ ਵਧਾਊ ਕਦਮ ਸਾਰੀਆਂ ਕਰਯੋਗ ਸੇਵਾਵਾਂ ਉਤੇ ਲਾਇਆ ਗਿਆ 0.5 ਫ਼ੀਸਦੀ ਖੇਤੀ ਭਲਾਈ ਸੈੱਸ ਹੈ, ਜਿਸ ਨਾਲ ਇਹ ਸਾਰੀਆਂ ਸੇਵਾਵਾਂ ਮਹਿੰਗੀਆਂ ਹੋ ਜਾਣਗੀਆਂ। ਮੁਲਾਜ਼ਮਾਂ ਵੱਲੋਂ ਰਿਟਾਇਰਮੈਂਟ ਉਤੇ ਪੈਨਸ਼ਨ ਅਤੇ ਪ੍ਰਾਵੀਡੈਂਟ ਫੰਡ ਕਢਵਾਏ ਜਾਣ ਸਮੇਂ ਕੁੱਲ ਯੋਗਦਾਨ ਦੇ 60 ਫ਼ੀਸਦੀ ਉਤੇ ਟੈਕਸ ਲੱਗੇਗਾ।

ਆਲਮੀ ਮੰਦਵਾੜੇ ਦਾ ਸ਼ਿਕਾਰ ਸਨਅਤੀ ਖੇਤਰ ਵਿਚ ਵਿਕਾਸ ਰੁਕਣ ਤੇ ਬਰਾਮਦਾਂ ਘਟਣ ਦੇ ਬਾਵਜੂਦ ਬਜਟ ਵਿਚ ਸਨਅਤਾਂ ਨੂੰ ਕੁਝ ਖਾਸ ਨਹੀਂ ਦਿੱਤਾ ਗਿਆ। ਵਿੱਤ ਮੰਤਰੀ ਨੇ ਰਾਜਕੋਸ਼ੀ ਘਾਟੇ ਨੂੰ ਕਾਬੂ ਵਿਚ ਰੱਖਣ 'ਤੇ ਡਟਦਿਆਂ ਵਾਧੂ ਵਸੀਲੇ ਜੁਟਾਉਣ ਲਈ ਜਨਤਕ ਅਦਾਰਿਆਂ ਨੂੰ ਵੇਚਣ ਸਬੰਧੀ ਨੀਤੀ ਵੀ ਪੇਸ਼ ਕੀਤੀ ਹੈ। ਜਿਥੇ ਸਿੱਧੇ ਟੈਕਸਾਂ ਨਾਲ ਮਾਲੀਏ ਦਾ ਨੁਕਸਾਨ 1060 ਕਰੋੜ ਰੁਪਏ ਰਹੇਗਾ, ਉਥੇ ਅਸਿੱਧੇ ਕਰਾਂ ਵੱਲੋਂ ਵਾਧੂ 20670 ਕਰੋੜ ਰੁਪਏ ਕਮਾਏ ਜਾਣਗੇ, ਜਿਸ ਨਾਲ ਮਾਲੀਏ ਦਾ ਕੁੱਲ ਮੁਨਾਫ਼ਾ 19610 ਕਰੋੜ ਰੁਪਏ ਰਹੇਗਾ।

ਪੰਜ ਸੂਬਿਆਂ ਦੀਆਂ ਆਗਾਮੀ ਅਸੰਬਲੀ ਚੋਣ ਤੋਂ ਪਹਿਲਾਂ ਪੇਸ਼ ਇਸ ਬਜਟ ਵਿਚ ਵਿੱਤ ਮੰਤਰੀ ਨੇ ਕਿਸਾਨਾਂ ਤੇ ਖੇਤੀ ਸੈਕਟਰ ਦੀ ਭਲਾਈ ਲਈ ਹੀ 35984 ਕਰੋੜ ਰੁਪਏ ਰੱਖਣ ਦੀ ਤਜਵੀਜ਼ ਕੀਤੀ ਹੈ। ਪੇਂਡੂ ਖੇਤਰ ਲਈ 87765 ਕਰੋੜ, ਜਦੋਂਕਿ ਗ਼ਰੀਬੀ ਰੇਖਾ ਵਾਲੇ ਪਰਿਵਾਰਾਂ ਰਿਆਇਤੀ ਦਰਾਂ 'ਤੇ ਰਸੋਈ ਗੈਸ ਕੁਨੈਕਸ਼ਨ ਦੇਣ ਲਈ 2000 ਕਰੋੜ ਰੁਪਏ ਰੱਖੇ ਗਏ ਹਨ। ਪੰਚਾਇਤਾਂ ਅਤੇ ਨਗਰ ਕੌਂਸਲਾਂ ਨੂੰ ਗਰਾਂਟ ਵਜੋਂ 2.87 ਲੱਖ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ, ਜਦੋਂਕਿ ਸਿਖਿਆ ਤੇ ਸਮਾਜਿਕ ਖੇਤਰ ਲਈ 1.51 ਲੱਖ ਕਰੋੜ ਰੁਪਏ ਰੱਖੇ ਗਏ ਹਨ। ਬੁਨਿਆਦੀ ਢਾਂਚੇ ਲਈ 2.21 ਲੱਖ ਕਰੋੜ ਰੁਪਏ ਰੱਖੇ ਗਏ ਹਨ, ਜਿਨ੍ਹਾਂ ਵਿਚ 97 ਹਜ਼ਾਰ ਕਰੋੜ ਰੁਪਏ ਸੜਕਾਂ ਉਤੇ ਖਰਚੇ ਜਾਣਗੇ, ਜਿਨ੍ਹਾਂ ਵਿਚ ਪੇਂਡੂ ਸੜਕਾਂ ਵੀ ਸ਼ਾਮਲ ਹਨ। ਰੱਖਿਆ ਖੇਤਰ ਲਈ 162759 ਕਰੋੜ ਰੁਪਏ ਰੱਖੇ ਗਏ ਹਨ। ਇਹ ਰਕਮ ਪਿਛਲੇ ਸਾਲ ਦੇ ਮੁਕਾਬਲੇ 13 ਫ਼ੀਸਦੀ ਵੱਧ ਹੈ।

## ਕਾਲੇ ਧਨ ਵਾਲਿਆਂ ਨੂੰ ਮਿਲਿਆ ਇਕ ਹੋਰ ਮੌਕਾ

**ਨਵੀਂ ਦਿੱਲੀ:** ਸਰਕਾਰ ਨੇ ਕਾਲੇ ਧਨ ਵਾਲਿਆਂ ਨੂੰ ਇਹ ਧਨ ਚਿੱਟਾ ਕਰਨ ਦਾ ਇਕ ਹੋਰ ਮੌਕਾ ਦਿੱਤਾ ਹੈ। ਉਹ ਭਾਰਤ ਵਿਚ ਛੁਪਾਈਆਂ ਰਕਮਾਂ ਉਤੇ 45 ਫੀਸਦੀ ਤੇ ਵਿਦੇਸ਼ਾਂ ਵਿਚ ਲੁਕਾਏ ਧਨ ਉੱਤੇ 60 ਫੀਸਦੀ ਪੈਨਲਟੀ ਦੇ ਕੇ ਕਾਲੇ ਧਨਾਢਾਂ ਦੇ ਠੱਪੇ ਤੋਂ ਮੁਕਤ ਹੋ ਸਕਦੇ ਹਨ।

## ਰੇਲ ਬਜਟ: ਪੰਜਾਬ 'ਤੇ ਮੁੜ ਨਾ ਹੋਈ 'ਪ੍ਰਭੂ' ਦੀ ਮਿਹਰ




**ਨਵੀਂ ਦਿੱਲੀ:** ਰੇਲ ਮੰਤਰੀ ਸੁਰੇਸ਼ ਪ੍ਰਭੂ ਵਲੋਂ ਪੇਸ਼ ਕੀਤੇ ਗਏ ਆਪਣੇ ਦੂਜੇ ਰੇਲ ਬਜਟ ਵਿਚ ਪੰਜਾਬੀਆਂ ਨੂੰ ਨਾਰਾਜ਼ ਹੀ ਕੀਤਾ ਹੈ। ਪੱਟੀ ਤੋਂ ਫਿਰੋਜ਼ਪੁਰ, ਸ੍ਰੀ ਅਨੰਦਪੁਰ ਸਾਹਿਬ ਤੋਂ ਗੜ੍ਹਸ਼ੰਕਰ, ਮੁਹਾਲੀ ਤੋਂ ਰਾਜਪੁਰਾ, ਰਾਹੋਂ ਤੋਂ ਸਮਰਾਲਾ ਤੇ ਮੋਗਾ ਤੋਂ ਬਰਨਾਲਾ ਕਈ ਅਜਿਹੇ ਛੋਟੇ-ਛੋਟੇ ਰੂਟ ਹਨ, ਜਿਨ੍ਹਾਂ ਬਾਰੇ ਵਾਰ-ਵਾਰ ਮੰਗ ਕੇਂਦਰ ਕੋਲ ਰੱਖੀ ਜਾ ਚੁੱਕੀ ਹੈ, ਪਰ ਰੇਲ ਮੰਤਰੀ ਨੇ ਆਪਣੇ ਭਾਸ਼ਣ ਵਿਚ ਸਿਰਫ ਦੋ ਵਾਰ ਜਲੰਧਰ ਅਤੇ ਅੰਮ੍ਰਿਤਸਰ ਦਾ ਜ਼ਿਕਰ ਹੀ ਕੀਤਾ। ਉਂਜ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਨੂੰ ਕੁਝ ਨਵੇਂ ਪ੍ਰੋਜੈਕਟ ਦੇ ਕੇ ਰੇਲ ਬਜਟ 2016-17 ਵਿਚ ਉੱਤਰੀ ਰਾਜਾਂ ਨੂੰ ਪਿਛਲੀ ਵਾਰ ਨਾਲੋਂ ਵੱਧ ਪੈਸਾ ਦਿੱਤਾ ਗਿਆ ਹੈ।

ਰੇਲ ਬਜਟ ਵਿਚ ਪੰਜਾਬ ਦਾ ਹਿੱਸਾ ਪਿਛਲੀ ਵਾਰ ਨਾਲੋਂ 36 ਫੀਸਦੀ ਵਧਾ ਕੇ 1114 ਕਰੋੜ ਰੁਪਏ ਕੀਤਾ ਗਿਆ। ਇਸ ਤਰ੍ਹਾਂ ਜੰਮੂ ਕਸ਼ਮੀਰ ਲਈ 26 ਫੀਸਦੀ ਦੇ ਵਾਧੇ ਨਾਲ 2061.8 ਕਰੋੜ ਰੁਪਏ ਰੱਖੇ ਗਏ ਹਨ। ਹਿਮਾਚਲ ਪ੍ਰਦੇਸ਼ ਦੇ ਹਿੱਸੇ 51 ਫੀਸਦੀ ਵਾਧੇ ਨਾਲ 310 ਕਰੋੜ ਰੁਪਏ ਆਏ ਹਨ, ਜਦੋਂ ਕਿ ਹਰਿਆਣਾ ਲਈ 919 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰ ਨੇ ਪੰਜਾਬ ਵਿਚ ਤਿੰਨ ਰੇਲ ਪ੍ਰੋਜੈਕਟਾਂ ਲਈ ਸਰਵੇਖਣ ਵੀ ਕਰਵਾਇਆ ਹੈ। ਇਨ੍ਹਾਂ ਵਿਚ ਪਠਾਨਕੋਟ-ਜੋਗਿੰਦਰ ਨਗਰ, ਦਸੂਹਾ-ਹੁਸ਼ਿਆਰਪੁਰ ਅਤੇ ਰਾਜਪੁਰਾ-ਮੁਹਾਲੀ ਸ਼ਾਮਲ ਹਨ।

## ਬਜਟ ਵਿਚ ਨਵਾਂ ਕੁਝ ਨਹੀਂ : ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਰੇਲ ਬਜਟ ਵਿਚ ਨਵਾਂ ਕੁਝ ਨਹੀਂ ਹੈ ਤੇ ਹਮੇਸ਼ਾ ਦੀ ਤਰ੍ਹਾਂ ਰਸਮੀ ਪ੍ਰਤੀਤ ਹੁੰਦਾ ਹੈ। ਬਜਟ ਪੂਰੀ ਤਰ੍ਹਾਂ ਨਿਰਾਸ਼ਾਜਨਕ ਹੈ। ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਵੀ ਰੇਲ ਬਜਟ ਨੂੰ ਨਿਰਾਸ਼ਾਜਨਕ ਦੱਸਦਿਆਂ ਕਿਹਾ ਹੈ ਕਿ ਇਸ ਵਿਚ ਸੂਬੇ ਨੂੰ ਕੁਝ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬਜਟ ਵਿਚ ਸੂਬੇ ਦਾ ਧਿਆਨ ਨਹੀਂ ਰੱਖਿਆ ਗਿਆ। ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿੱਜ ਨੇ ਬਜਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਜਟ ਭਵਿੱਖਮੁਖੀ ਹੈ ਤੇ ਕਈ ਸਮੱਸਿਆਵਾਂ ਦਾ ਹੱਲ ਪੇਸ਼ ਕੀਤਾ ਗਿਆ ਹੈ।

# ਭਾਰਤ ਵਿਚ ਸਿਗਰਟਨੋਸ਼ੀ ਕਾਰਨ ਮੌਤਾਂ ਦੀ ਗਿਣਤੀ ਵਧੀ



**ਟੋਰਾਂਟੋ:** ਭਾਰਤੀ ਪੁਰਸ਼ਾਂ ਵਿਚ ਸਿਗਰਟਨੋਸ਼ੀ ਦੀ ਆਦਤ ਪਿਛਲੇ 17 ਸਾਲਾ ਵਿਚ ਇਕ ਤਿਹਾਈ ਤੋਂ ਜ਼ਿਆਦਾ ਵਧੀ ਹੈ ਤੇ ਇਹ ਗਿਣਤੀ ਵਧ ਕੇ 10.8 ਕਰੋੜ ਹੋ ਗਈ ਹੈ। ਇਹ ਚਿੰਤਾਜਨਕ ਗੱਲ ਨਵੇਂ ਅਧਿਐਨ ਵਿਚ ਸਾਹਮਣੇ ਆਈ ਹੈ। ਇਸ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸਿਗਰਟ ਰਵਾਇਤੀ ਬੀੜੀ ਦੀ ਥਾਂ ਲੈ ਰਹੀ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਤਰ੍ਹਾਂ ਨਾਲ ਸਿਗਰਟਨੋਸ਼ੀ ਕਰਨ ਵਾਲੇ 15 ਤੋਂ 69 ਸਾਲ ਦੀ ਉਮਰ ਦੇ ਪੁਰਸ਼ਾਂ ਦੀ ਗਿਣਤੀ ਵਧ ਕੇ ਤਕਰੀਬਨ 2.9 ਕਰੋੜ ਜਾਂ 36 ਫੀਸਦੀ ਹੋ ਗਈ ਹੈ। ਇਹ ਗਿਣਤੀ 1998 ਵਿਚ 7.9 ਕਰੋੜ ਸੀ ਜੋ 2015 ਵਿਚ 10.8 ਕਰੋੜ ਹੋ ਗਈ। ਸਿਗਰਟਨੋਸ਼ੀ ਕਰਨ ਵਾਲੇ ਪੁਰਸ਼ਾਂ ਦੀ ਗਿਣਤੀ ਵਿਚ ਔਸਤਨ ਪ੍ਰਤੀ ਸਾਲ ਤਕਰੀਬਨ 1.7 ਕਰੋੜ ਦਾ ਵਾਧਾ ਹੋਇਆ ਹੈ। ਅਧਿਐਨ ਕਰਨ ਵਾਲੀ ਟੀਮ ਦੀ ਅਗਵਾਈ ਕਰਨ ਵਾਲੇ ਟੋਰਾਂਟੋ ਯੂਨੀਵਰਸਿਟੀ ਦੇ ਪ੍ਰਭਾਤ ਝਾਅ ਨੇ ਕਿਹਾ ਕਿ 2010 ਵਿਚ ਸਿਗਰਟਨੋਸ਼ੀ ਕਾਰਨ ਕਰੀਬ 10 ਲੱਖ ਲੋਕਾਂ ਦੀ ਮੌਤ ਹੋਈ ਜੋ ਭਾਰਤ ਵਿਚ ਕੁੱਲ ਮੌਤਾਂ ਦਾ ਦਸ ਫੀਸਦੀ ਹੈ। ਇਨ੍ਹਾਂ ਵਿਚ 70 ਫੀਸਦੀ ਮੌਤ 30 ਤੋਂ 69 ਸਾਲ ਦੀ ਉਮਰ ਦੇ ਲੋਕਾਂ ਦੀ ਹੋਈ। ਅਧਿਐਨ ਮੁਤਾਬਕ 15 ਤੋਂ 69 ਸਾਲ ਦੇ ਸਿਗਰਟ ਪੀਣ ਵਾਲਿਆਂ ਦੀ ਔਸਤ ਵਿਚ ਕਮੀ ਆਈ ਹੈ ਜੋ 1998 ਵਿਚ 27 ਫੀਸਦੀ ਤੋਂ ਘਟ ਕੇ 2010 ਵਿਚ 24 ਫੀਸਦੀ ਰਹਿ ਗਈ, ਪਰ ਆਬਾਦੀ ਵਧਣ ਕਾਰਨ ਗਿਣਤੀ ਵਿਚ ਵਾਧਾ ਹੋਇਆ ਹੈ।

# ਤਿੰਨ ਵਰ੍ਹਿਆਂ ਵਿਚ 2100 ਪਰਵਾਸੀਆਂ ਦੀ ਮੌਤ

**ਹੁਸ਼ਿਆਰਪੁਰ:** ਪਿਛਲੇ ਤਿੰਨ ਸਾਲਾਂ ਦੌਰਾਨ 2100 ਭਾਰਤੀਆਂ ਦੀ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ ਵਿਚ ਮੌਤ ਹੋਈ ਹੈ। ਇਨ੍ਹਾਂ ਵਿਚੋਂ ਤਕਰੀਬਨ 1575 ਦੇਹਾਂ ਨੂੰ ਵਿਦੇਸ਼ਾਂ ਵਿਚੋਂ ਵਾਪਸ ਭਾਰਤ ਲਿਆਂਦਾ ਗਿਆ। ਇਸ ਤੋਂ ਇਲਾਵਾ 35 ਹਜ਼ਾਰ ਭਾਰਤੀਆਂ, ਜੋ ਭੂਚਾਲ ਕਾਰਨ ਨੇਪਾਲ ਵਿਚ ਫਸ ਗਏ ਸਨ, ਨੂੰ ਸਹਾਇਤਾ ਪ੍ਰਦਾਨ ਕੀਤੀ ਗਈ। ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਨੇ ਰਾਜ ਸਭਾ ਵਿਚ ਦੱਸਿਆ ਕਿ ਜੰਗ ਪ੍ਰਭਾਵਿਤ ਦੇਸ਼ਾਂ ਵਿਚ ਭਾਰਤੀਆਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ। ਬਗਦਾਦ ਵਿਚ ਫਸੇ ਸੱਤ ਹਜ਼ਾਰ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਦਸਤਾਵੇਜ਼, ਇਮੀਗ੍ਰੇਸ਼ਨ ਅਤੇ ਟਿਕਟ ਦੀ ਮਦਦ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਐਰਬਿਲ, ਨਜ਼ਾਫ, ਕਰਬਲਾ ਤੇ ਬਸਰਾ ਵਿਚ ਵਿਸ਼ੇਸ਼ ਕੈਂਪ ਲਗਾਏ ਗਏ ਤੇ 24 ਘੰਟੇ ਦੀ ਹੈਲਪਲਾਈਨ ਸ਼ੁਰੂ ਕੀਤੀ ਗਈ ਤਾਂ ਜੋ ਇਰਾਕ ਵਿਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਵਾਪਸ ਲਿਆਂਦਾ ਜਾ ਸਕੇ।




ਕੇਂਦਰੀ ਰਾਜ ਮੰਤਰੀ ਨੇ ਦੱਸਿਆ ਕਿ ਭਾਰਤ ਸਰਕਾਰ, ਇਰਾਕ ਵਿਚ ਰਹਿ ਰਹੇ ਭਾਰਤੀਆਂ ਤੇ ਇਥੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਲਗਾਤਾਰ ਸੰਪਰਕ ਵਿਚ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਗੰਭੀਰ ਹੈ। ਇਰਾਕ ਸਰਕਾਰ ਨਾਲ ਵੀ ਤਾਲਮੇਲ ਕੀਤਾ ਗਿਆ ਹੈ ਤਾਂ ਜੋ ਭਾਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ 39 ਭਾਰਤੀਆਂ ਦਾ ਇਕ ਗਰੁੱਪ, ਜੋ ਮੌਸੂਲ ਦੀ ਇਕ ਕੰਪਨੀ ਵਿਚ ਕੰਮ ਕਰਦਾ ਸੀ ਅਤੇ ਜਿਸ ਨੂੰ ਆਈ.ਐਸ.ਆਈ.ਐਸ ਵੱਲੋਂ ਅਗਵਾ ਕਰ ਲਿਆ ਗਿਆ ਸੀ, ਨੂੰ ਛੁਡਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ। 3600 ਭਾਰਤੀਆਂ ਨੂੰ ਲੀਬੀਆ ਤੋਂ ਸੁਰੱਖਿਅਤ ਵਾਪਸ ਲਿਆਂਦਾ ਗਿਆ ਹੈ ਜਦੋਂਕਿ ਇਕ ਅਨੁਮਾਨ ਮੁਤਾਬਕ ਦੋ ਹਜ਼ਾਰ ਭਾਰਤੀ ਅਜੇ ਵੀ ਲਿਬੀਆ ਵਿਚ ਹਨ ਅਤੇ ਇਨ੍ਹਾਂ ਨੂੰ ਵਾਪਸ ਲਿਆਉਣ ਦੇ ਵੀ ਯਤਨ ਕੀਤੇ ਜਾ ਰਹੇ ਹਨ।

ਕੇਂਦਰੀ ਮੰਤਰੀ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਅਪਰੈਲ 2015 ਵਿਚ ਯਮਨ ਵਿਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਅਪਰੇਸ਼ਨ ਰਾਹਤ ਚਲਾਇਆ ਗਿਆ ਸੀ ਅਤੇ ਇਸ ਅਭਿਆਨ ਤਹਿਤ 6710 ਲੋਕਾਂ, ਜਿਨ੍ਹਾਂ ਵਿਚ 4748 ਭਾਰਤੀ ਅਤੇ 1962 ਹੋਰਨਾਂ ਦੇਸ਼ਾਂ ਨਾਲ ਸਬੰਧਤ ਸਨ, ਨੂੰ ਬਚਾਇਆ ਗਿਆ। ਮੰਤਰਾਲੇ ਵੱਲੋਂ ਪੀੜਤਾਂ ਦੀ ਮਦਦ ਲਈ ਇੰਡੀਅਨ ਰੇਲਵੇ ਅਤੇ ਰਾਜ ਸਰਕਾਰਾਂ ਨਾਲ ਸੰਪਰਕ ਬਣਾਇਆ ਹੋਇਆ ਹੈ ਤਾਂ ਜੋ ਉਨ੍ਹਾਂ ਪੀੜਤਾਂ ਨੂੰ ਸਿਹਤ, ਆਵਾਜਾਈ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।

# ਗੁਜਰਾਤ ਵਿਚ ਭਾਜਪਾ ਆਗੂਆਂ ਨੇ ਸਤਾਏ ਪੰਜਾਬੀ ਕਿਸਾਨ



**ਬਠਿੰਡਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਸੱਤਾ ਵਿਚ ਆਉਣ ਤੋਂ ਪਹਿਲਾਂ ਗੁਜਰਾਤ ਵਿਚ ਪੰਜਾਬੀ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿੱਤਾ ਸੀ, ਪਰ ਦੋ ਸਾਲਾਂ ਬਾਅਦ ਵੀ ਕਿਸਾਨਾਂ ਦੇ ਦੁੱਖ ਮੁੱਕਣ ਦਾ ਨਾਂ ਨਹੀਂ ਲੈ ਰਹੇ।

ਜ਼ਿਲ੍ਹਾ ਭੁੱਜ ਦੇ ਪਿੰਡ ਲੋਰੀਆ ਵਿਚ ਦੋ-ਤਿੰਨ ਕਿਸਾਨ ਪਰਿਵਾਰਾਂ ਨੂੰ ਐਤਕੀਂ ਪਾਣੀ ਨਾ ਦੇਣ ਕਰਨ ਉਨ੍ਹਾਂ ਦੀਆਂ ਫਸਲਾਂ ਸੁੱਕ ਗਈਆਂ ਹਨ। ਇਕ ਕਿਸਾਨ ਪਰਿਵਾਰ ਦੀ ਤਾਂ ਗੁਜਰਾਤ ਦੀ ਹਾਕਮ ਧਿਰ ਭਾਜਪਾ ਦੇ ਲੋਕਾਂ ਨੇ ਫਸਲ ਹੀ ਵੱਢ ਲਈ। ਕਿਸਾਨਾਂ ਨੇ ਭੁੱਜ ਥਾਣੇ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਹੈ, ਪਰ ਪੁਲਿਸ ਕਿਸਾਨਾਂ ਦੀ ਬਾਂਹ ਨਹੀਂ ਫੜ ਰਹੀ। ਭੁੱਜ ਦੇ ਪਿੰਡ ਲੋਰੀਆ ਵਿਚ ਪੰਜਾਬ ਤੇ ਹਰਿਆਣਾ ਦੇ ਤਕਰੀਬਨ 22 ਪਰਿਵਾਰਾਂ ਨੂੰ ਜ਼ਮੀਨ ਦੀ ਅਲਾਟਮੈਂਟ ਹੋਈ ਸੀ। ਸਾਲ 1965 ਵਿਚ ਕੱਛ ਖੇਤਰ ਨੂੰ ਆਬਾਦ ਕਰਨ ਵਾਸਤੇ ਇਹ ਜ਼ਮੀਨਾਂ ਅਲਾਟ ਕੀਤੀਆਂ ਗਈਆਂ ਸਨ।

ਪਿੰਡ ਲੋਰੀਆ ਦੇ ਸਾਬਕਾ ਸਰਪੰਚ ਪ੍ਰਤਾਪ ਉਤੇ ਸਥਾਨਕ ਲੋਕਾਂ ਦੀ ਅਗਵਾਈ ਕਰਨ ਦਾ ਦੋਸ਼ ਹੈ। ਤਕਰੀਬਨ ਇਕ ਸਾਲ ਪਹਿਲਾਂ 24 ਜਨਵਰੀ-2015 ਨੂੰ ਗੁਜਰਾਤ ਦੀ ਹਾਕਮ ਧਿਰ ਦੇ ਲੋਕਾਂ ਨੇ ਪੰਜਾਬ ਦੇ ਕਿਸਾਨਾਂ 'ਤੇ ਹਮਲਾ ਕਰ ਦਿੱਤਾ ਸੀ, ਜਿਸ ਵਿਚ ਕਿਸਾਨ ਜਗਜੀਤ ਸਿੰਘ ਜ਼ਖ਼ਮੀ ਹੋ ਗਿਆ ਸੀ। ਉਦੋਂ ਕੌਮੀ ਘੱਟ ਗਿਣਤੀ ਕਮਿਸ਼ਨ ਕਿਸਾਨਾਂ ਦੀ ਪਿੱਠ ਉਤੇ ਆ ਗਿਆ ਸੀ।

ਜ਼ਿਲ੍ਹਾ ਸੰਗਰੂਰ ਦੇ ਪਿੰਡ ਫਤਹਿਗੜ੍ਹ ਦੇ ਕਿਸਾਨ ਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਜਦੋਂ ਹੁਣ ਪੰਜਾਬ ਤੋਂ ਗੁਜਰਾਤ ਗਿਆ ਤਾਂ ਉਸ ਦੀ ਕਾਫੀ ਫਸਲ ਹਾਕਮ ਧਿਰ ਦੀ ਸ਼ਹਿ ਨਾਲ ਸਥਾਨਕ ਲੋਕਾਂ ਨੇ ਵੱਢ ਲਈ ਸੀ। ਡੈਮ ਵਿਚੋਂ ਜਿਹੜਾ ਪਾਣੀ ਸਪਲਾਈ ਹੁੰਦਾ ਹੈ, ਉਹ ਪੰਜਾਬੀ ਕਿਸਾਨਾਂ ਨੂੰ ਦਿੱਤਾ ਨਹੀਂ ਗਿਆ ਹੈ। ਉਹ ਪਾਣੀ ਨਾ ਮਿਲਣ ਕਰਕੇ ਪੰਜਾਬ ਆ ਗਿਆ ਤਾਂ ਪਿਛੋਂ ਲੋਕਾਂ ਨੇ ਫਸਲ ਨੂੰ ਪਾਣੀ ਲਗਾ ਲਿਆ ਅਤੇ ਫਿਰ ਕੱਟ ਲਈ। ਉਨ੍ਹਾਂ ਦੱਸਿਆ ਕਿ ਭਾਜਪਾ ਦੇ ਦੋ ਆਗੂਆਂ ਦੀ ਸ਼ਹਿ 'ਤੇ ਪੰਜਾਬੀ ਕਿਸਾਨਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਹਨ।

ਇਸ ਦੀ ਭੁੱਜ ਥਾਣੇ ਵਿਚ ਸ਼ਿਕਾਇਤ ਵੀ ਦਿੱਤੀ ਸੀ, ਪਰ ਕੋਈ ਸੁਣਵਾਈ ਨਹੀਂ ਹੋਈ ਹੈ। ਬਠਿੰਡਾ ਦੇ ਪਿੰਡ ਪਿਥੋ ਦੇ ਕਿਸਾਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ 30 ਏਕੜ ਮੂੰਗੀ ਤੇ ਰਿੰਡ ਦੀ ਫਸਲ ਪਾਣੀ ਬਗੈਰ ਸੁੱਕ ਗਈ ਹੈ। ਐਤਕੀਂ ਪਾਣੀ ਦੀ ਸਪਲਾਈ ਪੰਜਾਬੀ ਕਿਸਾਨਾਂ ਨੂੰ ਨਹੀਂ ਦਿੱਤੀ ਗਈ, ਜਿਸ ਪਿੱਛੇ ਭਾਜਪਾ ਆਗੂਆਂ ਦਾ ਹੱਥ ਹੈ। ਕਿਸਾਨ ਹਰਵਿੰਦਰ ਸਿੰਘ ਨੇ ਦੱਸਿਆ ਕਿ ਪਾਣੀ ਦੇ ਸੰਕਟ ਕਰਕੇ ਪੰਜਾਬੀ ਕਿਸਾਨਾਂ ਦਾ ਕਾਫੀ ਨੁਕਸਾਨ ਹੋ ਗਿਆ ਹੈ। ਕਿਸਾਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਬਾਂਹ ਫੜੀ ਜਾਵੇ ਕਿਉਂਕਿ ਉਨ੍ਹਾਂ ਦੀ ਭਾਈਵਾਲ ਭਾਜਪਾ ਦੀ ਗੁਜਰਾਤ ਵਿਚ ਸਰਕਾਰ ਹੈ।

## ਮਨੀਲਾ 'ਚ ਇਕ ਹੋਰ ਪੰਜਾਬੀ ਦੀ ਹੱਤਿਆ

**ਕਪੂਰਥਲਾ:** ਪਿੰਡ ਸਿੰਧਵਾਂ ਦੋਨਾਂ ਦੇ 41 ਸਾਲਾ ਵਿਅਕਤੀ ਬਲਵਿੰਦਰ ਸਿੰਘ ਦੀ ਕੁਝ ਅਣਪਛਾਤਿਆਂ ਨੇ ਮਨੀਲਾ ਦੇ ਇਲਾਕੇ ਸਨੋਸਾ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮਨੀਲਾ ਵਿਚ ਇਸ ਪਿੰਡ ਦੇ ਤੀਜੇ ਵਿਅਕਤੀ ਦੀ ਹੱਤਿਆ ਕੀਤੀ ਗਈ ਹੈ।

ਹਮਲਾਵਰਾਂ ਨੇ ਤੜਕੇ ਗੱਡੀ ਵਿਚੋਂ ਉਤਰਦੇ ਹੋਏ ਬਲਵਿੰਦਰ ਸਿੰਘ ਉਰਫ ਬਿੰਦਰ ਦੇ ਸਿਰ ਵਿਚ ਗੋਲੀਆਂ ਮਾਰੀਆਂ। ਉਸ ਦੀ ਹਸਪਤਾਲ ਲਿਜਾਂਦਿਆਂ ਰਸਤੇ ਵਿਚ ਮੌਤ ਹੋ ਗਈ। ਬਿੰਦਰ 17 ਸਾਲਾਂ ਤੋਂ ਫਿਲਪੀਨਜ਼ ਦੀ ਰਾਜਧਾਨੀ ਮਨੀਲਾ ਵਿਚ ਫਾਇਨਾਂਸਰ ਸੀ ਤੇ ਸਨੋਸਾ ਸ਼ਹਿਰ ਵਿਚ ਰਹਿ ਰਿਹਾ ਸੀ। ਡੇਢ ਸਾਲ ਪਿੰਡ ਰਹਿ ਕੇ ਗਏ ਬਲਵਿੰਦਰ ਨੂੰ ਮਨੀਲਾ ਪਹੁੰਚਿਆਂ ਹਾਲੇ ਤਕਰੀਬਨ 40 ਦਿਨ ਹੀ ਹੋਏ ਸਨ।

## Matrimonial

### ਲੜਕੀ ਦੀ ਲੋੜ ਹੈ

ਰਵਿਦਾਸੀਏ ਸਿੱਖ, ਉਮਰ 28 ਸਾਲ, 5'-11", ਫਾਰਮੇਸੀ ਡਿਗਰੀ ਅਤੇ ਐਮ ਬੀ ਏ ਵਰਕ ਪਰਮਿਟ 'ਤੇ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 972-814-4087 9-12

---

ਅਰੋੜਾ ਖਤਰੀ ਸਿੱਖ (ਕਲੀਨ ਸ਼ੇਵਨ) ਅਮਰੀਕੀ ਸਿਟੀਜ਼ਨ, ਨਿਊ ਯਾਰਕ ਵਿਚ ਰੇਲਵੇ ਅਫਸਰ ਲਗੇ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲੜਕੇ ਉਮਰ 38 ਸਾਲ, ਕੱਦ 5' 5" ਲਈ ਪੜੀ ਲਿਖੀ ਲੜਕੀ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 646-932-1646

# ਪੰਮਾ ਨੂੰ ਪੁਰਤਗਾਲ ਲੈਣ ਗਏ ਪੁਲਿਸ ਅਫਸਰਾਂ ਦੀ ਸ਼ਾਮਤ

**ਲਿਸਬਨ:** ਸਾਬਕਾ ਖਾਲਿਸਤਾਨੀ ਪਰਮਜੀਤ ਸਿੰਘ ਪੰਮਾ ਦੀ ਭਾਰਤ ਨੂੰ ਹਵਾਲਗੀ ਦੀ ਅਪੀਲ ਰੱਦ ਕਰਨ ਤੋਂ ਬਾਅਦ ਪੁਰਤਗਾਲ ਸਰਕਾਰ ਨੇ ਪੰਜਾਬ ਪੁਲਿਸ ਦੇ ਤਿੰਨ ਅਫਸਰਾਂ ਖਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਹੈ। ਪੰਜਾਬ ਪੁਲਿਸ ਦੇ ਇਹ ਤਿੰਨ ਅਫਸਰ ਪੰਮਾ ਨੂੰ ਵਾਪਸ ਦੇਸ਼ ਲਿਆਉਣ ਲਈ ਪੁਰਤਗਾਲ ਗਏ ਸਨ। ਇਨ੍ਹਾਂ ਅਫਸਰਾਂ ਖਿਲਾਫ਼ ਸਿੱਖ ਫਾਰ ਜਸਟਿਸ ਨੇ ਅਪਰਾਧਕ ਸ਼ਿਕਾਇਤ ਦਰਜ ਕਰਵਾਈ ਸੀ। ਇਹ ਸ਼ਿਕਾਇਤ ਪੰਜਾਬ ਪੁਲਿਸ ਦੇ ਡੀ.ਆਈ.ਜੀ. ਬਲਕਾਰ ਸਿੰਘ ਸਿੱਧੂ, ਐਸ.ਪੀ. ਅਸ਼ੀਸ਼ ਕੁਮਾਰ ਤੇ ਡੀ.ਐਸ.ਪੀ. ਰਜਿੰਦਰ ਸੋਹਲ ਖਿਲਾਫ਼ ਦਰਜ ਕਰਵਾਈ ਗਈ ਸੀ।

ਇਨ੍ਹਾਂ ਵਿਚੋਂ ਐਸ.ਪੀ. ਅਸ਼ੀਸ਼ ਕਪੂਰ ਉਤੇ ਪਰਮਜੀਤ ਸਿੰਘ ਪੰਮਾ ਦੇ ਇੰਗਲੈਂਡ ਜਾਣ ਤੋਂ ਪਹਿਲਾਂ ਭਾਰਤ ਵਿਚ ਤਸ਼ੱਦਦ ਕਰਨਾ ਦਾ ਦੋਸ਼ ਲਾਇਆ ਗਿਆ ਸੀ। ਇਸ ਤੋਂ ਇਲਾਵਾ ਡੀ.ਆਈ.ਜੀ. ਬਲਕਾਰ ਸਿੰਘ ਸਿੱਧੂ ਤੇ ਡੀ.ਐਸ.ਪੀ. ਰਜਿੰਦਰ ਸਿੰਘ ਸੋਹਲ ਉਤੇ ਪੰਜਾਬ ਦੀਆਂ ਅਦਾਲਤਾਂ ਵਿਚ ਦਰਜ ਮਾਮਲਿਆਂ ਦਾ ਵੇਰਵਾ ਸ਼ਿਕਾਇਤ ਵਿਚ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ ਇਸ ਮੁੱਦੇ ਉਤੇ ਪੁਰਤਗਾਲ ਦੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸਿੱਖ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ



**ਟੈਕਸਸ (ਬਿਊਰੋ):** ਖਾਲਿਸਤਾਨ ਲਈ ਨਿਰੰਤਰ ਯਤਨਸ਼ੀਲ ਭਾਈ ਸੰਤੋਖ ਸਿੰਘ ਟੈਕਸਸ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਨੌਜਵਾਨ ਪੁੱਤ ਬਘੇਲ ਸਿੰਘ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ।

ਸੂਤਰਾਂ ਅਨੁਸਾਰ 25 ਫਰਵਰੀ ਦੀ ਰਾਤ ਨੂੰ ਵਾਪਰਿਆ ਇਹ ਹਾਦਸਾ ਇੰਨਾ ਭਿਆਨਕ ਸੀ ਕਿ ਮੌਤ ਨੇ ਕੁਝ ਮਿੰਟਾਂ ਵਿਚ ਹੀ ਬਘੇਲ ਸਿੰਘ ਨੂੰ ਆਪਣੀ ਲਪੇਟ ਵਿਚ ਲੈ ਲਿਆ। ਕਰੀਬ ਛੇ ਫੁੱਟ ਲੰਮਾ ਬਘੇਲ ਸਿੰਘ ਤਿੰਨ ਭੈਣਾਂ ਦਾ ਇਕੱਲਾ ਭਰਾ ਸੀ ਅਤੇ ਕਬੱਡੀ ਦਾ ਵੀ ਵਧੀਆ ਖਿਡਾਰੀ ਸੀ। ਸਵਰਗੀ ਬਘੇਲ ਸਿੰਘ ਦਾ 28 ਫਰਵਰੀ ਨੂੰ ਸਰਕਾਰ ਕਰ ਦਿਤਾ ਗਿਆ। ਇਸ ਮੌਕੇ ਅਮਰੀਕਾ ਤੇ ਕੈਨੇਡਾ ਦੇ ਵਖ ਵਖ ਸ਼ਹਿਰਾਂ ਤੋਂ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ, ਜਿਨ੍ਹਾਂ ਵਿਛੜੀ ਰੂਹ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿਤੀ।

ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਇਕ ਬਿਆਨ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਹੈ ਕਿ ਬਘੇਲ ਸਿੰਘ ਦੀ ਭਰ ਜਵਾਨੀ ਵਿਚ ਹੋਈ ਬੇਵਕਤੀ ਮੌਤ ਨੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਜਥੇਬੰਦੀ ਅਨੁਸਾਰ ਦਵਿੰਦਰ ਸਿੰਘ, ਦੀਦਾਰ ਸਿੰਘ ਕੈਲੀਫੋਰਨੀਆ, ਲਾਲ ਸਿੰਘ, ਕਰਨੈਲ ਸਿੰਘ ਸਲੇਮਪੁਰ, ਚਰਨਜੀਤ ਸਿੰਘ ਸਮਰਾ, ਸਤਪ੍ਰਕਾਸ਼ ਸਿੰਘ ਨਿਊ ਯਾਰਕ, ਨਵਜੋਤ ਸਿੰਘ ਅਰਕਨਸਾਸ, ਇੰਦਰਜੀਤ ਸਿੰਘ, ਸੁਖਦੇਵ ਸਿੰਘ ਸਿਆਟਲ, ਅਮਰਦੀਪ ਸਿੰਘ ਅਮਰ ਅਤੇ ਕਰਨੈਲ ਸਿੰਘ ਇੰਡੀਆਨਾ ਨੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ਹੈ। ਇਸੇ ਦੌਰਾਨ ਪੰਥਕ ਆਗੂਆਂ ਬੂਟਾ ਸਿੰਘ ਖੜੌਂਦ, ਸੁਰਜੀਤ ਸਿੰਘ ਕੁਲਾਰ, ਜੀਤ ਸਿੰਘ ਆਲੋਰਖ, ਰੇਸ਼ਮ ਸਿੰਘ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਤਰਸੇਮ ਸਿੰਘ, ਦਰਸ਼ਨ ਸਿੰਘ ਸੰਧੂ, ਕੈਨੇਡਾ ਤੋਂ ਸੁਖਮਿੰਦਰ ਸਿੰਘ ਹੰਸਰਾ, ਜਗਦੇਵ ਸਿੰਘ ਤੂਰ, ਪਰਮਿਮਦਰ ਸਿੰਘ ਅਤੇ ਮਨਵੀਰ ਸਿੰਘ (ਮਾਂਟਰੀਅਲ) ਨੇ ਇਸ ਅਣਹੋਣੀ 'ਤੇ ਅਫਸੋਸ ਜਾਹਰ ਕਰਦਿਆਂ ਪਰਮਾਤਮਾ ਅਗੇ ਅਰਦਾਸ ਕੀਤੀ ਹੈ ਕਿ ਉਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਪਾਕਿਸਤਾਨ 'ਚ ਭਾਰਤੀ ਤਿਰੰਗਾ ਲਹਿਰਾਉਣ ਵਾਲੇ ਨੂੰ ਜ਼ਮਾਨਤ

**ਲਾਹੌਰ:** ਪਾਕਿਸਤਾਨ ਦੀ ਇਕ ਅਦਾਲਤ ਨੇ ਭਾਰਤੀ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਦੇ ਪ੍ਰਸ਼ੰਸਕ ਉਸ ਨੌਜਵਾਨ ਨੂੰ ਜ਼ਮਾਨਤ 'ਤੇ ਰਿਹਾ ਕਰਨ ਦੇ ਹੁਕਮ ਕੀਤੇ ਹਨ, ਜਿਸ ਨੇ ਲਹਿੰਦੇ ਪੰਜਾਬ ਸਥਿਤ ਆਪਣੇ ਘਰ ਉਤੇ ਭਾਰਤੀ ਤਿਰੰਗਾ ਲਹਿਰਾਇਆ ਸੀ। ਦਰਜ਼ੀ ਦਾ ਕੰਮ ਕਰਦੇ ਉਮਰ ਦਰਾਜ਼ ਨਾਮੀ ਇਸ 22 ਸਾਲਾ ਕ੍ਰਿਕਟ ਪ੍ਰੇਮੀ ਨੂੰ ਇਸ ਕਾਰਨ 25 ਜਨਵਰੀ ਨੂੰ ਦੇਸ਼ ਧ੍ਰੋਹ ਦੇ ਦੋਸ਼ ਵਿਚ ਓਕਾੜਾ ਜ਼ਿਲ੍ਹੇ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਓਕਾੜਾ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਉਸ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ। ਉਸ ਨੇ ਇਕ ਟੀ-20 ਮੈਚ ਵਿਚ ਆਸਟਰੇਲੀਆ ਖਿਲਾਫ਼ ਭਾਰਤ ਦੀ ਜਿੱਤ ਤੋਂ ਜੋਸ਼ 'ਚ ਆ ਕੇ ਆਪਣੇ ਘਰ 'ਤੇ ਤਿਰੰਗਾ ਲਹਿਰਾਇਆ ਸੀ। ਉਸ ਨੂੰ ਪਾਕਿਸਤਾਨੀ ਪ੍ਰਭੂਸੱਤਾ ਖਿਲਾਫ਼ ਕੰਮ ਕਰਨ ਬਦਲੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਸ ਜੁਰਮ ਵਿਚ ਉਸ ਨੂੰ 10 ਸਾਲ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਪਹਿਲਾਂ 18 ਫਰਵਰੀ ਨੂੰ ਜ਼ਿਲ੍ਹਾ ਜੱਜ ਨੇ ਪੁਲਿਸ ਵੱਲੋਂ ਕਲੀਨ ਚਿੱਟ ਦਿੱਤੇ ਜਾਣ ਦੇ ਬਾਵਜੂਦ ਉਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ, ਜਿਸ ਕਾਰਨ ਉਸ ਦੇ ਵਕੀਲਾਂ ਨੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਅਸਦਉੱਲਾ ਸਿਰਾਜ਼ ਦੀ ਅਦਾਲਤ ਦਾ ਬੂਹਾ ਖੜਕਾਇਆ ਸੀ। ਰੋਜ਼ਨਾਮਾ 'ਡਾਅਨ' ਦੀ ਰਿਪੋਰਟ ਮੁਤਾਬਕ ਜੱਜ ਨੇ ਉਸ ਨੂੰ 50 ਹਜ਼ਾਰ ਰੁਪਏ ਜ਼ਮਾਨਤ 'ਤੇ ਰਿਹਾ ਕਰ ਦਿੱਤੇ ਜਾਣ ਦੇ ਹੁਕਮ ਜਾਰੀ ਕਰ ਦਿੱਤੇ।


**ਰੈਸਟੋਰੈਂਟ ਲੀਜ਼ 'ਤੇ ਉਪਲਬਧ**

ਫਲੋਰਿਡਾ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਲੀਜ਼ 'ਤੇ ਉਪਲਬਧ ਹੈ

ਸੇਲ: $60,000 ਪ੍ਰਤੀ ਮਹੀਨਾ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 850-510-3466

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋ

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



**Punjab Times**

*Ph: 847-359-0746*

*Visit us on the web:*

*punjabtimesusa.com*



**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat-Sunday-9am to 7pm
(Tuesday Closed)



Cell: (510)-677-9942

Shop: (510)-505-9605

www.princebarbershop.com



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211

www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

# ਕਤਲੇਆਮ 1984: ਗ੍ਰਾਂਟ ਛਕਣ ਦੇ ਮਾਮਲੇ 'ਤੇ ਘਿਰੇ ਅਕਾਲੀ

**ਅੰਮ੍ਰਿਤਸਰ:** ਭਾਜਪਾ ਦੀ ਵਿਧਾਇਕਾ ਤੇ ਮੁੱਖ ਪਾਰਲੀਮਾਨੀ ਸਕੱਤਰ ਡਾਕਟਰ ਨਵਜੋਤ ਕੌਰ ਸਿੱਧੂ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਘੇਰਿਆ ਹੋਇਆ ਹੈ। ਬੀਬੀ ਸਿੱਧੂ ਵੱਲੋਂ 1984 ਦੇ ਕਤਲੇਆਮ ਪੀੜਤਾਂ ਲਈ ਆਈ ਗ੍ਰਾਂਟ ਵਿਚ ਹੋਏ ਘਪਲੇ ਬਾਰੇ ਕੀਤੇ ਖੁਲਾਸੇ ਪਿੱਛੋਂ ਅਕਾਲੀ ਦਲ ਬੁਰੀ ਤਰ੍ਹਾਂ ਘਿਰ ਗਿਆ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਬੀਬੀ ਸਿੱਧੂ ਵੱਲੋਂ ਕਤਲੇਆਮ ਪੀੜਤਾਂ ਨੂੰ ਮਿਲੀ 440 ਕਰੋੜ ਰੁਪਏ ਦੀ ਗ੍ਰਾਂਟ ਵਿਚ ਘਪਲੇ ਦੇ ਬਿਆਨ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਸਕੱਤਰ ਨੂੰ ਸੱਤਾਂ ਦਿਨਾਂ ਵਿਚ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ। ਡਾ. ਵੇਰਕਾ ਨੇ ਦੱਸਿਆ ਕਿ 2006 ਵਿਚ ਯੂ.ਪੀ.ਏ. ਦੀ ਸਰਕਾਰ ਹੁੰਦਿਆਂ 440 ਕਰੋੜ ਰੁਪਏ ਦੀ ਗ੍ਰਾਂਟ ਪੀੜਤਾਂ ਨੂੰ ਦਿੱਤੀ ਗਈ ਸੀ, ਇਸ ਬਾਰੇ ਨਵਜੋਤ ਕੌਰ ਨੇ ਦੋਸ਼ ਲਾਏ ਹਨ ਕਿ ਜਾਅਲੀ ਪੀੜਤਾਂ ਨੂੰ ਝੂਠੇ ਕਾਰਡ ਬਣਾ ਕੇ ਗ੍ਰਾਂਟ ਦਿੱਤੀ ਗਈ ਹੈ ਤੇ ਇਸ ਵਿਚ ਜਿਹੜਾ ਘਪਲਾ ਹੋਇਆ ਹੈ, ਉਸ ਦੀਆਂ ਤਾਰਾਂ ਸਿਆਸੀ ਆਗੂਆਂ ਨਾਲ ਜੁੜੀਆਂ ਹੋਈਆਂ ਹਨ। ਇਸ ਘਪਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼ਮੂਲੀਅਤ ਬਾਰੇ ਉਨ੍ਹਾਂ ਕਿਹਾ ਕਿ ਉਹ ਸੂਬੇ ਦੇ ਮੁਖੀ ਹਨ ਤੇ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ।

ਬੀਬੀ ਸਿੱਧੂ ਨੇ ਇਲਜ਼ਾਮ ਲਾਇਆ ਸੀ ਕਿ ਅਕਾਲੀ ਸਰਕਾਰ ਅੱਜ ਤੱਕ 1984 ਦੇ ਦੰਗਾ ਪੀੜਤਾਂ ਨੂੰ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਮਦਦ ਤੇ ਘਰ ਮੁਹੱਈਆ ਕਰਵਾਉਣ ਵਿਚ ਅਸਫਲ ਸਾਬਤ ਹੋਈ ਹੈ। ਦਰਅਸਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਸੀ ਕਿ ਭਾਜਪਾ ਵੀ ਕਾਂਗਰਸ ਵਾਂਗ ਹੀ ਹੈ ਜੋ ਸਿੱਖਾਂ ਨੂੰ 1984 ਦੰਗਿਆਂ ਦਾ ਇਨਸਾਫ਼ ਨਹੀਂ ਦਵਾ ਸਕੀ। ਇਸ ਲਈ ਅਕਾਲੀ ਦਲ ਨੂੰ ਭਾਜਪਾ ਨਾਲ ਗੱਠਜੋੜ ਤੋੜ ਦੇਣਾ ਚਾਹੀਦਾ ਹੈ। ਇਸ ਗੱਲ ਦਾ ਜਵਾਬ ਦਿੰਦਿਆਂ ਬੀਬੀ ਸਿੱਧੂ ਨੇ ਕਿਹਾ ਕਿ ਲੁਧਿਆਣਾ ਵਿਚ ਕੇਂਦਰ ਸਰਕਾਰ ਵੱਲੋਂ ਦੰਗਾ ਪੀੜਤਾਂ ਲਈ ਬਣਾਏ ਗਏ ਮਕਾਨਾਂ 'ਤੇ ਕੁਝ ਅਕਾਲੀ ਲੀਡਰਾਂ ਵੱਲੋਂ ਕਬਜ਼ੇ ਕੀਤੇ ਗਏ ਹਨ। ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਰਾਹਤ ਰਾਸ਼ੀ ਵੀ ਹੜੱਪ ਲਈ ਗਈ ਹੈ ਜਿਸ ਦੀ ਉਹ ਸੀ.ਬੀ.ਆਈ. ਜਾਂਚ ਦੀ ਮੰਗ ਕਰਦੇ ਹਨ।

ਉਨ੍ਹਾਂ ਜੀ.ਕੇ. ਨੂੰ ਕਿਹਾ ਕਿ ਉਹ ਉਨ੍ਹਾਂ ਨਾਲ ਜਾਣ ਤੇ ਮੋਦੀ ਨੂੰ ਮਿਲਣ ਤੇ ਦੱਸਣ ਕਿ ਜੇਕਰ ਪੰਜਾਬ ਸਰਕਾਰ ਦੰਗਾ ਪੀੜਤਾਂ ਦੇ ਹੱਕ ਖੋਹਣ ਵਾਲੇ ਅਕਾਲੀ ਲੀਡਰਾਂ ਖਿਲਾਫ਼ ਸਖਤ ਕਾਰਵਾਈ ਨਹੀਂ ਕਰਦੇ ਤਾਂ ਇਹ ਗੱਠਜੋੜ ਤੋੜ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਖੁਦ ਚਾਹੁੰਦੇ ਹਨ ਕਿ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਤੋੜਿਆ ਜਾਵੇ। ਇਸ ਮਾਮਲੇ ਬਾਰੇ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਨ ਬਾਰੇ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਕਿਹਾ ਕਿ ਬਾਦਲ ਸਾਹਿਬ ਨੂੰ ਮਿਲਣ ਦਾ ਕੋਈ ਫਾਇਦਾ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਬਾਦਲ ਦੇ ਦਿਲ ਵਿਚ ਸਿੱਖਾਂ ਪ੍ਰਤੀ ਦਰਦ ਹੁੰਦਾ ਤਾਂ ਇਨ੍ਹਾਂ ਲੋਕਾਂ ਨਾਲ ਇਨਸਾਫ਼ ਜ਼ਰੂਰ ਕਰਦੇ।





## ਮੋਦੀ ਤੋਂ ਹਮਾਇਤ ਵਾਪਸ ਲਏ ਅਕਾਲੀ ਦਲ: ਜੀ.ਕੇ.

**ਚੰਡੀਗੜ੍ਹ:** ਮਨਜੀਤ ਸਿੰਘ ਜੀ.ਕੇ. ਨੇ ਭਾਰਤੀ ਜਨਤਾ ਪਾਰਟੀ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ '84 ਦੇ ਦੰਗਾ ਪੀੜਤਾਂ ਨੂੰ ਇਨਸਾਫ ਨਾ ਦੇਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਵੱਲੋਂ ਜਗਦੀਸ਼ ਟਾਈਟਲਰ ਖਿਲਾਫ਼ ਕਲੋਜ਼ਰ ਰਿਪੋਰਟ ਅਦਾਲਤ ਵਿਚ ਪੇਸ਼ ਕਰਨਾ ਸਿੱਖਾਂ ਨਾਲ ਵਧੀਕੀ ਹੈ ਤੇ ਡੀ.ਐਸ.ਜੀ. ਪੀ.ਸੀ. ਨੇ ਕੇਂਦਰੀ ਏਜੰਸੀ ਦੇ ਇਸ ਫੈਸਲੇ ਵਿਰੁੱਧ ਮੋਦੀ ਸਰਕਾਰ ਖਿਲਾਫ ਮੁਜ਼ਾਹਰਾ ਵੀ ਕੀਤਾ ਸੀ।

ਉਨ੍ਹਾਂ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੀ 1984 ਦੇ ਸਿੱਖ ਦੰਗਾਂ ਪੀੜਤਾਂ ਨੂੰ ਰਾਹਤ ਦੇਣ ਦੀ ਥਾਂ ਕਾਂਗਰਸ ਵਾਲਾ ਹੀ ਰਵੱਈਆ ਰੱਖਦੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਨਾਲੋਂ ਨਾਤਾ ਤੋੜ ਲੈਣਾ ਚਾਹੀਦਾ ਹੈ।

## ਮੋਦੀ ਕੋਲ ਲੱਗੇਗੀ ਬਾਦਲ ਦੀ ਸ਼ਿਕਾਇਤ

**ਚੰਡੀਗੜ੍ਹ:** ਨਵਜੋਤ ਕੌਰ ਸਿੱਧੂ ਨੇ ਇਲਜ਼ਾਮ ਲਾਇਆ ਕਿ ਬਾਦਲ, ਮੋਦੀ ਵੱਲੋਂ ਸ਼ੁਰੂ ਕੀਤੀਆਂ ਨੀਤੀਆਂ ਦਾ ਪੰਜਾਬ ਵਿਚ ਪ੍ਰਚਾਰ ਨਹੀਂ ਕਰਦੇ ਤੇ 1984 ਦੰਗਿਆਂ ਦੇ ਮੁੱਦੇ ਨੂੰ ਸਿਰਫ ਰਾਜਨੀਤੀ ਲਈ ਵਰਤਦੇ ਹਨ। ਉਹ ਦੰਗਾ ਪੀੜਤਾਂ ਦੇ ਹੱਕਾਂ ਲਈ ਹਰ ਲੜਾਈ ਲੜਨ ਨੂੰ ਤਿਆਰ ਹਨ ਤੇ ਛੇਤੀ ਹੀ ਮੋਦੀ ਨੂੰ ਮਿਲ ਕੇ ਇਸ ਸਾਰੇ ਮਾਮਲੇ ਬਾਰੇ ਅਕਾਲੀ ਦਲ ਦੀ ਭੂਮਿਕਾ ਬਾਰੇ ਜਾਣੂ ਕਰਵਾਉਣਗੇ। ਜੇਕਰ ਇਸ ਲਈ ਉਨ੍ਹਾਂ ਨੂੰ ਜੰਤਰ ਮੰਤਰ 'ਤੇ ਭੁੱਖ ਹੜਤਾਲ ਵੀ ਕਰਨੀ ਪਈ ਤਾਂ ਉਹ ਕਰਨਗੇ।

## ਸਿੱਖਾਂ ਨੂੰ ਗੁੰਮਰਾਹ ਨਾ ਕਰਨ ਜੀ.ਕੇ: ਸਰਨਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਵੱਲੋਂ ਭਾਰਤੀ ਜਨਤਾ ਪਾਰਟੀ ਨੂੰ ਇਹ ਕਹਿਣਾ ਕਿ ਜਾਂ ਤਾਂ ਉਹ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਉਨ੍ਹਾਂ ਦਾ ਸਾਥ ਦੇਣ ਜਾਂ ਫਿਰ ਅਕਾਲੀ ਦਲ ਬਾਦਲ ਨੂੰ ਛੱਡ ਦੇਣ, ਕਿਸੇ ਪੱਖੋਂ ਵੀ ਤਰਕਸੰਗਤ ਨਹੀਂ ਸਗੋਂ ਹਾਸੋਹੀਣਾ ਹੈ।

ਉਨ੍ਹਾਂ ਕਿਹਾ ਕਿ ਜੀ.ਕੇ. ਤੇ ਸਿਰਸਾ ਨੇ ਜਿਸ ਤਰੀਕੇ ਨਾਲ ਝੂਠ ਬੋਲ ਕੇ 2012 ਵਿਚ ਦਿੱਲੀ ਕਮੇਟੀ ਦੀਆਂ ਚੋਣਾਂ ਜਿੱਤੀਆਂ ਸਨ, ਉਹ ਮਨਘੜਤ ਬਿਆਨਬਾਜ਼ੀ ਕਰਕੇ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

## ਜੀ.ਕੇ. ਦੇ ਬਿਆਨ ਬਾਰੇ ਕੁਝ ਪਤਾ ਨਹੀਂ: ਸੁਖਬੀਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰੈਸ ਕਾਨਫਰੰਸ ਦੌਰਾਨ ਭਾਜਪਾ ਨਾਲੋਂ ਨਾਤਾ ਤੋੜਨ ਤੇ ਭਾਜਪਾ ਦੀ ਕੇਂਦਰ ਸਰਕਾਰ ਦੀ ਤੁਲਨਾ ਕਾਂਗਰਸ ਨਾਲ ਕਰਨ ਸਬੰਧੀ ਦਿੱਤੇ ਗਏ ਬਿਆਨ ਬਾਰੇ ਮੈਨੂੰ ਕੁਝ ਪਤਾ ਨਹੀਂ। ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ।

# ਭਗਤ ਸਿੰਘ ਦੀ ਲੁਕਣਗਾਹ ਬਾਰੇ ਨੀਤੀ ਤੋਂ ਹਾਈ ਕੋਰਟ ਖਫਾ

**ਚੰਡੀਗੜ੍ਹ:** ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਿਖੇ ਸਥਿਤ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਲੁਕਣਗਾਹ ਨੂੰ ਪੰਜਾਬ ਸਰਕਾਰ ਨੇ ਲੰਘੇ ਦਸੰਬਰ ਮਹੀਨੇ 'ਸੁਰੱਖਿਅਤ ਯਾਦਗਾਰ' ਦਾ ਦਰਜਾ ਤਾਂ ਦੇ ਦਿੱਤਾ, ਪਰ ਅਜੇ ਤੱਕ ਉਹ ਯਾਦਗਾਰ ਆਮ ਲੋਕਾਂ ਲਈ ਨਹੀਂ ਖੋਲ੍ਹੀ ਗਈ। ਇਸ ਮਾਮਲੇ ਨੂੰ ਲੈ ਕੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਹੈ ਕਿ ਜੇ ਇਹ ਸਥਾਨ ਲੋਕਾਂ ਲਈ ਅਜੇ ਤੱਕ ਖੋਲ੍ਹਿਆ ਹੀ ਨਹੀਂ ਗਿਆ ਤਾਂ ਇਸ ਨੂੰ ਯਾਦਗਾਰ ਐਲਾਨਣ ਦਾ ਮਕਸਦ ਕੀ ਹੈ? ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਵਿਚ 21 ਮਾਰਚ ਜਾਂ ਉਸ ਤੋਂ ਪਹਿਲਾਂ ਪਹਿਲਾਂ ਸੂਬਾ ਸਰਕਾਰ ਤੋਂ ਸਟੇਟਸ ਰਿਪੋਰਟ ਮੰਗ ਲਈ ਹੈ।




ਦਰਅਸਲ, ਹਾਈ ਕੋਰਟ ਦੇ ਸੀਨੀਅਰ ਵਕੀਲ ਹਰੀਚੰਦ ਅਰੋੜਾ ਵੱਲੋਂ ਪੰਜਾਬ ਸਭਿਆਚਾਰਕ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਮੈਡਮ ਅੰਜਲੀ ਭਾਵੜਾ ਖਿਲਾਫ਼ ਅਦਾਲਤੀ ਹੁਕਮਾਂ ਦੀ ਉਲੰਘਣਾ ਸਬੰਧੀ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨਰ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ 17 ਦਸੰਬਰ 2015 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਉਪਰੋਕਤ ਲੁਕਣਗਾਹ ਨੂੰ 'ਸੁਰੱਖਿਅਤ ਯਾਦਗਾਰ' ਐਲਾਨ ਦਿੱਤਾ ਸੀ।

ਪਟੀਸ਼ਨਰ ਨੇ ਕਿਹਾ ਕਿ ਜੇ ਇਹ ਯਾਦਗਾਰ ਆਗਾਮੀ 23 ਮਾਰਚ ਤੋਂ ਪਹਿਲਾਂ-ਪਹਿਲਾਂ ਲੋਕਾਂ ਲਈ ਖੋਲ੍ਹ ਦਿੱਤੀ ਜਾਵੇ ਤਾਂ ਇਹ ਕਦਮ ਸ਼ਹੀਦਾਂ ਨੂੰ ਸ਼ਰਧਾਂਜਲੀ ਹੋਵੇਗਾ। ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਲਾਅ ਅਫਸਰ ਨੇ ਪਟੀਸ਼ਨ ਤਹਿਤ ਜਾਰੀ ਨੋਟਿਸ ਦਾ ਜਵਾਬ ਦੇਣ ਲਈ ਹੋਰ ਸਮੇਂ ਦੀ ਮੰਗ ਕੀਤੀ। ਹਾਈ ਕੋਰਟ ਦੇ ਜਸਟਿਸ ਰਾਕੇਸ਼ ਕੁਮਾਰ ਜੈਨ ਆਧਾਰਤ ਬੈਂਚ ਨੇ ਪਟੀਸ਼ਨਰ ਵੱਲੋਂ ਰੱਖੇ ਪੱਖ ਨਾਲ ਸਹਿਮਤੀ ਪ੍ਰਗਟ ਕਰਦਿਆਂ ਸਰਕਾਰ ਨੂੰ ਪੁੱਛਿਆ ਕਿ ਜੇ ਇਹ ਸਥਾਨ ਲੋਕਾਂ ਲਈ ਖੋਲ੍ਹਣਾ ਹੀ ਨਹੀਂ ਤਾਂ ਇਸ ਨੂੰ ਯਾਦਗਾਰ ਦਾ ਦਰਜਾ ਦੇਣ ਦਾ ਮਕਸਦ ਕੀ ਹੈ? ਅਦਾਲਤ ਨੇ ਪ੍ਰਮੁੱਖ ਸਕੱਤਰ ਅੰਜਲੀ ਭਾਵੜਾ ਨੂੰ 21 ਮਾਰਚ ਜਾਂ ਉਸ ਤੋਂ ਪਹਿਲਾਂ ਸਟੇਟਸ ਰਿਪੋਰਟ ਦੇਣ ਲਈ ਕਿਹਾ ਹੈ।

# ਅਮਰੀਕਾ ਵੱਲੋਂ ਪਰਮਾਣੂ ਮਿਜ਼ਾਈਲ ਨਾਲ ਤਾਕਤ ਦਾ ਪ੍ਰਦਰਸ਼ਨ

**ਸੈਨ ਫਰਾਂਸਿਸਕੋ:** ਰੂਸ, ਚੀਨ ਤੇ ਉੱਤਰੀ ਕੋਰੀਆ ਦੇ ਵਧਦੇ ਪ੍ਰਭਾਵ ਨੂੰ ਰੋਕਣ ਤੇ ਆਪਣੀ ਤਾਕਤ ਦਿਖਾਉਣ ਦੇ ਮਕਸਦ ਨਾਲ ਅਮਰੀਕਾ ਨੇ ਇਕ ਹਫਤੇ ਵਿਚ ਦੂਜੀ ਵਾਰ ਆਪਣੀ ਇੰਟਰਕਾਂਟੀਨੈਂਟਲ ਨਿਊਕਲੀਅਰ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ ਕੀਤਾ ਹੈ। ਅਮਰੀਕਾ ਦੇ ਰੱਖਿਆ ਮੰਤਰੀ ਰਾਬਰਟ ਵਾਰਕ ਨੇ ਕਿਹਾ ਸੀ, ਇਹ ਪ੍ਰੀਖਣ ਤਿੰਨਾਂ ਦੇਸ਼ਾਂ ਨੂੰ ਅਮਰੀਕਾ ਦੀ ਤਾਕਤ ਦਿਖਾਉਣ ਲਈ ਹੈ। ਇਹ ਮਿਜ਼ਾਈਲ 24 ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਆਸਮਾਨ ਵਿਚ ਗਈ।

ਮਿਜ਼ਾਈਲ ਦੀ ਰੇਂਜ 10 ਹਜ਼ਾਰ ਕਿਲੋਮੀਟਰ ਹੈ। ਰੂਸ, ਚੀਨ ਤੇ ਉੱਤਰੀ ਕੋਰੀਆ ਨੂੰ ਅਮਰੀਕਾ ਆਸਾਨੀ ਨਾਲ ਨਿਸ਼ਾਨਾ ਬਣਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਜਨਵਰੀ 2011 ਤੋਂ ਬਾਅਦ ਇਸ ਮਿਜ਼ਾਈਲ ਦੇ 15 ਪ੍ਰੀਖਣ ਕਰ ਚੁੱਕਾ ਹੈ। ਇਹ ਇਸ ਗੱਲ ਦਾ ਇਸ਼ਾਰਾ ਹੈ ਕਿ ਸਾਡਾ ਦੇਸ਼ ਜ਼ਰੂਰਤ ਪੈਣ ਉਤੇ ਪਰਮਾਣੂ ਹਥਿਆਰਾਂ ਦਾ ਪ੍ਰਯੋਗ ਕਰਨ ਲਈ ਤਿਆਰ ਹੈ। ਜ਼ਿਕਰਯੋਗ ਹੈ ਕਿ ਚੀਨ ਦੱਖਣੀ ਚੀਨ ਸਾਗਰ ਵਿਚ 12 ਮੀਲ ਦੇ ਇਲਾਕੇ 'ਤੇ ਆਪਣੇ ਹੱਕ ਜਤਾ ਰਿਹਾ ਹੈ। ਇਸ ਤੋਂ ਇਲਾਵਾ ਤਾਈਵਾਨ, ਫਿਲਪੀਨ, ਵੀਅਤਨਾਮ ਤੇ ਮਲੇਸ਼ੀਆ ਵੀ ਇਸ ਇਲਾਕੇ 'ਤੇ ਆਪਣਾ ਹੱਕ ਜਤਾ ਰਹੇ ਹਨ। ਇਸ ਉਤੇ ਅਮਰੀਕਾ ਤੇ ਚੀਨ ਵਿਚਕਾਰ ਤਿੱਖੀ ਬਹਿਸ ਵੀ ਹੋਈ ਸੀ। ਉੱਤਰੀ ਕੋਰੀਆ ਨੇ ਜਨਵਰੀ ਵਿਚ ਹਾਈਡ੍ਰੋਜਨ ਬੰਬ ਦਾ ਪ੍ਰੀਖਣ ਕਰਕੇ ਅਮਰੀਕਾ ਸਮੇਤ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ।

# ਪੰਜਾਬ ਪੁਲਿਸ ਤੋਂ 14 ਗੁਣਾ ਵੱਧ ਹਥਿਆਰ ਆਮ ਲੋਕਾਂ ਕੋਲ

**ਚੰਡੀਗੜ੍ਹ:** ਪੰਜਾਬ ਵਿਚ ਨਿੱਜੀ ਹਥਿਆਰਾਂ ਦੇ 4.5 ਲੱਖ ਲਾਇਸੈਂਸ ਜਾਰੀ ਕੀਤੇ ਹੋਏ ਹਨ। ਸੂਬਾ ਸਰਕਾਰ ਨੇ ਹਰ ਲਾਇਸੈਂਸ ਉਤੇ ਤਿੰਨ ਹਥਿਆਰ ਰੱਖਣ ਦੀ ਆਗਿਆ ਵੀ ਦਿੱਤੀ ਹੋਈ ਹੈ। ਇਸ ਤਰ੍ਹਾਂ ਪੰਜਾਬ ਵਿਚ 11 ਲੱਖ ਦੇ ਕਰੀਬ ਲਾਇਸੈਂਸਸ਼ੁਦਾ ਨਿੱਜੀ ਹਥਿਆਰ ਹਨ ਜਦੋਂਕਿ ਵੱਡੀ ਗਿਣਤੀ ਵਿਚ ਗ਼ੈਰ-ਕਾਨੂੰਨੀ ਹਥਿਆਰ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਉਲਟ ਸੂਬੇ ਵਿਚ ਸਿਰਫ 77,000 ਪੁਲਿਸ ਕਰਮਚਾਰੀ ਹੀ ਹਨ ਤੇ ਜੇ ਇਨ੍ਹਾਂ ਸਾਰਿਆਂ ਕੋਲ ਵੀ ਇਕ-ਇਕ ਹਥਿਆਰ ਹੋਵੇ ਤਾਂ ਇਨ੍ਹਾਂ ਕੋਲ ਸਿਰਫ 77,000 ਹੀ ਹਥਿਆਰ ਬਣਦੇ ਹਨ ਜਦੋਂਕਿ ਸੂਬੇ ਦੇ ਲੋਕਾਂ ਕੋਲ ਮੌਜੂਦਾ 11 ਲੱਖ ਦੇ ਕਰੀਬ ਹਥਿਆਰਾਂ ਦਾ ਸਿਰਫ ਸੱਤ ਫੀਸਦੀ ਹੀ ਹਨ। ਇਸ ਮੁਤਾਬਕ ਸਰਕਾਰ ਨੇ ਆਮ ਲੋਕਾਂ ਨੂੰ ਪੁਲਿਸ ਮੁਕਾਬਲੇ ਔਸਤ 14 ਗੁਣਾਂ ਹਥਿਆਰ ਰੱਖਣ ਲਈ ਲਾਇਸੈਂਸ ਜਾਰੀ ਕੀਤੇ ਹੋਏ ਹਨ।

ਪੰਜਾਬ ਵਿਚ ਜਾਰੀ ਲਾਇਸੈਂਸਾਂ ਦੀ ਗਿਣਤੀ ਮੁਲਕ ਵਿਚ ਜਾਰੀ ਕੁੱਲ 21 ਲੱਖ ਲਾਇਸੈਂਸਾਂ ਦਾ 20 ਫੀਸਦੀ ਬਣਦੀ ਹੈ ਜਦੋਂਕਿ ਸੂਬੇ ਦੀ ਆਬਾਦੀ ਮੁਲਕ ਦਾ ਸਿਰਫ 2.3 ਫੀਸਦੀ ਹੀ ਹੈ। ਸੂਬੇ ਦੇ ਨਾਗਰਿਕਾਂ ਕੋਲ ਹਥਿਆਰਾਂ ਦੀ ਭਾਰੀ ਗਿਣਤੀ ਵਿਚ ਮੌਜੂਦਗੀ ਜਿਥੇ ਪੰਜਾਬੀਆਂ ਵਿਚ ਵਧ ਰਹੇ ਇਸ ਖਤਰਨਾਕ ਤੇ ਅਵੱਲੜੇ ਸ਼ੌਕ ਦਾ ਪ੍ਰਗਟਾਵਾ ਕਰਦੀ ਹੈ, ਉਥੇ ਸਰਕਾਰ ਵੱਲੋਂ ਅੱਖਾਂ ਮੀਟ ਕੇ ਲਾਇਸੈਂਸ ਜਾਰੀ ਕਰਨ ਦੀ ਗੈਰਜ਼ਿੰਮੇਵਾਰਾਨਾ ਪਹੁੰਚ ਦਾ ਵੀ ਖੁਲਾਸਾ ਕਰਦੀ ਹੈ। ਸੂਬੇ ਦੇ ਸਿਵਲੀਅਨ ਲੋਕਾਂ ਕੋਲ ਇੰਨੀ ਭਾਰੀ ਮਾਤਰਾ ਵਿਚ ਹਥਿਆਰ ਹੋਣੇ ਨਾ ਸਿਰਫ ਅਮਨ-ਕਾਨੂੰਨ ਲਈ ਹੀ ਖਤਰਾ ਹਨ ਬਲਕਿ ਇਹ ਅਮਨ-ਕਾਨੂੰਨ ਰੱਖਣ ਲਈ ਜ਼ਿੰਮੇਵਾਰ ਸੂਬੇ ਦੀ ਪੁਲਿਸ ਲਈ ਵੀ ਚੁਣੌਤੀ ਹਨ।



## ਵੱਡੇ ਘਰਾਂ ਦੇ ਕਾਕਿਆਂ ਨੂੰ ਸਸਤੇ ਹਥਿਆਰ

**ਬਠਿੰਡਾ:** ਪੰਜਾਬ ਵਿਚ ਲੰਘੇ ਚਾਰ ਵਰ੍ਹਿਆਂ ਦੌਰਾਨ ਜ਼ਬਤ ਕੀਤੇ ਗਏ 226 ਦੇਸੀ ਤੇ ਵਿਦੇਸ਼ੀ ਹਥਿਆਰ ਵੀ.ਆਈ.ਪੀਜ਼. ਲੋਕਾਂ ਨੂੰ ਅਲਾਟ ਕੀਤੇ ਗਏ ਹਨ। ਇਸ ਦੌਰਾਨ ਸਰਕਾਰ ਕੋਲ 795 ਰਸੂਖਵਾਨਾਂ ਨੇ ਪੁਲਿਸ ਭੰਡਾਰ ਵਿਚ ਪਏ ਜ਼ਬਤਸ਼ੁਦਾ ਹਥਿਆਰ ਲੈਣ ਲਈ ਦਰਖਾਸਤਾਂ ਦਿੱਤੀਆਂ ਸਨ। ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਲੜਕੇ ਜਸਜੀਤ ਸਿੰਘ, ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਲੜਕੇ ਰਵੀਕਰਨ ਸਿੰਘ ਕਾਹਲੋਂ, ਵਿਧਾਇਕ ਹਰੀ ਸਿੰਘ ਜ਼ੀਰਾ ਦੇ ਲੜਕੇ ਅਵਤਾਰ ਸਿੰਘ, ਯੂਥ ਵਿੰਗ ਦੇ ਮਾਲਵਾ ਜ਼ੋਨ ਦੇ ਯੂਥ ਆਗੂ ਰੋਜ਼ੀ ਬਰਕੰਦੀ ਤੇ ਉਸ ਦੇ ਭਰਾ ਸ਼ਮਿੰਦਰਜੀਤ ਸਿੰਘ, ਮੁੱਖ ਮੰਤਰੀ ਦੇ ਓ.ਐਸ.ਡੀ. ਬਲਕਰਨ ਸਿੰਘ, ਸਾਬਕਾ ਓ.ਐਸ.ਡੀ. ਗੁਰਵਿੰਦਰ ਸਿੰਘ, ਪਿੰਡ ਬਾਦਲ ਦੇ ਪਵਨਪ੍ਰੀਤ ਸਿੰਘ, ਅਕਾਲੀ ਵਿਧਾਇਕ ਮਨਪ੍ਰੀਤ ਇਆਲ਼ੀ ਨੂੰ ਵਿਦੇਸ਼ੀ ਪਿਸਤੌਲਾਂ ਅਲਾਟ ਕੀਤੀਆਂ ਗਈਆਂ ਹਨ। ਇਨ੍ਹਾਂ ਨੇ ਚੀਨੀ ਪਿਸਤੌਲਾਂ ਪਸੰਦ ਕੀਤੀਆਂ, ਜੋ 20 ਤੋਂ 30 ਹਜ਼ਾਰ ਰੁਪਏ ਵਿਚ ਅਲਾਟ ਕੀਤੀਆਂ ਗਈਆਂ।

## ਲਾਇਸੈਂਸੀ ਹਥਿਆਰਾਂ ਨਾਲ ਮੌਤਾਂ ਪੱਖੋਂ ਪੰਜਾਬ ਮੋਹਰੀ

**ਜਲੰਧਰ:** ਸਾਲ 2014 ਵਿਚ ਪੰਜਾਬ ਲਾਇਸੈਂਸੀ ਹਥਿਆਰਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਪੱਖੋਂ ਮੁਲਕ ਭਰ ਵਿਚ ਮੋਹਰੀ ਸੀ ਜਦੋਂਕਿ ਹੁਣ ਤਾਂ ਹਾਲਤ ਹੋਰ ਵੀ ਵਿਗੜ ਚੁੱਕੇ ਹਨ। ਹਥਿਆਰਾਂ ਦੇ ਸ਼ੌਕ ਦਾ ਇਹ ਖ਼ਤਰਨਾਕ ਵਰਤਾਰਾ ਖੁਸ਼ੀ ਦੇ ਸਮਾਗਮਾਂ ਉਤੇ ਵੀ ਭਾਰੀ ਪੈਂਦਾ ਜਾ ਰਿਹਾ ਹੈ।

ਪਿਛਲੇ ਕਈ ਮਹੀਨਿਆਂ ਤੋਂ ਤਕਰੀਬਨ ਹਰ ਮਹੀਨੇ ਇਕ ਮੌਤ ਸੂਬੇ ਵਿਚ ਕਿਸੇ ਨਾ ਕਿਸੇ ਸਮਾਗਮ ਦੌਰਾਨ ਚੱਲੀ ਗੋਲੀ ਨਾਲ ਹੋ ਰਹੀ ਹੈ। ਹਥਿਆਰਾਂ ਦੇ ਬਲਬੂਤੇ ਰਸੂਖਵਾਨ ਆਮ ਲੋਕਾਂ ਦੀਆਂ ਜ਼ਮੀਨਾਂ-ਜਾਇਦਾਦਾਂ ਉਤੇ ਕਬਜ਼ੇ ਵੀ ਕਰ ਰਹੇ ਹਨ ਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦੇ ਰਹੇ ਹਨ।

## ਲਾਇਸੈਂਸਾਂ ਜਾਰੀ ਕਰਨ ਬਾਰੇ ਨਿਯਮ

**ਜਲੰਧਰ:** ਗ੍ਰਹਿ ਮੰਤਰਾਲੇ ਦੇ ਹੁਕਮਾਂ ਅਨੁਸਾਰ ਕੋਈ ਵੀ ਸੂਬਾ ਸਰਕਾਰ ਆਪਣੀ ਪੁਲਿਸ ਨਫਰੀ ਦੇ ਢਾਈ ਗੁਣਾਂ ਤੋਂ ਵੱਧ ਲੋਕਾਂ ਨੂੰ ਹਥਿਆਰਾਂ ਦੇ ਲਾਇਸੈਂਸ ਜਾਰੀ ਨਹੀਂ ਕਰ ਸਕਦੀ, ਪਰ ਪੰਜਾਬ ਸਰਕਾਰ ਨੇ ਇਨ੍ਹਾਂ ਹੁਕਮਾਂ ਨੂੰ ਟਿੱਚ ਸਮਝਦਿਆਂ ਔਸਤ ਲਗਪਗ 14 ਗੁਣਾਂ ਹਥਿਆਰ ਰੱਖਣ ਲਈ ਲਾਇਸੈਂਸ ਜਾਰੀ ਕੀਤੇ ਹੋਏ ਹਨ। ਸੂਬੇ ਦੇ 22 ਵਿਚੋਂ 11 ਜ਼ਿਲ੍ਹੇ ਗੁਰਦਾਸਪੁਰ, ਮੁਲਕ ਦੇ 50 ਵੱਧ ਹਥਿਆਰਾਂ ਵਾਲੇ ਜ਼ਿਲ੍ਹਿਆਂ ਵਿਚ ਸ਼ੁਮਾਰ ਹਨ ਜਦੋਂਕਿ ਨਿੱਜੀ ਹਥਿਆਰਾਂ ਦੇ ਲਾਇਸੈਂਸਾਂ ਦੀ ਗਿਣਤੀ ਪੱਖੋਂ ਪੰਜਾਬ ਮੁਲਕ ਦੇ ਸਾਰੇ ਸੂਬਿਆਂ ਵਿਚੋਂ ਤੀਜੇ ਨੰਬਰ 'ਤੇ ਹੈ।

# ਸੁਰਿੰਦਰ ਸ਼ਿੰਦਾ:ਗਾਇਕੀ ਦੇ ਪੁਰਾਣੇ ਯੁੱਗ ਦੀਆਂ ਨਵੀਂਆਂ ਗੱਲਾਂ

ਪੰਜਾਬੀ ਗਾਇਕੀ ਦੇ ਅੰਦਰ ਬਾਹਰ



ਐਸ. ਅਸ਼ੋਕ ਭੌਰਾ
ਫੋਨ: 510-415-3315

ਸ਼ੀਸ਼ੇ ਸਾਹਮਣੇ ਖੜ੍ਹ ਕੇ ਉਸ ਨੂੰ ਪੁੱਛਿਓ ਕਿ ਮੈਂ ਜੋ ਵੀਹਾਂ ਸਾਲਾਂ ਦਾ ਸੀ, ਕੀ ਉਹ ਅੱਜ ਹਾਂ? ਸ਼ੀਸ਼ਾ ਦੁਹਾਈਆਂ ਪਾ ਕੇ ਕਹੇਗਾ, 'ਨਹੀਂ ਮਿੱਤਰਾ! ਤੂੰ ਸਾਰੇ ਦਾ ਸਾਰਾ ਬਦਲ ਗਿਆਂ ਏ।' ਲੋਕੀਂ ਐਵੇਂ ਉਲਾਂਭਾ ਦਿੰਦੇ ਨੇ ਕਿ ਦੁਨੀਆਂ ਬਦਲ ਗਈ ਹੈ, ਪਰ ਸੱਚ ਇਹ ਹੈ ਕਿ ਤੁਸੀਂ ਆਪ ਹੀ ਬਦਲ ਗਏ ਹੁੰਦੇ ਹੋ।

ਗਾਇਕੀ ਦੀ ਗੱਲ ਕਰਦਿਆਂ ਇਸੇ ਕਰਕੇ ਮੈਂ ਸੁਰਿੰਦਰ ਸ਼ਿੰਦੇ ਬਾਰੇ ਇਹ ਸਾਰਾ ਕੁਝ ਕਹਿਣ ਤੋਂ ਪਹਿਲਾਂ ਇਹ ਵੀ ਕਹਾਂਗਾ ਕਿ ਮੈਂ ਵੀ ਬਦਲ ਗਿਆ ਹਾਂ। ਸੁਰਿੰਦਰ ਸ਼ਿੰਦੇ ਨੂੰ ਮੈਂ ਉਦੋਂ ਜਾਣਨ ਲੱਗਾ ਸਾਂ ਜਦੋਂ 'ਮੈਂ ਡਿੱਗੀ ਤਿਲਕ ਕੇ ਛੜੇ ਜੇਠ ਨੇ ਚੁੱਕੀ', 'ਵੇ ਸ਼ਰਾਬੀਆ ਪੇਕੇ ਤੁਰ ਜਾਊ ਤੇਰੀ ਨਾਰ' ਦੋਗਾਣੇ ਸੁਰਿੰਦਰ ਸੋਨੀਆ ਨਾਲ ਹੱਟੀ-ਭੱਠੀ ਵੱਜਣ ਲੱਗੇ ਸਨ। ਫਿਰ ਉਦੋਂ ਮੈਂ ਸੁਰਿੰਦਰ ਸ਼ਿੰਦੇ ਨੂੰ ਹੋਰ ਵੀ ਚੰਗੀ ਤਰ੍ਹਾਂ ਜਾਣਨ ਲੱਗਾ ਜਦੋਂ 'ਉਚਾ ਬੁਰਜ ਲਾਹੌਰ ਦਾ ਮੈਂ ਖੜ੍ਹੀ ਸੁਕਾਵਾਂ ਕੇਸ' ਨਾਲ ਉਹ ਪੂਰਾ ਉਚਾ ਉਠ ਗਿਆ।

'ਜਿਊਣੇ ਮੌੜ ਨੇ ਲੁੱਟੀਆਂ ਤੀਆਂ ਲੌਂਗੋਵਾਲ ਦੀਆਂ' ਤੋਂ ਬਾਅਦ 'ਜਿਊਣਾ ਮੌੜ, ਜੱਟ ਮਿਰਜ਼ਾ ਖਰਲਾਂ ਦਾ ਅਤੇ ਸ਼ਹੀਦ ਭਗਤ ਸਿੰਘ' ਵਰਗੇ ਓਪੇਰਿਆਂ ਨਾਲ ਪੰਜਾਬੀ ਗਾਇਕੀ ਵਿਚ ਇਤਿਹਾਸ ਸਿਰਜਣ ਵਾਲਾ ਸ਼ਿੰਦਾ ਮੇਰੇ ਅੰਗ-ਸੰਗ ਰਿਹਾ ਕਹਿ ਲਵੋ ਜਾਂ ਮੇਰੀ ਕਲਮ ਸ਼ਿੰਦੇ ਦੇ ਨਾਲ ਨਾਲ ਤੁਰਦੀ ਰਹੀ। ਗੱਲ ਇਥੇ ਮੈਂ ਇਹ ਵੀ ਕਰ ਦਿਆਂ ਕਿ ਮੈਂ ਉਸੇ ਸੁਰਿੰਦਰ ਸ਼ਿੰਦੇ ਦੀ ਗੱਲ ਕਰ ਰਿਹਾ ਹਾਂ ਜਿਸ ਨੇ 'ਤੇਰੀ ਫੀਅਟ 'ਤੇ ਜੇਠ ਨਜ਼ਾਰੇ ਲੈਂਦਾ', 'ਸੁੱਖ ਲਈਆਂ ਪੰਜ ਮੱਸਿਆਂ ਪਹਿਲੀ ਮੱਸਿਆ ਕੰਨਾਂ ਨੂੰ ਹੱਥ ਲਾਵੇ', 'ਮੈਨੂੰ ਕਹਿੰਦਾ ਲਾਣੇਦਾਰਨੀਏ ਕਦੇ ਚਾਹ ਦੀ ਘੁੱਟ ਪਿਆਇਆ ਕਰ' ਅਤੇ 'ਜੰਞ ਚੜ੍ਹੀ ਅਮਲੀ ਦੀ' ਤੱਕ ਗਾਇਕਾ ਗੁਲਸ਼ਨ ਕੋਮਲ ਨਾਲ ਦੋਗਾਣਿਆਂ ਦੀ ਇਕ ਬਰਾਬਰ ਸਿਖਰ ਬਣਾਈ ਰੱਖੀ। ਹਾਂ! 'ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ਬਾਬਿਆਂ ਦੇ ਚੱਲ ਚੱਲੀਏ', 'ਯੈਂਕੀ ਲਵ ਯੂ ਲਵ ਯੂ ਕਰਦੇ' ਅਤੇ ਫਿਰ ਇਕ ਵਾਰ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਨਾਲ ਏਦਾਂ ਦਾ ਮਾਹੌਲ ਬਣਿਆ ਸੀ ਕਿ ਪੰਜਾਬੀ ਦੇ ਗਾਇਕੀ ਗਗਨ 'ਤੇ ਨਾ ਸਿਰਫ 'ਸ਼ਿੰਦਾ ਸ਼ਿੰਦਾ' ਹੋ ਗਈ ਸੀ ਸਗੋਂ ਦੋ ਗੱਲਾਂ ਦੇ ਅੰਕੜੇ ਬਣੇ ਰਹਿਣਗੇ ਕਿ 'ਜਿਊਣਾ ਮੌੜ' ਅਤੇ 'ਪੁੱਤ ਜੱਟਾਂ ਦੇ' ਨਾਲ ਜਿਹੜਾ ਸਟਾਰਡਮ ਸ਼ਿੰਦੇ ਨੂੰ ਮਿਲਿਆ ਸੀ, ਉਹ ਆਮ ਗਾਇਕਾਂ ਦੇ ਹਿੱਸੇ ਘੱਟ ਹੀ ਆਇਆ ਹੈ।

ਕਈ ਖਾਸੀਅਤਾਂ ਸਿਰਫ ਸ਼ਿੰਦੇ ਵਿਚ ਹੀ ਹਨ, ਦੋਗਾਣਿਆਂ 'ਚ ਵਧੀਆ 'ਗ੍ਰਾਮ' ਉਸ ਦਾ ਹੀ ਲੱਗਦਾ ਹੈ। 'ਜੱਟ ਮਿਰਜ਼ਾ ਖਰਲਾਂ' ਦਾ ਐਲ ਪੀ ਵਿਚ ਉਹਦਾ ਦੋਗਾਣਾ ਸੁਣ ਕੇ ਦੇਖੋ, ਮੇਰੇ ਦਾਅਵੇ ਨੂੰ ਤੁਹਾਡੀ ਸਹਿਮਤੀ ਦੀ ਤਸਦੀਕ ਮਿਲੇਗੀ। ਸੰਵਾਦ ਬੋਲਣ ਵਿਚ ਸ਼ਿੰਦੇ ਦਾ ਕੋਈ ਜਵਾਬ ਨਹੀਂ। ਸ਼ਿੰਦਾ ਫਿਲਮਾਂ 'ਚ ਪੂਰੀ ਤਰ੍ਹਾਂ ਫਿੱਟ ਰਿਹਾ ਹੈ। ਪੰਜਾਬੀ ਫਿਲਮ 'ਉਚਾ ਦਰ ਬਾਬੇ ਨਾਨਕ ਦਾ' ਵਿਚ ਗੁਰਦਾਸ ਨਾਲ ਉਹਦੀ ਚੰਗੀ ਭੂਮਿਕਾ ਸੀ। ਕਲੀਆਂ 'ਚ ਉਹ ਕਈ ਥਾਂ ਮਾਣਕ ਦੀ ਬਰਾਬਰੀ ਕਰ ਗਿਆ ਹੈ ਤੇ ਖਾਸ ਗੱਲ ਇਹ ਕਿ ਉਮਰ ਦਾ ਪ੍ਰਭਾਵ ਉਹ ਹਾਲੇ ਤੱਕ ਵੀ ਕਬੂਲ ਨਹੀਂ ਕਰ ਰਿਹਾ। ਮੈਨੂੰ ਇਹ ਕਹਿਣ ਵਿਚ ਵੀ ਕੋਈ ਝਿਜਕ ਨਹੀਂ ਕਿ ਕਈ ਗੱਲਾਂ 'ਚ ਸ਼ਿੰਦੇ ਨੂੰ ਆਪਣਾ ਸਮਝਣਾ ਗੁਸਤਾਖੀ ਹੀ ਹੋਵੇਗੀ।



ਅਸ਼ੋਕ ਦੇ ਘਰ ਦੀ ਹੀ ਇਹ ਤਸਵੀਰ ਖਾਸ ਇਸ ਕਰਕੇ ਹੈ ਕਿ ਪਹਿਲੇ ਥਾਂ ਅਸ਼ੋਕ ਦਾ ਭਤੀਜਾ ਮਨਰਾਜ ਭੌਰਾ ਗਵੱਈਆ ਬਣ ਗਿਆ ਹੈ ਤੇ ਪਰਿਵਾਰਕ ਮੈਂਬਰਾਂ ਵਿਚੋਂ ਆਖਰੀ ਥਾਂ ਖੜ੍ਹੀ ਮਾਤਾ ਪ੍ਰਕਾਸ਼ ਕੌਰ ਇਸ ਦੁਨੀਆਂ ਵਿਚ ਨਹੀਂ

ਜੱਗ ਜਾਣਦਾ ਹੈ ਕਿ ਮੇਰੀ ਕੁਲਦੀਪ ਮਾਣਕ ਨਾਲ ਨੇੜਤਾ ਰਹੀ ਹੈ ਪਰ ਕੁਝ ਅਰਸਾ ਮਾਣਕ ਨਾਲ ਸਿਹਤਮੰਦ ਮੁਕਾਬਲਾ ਕਰਨ ਵਾਲੇ ਸ਼ਿੰਦੇ ਦਾ ਮੈਂ ਵਿਰੋਧੀ ਵੀ ਨਹੀਂ ਰਿਹਾ। ਦੋਵੇਂ ਕਈ ਥਾਂ ਮੁਕਾਬਲੇ 'ਚ ਬਰਾਬਰ ਖੜ੍ਹੇ ਰਹੇ ਨੇ। ਦੋਹਾਂ ਨਾਲ ਦੇਵ ਥਰੀਕਿਆਂ ਵਾਲਾ ਖੜ੍ਹਾ ਰਿਹਾ ਹੈ ਪਰ ਜਿੰਨੀ ਕੁ ਗੱਲ ਮੈਂ ਮਾਣਕ ਦੀ ਆਪਣੀ ਕਲਮ ਰਾਹੀਂ ਕਰਦਾ ਰਿਹਾਂ, ਉਨੀ ਕੁ ਗੱਲ ਸ਼ਿੰਦੇ ਦੀ ਵੀ ਕੀਤੀ ਹੈ। ਦੇਵ ਥਰੀਕਿਆਂ ਵਾਲੇ ਦੇ ਸਾਂਝੇ ਮੈਟਰ 'ਜੱਗਾ ਡਾਕੂ' ਨੂੰ ਜਦੋਂ ਦੋਵਾਂ ਨੇ ਗਾਇਆ ਤਾਂ ਸ਼ਮਸ਼ੇਰ ਸੰਧੂ ਨੇ ਸ਼ਿੰਦੇ ਦੇ ਹੱਕ 'ਚ ਲਿਖਿਆ ਪਰ ਮੈਂ ਚੁੱਪ ਰਿਹਾ। ਇਕ ਦਿਨ ਜਦੋਂ ਸ਼ਿੰਦੇ ਦੀ ਧਰਮ ਪਤਨੀ ਜੋਗਿੰਦਰ ਕੌਰ ਰੱਖੜੀ ਵਾਲੇ ਦਿਨ ਮਾਣਕ ਦੇ 'ਚਾਂਦੀ ਦੀ ਰੱਖੜੀ' ਬੰਨ੍ਹ ਕੇ ਮੁੜੀ ਤਾਂ ਮੈਂ ਮਾਣਕ ਦਾ ਗੁੱਟ ਫੜ ਕੇ ਕਿਹਾ, 'ਦੁਨੀਆਂ ਸਾਹਮਣੇ ਲੀਡਰਾਂ ਵਾਂਗ ਡਰਾਮਾ ਕਰਦੇ ਓਂ, ਅੰਦਰੋਂ ਦੋਵੇਂ ਘਿਓ ਖਿਚੜੀ ਹੋ' ਤਾਂ ਉਹ ਹੱਸ ਪਿਆ, 'ਤੁਸੀਂ ਧਿਰ ਬਣਾਈ ਰੱਖੋ, ਤੂੰ ਮੇਰੇ ਨਾਲ ਖੜ੍ਹਾ ਰਹਿ, ਸ਼ਮਸ਼ੇਰ ਨੇ ਤਾਂ ਸ਼ਿੰਦੇ ਨਾਲ ਖੜ੍ਹਾ ਹੀ ਰਹਿਣੈ।'

ਸ਼ਿੰਦੇ ਦੀ ਖਾਸ ਗੱਲ ਇਹ ਹੈ ਕਿ ਉਹ ਸਿਰਫ ਮੇਰੇ ਵਿਆਹ 'ਤੇ ਹੀ ਨ੍ਹੀਂ ਆਇਆ, ਉਂਜ ਉਹ ਸ਼ੌਂਕੀ ਮੇਲੇ 'ਚ ਵੀ ਆਇਆ, ਮੇਰੇ ਹਰ ਪਰਿਵਾਰਕ ਸਮਾਗਮ ਵਿਚ ਸ਼ਾਮਿਲ ਹੋਇਆ, ਇਥੋਂ ਤੱਕ ਕਿ ਜਦੋਂ ਮੇਰੀ ਆਰਥਿਕ ਹਾਲਤ ਕੁਝ ਕਾਰਨਾਂ ਕਰਕੇ ਸਹੀ ਨਹੀਂ ਸੀ ਤਦ ਇਤਫਾਕ ਇਹ ਬਣਿਆ ਕਿ ਮੈਂ ਇੰਗਲੈਂਡ ਵਿਚ ਸਾਂ। ਦੂਜੇ ਪਾਸੇ ਰਾਣੀ ਪ੍ਰੋਮੋਟਰ ਨਾਲ ਸ਼ਿੰਦਾ, ਰਣਜੀਤ ਮਣੀ, ਨੱਚਣ ਵਾਲੀ ਬਬੀਤਾ ਅਤੇ ਅੰਮ੍ਰਿਤਾ ਵਿਰਕ ਵੀ ਇੰਗਲੈਂਡ ਆਏ ਹੋਏ ਸਨ। ਬੈਡਫੋਰਡ ਵਿਚ ਮੇਰਾ ਸਨਮਾਨ ਸੀ ਤੇ ਜਿੰਨੇ ਪੌਂਡ ਸਟੇਜ 'ਤੇ ਬਣੇ, ਉਹ ਸਾਰੇ ਸ਼ਿੰਦੇ ਨੇ ਮੇਰੀ ਕੋਟ ਦੀ ਜੇਬ ਵਿਚ ਪਾ ਦਿੱਤੇ। ਇਹ ਕੋਈ ਦੋ ਕੁ ਹਜ਼ਾਰ ਪੌਂਡ ਸਨ। ਇਸ ਤੋਂ ਬਾਅਦ ਰਾਣੀ ਗੁੱਸੇ ਹੋਈ ਅਤੇ ਰਣਜੀਤ ਮਣੀ ਤੇ ਸ਼ਿੰਦੇ ਨੂੰ ਸਿੱਧੀ ਨਾਰਾਜ਼ਗੀ ਸਹਿਣੀ ਪਈ ਪਰ ਸਿਰਫ ਮੇਰੇ ਕਰਕੇ। ਨਾਲ ਲੱਗਦੀ ਹੀ ਇਕ ਹੋਰ ਗੱਲ ਕਰ ਦਿਆਂ ਕਿ ਜਿਨ੍ਹਾਂ ਦਿਨਾਂ ਵਿਚ ਮੈਂ ਇੰਗਲੈਂਡ ਦੀ ਅਦਾਕਾਰਾ ਰੂਪ ਦਵਿੰਦਰ ਨੂੰ ਲੈ ਕੇ ਇਕ ਟੈਲੀ ਫਿਲਮ ਮਾਹਿਲਪੁਰ ਲਾਗੇ ਜੇਜੋਂ ਦੀਆਂ ਪਹਾੜੀਆਂ 'ਚ ਬਣਾ ਰਿਹਾ ਸਾਂ ਤਾਂ ਸੁਰਿੰਦਰ ਸ਼ਿੰਦਾ ਇਸ ਫਿਲਮ 'ਚ ਗਾਉਣ ਲਈ ਆਇਆ। ਉਹ ਸਾਰਾ ਦਿਨ ਮੇਰੇ ਨਾਲ ਰਿਹਾ, ਗੱਲ ਅਸਲ 'ਚ ਇਹ ਹੈ ਕਿ ਲਿਖਣ ਵਿਚ ਮੈਂ ਕਦੇ ਵੀ ਕਿਸੇ ਗਾਇਕ ਨਾਲ ਸ਼ਰਾਰਤ ਨਹੀਂ ਕੀਤੀ ਤੇ ਸ਼ਿੰਦਾ ਇਹ ਜਾਣਦਿਆਂ ਵੀ, ਮੇਰੇ ਨਾਲ ਜੁੜਿਆ ਰਿਹਾ ਹੈ ਕਿ ਮੈਂ ਮਾਣਕ ਪੱਖੀ ਹਾਂ ਕਿਉਂਕਿ ਕਈ ਥਾਂ 'ਦੇਵ' ਕਰਕੇ ਦੋਹਾਂ ਵੱਡੇ ਗਾਇਕਾਂ ਦੀ ਆਪਸ ਵਿਚ ਸਿਹਤਮੰਦ ਖਿੱਚੋਤਾਣ ਬਣੀ ਰਹਿੰਦੀ ਸੀ।

ਜਗਜੀਤ 'ਮਾਹੀ ਮੁੰਡਾ' ਫਿਲਮ ਬਣਾਉਣ ਪਿਛੋਂ ਲਗਭਗ ਹਾਰ ਗਿਆ ਸੀ ਪਰ 'ਪੁੱਤ ਜੱਟਾਂ ਦੇ' ਨਾਲ ਕ੍ਰਿਕਟ ਦੇ ਫਾਈਨਲ ਮੈਚ ਵਾਂਗ ਜਿੱਤ ਗਿਆ ਤੇ ਇਸ ਫਿਲਮ ਵਿਚ ਸ਼ਿੰਦੇ ਦੀ ਗਾਇਕੀ ਨੇ ਸਭ ਤੋਂ ਵੱਧ ਚੌਕੇ-ਛੱਕੇ ਮਾਰੇ ਸਨ।



26 ਸਾਲ ਪਹਿਲਾਂ ਪਿੰਡ ਭੌਰੇ ਵਿਚ ਸ਼ਿੰਦਾ ਤੇ ਅਸ਼ੋਕ

ਅਖਬਾਰ 'ਅਜੀਤ' ਵਿਚ ਮੈਂ ਕਾਲਮ 'ਸੁਰ ਸੱਜਣਾਂ ਦੀ' ਸ਼ੁਰੂ ਕਰਨ ਤੋਂ ਪਹਿਲਾਂ ਗੁਲਜ਼ਾਰ ਸੰਧੂ ਨਾਲ 'ਪੰਜਾਬੀ ਟ੍ਰਿਬਿਊਨ' ਵਿਚ ਗਾਉਣ ਵਾਲਿਆਂ ਦੀਆਂ ਪਤਨੀਆਂ ਨਾਲ ਮੁਲਾਕਾਤਾਂ ਦਾ ਕਾਲਮ ਸ਼ੁਰੂ ਕੀਤਾ ਸੀ, 'ਤੈਨੂੰ ਮੇਰੀ ਵੀ ਉਮਰ ਲੱਗ ਜਾਵੇ' ਪਰ ਫਿਰ ਛੇਤੀ ਹੀ ਹਰਭਜਨ ਹਲਵਾਰਵੀ ਐਡੀਟਰ ਬਣ ਗਿਆ। ਉਹਦੇ ਅੰਦਰ ਕਾਮਰੇਡੀ ਛਲਕਦੀ ਸੀ। ਉਹ ਗਾਇਕਾਂ ਨੂੰ ਕੰਜਰ ਤੱਕ ਕਹਿ ਦਿੰਦਾ ਸੀ ਤੇ ਇੱਕੋ ਹੀ ਲੇਖ ਸੁਰਿੰਦਰ ਸ਼ਿੰਦਾ ਅਤੇ ਜੋਗਿੰਦਰ ਕੌਰ ਬਾਰੇ ਛਪ ਕੇ ਕਾਲਮ ਬੰਦ ਹੋ ਗਿਆ।

ਇਸ ਕਾਲਮ ਦੀ ਘਟਨਾ ਮੈਨੂੰ ਬੜੀ ਚੇਤੇ ਰਹੇਗੀ। ਹੋਇਆ ਇਹ ਕਿ ਇਸ ਪਿਛੋਂ ਮੈਂ ਲੁਧਿਆਣੇ ਸ਼ਿੰਦੇ ਦੇ ਘਰ 'ਅਜੀਤ' ਦੇ 'ਸੁਰ ਸੱਜਣਾਂ ਦੀ' ਕਾਲਮ ਲਈ ਮੁਲਾਕਾਤ ਕਰਨ ਉਹਦੇ ਘਰ ਗਿਆ। ਮਾੜੀ ਕਿਸਮਤ ਨੂੰ ਸ਼ਿੰਦਾ ਘਰ ਨਹੀਂ ਸੀ। ਬੀਬੀ ਜੋਗਿੰਦਰ ਕੌਰ ਨੇ ਦਰਵਾਜ਼ਾ ਖੋਲ੍ਹਿਆ ਤੇ ਕੁਝ ਪੁੱਛਣ ਦੀ ਬਜਾਏ ਸਿੱਧਾ ਹੀ ਉਲਾਂਭਿਆਂ ਦਾ ਹਮਲਾ ਕਰ ਦਿੱਤਾ, 'ਤੁਸੀਂ ਘਰ ਆਉਂਦੇ ਓਂ, ਅਸੀਂ ਤੁਹਾਨੂੰ ਚਾਹ-ਪਾਣੀ ਪਿਲਾਉਂਦੇ ਆਂ, ਪੁੱਛ-ਪ੍ਰਤੀਤ ਕਰਦੇ ਆਂ, ਤੇ ਤੂੰ ਉਹ ਕੀ ਲਿਖਿਆ ਪੰਜਾਬੀ ਟ੍ਰਿਬਿਊਨ 'ਚ। ਚਮਕੀਲਾ ਜੇ ਇਨ੍ਹਾਂ ਦਾ ਸ਼ਾਗਿਰਦ ਹੈ ਤੇ ਪੁੱਠਾ ਸਿੱਧਾ ਗਾਉਂਦਾ, ਗਾਈ ਜਾਵੇ, ਅਸੀਂ ਕੀ ਲੈਣਾ ਦੇਣਾ।'

ਅਗਲੀ ਗੱਲ ਸੁਣਨ ਤੋਂ ਪਹਿਲਾਂ ਹੀ ਮੈਂ ਉਥੋਂ ਖਿਸਕ ਗਿਆ। ਪੰਜਾਬੀ ਗਾਇਕੀ ਦੀ ਇਹ ਕੁਪੱਤ ਮੈਨੂੰ ਸਾਰੀ ਉਮਰ ਚੇਤੇ ਰਹੇਗੀ। ਹਾਲਾਂਕਿ ਇਸ ਪਿਛੋਂ ਮੈਂ ਬੀਬੀ ਜੋਗਿੰਦਰ ਕੌਰ ਨੂੰ ਅਮਰੀਕਨ ਅੰਬੈਸੀ ਦੇ ਬਾਹਰ ਦਿੱਲੀ ਬੜੇ ਸਤਿਕਾਰ ਨਾਲ ਫਤਿਹ ਬੁਲਾਈ ਤੇ ਕੁਝ ਵਰ੍ਹੇ ਪਹਿਲਾਂ ਸਿਆਟਲ ਤੋਂ ਵੈਨਕੂਵਰ ਤੱਕ ਸੜਕ ਰਾਸਤੇ ਮੈਂ ਸੁਰਿੰਦਰ ਸ਼ਿੰਦਾ ਤੇ ਜੋਗਿੰਦਰ ਕੌਰ ਨੇ ਇੱਕ ਕਾਰ ਵਿਚ ਸਫਰ ਵੀ ਕੀਤਾ ਪਰ ਇਹ ਘਟਨਾ ਕਦੇ ਮਨ ਵਿਚੋਂ ਨਿਕਲੀ ਹੀ ਨਹੀਂ।

'ਜਿਊਣਾ ਮੌੜ' ਬਾਰੇ ਜੋ ਕੁਝ ਮੈਂ ਪਹਿਲਾਂ ਕੁਲਦੀਪ ਮਾਣਕ ਦੀ ਗੱਲ ਕਰਦਿਆਂ ਲਿਖ ਚੁੱਕਾ ਹਾਂ, ਉਸੇ ਹੀ ਥਾਂ ਖੜ੍ਹਾ ਹਾਂ ਤੇ ਮੈਂ ਵਿਚਾਰ ਨਹੀਂ ਬਦਲਾਂਗਾ ਕਿਉਂਕਿ ਸ਼ਿੰਦਾ, ਐਚ ਐਮ ਵੀ ਦਾ ਮੈਨੇਜਰ ਜ਼ਹੀਰ ਅਹਿਮਦ, ਮਾਣਕ ਅਤੇ 'ਜਿਊਣਾ ਮੌੜ' ਲਿਖਣ ਵਾਲਾ ਦੇਵ ਥਰੀਕੇ, ਸਾਰੇ ਮੇਰੇ ਸੰਪਰਕ 'ਚ ਰਹੇ ਹਨ। ਪਰ! ਸ਼ਿੰਦੇ ਨੇ ਇਹ ਗੁੱਸਾ ਮੇਰੇ ਨਾਲ ਫੋਨ 'ਤੇ ਵੀ ਝਾੜਿਆ, ਸਰੀ ਦੇ ਇਕ ਸਾਹਿਤਕ ਸਮਾਗਮ ਵਿਚ ਵੀ, ਪਰ ਮੈਨੂੰ ਸਭ ਤੋਂ ਵੱਡਾ ਦੁੱਖ ਇਹ ਲੱਗਾ ਜਦੋਂ ਅਮਰੀਕਾ 'ਚ ਇਕ ਗੀਤਕਾਰ ਨੇ ਮੈਨੂੰ ਦੱਸਿਆ ਕਿ ਸ਼ਿੰਦਾ ਸਾਡੇ ਨਾਲ 'ਖਾਂਦਾ ਪੀਂਦਾ' ਕਹਿ ਰਿਹਾ ਸੀ, ਅਸ਼ੋਕ ਸਾਨੂੰ ਫਰੀ ਸੱਦ ਲੈਂਦਾ ਸੀ ਤੇ ਅੱਗਿਓਂ ਪੈਸੇ ਲੈ ਲੈਂਦਾ ਸੀ।

ਦੂਜੀ ਦੁਖਦਾਇਕ ਗੱਲ ਇਹ ਵਾਪਰੀ ਕਿ ਸਰੀ ਰੇਡੀਓ ਐਫ ਐਮ 'ਤੇ ਜਦੋਂ ਮੈਂ ਹਰਜਿੰਦਰ ਥਿੰਦ ਨਾਲ ਮੁਲਾਕਾਤ ਲਈ ਗਿਆ ਤਾਂ ਜ਼ਿੰਮੇਵਾਰ ਸ਼ਖਸੀਅਤ ਥਿੰਦ ਇਹ ਕਹਿ ਰਿਹਾ ਸੀ ਕਿ 'ਸ਼ਿੰਦਾ ਵੀ ਆਇਆ ਸੀ ਪਿੱਛੇ ਜਿਹੇ, ਚਮਕੀਲੇ ਦੀ ਗੱਲ ਚੱਲੀ ਸੀ ਤੇ ਉਹ ਕਹਿ ਰਿਹਾ ਸੀ ਕਿ ਭੌਰਾ ਐਵੇਂ ਹੀ ਇੱਧਰਲੀਆਂ ਉਧਰਲੀਆਂ ਮਾਰੀ ਜਾਂਦਾ ਐ।' ਦੋ ਲਿਖਤਾਂ ਦਾ ਸਬੂਤ ਇਸ ਰਚਨਾ ਨਾਲ ਇਸ ਕਰਕੇ ਦੇ ਰਿਹਾਂ ਕਿ ਜਿਸ ਸ਼ਿੰਦੇ ਦੀ ਹਰ ਸੰਗੀਤਕ ਘਟਨਾ, ਫਿਲਮੀ ਪ੍ਰਾਪਤੀ ਅਤੇ ਮਾਣ ਸਨਮਾਨ ਨੂੰ ਮੈਂ ਫਲੈਸ਼ ਕਰਦਾ ਰਿਹਾ ਹਾਂ, ਉਹੀ ਸ਼ਿੰਦਾ ਤਿੰਨ ਦਹਾਕਿਆਂ ਦੀ ਦੋਸਤੀ ਨੂੰ ਇਕ 'ਜਿਊਣੇ ਮੌੜ' ਦੀ ਘਟਨਾ ਨਾਲ ਜੋੜ ਕੇ ਜਾਂ ਮੇਰੇ ਮਾਣਕ ਨਾਲ ਖੜ੍ਹੇ ਹੋਣ ਦੀ ਕਹਾਣੀ ਨੂੰ ਬਿਆਨ ਕੇ ਦੋਸਤੀ ਨੂੰ ਦਾਅ 'ਤੇ ਵੀ ਲਾ ਸਕਦਾ ਹੈ, ਇਸੇ ਕਰਕੇ ਮੈਂ ਸ਼ਿੰਦੇ ਦੀ ਗੱਲ ਕਰਨ 'ਚ ਬਹੁਤ ਦੇਰ ਕੀਤੀ ਹੈ। ਗੱਲ ਇਸ ਕਰਕੇ ਕਰਨ ਲੱਗਾ ਹਾਂ ਕਿ ਪੰਜਾਬੀ ਗਾਇਕੀ ਦਾ ਢਾਈ ਦਹਾਕਿਆਂ ਦਾ ਇਤਿਹਾਸ ਮੇਰੇ ਨਾਲ ਜੁੜਿਆ ਹੋਇਆ ਹੈ। ਜੇ ਸ਼ਿੰਦੇ ਦੀ ਗੱਲ ਨਾ ਕੀਤੀ ਤਾਂ ਗਾਇਕੀ ਦਾ ਇਤਿਹਾਸ ਪੂਰਾ ਨਹੀਂ ਮੰਨਿਆ ਜਾਵੇਗਾ। ਹਾਂ! ਮੈਂ ਇਹ ਜ਼ਰੂਰ ਕਹਿੰਦਾ ਰਹਾਂਗਾ ਕਿ ਅਸੀਂ 'ਕੱਠਿਆਂ ਨੇ ਦਾਰੂ ਬੜੀ ਪੀਤੀ, ਉਹ ਪਿੰਡ ਭੌਰੇ ਮੇਰੇ ਨਵੇਂ-ਪੁਰਾਣੇ ਘਰ ਬੜੀ ਵਾਰ ਆਇਆ। ਕਿਤੇ ਵੀ ਸਾਡੀ ਦੋਸਤੀ 'ਚ ਤ੍ਰੇੜ ਨਹੀਂ ਪਈ। ਨਾ ਮੈਂ ਲਿਖਿਆ, ਨਾ ਮੈਂ ਸ਼ਿੰਦੇ ਨੂੰ ਮਾੜਾ ਕਿਹਾ ਪਰ ਉਹ ਸਿਆਣਾ ਤੇ ਜ਼ਿੰਮੇਵਾਰ ਹੋ ਕੇ ਏਦਾਂ ਕਿਉਂ ਕਰ ਗਿਆ, ਮੈਨੂੰ ਨਹੀਂ ਪਤਾ!

ਮੈਂ ਇਹ ਕਹਿਣ 'ਚ ਵੀ ਬੁਰਾ ਨਹੀਂ ਮਨਾਉਂਦਾ ਕਿ ਦੋ ਕੁ ਸਾਲ ਪਹਿਲਾਂ ਸ਼ਿਕਾਗੋ ਇਕ ਟੂਰਨਾਮੈਂਟ ਦੇ ਇਨਾਮ ਵੰਡ ਸਮਾਗਮ 'ਤੇ ਸ਼ਿੰਦੇ ਦਾ ਅਖਾੜਾ ਸੀ। ਉਹਨੇ ਆਪਣੇ ਰਵਾਇਤੀ ਅੰਦਾਜ਼ ਵਿਚ ਜੰਮ ਕੇ ਗਾਇਆ। ਅੱਧ ਕੁ ਜਿਹੇ ਜਾ ਕੇ ਜਦੋਂ ਉਹਨੇ ਆਪ ਹੀ ਆਪਣੇ ਪੁੱਤਰ ਮਨਿੰਦਰ ਸ਼ਿੰਦਾ ਨੂੰ ਵੱਡਾ ਗਾਇਕ ਬਣਾ ਕੇ ਪੇਸ਼ ਕੀਤਾ ਤਾਂ ਅਖਾੜਾ ਉਖੜ ਗਿਆ ਤੇ ਉਹ ਮੰਨ ਵੀ ਗਿਆ ਬਾਅਦ ਵਿਚ। ਸੱਚ ਵੀ ਇਹ ਆ ਕਿ ਸ਼ਿੰਦਾ, ਇੱਕ ਹੈ, ਇੱਕ ਸੀ ਤੇ ਇੱਕ ਰਹੇਗਾ। ਕਿਸੇ ਦੇ ਨਾਂ ਮਗਰ 'ਸ਼ਿੰਦਾ' ਲਿਖ ਕੇ ਸੁਰਿੰਦਰ ਸ਼ਿੰਦੇ ਵਾਲੀ ਗੱਲ ਨਹੀਂ ਬਣਦੀ, ਭਾਵੇਂ ਉਹ ਉਸ ਦਾ ਪੁੱਤਰ ਹੀ ਕਿਉਂ ਨਾ ਹੋਵੇ। ਇਹ ਵਾਹ ਉਹਨੇ ਆਪਣੇ ਪੁੱਤਰ ਬਾਰੇ ਲਾ ਕੇ ਵੇਖ ਵੀ ਲਈ ਹੈ।

ਖੈਰ! ਕਈ ਮਾਮਲਿਆਂ ਵਿਚ ਸ਼ਿੰਦਾ ਮੈਥੋਂ ਤੇ ਮੈਂ ਸ਼ਿੰਦੇ ਤੋਂ ਵਿਚਾਰਧਾਰਕ ਤੌਰ 'ਤੇ ਦੂਰ ਹੋ ਗਏ ਹੋ ਸਕਦੇ ਹਾਂ ਪਰ ਤੀਹਾਂ ਸਾਲਾਂ ਦੀ ਸਾਡੀ ਯਾਰੀ, ਮੁਹੱਬਤ, ਸੱਚੀਂ-ਮੁੱਚੀਂ ਹੀ ਅੰਕੜਾ ਬਣੀ ਰਹੇਗੀ ਕਿ ਮੈਂ ਆਪਣੇ ਸੁਭਾਅ ਮੁਤਾਬਿਕ ਸ਼ੀਸ਼ਾ ਘੱਟ ਅਤੇ ਆਪਣੇ ਆਪ ਨੂੰ ਵੱਧ ਵੇਖਦਾ ਹਾਂ।



ਮੈਂ ਹਮੇਸ਼ਾ ਵਧੀਆ ਗਾਉਣ ਲਈ ਪ੍ਰੇਰਿਆ ਹੈ

ਸੁਰਿੰਦਰ ਸ਼ਿੰਦਾ

ਜੋਗਿੰਦਰ ਕੌਰ

'ਸੁਰ ਸੱਜਣਾਂ ਦੀ' ਕਾਲਮ ਵਿਚ ਅਸ਼ੋਕ ਭੌਰਾ ਦੀ ਸ਼ਿੰਦੇ ਦੀ ਪਤਨੀ ਜੋਗਿੰਦਰ ਕੌਰ ਨਾਲ ਮੁਲਾਕਾਤ



ਸੁਰਿੰਦਰ ਸ਼ਿੰਦਾ

ਜੇ ਅਦਾਕਾਰੀ ਦੇ ਸਰਕੜੇ 'ਚ ਨਾ ਉਲਝੇ

ਅਦਾਕਾਰੀ ਲਈ ਬਜ਼ਿਦ ਸੁਰਿੰਦਰ ਸ਼ਿੰਦਾ (ਖੱਬੇ) ਨਾਲ ਪੰਜਾਬੀ ਫਿਲਮਾਂ 'ਚ ਉਭਰਦਾ ਖਲਨਾਇਕ ਗੁਰਚਰਨ ਪੋਹਲੀ।

ਕਰੇਗਾ, ਉਥੇ ਉਸ ਦੇ ਪ੍ਰਸ਼ੰਸਕਾਂ ਨੂੰ ਉਸ ਦੀ ਫਿੱਕੀ ਫਿੱਕੀ ਅਦਾਕਾਰੀ ਤੇ ਵੀ ਨਿਖਾਰ ਆਉਦ ਦੀ ਆਸ ਹੈ। 'ਕੀ ਬਣੂ ਦੁਨੀਆਂ ਦਾ' ਤੇ ਗੱਭਰੂ ਪੰਜਾਬ ਦਾ ਵਿਚ ਸ਼ਿੰਦਾ ਖੁੱਲ੍ਹਕੇ ਅਭਿਨੈ ਵੀ ਕਰੇਗਾ। ਪੰਜਾਬੀ ਫਿਲਮਾਂ ਵਿਚ ਅਕਸਰ ਇਹ ਹੁੰਦਾ ਹੈ ਕਿ ਸੰਗੀਤ ਕਿਸੇ ਨੇ ਦਿੱਤਾ ਹੁੰਦਾ ਹੈ ਤੇ ਸਕਰੀਨ ਤੇ ਨਾਂ ਕਿਸੇ ਹੋਰ ਦਾ ਪੜ੍ਹਨ ਨੂੰ ਮਿਲਦਾ ਹੈ। ਪਰ ਸ਼ਿੰਦੇ ਤੇ ਇਹ ਫਾਰਮੂਲਾ ਫਿੱਟ ਨਹੀਂ ਹੁੰਦਾ। ਬਲਕਿ ਉਹ ਸੰਗੀਤ ਦੇ ਖੇਤਰ ਵਿਚ ਚੋਖੀ ਮਹਾਰਤ ਰਖਦਾ ਹੈ।

ਪੂਰੇ ਤੀਹ ਸਾਲ ਪਹਿਲਾਂ ਸੁਰਿੰਦਰ ਸ਼ਿੰਦੇ ਦੇ ਫਿਲਮੀ ਜੀਵਨ ਦੀ ਬਾਤ ਪਾਉਂਦੀ ਰੋਜ਼ਾਨਾ ਅਜੀਤ 'ਚ ਛਪੀ ਇਕ ਰਚਨਾ

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਗ੍ਰਹਿਸਥ ਜੀਵਨ

ਜਦ ਜੋਬਨ ਦਾ ਹੜ੍ਹ ਜਿਹਾ ਆਉਂਦਾ, ਦਿਸਦਾ ਨਹੀਂ ਫਿਰ ਕੱਖ,
ਇਸੇ ਉਮਰ ਵਿਚ ਲੱਗਦੇ ਨੇ, ਤਦ ਵੰਗਾਂ ਵਰਗੇ ਲੱਕ।
ਖਿੱਚ ਖਿੱਚ ਬੰਦਾ ਤਣਦਾ ਤੰਦਾਂ, ਡਾਹ ਇਸ਼ਕੇ ਦੀ ਮੰਜੀ,
ਮੱਲੋ ਮੱਲੀ ਦਿਲ ਦਾ ਬੂਹਾ, ਜਦ ਖੜਕਾਉਂਦੀ ਅੱਖ।
ਗ੍ਰਹਿਸਥ ਦੇ ਵਿਚ ਫਿਰ ਕਈਆਂ ਨਾਲ ਖੂਬ ਵਧੀਕੀਆਂ ਹੋਵਣ,
ਊਠ ਚੜ੍ਹੇ ਦੇ ਮਾਰ ਜਾਂਦਾ ਏ ਕੋਈ ਹਲਕਿਆ ਕੁੱਤਾ ਚੱਕ।
ਝੁਰਲੂ ਸੀ ਕਈ ਬੰਦੇ, ਉਤੋਂ ਮਿਲ ਗਈ ਨਾਰ ਸੁਨੱਖੀ,
ਸਾਰੀ ਉਮਰ ਜਾਂ ਵਹਿਮ ਨੇ ਖਾ ਲਏ ਜਾਂ ਮਾਰ ਗਈ ਸ਼ੱਕ।
ਸ਼ਾਮ ਢਲੀ 'ਤੇ ਜਾਮ ਕਈਆਂ ਨੇ ਨਿੱਤ ਖੜਕਾਏ ਚੋਰੀ,
ਬੀਵੀ ਦੇਖੀ ਸੀਲ ਕੁੱਕੜ ਦੀ, ਲਾਹੁੰਦੀ ਰਾਤੀਂ ਮੱਖ।
ਬਾਹਰ ਗਏ ਜੋ ਘਰ ਵਾਲੀ 'ਤੇ ਫੋਕਾ ਰੋਅਬ ਜਮਾਉਂਦੇ,
ਘਰ ਆਇਆਂ ਦੇ ਵੇਲਣ ਮੂਹਰੇ ਜੁੜਦੇ ਵੇਖੇ ਹੱਥ।
ਬੰਤਾ ਸਿਹੁੰ ਦੀ ਠਾਕਰੀ ਲੈ ਗਿਆ ਠਾਕਰ ਕੱਲ੍ਹ ਭਜਾ ਕੇ,
ਪਿੱਪਲ ਹੇਠ ਬੁਲਾਵੇ ਬੱਕਰੇ ਤਾਂ ਛੜਿਆਂ ਦੀ ਸੱਥ।
ਨੱਕ ਨੂੰ ਹੁਣ ਜ਼ੁਕਾਮ ਹੀ ਹੁੰਦਾ, ਅਣਖ ਪੂੰਝ ਕੇ ਸੁੱਟੀ,
ਤਾਂ ਬਲਬੀਰੋ ਹੁਣ ਘੂਕਰ ਦੇ ਫਿਰੇ ਪਾਉਣ ਨੂੰ ਨੱਥ।
ਉਲੂ ਦੇਖਣ ਦਿਨ ਨੂੰ 'ਭੌਰੇ', ਬੰਦੇ ਦੇਖਣ ਰਾਤੀਂ,
ਮੂਰਖ ਰਹੇ ਪ੍ਰਸ਼ਾਦਾ ਮਿੱਠਾ ਲੁੱਚਿਆਂ ਮੂਹਰੇ ਰੱਖ।

ਵਿਚਾਰ-ਚਰਚਾ

# ‘ਸੀਤਾ’ ਦੇ ਦੇਸ਼ ਵਿਚ ਇਸਤਰੀ ਦੀ ਦੁਰਦਸ਼ਾ



ਡਾ. ਗੁਰਨਾਮ ਕੌਰ, ਕੈਨੇਡਾ

25 ਫਰਵਰੀ ਦੇ 'ਪੰਜਾਬੀ ਟ੍ਰਿਬਿਊਨ' ਵਿਚ ਦਿਲ ਹਿਲਾਉਣ ਵਾਲੀ ਮਨੁੱਖੀ ਦਰਿੰਦਗੀ ਦੀ ਖਬਰ ਛਪੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ 'ਜਾਟ ਰਾਖਵੇਂਕਰਨ ਦੀ ਮੰਗ ਮਨਵਾਉਣ ਲਈ ਚੱਲੇ ਅੰਦੋਲਨ ਦੌਰਾਨ ਮੁਰਥਲ ਵਿਚ ਸੁਖਦੇਵ ਢਾਬੇ ਨੇੜੇ ਅਜਿਹੀ ਦਿਲ ਕੰਬਾਊ ਘਟਨਾ ਘਟੀ ਕਿ ਜਮਹੂਰੀ ਦੇਸ਼ ਦੇ ਵਿਚ ਇਨਸਾਨੀਅਤ ਉਦੋਂ ਸ਼ਰਮਸਾਰ ਹੋ ਗਈ। ਕੁਝ ਵਿਗੜੇ ਲੋਕਾਂ ਨੇ ਅੰਦੋਲਨ ਦੀ ਆੜ ਵਿਚ ਕੁਝ ਔਰਤਾਂ ਨੂੰ ਅਗਵਾ ਕਰ ਲਿਆ ਅਤੇ ਉਨ੍ਹਾਂ ਦੀ ਇੱਜ਼ਤ ਨੂੰ ਹੱਥ ਪਾ ਲਿਆ।' ਖਬਰ ਅਨੁਸਾਰ ਉਨ੍ਹਾਂ ਦਰਿੰਦਿਆਂ ਨੇ 'ਔਰਤਾਂ ਨੂੰ ਨੰਗਿਆਂ ਕਰਕੇ ਖੇਤਾਂ ਵਿਚ ਘੁਮਾਇਆ ਪਰ ਪੁਲਿਸ ਨੇ ਇਨ੍ਹਾਂ ਬੇਬੱਸ ਅਤੇ ਲਾਚਾਰ ਲੋਕਾਂ ਨਾਲ ਸਿਰਫ ਹਮਦਰਦੀ ਪ੍ਰਗਟਾ ਕੇ ਉਨ੍ਹਾਂ ਨੂੰ ਘਰਾਂ ਨੂੰ ਤੋਰ ਦਿੱਤਾ ਅਤੇ ਇਸ ਦਰਿੰਦਗੀ ਦੀ ਘਟਨਾ ਦੇ ਕਿਸੇ ਦੋਸ਼ੀ ਨੂੰ ਫੜਨਾ ਗਨੀਮਤ ਨਹੀਂ ਸਮਝਿਆ। ਪੁਲਿਸ ਨੇ ਇਸ ਭਿਆਨਕ ਘਟਨਾ ਨੂੰ ਸਿਰਫ ਅਫਵਾਹ ਕਹਿ ਕੇ ਪੱਲਾ ਝਾੜ ਲਿਆ।'

ਇਹ ਖਬਰ 'ਦਿ ਟ੍ਰਿਬਿਊਨ' ਦੇ ਪੱਤਰਕਾਰਾਂ ਵੱਲੋਂ ਕੀਤੀ ਖੋਜ-ਪੜਤਾਲ ਅਨੁਸਾਰ ਛਾਪੀ ਗਈ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ 30 ਦੇ ਕਰੀਬ ਬਦਮਾਸ਼ਾਂ ਨੇ, ਜਿਨ੍ਹਾਂ ਕੋਲ ਰਵਾਇਤੀ ਹਥਿਆਰ ਸਨ, ਰਾਜਧਾਨੀ ਵਿਚ ਨਾਕਾ ਲਾ ਕੇ ਉਹ ਵਾਹਨ ਰੋਕੇ ਜਿਨ੍ਹਾਂ ਵਿਚ ਔਰਤਾਂ ਸਨ, ਵਾਹਨਾਂ ਨੂੰ ਅੱਗ ਲਾ ਦਿੱਤੀ ਅਤੇ ਔਰਤਾਂ ਨੂੰ ਖੇਤਾਂ ਵਿਚ ਲੈ ਗਏ। ਕੁਝ ਔਰਤਾਂ, ਜੋ ਉਨ੍ਹਾਂ ਦੇ ਚੁੰਗਲ ਵਿਚੋਂ ਭੱਜਣ ਵਿਚ ਸਫਲ ਹੋ ਗਈਆਂ, ਨੇ ਨੇੜਲੇ ਕਿਸੇ ਢਾਬੇ ਦੀ ਪਾਣੀ ਦੀ ਟੈਂਕੀ ਵਿਚ ਲੁਕ ਕੇ ਆਪਣੇ ਆਪ ਨੂੰ ਬਚਾਇਆ। ਨੇੜਲੇ ਪਿੰਡਾਂ ਹਸਨਪੁਰ ਤੇ ਕੁਰਦ ਦੇ ਲੋਕਾਂ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਨਾਲ ਜਾ ਕੇ ਉਨ੍ਹਾਂ ਨੂੰ ਖੇਤਾਂ ਵਿਚੋਂ ਲੱਭਿਆ, ਕੱਪੜੇ ਤੇ ਕੰਬਲ ਦਿੱਤੇ।

ਮਨੁੱਖੀ ਸ਼ਕਲ ਵਿਚ ਜਾਨਵਰਾਂ ਨੇ ਉਨ੍ਹਾਂ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਨੰਗਿਆਂ ਕਰਕੇ ਖੇਤਾਂ ਵਿਚ ਘੁਮਾਇਆ। ਉਹ ਸਰਦੀ ਦੇ ਮੌਸਮ ਵਿਚ ਬਿਨਾ ਕਪੜਿਆਂ ਦੇ ਦੋ ਘੰਟੇ ਤੱਕ ਪਈਆਂ ਰਹੀਆਂ। ਪੁਲਿਸ ਨੇ ਕਹਿਣ 'ਤੇ ਵੀ ਕੇਸ ਦਰਜ ਨਹੀਂ ਕੀਤਾ। ਇਸ ਕੇਸ ਦੇ ਅੱਗੋਂ ਹੋਰ ਵੀ ਖੁਲਾਸੇ ਹੋਏ ਹਨ ਜੋ ਨਾ ਸਿਰਫ ਸੀਤਾ ਨੂੰ ਮਾਤਾ ਸਮਝ ਕੇ ਪੂਜਾ ਕਰਨ ਵਾਲਿਆਂ ਦੀ ਘਟੀਆ ਮਾਨਸਿਕਤਾ ਦਾ ਪ੍ਰਦਰਸ਼ਨ ਕਰਦੇ ਹਨ ਬਲਕੇ ਸਾਡੇ ਪ੍ਰਸ਼ਾਸਨਕ/ਪ੍ਰਬੰਧਕੀ ਢਾਂਚੇ ਅਤੇ ਪੁਲਿਸ 'ਤੇ ਵੀ ਉਂਗਲ ਉਠਾਉਂਦੇ ਹਨ ਕਿ ਪ੍ਰਸ਼ਾਸਨ, ਜਿਸ ਨੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਦੀ ਜ਼ਾਮਨੀ ਦੇਣੀ ਹੁੰਦੀ ਹੈ, ਉਹ ਦੁੱਖ/ਮੁਸੀਬਤ ਵੇਲੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਸਮਾਜ-ਵਿਰੋਧੀ ਅਨਸਰਾਂ ਦਾ ਸਾਥ ਦਿੰਦਾ ਹੈ। ਪ੍ਰਸ਼ਾਸਨ ਨੂੰ ਚਲਾਉਣ ਵਾਲੇ ਕਿਹੋ ਜਿਹੇ ਘਟੀਆ ਜ਼ਹਿਨ ਦੇ ਮਾਲਕ ਹਨ ਅਤੇ ਮੁਲਕ ਦੇ ਬਾਸ਼ਿੰਦਿਆਂ ਖਾਸ ਕਰਕੇ ਔਰਤਾਂ ਪ੍ਰਤੀ ਉਨ੍ਹਾਂ ਦਾ ਕੀ ਰਵੱਈਆ ਹੈ, ਇਹ ਵੀ ਸਪੱਸ਼ਟ ਹੁੰਦਾ ਹੈ।

ਪੁਲਿਸ ਦਾ ਕੰਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਹੁੰਦਾ ਹੈ, ਨਾ ਕਿ ਮੰਤਰੀਆਂ ਦੀ ਖੁਸ਼ਾਮਦੀ। ਪੁਲਿਸ ਲੋਕਾਂ ਪ੍ਰਤੀ ਕਿੰਨੀ ਕੁ ਸੁਹਿਰਦ ਅਤੇ ਆਪਣੇ ਫਰਜ਼ਾਂ ਪ੍ਰਤੀ ਕਿੰਨੀ ਕੁ ਜ਼ਿੰਮੇਵਾਰ ਹੈ, ਇਹ ਹਰਿਆਣੇ ਵਿਚ ਖਾਸ ਕਰਕੇ ਮੁਰਥਲ ਦੇ ਆਸ-ਪਾਸ ਵਾਪਰੀਆਂ ਘਟਨਾਵਾਂ ਤੋਂ ਇੱਕ ਵਾਰ ਫਿਰ ਸਪੱਸ਼ਟ ਹੋ ਗਿਆ ਹੈ।

ਹੈਦਰਾਬਾਦ ਕੇਂਦਰੀ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਜਾਂ ਹੋਰ ਵਿੱਦਿਅਕ ਅਦਾਰਿਆਂ ਵਿਚ ਨਿਹੱਥੇ ਅਤੇ ਆਪਣੇ ਹੱਕਾਂ ਪ੍ਰਤੀ ਆਵਾਜ਼ ਉਠਾ ਰਹੇ ਵਿਦਿਆਰਥੀਆਂ ਜਾਂ ਜੂਝ ਰਹੇ ਕਿਸਾਨਾਂ ਨੂੰ ਕੁੱਟਣ ਲਈ ਪੁਲਿਸ ਝੱਟ ਪਹੁੰਚ ਜਾਂਦੀ ਹੈ ਪਰ ਹਰਿਆਣਾ ਵਿਚ ਤਿੰਨ ਦਿਨ ਜਿਸ ਤਰ੍ਹਾਂ ਨਿਹੱਥੇ ਲੋਕਾਂ ਨਾਲ ਵਰਤਾਰਾ ਹੁੰਦਾ ਰਿਹਾ ਅਤੇ ਔਰਤਾਂ ਦੀ ਬੇਪੱਤੀ ਕੀਤੀ ਗਈ, ਪੁਲਿਸ ਦੇ ਕੰਨ 'ਤੇ ਭੋਰਾ ਜੂੰ ਨਹੀਂ ਸਰਕੀ ਬਲਕੇ ਲੋਕਾਂ ਦੇ ਕਹਿਣ 'ਤੇ ਵੀ ਪੁਲਿਸ ਨੇ ਕੋਈ ਬਹੁੜੀ ਨਹੀਂ ਕੀਤੀ। ਖਬਰਾਂ ਅਨੁਸਾਰ ਸੁਖਦੇਵ ਢਾਬੇ ਦੇ ਮਾਲਕ ਨੇ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਾਲ ਲੈ ਜਾ ਕੇ ਗਵਾਹੀ ਵੀ ਦਿੱਤੀ ਪਰ ਪੁਲਿਸ ਨੇ ਇਸ ਨੂੰ 'ਅਫਵਾਹਾਂ' ਕਹਿ ਕੇ ਟਾਲ ਦਿੱਤਾ। ਸਰਕਾਰੀ ਤੰਤਰ ਆਪਣੇ ਬਚਾਅ ਲਈ ਕਿੰਨਾ ਚੁਸਤ ਹੈ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਜਦੋਂ ਟ੍ਰਿਬਿਊਨ ਅਖਬਾਰ ਵਿਚ ਲੱਗੀਆਂ ਖਬਰਾਂ ਤੋਂ ਹਾਈ ਕੋਰਟ ਨੇ ਇਸ ਦਾ ਨੋਟਿਸ ਲਿਆ ਅਤੇ ਜਸਟਿਸ ਨਰੇਸ਼ ਕੁਮਾਰ ਸਾਂਘੀ ਨੇ ਕਿਹਾ ਕਿ ਕਿਸੇ 'ਪ੍ਰਮੁੱਖ ਜਾਂਚ ਏਜੰਸੀ' ਤੋਂ ਜਾਂਚ ਕਰਾਉਣ ਦੀ ਲੋੜ ਹੈ, ਕੌਮੀ ਮਹਿਲਾ ਕਮਿਸ਼ਨ ਨੇ ਵੀ ਜਦੋਂ ਇਸ ਘਟਨਾ ਦੀ ਜਾਣਕਾਰੀ ਮਿਲਣ 'ਤੇ ਆਪਣੀ ਇੱਕ ਮੈਂਬਰ ਰੇਖਾ ਸ਼ਰਮਾ ਨੂੰ ਜਾਂਚ ਕਰਨ ਲਈ ਭੇਜਿਆ ਤਾਂ ਉਸ ਨੇ ਮੁਰਥਲ ਦਾ ਦੌਰਾ ਕੀਤਾ। ਉਸੇ ਵੇਲੇ ਸਰਕਾਰ ਨੂੰ ਆਪਣਾ ਫਿਕਰ ਪੈ ਗਿਆ ਅਤੇ ਸਰਕਾਰ ਦੀ ਚੁਸਤੀ ਵੇਖੋ ਕਿ ਦੁਪਹਿਰ ਢਾਈ ਵਜੇ ਹਰਿਆਣਾ ਦੇ ਵਧੀਕ ਸੈਕਟਰੀ (ਗ੍ਰਹਿ ਵਿਭਾਗ) ਪੀ. ਕੇ. ਦਾਸ ਨੇ ਫਟਾਫਟ ਐਲਾਨ ਠੋਕ ਦਿੱਤਾ ਕਿ ਡੀ. ਜੀ. ਪੀ. ਵਾਈ. ਪੀ. ਸਿੰਘਲ ਨੂੰ ਇਸ ਮਾਮਲੇ ਦੀ ਜਾਂਚ 'ਤੇ ਲਾ ਦਿੱਤਾ ਹੈ। ਇਸ ਐਲਾਨ ਤੋਂ ਘੰਟੇ ਕੁ ਦੇ ਅੰਦਰ ਹੀ ਇੱਕ ਟੀ. ਵੀ. ਚੈਨਲ ਤੋਂ ਡੀ. ਜੀ. ਪੀ. ਦੇ ਹਵਾਲੇ ਨਾਲ ਖਬਰ ਨਸ਼ਰ ਹੋ ਰਹੀ ਸੀ ਕਿ ਆਈ. ਜੀ. ਪੱਧਰ ਦੇ ਅਧਿਕਾਰੀ ਨੇ ਜਾਂਚ-ਪੜਤਾਲ ਕੀਤੀ ਹੈ ਅਤੇ ਬਲਾਤਕਾਰ ਦੀ ਕੋਈ ਵੀ ਘਟਨਾ ਸਾਹਮਣੇ ਨਹੀਂ ਆਈ।

ਦੂਜੇ ਪਾਸੇ ਲੋਕਾਂ ਪ੍ਰਤੀ 'ਸੁਹਿਰਦ' ਜ਼ਿਲਾ ਪ੍ਰਸ਼ਾਸਨ ਐਨ ਉਸ ਵੇਲੇ ਜਦੋਂ ਮਹਿਲਾ ਕਮਿਸ਼ਨ ਦੀ ਮੈਂਬਰ ਮੁਰਥਲ ਦਾ ਦੌਰਾ ਕਰ ਰਹੀ ਸੀ, ਆਸ-ਪਾਸ ਦੇ ਪਿੰਡਾਂ ਦੇ ਲੋਕਾਂ, ਜਿਹੜੇ ਇਨ੍ਹਾਂ ਘਟਨਾਵਾਂ ਤੋਂ ਵਾਕਿਫ ਸਨ, ਨੂੰ ਡਰਾ ਧਮਕਾ ਕੇ ਬਿਆਨਾਂ ਤੋਂ ਮੁਕਰਨ ਲਈ ਪ੍ਰੇਰਿਤ ਕਰ ਰਿਹਾ ਸੀ। ਧਮਕੀ ਇਹ ਦਿੱਤੀ ਜਾ ਰਹੀ ਸੀ ਕਿ "ਪੀੜਤ ਪਰਿਵਾਰ ਤਾਂ ਆਪਣੇ ਘਰਾਂ ਨੂੰ ਮੁੜ ਗਏ ਹਨ ਪਰ ਜੇ ਉਹ ਇਨ੍ਹਾਂ ਘਟਨਾਵਾਂ ਪ੍ਰਤੀ ਆਪਣੇ ਮੂੰਹ ਖੋਲ੍ਹਣਗੇ ਤਾਂ ਹੋ ਸਕਦਾ ਹੈ ਉਨ੍ਹਾਂ ਦੇ ਜੁਆਨ ਪੁੱਤਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਵੇ।"

ਇੱਕ ਢਾਬੇ ਵਾਲੇ ਦੇ ਦੱਸਣ ਅਨੁਸਾਰ ਬਦਮਾਸ਼ਾਂ ਨੇ ਢਾਬੇ 'ਤੇ ਹਮਲਾ ਕੀਤਾ ਅਤੇ ਪੰਜ ਔਰਤਾਂ ਨੂੰ ਲੈ ਗਏ। ਪੁਲਿਸ ਨੂੰ ਬਾਕਾਇਦਾ ਇਸ ਦੀ ਇਤਲਾਹ ਵੀ ਦਿੱਤੀ ਗਈ ਪਰ ਪੁਲਿਸ ਨੇ ਕਿਸੇ ਦੀ ਗੱਲ ਵੱਲ ਤਵੱਜੋਂ ਨਹੀਂ ਦਿੱਤੀ ਬਲਕੇ ਇੱਕ ਐਸ. ਐਚ. ਓ. ਅਤੇ ਡੀ. ਐਸ. ਪੀ. ਜਾ ਕੇ ਖੇਤਾਂ 'ਚ ਲੁਕੇ ਰਹੇ। ਇਸ ਤਰ੍ਹਾਂ ਦੀਆਂ ਅਨੇਕ ਖਬਰਾਂ ਹੌਲੀ ਹੌਲੀ ਬਾਹਰ ਆ ਰਹੀਆਂ ਹਨ।

ਡੇਰਾ ਬਸੀ ਦੇ ਇੱਕ ਹੋਰ ਕਾਰੋਬਾਰੀ ਨੇ ਆਪਣੀ ਕਹਾਣੀ ਸੁਣਾਈ ਹੈ ਕਿ ਦਿੱਲੀ ਤੋਂ ਕਾਰੋਬਾਰ ਦੇ ਸਿਲਸਿਲੇ ਵਿਚ ਆਪਣੇ ਤਿੰਨ ਹੋਰ ਸਾਥੀਆਂ ਨਾਲ ਆਪਣੀ ਕਾਰ ਵਿਚ ਆਉਂਦਿਆਂ ਕਿਸ ਤਰ੍ਹਾਂ ਉਹ ਮੁਰਥਲ ਦੇ ਨੇੜੇ ਅੰਦੋਲਨ ਦੌਰਾਨ ਫਸ ਗਿਆ ਸੀ। ਜਾਟ ਅੰਦੋਲਨਕਾਰੀ ਥਾਂ-ਥਾਂ ਕਰੇਨਾਂ ਨਾਲ ਦਰਖਤ ਤੋੜ ਕੇ ਕੌਮੀ ਸ਼ਾਹ ਰਾਹ 'ਤੇ ਜਾਮ ਲਾ ਕੇ ਆਵਾਜਾਈ ਰੋਕ ਰਹੇ ਸਨ। ਪੁਲਿਸ ਦੇ ਕਹਿਣ 'ਤੇ ਉਹ ਪਿੰਡਾਂ ਦੇ ਰਸਤੇ ਆਉਣ ਦੀ ਕੋਸ਼ਿਸ਼ ਕਰਨ ਲੱਗੇ ਪਰ ਪਿੰਡਾਂ ਵਿਚ ਵੀ ਹਾਲਾਤ ਵਿਗੜਨੇ ਸ਼ੁਰੂ ਹੋ ਗਏ ਸਨ। ਡਰਦਿਆਂ ਉਹ ਫਿਰ ਜੀ. ਟੀ. ਰੋਡ 'ਤੇ ਮੁੜ ਆਏ ਅਤੇ ਦਵਿੰਦਰ ਕਾਦਿਆਨ ਦੀ 'ਮੰਨਤ ਹਵੇਲੀ' ਵਿਚ ਪਨਾਹ ਲੈ ਲਈ। ਇਸ ਹੋਟਲ ਵਿਚ ਤਿੰਨ ਸੌ ਦੇ ਕਰੀਬ ਲੋਕ ਪਨਾਹ ਲਈ ਬੈਠੇ ਸਨ ਜਿਨ੍ਹਾਂ ਵਿਚ ਨੱਬੇ ਪ੍ਰਤੀਸ਼ਤ ਪੰਜਾਬੀ ਸਨ। ਦਵਿੰਦਰ ਭਾਵੇਂ ਆਪ ਵੀ ਜਾਟ ਹੈ ਪਰ ਉਸ ਨੇ ਪਿੰਡ ਤੋਂ ਪੰਜਾਹ ਕੁ ਬੰਦੇ ਬੁਲਾ ਕੇ ਲੋਕਾਂ ਦੀ ਰਾਖੀ ਕੀਤੀ। ਇਸ ਕਾਰੋਬਾਰੀ ਦੇ ਦੱਸਣ ਅਨੁਸਾਰ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਸੋਨੀਪਤ ਆਪਣੇ ਰਿਸ਼ਤੇਦਾਰਾਂ ਦੇ ਘਰ ਜਾਣ ਦੀ ਕੋਸ਼ਿਸ਼ ਕੀਤੀ ਪਰ ਉਥੋਂ ਦੇ ਜੀਵਨ ਨਗਰ ਵਿਚ ਹਾਲਾਤ ਉਸ ਤੋਂ ਵੀ ਮਾੜੇ ਸਨ। ਅੰਦੋਲਨਕਾਰੀ ਪੰਜਾਬੀਆਂ ਦੀਆਂ ਦੁਕਾਨਾਂ ਨੂੰ ਲੁੱਟਣ ਅਤੇ ਭੰਨ-ਤੋੜ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਫਿਰ ਵਾਪਸ ਆ ਗਏ। ਪੂਰੇ ਤਿੰਨ ਦਿਨ ਤੱਕ ਉਹ 'ਮੰਨਤ ਹਵੇਲੀ' ਵਿਚ ਰਹੇ।

ਸੈਂਕੜਿਆਂ ਦੀ ਗਿਣਤੀ ਵਿਚ ਜਾਮ ਵਿਚ ਫਸੇ ਲੋਕਾਂ ਨੇ ਆਸ-ਪਾਸ ਦੇ ਢਾਬਿਆਂ ਵਿਚ ਪਨਾਹ ਲਈ ਹੋਈ ਸੀ। ਅੰਦੋਲਨਕਾਰੀ ਉਨ੍ਹਾਂ ਨੂੰ ਢਾਬਿਆਂ ਤੋਂ ਬਾਹਰ ਕੱਢ ਰਹੇ ਸਨ, ਵਾਹਨ ਫੂਕ ਰਹੇ ਸਨ ਅਤੇ ਔਰਤਾਂ ਨਾਲ ਦੁਰ-ਵਿਹਾਰ ਕਰ ਰਹੇ ਸਨ। ਇਹ ਸਾਰੀ ਹੁੱਲੜਬਾਜ਼ੀ ਪੂਰੇ ਤਿੰਨ ਦਿਨ ਚਲਦੀ ਰਹੀ। ਜਦੋਂ ਮਿਲਟਰੀ ਆਈ ਤਾਂ ਉਸ ਨੇ ਇਸ ਹਾਲਾਤ 'ਤੇ ਕਾਬੂ ਪਾਇਆ। ਉਸ ਦੇ ਦੱਸਣ ਅਨੁਸਾਰ ਉਹ ਮਿਲਟਰੀ ਦੀ ਸਹਾਇਤਾ ਨਾਲ ਹੀ ਹਰਿਆਣਾ ਤੋਂ ਪੰਜਾਬ ਦੀ ਹੱਦ ਵਿਚ ਸ਼ਾਮਲ ਹੋਏ। ਕੁਝ ਲੋਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੇ ਰਹੇ ਅਤੇ ਕੁਝ ਨੇ ਲੋਕ-ਭਲਾਈ ਨੂੰ ਪ੍ਰਣਾਏ ਢਾਬੇ ਵਾਲਿਆਂ ਦੀ ਮਦਦ ਨਾਲ ਜਾਨ ਬਚਾਈ ਰੱਖੀ।

ਸਵਾਲ ਹੈ ਕਿ ਪੂਰੇ ਤਿੰਨ ਦਿਨ ਪੁਲਿਸ ਕਿੱਥੇ ਸੀ ਅਤੇ ਕੀ ਕਰ ਰਹੀ ਸੀ? ਪ੍ਰਸ਼ਾਸਨ ਕਿਸ ਕੁੰਭਕਰਨੀ ਨੀਂਦ ਸੌਂ ਰਿਹਾ ਸੀ? ਉਹ ਕਿਵੇਂ ਮੁਸੀਬਤਾਂ ਵਿਚ ਘਿਰੇ ਲੋਕਾਂ ਦੀ ਹਿਫਾਜ਼ਤ ਕਰਨ ਤੋਂ ਕੰਨੀ ਕਤਰਾਉਂਦੇ ਰਹੇ? ਜਿਸ ਖਜ਼ਾਨੇ ਤੋਂ ਉਨ੍ਹਾਂ ਨੂੰ ਤਨਖਾਹਾਂ ਮਿਲਦੀਆਂ ਹਨ, ਉਹ ਲੋਕਾਂ ਦੀਆਂ ਜੇਬਾਂ ਵਿਚੋਂ ਟੈਕਸ ਦੇ ਰੂਪ ਵਿਚ ਆਉਂਦਾ ਹੈ।



ਜਸਟਿਸ ਅਮਿਤ ਰਾਵਲ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਇਨ੍ਹਾਂ ਘਟਨਾਵਾਂ ਨੇ ਬਟਵਾਰੇ ਦੀ ਯਾਦ ਦੁਆ ਦਿੱਤੀ ਹੈ। ਉਸ ਦਾ ਇਹ ਬਿਆਨ ਸਹੀ ਹੈ ਕਿ ਉਦੋਂ ਵੀ ਇਸੇ ਤਰ੍ਹਾਂ ਔਰਤਾਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਕੀਤਾ ਗਿਆ ਸੀ, ਲੋਕਾਂ ਨੂੰ ਲੁੱਟਿਆ ਅਤੇ ਸਾੜ-ਫੂਕ ਕੀਤੀ ਗਈ ਸੀ। ਉਦੋਂ ਤਾਂ ਪੁਲਿਸ 'ਪਾਕਿਸਤਾਨੀ ਪੁਲਿਸ' ਤੇ 'ਹਿੰਦੁਸਤਾਨੀ ਪੁਲਿਸ' ਵਿਚ ਵੰਡੀ ਹੋਈ ਸੀ ਪਰ ਹੁਣ ਤਾਂ ਪੁਲਿਸ ਕਿਸੇ ਦੂਜੇ ਮੁਲਕ ਦੀ ਨਹੀਂ ਸੀ ਸਗੋਂ 'ਆਪਣੀ' ਸੀ। ਇਹ ਸਾਰਾ ਵਰਤਾਰਾ ਬਟਵਾਰੇ ਦੀ ਯਾਦ ਤਾਂ ਬੇਸ਼ੱਕ ਦੁਆਉਂਦਾ ਹੀ ਦੁਆਉਂਦਾ ਹੈ ਪਰ ਉਸ ਤੋਂ ਵੀ ਵੱਧ 1984 ਦੇ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਤੇ ਲੁੱਟ-ਖਸੁੱਟ ਸਮੇਂ ਔਰਤਾਂ ਦੀ ਜੋ ਬੇਪਤੀ ਕੀਤੀ ਗਈ, ਉਸ ਦੇ ਜ਼ਖਮ ਵੀ ਹਰੇ ਕਰਦਾ ਹੈ ਅਤੇ ਫਰਵਰੀ 2002 ਵਿਚ ਮੋਦੀ ਦੇ ਪ੍ਰਾਂਤ ਗੁਜਰਾਤ ਦੇ ਦੰਗਿਆਂ ਦੀ ਘਿਨਾਉਣੀ ਕਾਰਵਾਈ ਦੀ ਯਾਦ ਵੀ ਤਾਜ਼ਾ ਕਰਾਉਂਦਾ ਹੈ। ਗੁਜਰਾਤ ਦੰਗਿਆਂ ਵੇਲੇ ਵੀ ਗੁਜਰਾਤ ਦੀ ਪੁਲਿਸ ਮੂਕ ਦਰਸ਼ਕ ਬਣ ਕੇ ਸਭ ਕੁਝ ਦੇਖਦੀ ਰਹੀ ਸੀ, ਬਲਕੇ ਦੰਗਾਕਾਰੀਆਂ ਦੀ ਹਰ ਸੰਭਵ ਮਦਦ ਕਰਦੀ ਰਹੀ।

1984 ਵਿਚ ਤਾਂ ਦਿੱਲੀ ਵਿਚ ਜੋ ਕੁਝ ਵਾਪਰਿਆ, ਉਸ ਨੂੰ ਪੁਲਿਸ ਦੀ ਪੂਰੀ ਸ਼ਹਿ ਸੀ; ਪੁਲਿਸ ਸਾਰੇ ਵਰਤਾਰੇ ਵਿਚ ਬਰਾਬਰ ਦੀ ਦੋਸ਼ੀ ਸੀ ਕਿਉਂਕਿ ਸਭ ਕੁਝ ਪੁਲਿਸ ਅਤੇ ਪ੍ਰਸ਼ਾਸਨ ਨੇ ਜਾਣ-ਬੁੱਝ ਕੇ ਕਰਵਾਇਆ ਸੀ। ਫਰਕ ਸਿਰਫ ਏਨਾ ਹੈ ਕਿ ਜਿੱਥੇ ਗੁਜਰਾਤ ਦੰਗਿਆਂ ਵਿਚ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ 1984 ਵੇਲੇ ਨਿਸ਼ਾਨਾ ਸਿੱਖ ਭਾਈਚਾਰਾ ਸੀ। ਗੁਜਰਾਤ ਵਿਚ ਬੇਹੁਰਮਤੀ ਮੁਸਲਿਮ ਔਰਤਾਂ ਦੀ ਕੀਤੀ ਗਈ ਅਤੇ ਦਿੱਲੀ ਦੰਗਿਆਂ ਵੇਲੇ ਹਵਸ ਦਾ ਸ਼ਿਕਾਰ ਸਿੱਖ ਬੀਬੀਆਂ ਨੂੰ ਬਣਾਇਆ ਗਿਆ; ਸਾੜ-ਫੂਕ ਸਿੱਖਾਂ ਦੀ ਅਤੇ ਉਨ੍ਹਾਂ ਦੇ ਮਾਲ ਦੀ ਹੋਈ। ਉਥੇ ਹਰਿਆਣਾ ਵਿਚ ਤਿੰਨ ਦਿਨ ਪੂਰਾ ਪੰਜਾਬੀ ਭਾਈਚਾਰਾ ਨਿਸ਼ਾਨੇ 'ਤੇ ਸੀ। ਜਾਨ-ਮਾਲ ਦਾ ਨੁਕਸਾਨ ਪੰਜਾਬੀ ਭਾਈਚਾਰੇ ਦਾ ਹੋਇਆ ਹੈ। ਭਾਵੇਂ ਹਰਿਆਣਾ ਸਰਕਾਰ ਨੇ ਤਿੰਨ ਮੈਂਬਰੀ ਕਮੇਟੀ ਜਾਂਚ ਕਰਨ ਲਈ ਬਣਾ ਦਿੱਤੀ ਹੈ ਪਰ ਇਸ ਨਾਲ ਕੀ ਹੋਵੇਗਾ? 1984 ਦੇ ਦੰਗਿਆਂ ਲਈ ਅਨੇਕਾਂ ਕਮਿਸ਼ਨ, ਕਮੇਟੀਆਂ ਹੋਂਦ ਵਿਚ ਆਏ, ਇਕੱਤੀ ਸਾਲ ਬੀਤ ਜਾਣ 'ਤੇ ਵੀ ਸਿੱਟਾ ਕੀ ਨਿਕਲਿਆ? ਵਿਧਵਾਵਾਂ ਉਵੇਂ ਰੁਲ ਰਹੀਆਂ ਹਨ, ਕਿਸੇ ਨੂੰ ਕੋਈ ਇਨਸਾਫ ਨਹੀਂ ਮਿਲਿਆ ਭਾਵੇਂ ਕਈ ਕਮਿਸ਼ਨ ਆਏ ਤੇ ਕਈ ਗਏ। ਕਮਿਸ਼ਨ ਵੀ ਸਰਕਾਰਾਂ ਨੇ ਬਣਾਉਣੇ ਹੁੰਦੇ ਹਨ ਅਤੇ ਜਾਂਚ-ਪੜਤਾਲਾਂ 'ਤੇ ਕਾਰਵਾਈ ਵੀ ਸਰਕਾਰਾਂ ਨੇ ਕਰਨੀ ਹੁੰਦੀ ਹੈ। ਜੋ ਤੱਥ ਅਖਬਾਰਾਂ ਜ਼ਰੀਏ ਬਾਹਰ ਆ ਰਹੇ ਹਨ, ਉਨ੍ਹਾਂ ਤੋਂ ਪੁਸ਼ਟੀ ਇਸੇ ਗੱਲ ਦੀ ਹੋ ਰਹੀ ਹੈ ਕਿ ਇਹ ਸਭ ਕੁਝ ਪ੍ਰਸ਼ਾਸਕੀ ਢਾਂਚੇ ਅਤੇ ਉਚ-ਅਫਸਰਾਂ ਦੀ ਸ਼ਹਿ 'ਤੇ ਹੋਇਆ ਜਾਪਦਾ ਹੈ।

ਰਮਾਇਣ ਅਤੇ ਮਹਾਂਭਾਰਤ- ਦੋ ਮਹਾਂ ਕਾਵਿ ਹਨ ਜਿਨ੍ਹਾਂ ਦੀ ਮਾਨਤਾ ਲੋਕ ਮਨਾਂ ਵਿਚ ਸਦੀਆਂ ਬੀਤ ਜਾਣ 'ਤੇ ਵੀ ਉਵੇਂ ਹੀ ਕਾਇਮ ਹੈ। ਰਮਾਇਣ ਵਿਚ ਰਾਮ ਚੰਦਰ ਨੇਕੀ ਬਲਕੇ 'ਰਾਮ ਰਾਜ' ਦਾ ਪ੍ਰਤੀਕ ਹੈ ਅਤੇ ਰਾਵਣ ਬਦੀ ਦਾ ਪ੍ਰਤੀਕ ਹੈ। ਹਰ ਸਾਲ ਉਤਰੀ ਭਾਰਤ ਦੇ ਹਰ ਵੱਡੇ-ਛੋਟੇ ਸ਼ਹਿਰ ਵਿਚ ਦੁਸਹਿਰੇ ਮੌਕੇ ਰਾਵਣ ਦਾ ਬੁੱਤ ਬਣਾ ਕੇ ਉਸ ਨੂੰ ਅੱਗ ਲਾਈ ਜਾਂਦੀ ਹੈ ਕਿ ਉਹ ਬਦੀ ਦਾ ਪ੍ਰਤੀਕ ਹੈ। ਉਸ ਨੇ 'ਸੀਤਾ' ਨੂੰ ਅਗਵਾਹ ਕੀਤਾ ਸੀ। ਕੀ ਹਜ਼ਾਰਾਂ ਵਰ੍ਹੇ ਬੀਤ ਜਾਣ 'ਤੇ ਵੀ, ਹਰ ਸਾਲ ਰਾਵਣ ਦਾ ਬੁੱਤ ਫੂਕੇ ਜਾਣ ਨਾਲ 'ਰਾਮ' ਦੀ ਪੂਜਾ ਕਰਨ ਵਾਲਿਆਂ ਦੇ ਮਨਾਂ ਵਿਚੋਂ 'ਰਾਵਣ-ਬਿਰਤੀ' ਖਤਮ ਹੋ ਗਈ ਹੈ? 'ਰਾਮ ਰਾਜ' ਦਾ ਰੌਲਾ ਪਾਉਣ ਵਾਲਿਆਂ ਤੋਂ ਪੁੱਛਣਾ ਬਣਦਾ ਹੈ ਕਿ ਕੀ ਅਜਿਹੀ ਬਦ-ਇੰਤਜ਼ਾਮੀ ਨੂੰ ਹੀ 'ਰਾਮ ਰਾਜ' ਕਹਿੰਦੇ ਹਨ? ਬੁੱਤ ਫੂਕਣ ਨਾਲ ਜਾਂ ਬੁੱਤ ਪੂਜਣ ਨਾਲ ਮਨ ਅੰਦਰਲੇ 'ਰਾਵਣ' ਖਤਮ ਨਹੀਂ ਹੋਣੇ ਅਤੇ 'ਰਾਮ ਰਾਮ' ਜਪਣ ਨਾਲ ਮਨ ਰਾਮ ਨਹੀਂ ਬਣ ਜਾਣੇ, ਜਦੋਂ ਤੱਕ ਜ਼ਹਿਨੀਅਤ ਨਹੀਂ ਬਦਲਦੀ।

ਮਸਜਿਦਾਂ ਢਾਹ ਕੇ ਰਾਮ ਮੰਦਰ ਉਸਾਰਨ ਨਾਲ ਰਾਮ ਮਨਾਂ ਵਿਚ ਨਹੀਂ ਵੱਸ ਜਾਣਾ, ਉਹ ਤਾਂ ਬੁੱਤ ਬਣ ਕੇ ਮੰਦਰ ਦਾ 'ਸ਼ਿੰਗਾਰ' ਹੀ ਬਣਨ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਸ਼ਿਵਜੀ ਨਾਲ ਪਾਰਬਤੀ ਦੀ, ਰਾਮ ਨਾਲ ਸੀਤਾ ਦੀ ਅਤੇ ਕ੍ਰਿਸ਼ਨ ਨਾਲ ਰਾਧਾ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਦੁਰਗਾ ਦੇ ਸੋਹਲੇ ਵੀ ਗਾਏ ਜਾਂਦੇ ਹਨ, ਭੇਟਾਂ ਗਾਉਂਦਿਆਂ ਨੂੰ ਸਾਹ ਨਹੀਂ ਆਉਂਦਾ ਪਰ ਇਸਤਰੀ ਦੀ ਇੱਜ਼ਤ ਕਰਨੀ ਨਹੀਂ ਆਈ। ਇਸਤਰੀ ਮਹਿਜ਼ ਬੁੱਤ ਬਣਾ ਕੇ ਪੂਜਣ ਜਾਂ ਅੰਦੋਲਨਾਂ ਵੇਲੇ ਹਵਸ ਮਿਟਾਉਣ ਦੀ ਵਸਤੂ ਨਹੀਂ ਹੈ। ਉਹ ਸਤਿਕਾਰਯੋਗ ਜਿਉਂਦਾ ਜਾਗਦਾ ਇਨਸਾਨ ਹੈ। ਸੀਤਾ ਕਿੰਨਾ ਸਮਾਂ ਰਾਵਣ ਦੀ ਹਿਰਾਸਤ ਵਿਚ ਰਹੀ, ਸੀਤਾ ਵੱਲੋਂ ਉਸ ਦੇ ਪ੍ਰਸਤਾਵ ਨੂੰ ਠੁਕਰਾ ਦੇਣ 'ਤੇ ਵੀ ਉਸ ਨੇ ਸੀਤਾ ਦਾ ਨਿਰਾਦਰ ਨਹੀਂ ਕੀਤਾ। ਦੂਸਰੇ ਪਾਸੇ 'ਰਾਮ ਬਿਰਤੀ' ਹੈ ਜਿਸ ਤਹਿਤ ਰਾਵਣ ਦੀ ਕੈਦ ਵਿਚੋਂ ਆਉਣ 'ਤੇ ਸੀਤਾ ਨੂੰ ਅਗਨੀ-ਪ੍ਰੀਖਿਆ ਦੇਣੀ ਪਈ ਅਤੇ ਵਾਪਸ ਆ ਕੇ ਇੱਕ ਧੋਬੀ ਦੇ ਮਿਹਣੇ ਤੋਂ ਗਰਭਵਤੀ ਹੋਣ ਵਰਗੀ ਨਾਜ਼ੁਕ ਹਾਲਤ ਵਿਚ ਹੁੰਦਿਆਂ ਵੀ ਉਸ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ। ਇਹੋ ਜਿਹੇ ਦਵੰਧ ਨੂੰ ਹੰਢਾਉਣ ਵਾਲੀ ਮਾਨਸਿਕਤਾ ਤੋਂ ਕਿਸੇ ਚੰਗਿਆਈ ਦੀ ਆਸ ਕਿਵੇਂ ਕੀਤੀ ਜਾਵੇ? ਇਹ ਵੀ ਇੱਕ ਸਵਾਲ ਬਣਦਾ ਹੈ ਜਿਸ ਦਾ ਉਤਰ ਲੱਭਣਾ ਪੈਣਾ ਹੈ।

## ਏਕਸੁ ਤੇ ਸਭਿ ਰੂਪ ਹਹਿ ਰੰਗਾ

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੩**
ਏਕਸੁ ਤੇ ਸਭਿ ਰੂਪ ਹਹਿ ਰੰਗਾ॥
ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ॥
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ॥੧॥
ਏਕੁ ਅਚਰਜੁ ਏਕੋ ਹੈ ਸੋਈ॥
ਗੁਰਮੁਖਿ ਵੀਚਾਰੇ ਵਿਰਲਾ ਕੋਈ॥੧॥ ਰਹਾਉ॥
ਸਹਜਿ ਭਵੈ ਪ੍ਰਭੁ ਸਭਨੀ ਥਾਈ॥
ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥
ਆਪੇ ਸੁਤਿਆ ਦੇਇ ਜਗਾਈ॥੨॥
ਤਿਸ ਕੀ ਕੀਮਤਿ ਕਿਨੈ ਨ ਹੋਈ॥
ਕਹਿ ਕਹਿ ਕਥਨੁ ਕਹੈ ਸਭੁ ਕੋਈ॥
ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ॥੩॥
ਸੁਣਿ ਸੁਣਿ ਵੇਖੈ ਸਬਦਿ ਮਿਲਾਏ॥
ਵਡੀ ਵਡਿਆਈ ਗੁਰ ਸੇਵਾ ਤੇ ਪਾਏ॥
ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ॥੪॥

ਸਤਿਗੁਰੂ ਪਿਤਾ ਜੀ ਆਖਦੇ ਹਨ, ਏਕਸੁ ਤੇ ਸਭਿ ਰੂਪ ਹਹਿ ਰੰਗਾ, ਹੇ ਭਾਈ! ਸੰਸਾਰ ਵਿਚ ਦਿਖਾਈ ਦੇ ਰਹੇ ਇਹ ਸਾਰੇ ਵੱਖ-ਵੱਖ ਰੂਪ ਤੇ ਰੰਗ ਉਸ ਇਕ ਅਕਾਲ ਪੁਰਖ ਪਰਮਾਤਮਾ ਤੋਂ ਹੀ ਬਣੇ ਹਨ; ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ, ਉਸ ਇਕ ਮਾਲਕ ਪ੍ਰਭੂ ਤੋਂ ਹੀ ਹਵਾ ਪੈਦਾ ਹੋਈ ਹੈ, ਉਸ ਮਾਲਕ ਤੋਂ ਹੀ ਪਾਣੀ ਬਣਿਆ ਹੈ ਤੇ ਉਸੇ ਤੋਂ ਹੀ ਅੱਗ ਪੈਦਾ ਹੋਈ ਹੈ। ਇਹ ਸਾਰੇ ਵੱਖ-ਵੱਖ ਰੰਗ ਰੂਪ ਵਾਲੇ ਤੱਤ ਸਭ ਜੀਵਾਂ ਵਿਚ ਮਿਲੇ ਹੋਏ ਹਨ, ਪ੍ਰਭੂ ਆਪ ਹੀ ਵੱਖ-ਵੱਖ ਰੰਗਾਂ ਵਾਲੇ ਜੀਵਾਂ ਦੀ ਸੰਭਾਲ ਕਰਦਾ ਹੈ।

ਏਕੁ ਅਚਰਜੁ ਏਕੋ ਹੈ ਸੋਈ॥
ਗੁਰਮੁਖਿ ਵੀਚਾਰੇ ਵਿਰਲਾ ਕੋਈ॥੧॥ ਰਹਾਉ॥

ਗੁਰੂ ਅਮਰਦਾਸ ਜੀ ਆਖਦੇ ਹਨ- ਹੇ ਭਾਈ! ਇਹ ਤਾਂ ਅਸਚਰਜ ਕੌਤਕ ਹੈ ਕਿ ਉਹ ਪਰਮਾਤਮਾ ਮਿਹਰਬਾਨ ਪ੍ਰਭੂ ਆਪ ਹੀ ਇਸ ਬਹੁਰੰਗੇ ਸੰਸਾਰ ਵਿਚ ਹਰ ਥਾਂ ਮੌਜੂਦ ਹੈ ਤੇ ਹਰ ਥਾਂ ਸਮਾ ਰਿਹਾ ਹੈ; ਹੇ ਭਾਈ! ਕੋਈ ਵਡਭਾਗਾ ਵਿਰਲਾ ਮਨੁੱਖ ਹੀ ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੇ ਇਸ ਅਸਚਰਜ ਕੌਤਕ ਦੀ ਵਿਚਾਰ ਕਰਦਾ ਹੈ, ਆਓ ਗੁਰੂ ਦੀ ਸ਼ਰਨ ਪਈਏ।

ਸਹਜਿ ਭਵੈ ਪ੍ਰਭੁ ਸਭਨੀ ਥਾਈ॥
ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥
ਆਪੇ ਸੁਤਿਆ ਦੇਇ ਜਗਾਈ॥੨॥

ਸਦਾ ਹੀ ਅਟੱਲ ਰਹਿਣ ਵਾਲਾ ਮਿਹਰਬਾਨ ਪ੍ਰਭੂ ਆਪਣੀ ਸਹਿਜ ਅਡੋਲਤਾ ਵਿਚ ਟਿਕਿਆ ਹੋਇਆ ਹੀ ਸਭਨਾਂ ਥਾਂਵਾਂ ਵਿਚ ਵਿਆਪਕ ਹੋ ਰਿਹਾ ਹੈ; ਹੇ ਭਾਈ! ਕਿਤੇ ਤਾਂ ਉਹ ਮਾਲਕ ਗੁਪਤ ਹੈ ਅਤੇ ਕਿਤੇ ਪ੍ਰਗਟ ਹੋ ਬੈਠਾ ਹੈ, ਜਗਤ ਦੀ ਇਹ ਸਾਰੀ ਖੇਡ ਪ੍ਰਭੂ ਨੇ ਆਪ ਹੀ ਬਣਾਈ ਹੋਈ ਹੈ; ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੇ ਪਏ ਜੀਵਾਂ ਨੂੰ ਵੀ ਮਿਹਰਬਾਨ ਪ੍ਰਭੂ ਆਪ ਹੀ ਜਗਾ ਦਿੰਦਾ ਹੈ।

ਤਿਸ ਕੀ ਕੀਮਤਿ ਕਿਨੈ ਨ ਹੋਈ॥
ਕਹਿ ਕਹਿ ਕਥਨੁ ਕਹੈ ਸਭੁ ਕੋਈ॥
ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ॥੩॥

ਹੇ ਭਾਈ! ਹਰ ਇਕ ਜੀਵ ਆਪਣੇ ਵੱਲੋਂ ਤਾਂ ਕਹਿ ਕਹਿ ਕੇ ਉਸ ਪਰਮਾਤਮਾ ਦੇ ਗੁਣਾਂ ਦਾ ਵਰਣਨ ਕਰਦਾ ਹੈ, ਪਰ ਕਿਸੇ ਵੀ ਜੀਵ ਕੋਲੋਂ ਉਸ ਦੀ ਕੀਮਤ, ਭਾਵ ਮੁੱਲ ਨਹੀਂ ਪਾਇਆ ਜਾ ਸਕਦਾ, ਉਹ ਪ੍ਰਭੂ ਤਾਂ ਅਨਮੋਲ ਹੈ, ਅਮੁੱਲਾ ਹੈ। ਉਹ ਇਸ ਕੁਦਰਤ ਦਾ ਕਾਦਰ ਹੈ, ਰਚਨਹਾਰਾ ਹੈ, ਸਭ ਤੋਂ ਵੱਡਾ ਤੇ ਮਹਾਨ ਹੈ, ਪਰ ਭਾਈ ਜਿਹੜਾ ਵਡਭਾਗਾ ਮਨੁੱਖ ਸਤਿਗੁਰੂ ਦੇ ਸ਼ਬਦ ਵਿਚ ਜੁੜਦਾ ਹੈ, ਉਹ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ।

ਸੁਣਿ ਸੁਣਿ ਵੇਖੈ ਸਬਦਿ ਮਿਲਾਏ॥
ਵਡੀ ਵਡਿਆਈ ਗੁਰ ਸੇਵਾ ਤੇ ਪਾਏ॥
ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ॥੪॥

ਹੇ ਭਾਈ! ਇਸ ਬਹੁਰੰਗੀ ਸੰਸਾਰ ਦਾ ਮਾਲਕ ਉਹ ਮਿਹਰਬਾਨ ਪ੍ਰਭੂ ਹਰ ਇਕ ਜੀਵ ਦੀ ਅਰਜੋਈ ਸੁਣ-ਸੁਣ ਕੇ ਹਰ ਜੀਵ ਦੀ ਸਾਂਭ ਸੰਭਾਲ ਕਰਦਾ ਹੈ; ਹੇ ਭਾਈ! ਅਰਦਾਸ ਸੁਣ-ਸੁਣ ਕੇ ਉਹ ਪ੍ਰਭੂ ਜੀਵ ਨੂੰ ਗੁਰੂ ਦੇ ਸ਼ਬਦ ਵਿਚ ਜੋੜਦਾ ਹੈ, ਗੁਰੂ ਸ਼ਬਦ ਵਿਚ ਜੁੜਿਆ ਮਨੁੱਖ ਗੁਰੂ ਦੀ ਦੱਸੀ ਸੇਵਾ ਕਰ ਕੇ ਲੋਕ ਤੇ ਪਰਲੋਕ ਵਿਚ ਵੱਡਾ ਆਦਰ-ਮਾਣ ਪਾਉਂਦਾ ਹੈ। ਹੇ ਨਾਨਕ! ਗੁਰੂ ਦੇ ਸ਼ਬਦ ਦੀ ਬਰਕਤ ਨਾਲ ਅਨੇਕਾਂ ਜੀਵ ਪ੍ਰਭੂ ਦੇ ਨਾਮ ਰੰਗ ਵਿਚ ਰੰਗ ਜਾਂਦੇ ਹਨ ਅਤੇ ਉਸੇ ਵਿਚ ਹੀ ਸਮਾ ਜਾਂਦੇ ਹਨ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਕਾਲੇ ਲੇਖ ਸੁਦਾਈ ਦੇ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਸ਼ਬਦ 'ਸੁਦਾਈ' ਨੂੰ ਅਕਸਰ 'ਸਦਾਈ', ਸੌਦਾਈ, 'ਸ਼ਦਾਈ' ਆਦਿ ਵਜੋਂ ਵੀ ਲਿਖਿਆ ਤੇ ਉਚਾਰਿਆ ਜਾਂਦਾ ਹੈ। ਇਸ ਦਾ ਮੁਢਲਾ ਅਰਥ ਪਾਗਲ, ਕਮਲਾ ਹੈ ਪਰ ਅਸੀਂ ਇਸ ਨੂੰ ਆਮ ਤੌਰ 'ਤੇ ਇਸ ਦੇ ਵਿਸਤ੍ਰਿਤ ਅਰਥ ਜਨੂੰਨੀ, ਦੀਵਾਨਾ, ਸਿਰਫਿਰਿਆ, ਝੱਲਾ, ਖਬਤੀ ਆਦਿ ਦੇ ਅਰਥਾਂ ਵਿਚ ਹੀ ਵਰਤਦੇ ਹਾਂ, ਜਿਵੇਂ ਕੁਲਦੀਪ ਪਾਰਸ ਦਾ ਗਾਇਆ ਗੀਤ ਹੈ,

ਦੇਖੋ ਨੀ ਦੇਖੋ ਨੀ ਮੁੰਡਾ ਹੋ ਗਿਆ ਸ਼ੁਦਾਈ।
ਕਹਿੰਦਾ ਮੈਂ ਕਰੂੰਗਾ ਨੀ ਹਿਸਾਬ ਪਾਈ ਪਾਈ।

ਕਹਿਣਾ ਹੋਵੇਗਾ ਕਿ ਅਜਿਹੇ ਮਾਮਲੇ ਵਿਚ ਕੁੜੀਆਂ ਵੀ ਤਾਂ ਸੁਦੈਣਾਂ ਹੋ ਜਾਂਦੀਆਂ ਹਨ। ਪਾਗਲ ਦੇ ਸਮਾਨਅਰਥੀ ਹੋਰ ਸ਼ਬਦਾਂ ਵਿਚ ਅਜਿਹੇ ਅਰਥ ਸਮੋ ਲੈਣ ਦੀ ਪ੍ਰਵਿਰਤੀ ਹੈ ਜਿਵੇਂ ਅੰਗਰੇਜ਼ੀ ਅਦ ਦਾ ਹੋਰ ਅਰਥ ਝੱਲਾ, ਦੀਵਾਨਾ ਵੀ ਹੈ। ਸੁਦਾਈ ਮੁਢਲੇ ਤੌਰ 'ਤੇ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਸ਼ਾਇਦ ਫਾਰਸੀ ਰਾਹੀਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ 'ਚ ਦਾਖਲ ਹੋਇਆ। ਅਸਲ 'ਚ ਸੁਦਾਈ ਇਕ ਤਰ੍ਹਾਂ ਦਾ ਤਕਨੀਕੀ ਲਕਬ ਹੈ ਜੋ ਪਾਗਲ ਦੀ ਸਥਿਤੀ ਨੂੰ ਡਾਕਟਰੀ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਇਹ ਡਾਕਟਰੀ ਵੀ ਪ੍ਰਾਚੀਨ ਯੂਨਾਨੀ ਹੈ। ਮਾਲੀਖੋਲੀਆ ਸਿਰਲੇਖ ਵਾਲੇ ਕਾਲਮ 'ਚ ਯੂਨਾਨੀ-ਤਿੱਬੀ ਬਾਰੇ ਸੰਖੇਪ ਜ਼ਿਕਰ ਹੋਇਆ ਸੀ।

ਯੂਨਾਨੀ ਡਾਕਟਰੀ ਯੂਨਾਨ ਵਿਚ ਵਿਕਸਿਤ ਹੋਈ ਪਰ ਹੌਲੀ ਹੌਲੀ ਅਰਬ ਦੇਸ਼ਾਂ ਵਿਚ ਫੈਲ ਗਈ। ਇਥੇ ਆ ਕੇ ਇਸ ਦਾ ਹੋਰ ਵਿਕਾਸ ਹੋਇਆ। ਅੱਜ ਇਹ ਅਰਬੀ-ਯੂਨਾਨੀ ਚਿਕਿਤਸਾ ਵਜੋਂ ਜਾਣੀ ਜਾਣ ਲੱਗੀ ਹੈ। ਇਸ ਨੂੰ ਇਲਮੇ-ਤਿੱਬੀ ਵੀ ਕਿਹਾ ਜਾਂਦਾ ਹੈ। ਇਸ ਦੇ ਕੁਝ ਮੁਢਲੇ ਸੰਕਲਪ ਪ੍ਰਾਚੀਨ ਭਾਰਤੀ ਚਿਕਿਤਸਾ ਪ੍ਰਣਾਲੀ ਨਾਲ ਮਿਲਦੇ-ਜੁਲਦੇ ਹਨ। ਇਸ ਚਿਕਿਤਸਾ ਅਨੁਸਾਰ ਮਨੁਖ ਦੇ ਸਰੀਰ ਵਿਚ ਚਾਰ ਖਿਲਅਤਾਂ (ਅਰਬੀ:'ਅਖਲਾਤ', Humors) ਮੰਨੀਆਂ ਗਈਆਂ ਹਨ: 1. ਖੂਨ (ਯੂਨਾਨੀ ਵਿਚ ਹੈਮਾ), 2. ਬਲਗਮ, 3. ਪੀਲਾ ਪਿੱਤਾ (ਸਫਰਾ) ਅਤੇ 4. ਕਾਲਾ ਪਿੱਤਾ। ਇਨ੍ਹਾਂ ਚਾਰ ਖਿਲਅਤਾਂ ਦੇ ਸਮਾਨੰਤਰ ਆਯੁਰਵੇਦ ਵਿਚ ਵੀ ਤ੍ਰਿਦੋਸ਼ ਦਾ ਸਿਧਾਂਤ ਪਾਇਆ ਜਾਂਦਾ ਹੈ ਜਿਸ ਅਨੁਸਾਰ ਕਫ, ਪਿੱਤ ਤੇ ਵਾਤ ਦਾ ਅਸੰਤੁਲਨ ਬੀਮਾਰੀ ਦੀ ਜੜ੍ਹ ਹੈ। ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਬਾਵਲੇ ਜਾਂ ਬਾਵਰੇ ਮਨੁੱਖ ਵਿਚ ਵਾਤ ਯਾਨਿ ਹਵਾ ਦੀ ਬਹੁਤਾਤ ਹੁੰਦੀ ਹੈ। ਦੇਖਿਆ ਜਾਵੇ ਤਾਂ ਬਾਵਲਾ ਵੀ ਸੁਦਾਈ ਹੀ ਹੁੰਦਾ ਹੈ। ਭਾਰਤ ਵਿਚ ਯੂਨਾਨੀ ਤਿੱਬੀ ਦੀ ਮਕਬੂਲੀਅਤ ਦਾ ਇਕ ਵੱਡਾ ਕਾਰਨ ਇਸ ਦੀ ਆਯੁਰਵੇਦ ਨਾਲ ਸਮਰੂਪਤਾ ਵੀ ਹੈ।

ਯੂਨਾਨੀ ਚਿਕਿਤਸਾ ਅਨੁਸਾਰ ਵਿਅਕਤੀ ਦੇ ਸਰੀਰ ਵਿਚ ਇਨ੍ਹਾਂ ਚਾਰ ਤੱਤਾਂ ਦੇ ਮਿਸ਼ਰਣ ਨਾਲ ਮਨੁਖ ਦੀ ਸਿਹਤ ਦਾ ਨਿਰਧਾਰਣ ਹੁੰਦਾ ਹੈ। ਜੇ ਇਹ ਠੀਕ ਅਨੁਪਾਤ ਵਿਚ ਹਨ ਤਾਂ ਮਨੁਖ ਤੰਦਰੁਸਤ ਹੈ। ਕਿਸੇ ਇਕ ਦੀ ਬਹੁਤਾਤ ਜਾਂ ਕਮੀ ਨਾਲ ਸਰੀਰ ਦਾ ਸੰਤੁਲਨ ਵਿਗੜ ਜਾਂਦਾ ਹੈ ਤੇ ਮਨੁਖ ਰੋਗੀ ਹੋ ਜਾਂਦਾ ਹੈ। ਮਿਸਾਲ ਵਜੋਂ ਬਲਗਮ ਦੀ ਬਹੁਲਤਾ ਵਾਲਾ ਮਨੁਖ ਠੰਡੇ ਸੁਭਾਅ ਦਾ ਹੁੰਦਾ ਹੈ। ਪੀਲੇ ਪਿੱਤ ਦੀ ਬਹੁਤਾਤ ਵਾਲਾ ਚਿੜਚਿੜਾ



ਅਤੇ ਕਾਲੇ ਪਿੱਤੇ ਦੀ ਬਹੁਤਾਤ ਵਾਲਾ ਵਿਸ਼ਾਦਗ੍ਰਸਤ, ਨਿਰਾਸ਼ਾਵਾਦੀ, ਢਹਿੰਦੀਆਂ ਕਲਾਂ ਵਾਲਾ ਹੋਵੇਗਾ। 'ਕਾਲੇ ਪਿੱਤੇ' ਦੀ ਬਹੁਤਾਤ ਵਾਲੀ ਸਥਿਤੀ ਨੂੰ 'ਮਾਲੀਖੋਲੀਆ' ਵੀ ਕਿਹਾ ਜਾਂਦਾ ਹੈ। ਇਹ ਯੂਨਾਨੀ ਅਸਲੇ ਦਾ ਸ਼ਬਦ ਹੈ ਜਿਸ ਵਿਚ ਇਸ ਦਾ ਰੂਪ ਸੀ 'ਮੈਲੰਖੋਲੀਆ'। ਅੰਗਰੇਜ਼ੀ ਵਿਚ ਇਹ Meloncholy ਵਜੋਂ ਪ੍ਰਚਲਿਤ ਹੋਇਆ। ਯੂਨਾਨੀ ਅਸਲੇ ਦੇ ਇਸ ਸ਼ਬਦ ਦੇ ਦੋ ਅੰਸ਼ ਹਨ Melas+Khole. Melas ਦਾ ਗਰੀਕ ਵਿਚ ਅਰਥ ਹੈ 'ਕਾਲਾ' ਅਤੇ Khole ਦਾ 'ਪਿੱਤਾ'। ਸੋ ਪੂਰਾ ਅਰਥ ਬਣਿਆ, ਕਾਲਾ ਪਿੱਤਾ।

ਅਰਬ ਵਿਚ ਆ ਕੇ Melas ਲਈ ਅਰਬੀ ਸ਼ਬਦ ਚੁਣਿਆ ਗਿਆ, ਸੌਦਾ ਜਾਂ ਸੁਦਾ। ਇਸ ਦਾ ਧਾਤੂ ਹੈ, ਸ-ਵ-ਦ (ਸੀਨ-ਵਾ-ਦਾਲ)। ਇਸ ਧਾਤੂ ਵਿਚ ਕਾਲੇਪਨ ਦੇ ਭਾਵ ਹਨ। ਗੌਰਤਲਬ ਹੈ ਕਿ ਅਰਬੀ ਸ਼ਬਦ ਸੁਦਾਅ ਦਾ ਅਰਥ ਹੁੰਦਾ ਹੈ, ਕਾਲਾ ਪਿੱਤਾ ਜੋ ਕਿ ਅਰਬੀ-ਯੂਨਾਨੀ ਤਿੱਬੀ ਦੇ ਚਾਰ ਅਖ਼ਲਾਸ ਵਿਚੋਂ ਇਕ ਹੈ। ਅਰਬੀ ਵਿਚ ਸੁਦਾਅ ਦਾ ਅਰਥ ਇਸ ਕਾਲੇ ਪਿੱਤੇ ਦੀ ਬਹੁਤਾਤ ਕਾਰਨ ਹੋਇਆ ਰੋਗ ਮਾਲੀਖੋਲੀਆ, ਸ਼ੈਦਾਈਪੁਣਾ, ਵਿਸ਼ਾਦ ਵੀ ਹੈ। ਸੁਦਾਈ ਸ਼ਬਦ ਇਸੇ ਤੋਂ ਬਣਿਆ। ਸੁਦਾਈ ਦਾ ਇਲਾਜ ਉਨ੍ਹਾਂ ਦਿਨਾਂ ਵਿਚ ਤਾਂ ਕੀ, ਮਧ ਯੁਗ ਤੱਕ ਵੀ ਬਹੁਤ ਕਰੂਰ ਅਣਮਨੁੱਖੀ ਢੰਗ ਨਾਲ ਕੀਤਾ ਜਾਂਦਾ ਸੀ। ਸਪਸ਼ਟ ਹੈ ਕਿ ਇਸ ਇਲਾਜ-ਪ੍ਰਣਾਲੀ ਰਾਹੀਂ ਸੁਦਾਈਪੁਣੇ ਦਾ ਇਲਾਜ ਵਾਧੂ ਸੁਦਾਅ (ਕਾਲੇ ਪਿੱਤੇ) ਨੂੰ ਕੱਢ ਕੇ ਹੀ ਕੀਤਾ ਜਾ ਸਕਦਾ ਸੀ। ਇਹ ਤਰੀਕਾ ਸੀ ਖੂਨ ਕੱਢਣਾ। ਸਾਡੇ ਦੇਸ਼ ਵਿਚ ਸਿੰਙੀਆਂ ਲਾਈਆਂ ਜਾਂਦੀਆਂ ਸਨ ਜੋ ਇਹੀ ਵਰਤਾਰਾ ਹੈ। ਇਸ ਵਿਧੀ ਅਨੁਸਾਰ ਮਰੀਜ ਦੀ ਬਾਂਹ ਦੀ ਮੁੱਖ ਨਾੜੀ ਕੱਟ ਕੇ ਖੂਨ ਵਹਿਣ ਦਿੱਤਾ ਜਾਂਦਾ ਸੀ। ਜੇ ਖੂਨ ਸਾਫ ਅਤੇ ਲਾਲ ਨਿਕਲਦਾ ਸੀ ਤਾਂ ਸਮਝਿਆ ਜਾਂਦਾ ਸੀ ਕਿ ਰੋਗੀ ਵਿਚ ਕਾਲੇ ਪਿੱਤੇ ਦੀ ਬਹੁਤਾਤ ਨਹੀਂ ਹੈ। ਇਸ ਸੂਰਤ ਵਿਚ ਖੂਨ ਵਹਾਉਣਾ ਬੰਦ ਕਰ ਦਿੱਤਾ ਜਾਂਦਾ ਸੀ। ਪਰ ਜੇ ਖੂਨ ਗਾੜ੍ਹਾ ਤੇ ਕਾਲਾ ਹੁੰਦਾ ਸੀ ਤਾਂ ਇਸ ਵਿਧੀ ਨੂੰ ਜਾਰੀ ਰੱਖਿਆ ਜਾਂਦਾ ਸੀ। ਦਸ-ਬਾਰਾਂ ਦਿਨਾਂ ਬਾਅਦ ਮਰੀਜ ਫਿਰ ਡਾਕਟਰ ਕੋਲ ਆਉਂਦਾ ਸੀ ਤਾਂ ਇਸ ਵਾਰ ਉਸ ਦੇ ਮੱਥੇ ਵਿਚੋਂ ਖੂਨ ਵਹਾਇਆ ਜਾਂਦਾ ਸੀ। ਐਲਿਜ਼ਾਬੈਥ ਦੇ ਜ਼ਮਾਨੇ ਤੱਕ ਸੁਦਾਈਪੁਣੇ ਦਾ ਇਲਾਜ ਜੋਕਾਂ ਲਾ ਕੇ ਤੇ ਫਾਲਤੂ ਲਹੂ ਕੱਢ ਕੇ ਕੀਤਾ ਜਾਂਦਾ ਸੀ। ਇਸ ਪ੍ਰਣਾਲੀ ਦੀ ਸਮਝ ਅਨੁਸਾਰ ਕਾਲੇ ਪਿੱਤੇ ਨੂੰ ਠੰਡਾ ਤੇ ਖੁਸ਼ਕ ਸਮਝਿਆ ਜਾਂਦਾ ਸੀ। ਇਸ ਲਈ ਮਰੀਜ ਨੂੰ ਸੂਪ ਜਿਹੀਆਂ ਗਰਮ ਤੇ ਤਰ ਚੀਜ਼ਾਂ ਦਾ ਸੇਵਨ ਕਰਨ ਲਈ ਕਿਹਾ ਜਾਂਦਾ ਸੀ।

ਇਸ ਸ਼ਬਦ ਦਾ ਕਿਰਿਆ ਰੂਪ ਹੈ, 'ਸੋਦ' ਜਿਸ ਦਾ ਅਰਬੀ ਵਿਚ ਪਹਿਲਾ ਅਰਥ ਹੈ, ਕਾਲਾ ਕਰਨਾ। ਇਸ ਦਾ ਇਕ ਹੋਰ ਅਰਥ ਹੈ, ਕੱਚਾ ਖਰੜਾ ਤਿਆਰ ਕਰਨਾ। ਇਸ ਦੇ ਸ਼ਾਬਦਿਕ ਅਰਥ ਹੋਣਗੇ, ਕਾਲੇ ਅੱਖਰਾਂ ਵਿਚ ਲਿਖਣਾ। ਇਸ ਸ਼ਬਦ ਦੇ ਅੱਗੇ ਅਰਬੀ ਅਗੇਤਰ 'ਮ' ਲੱਗ ਕੇ ਮਸਵੱਦਾ ਜਾਂ ਮਸੌਦਾ ਬਣ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਹੋਇਆ (ਲਿਖ ਕੇ) ਕਾਲਾ ਕੀਤਾ ਪਰ ਅਸਲੀ ਅਰਥ ਹੈ, ਕੱਚਾ ਖਰੜਾ, ਲਿਖਤ ਦਾ ਢਾਂਚਾ। ਅੰਗਰੇਜ਼ੀ In black and white ਮੁਹਾਵਰੇ ਦਾ ਅਰਥ ਹੁੰਦਾ ਹੈ, ਛਾਪੇ ਵਿਚ। ਸੋਦ ਦਾ ਹੋਰ ਅਰਥ ਹੈ, ਕਾਂਘਰੂਤੇ ਮਾਰਨਾ ਜਾਂ ਝਰੀਟਣਾ। ਇਸ ਸ਼ਬਦ ਦੇ ਹੋਰ ਅਰਥ ਹਨ, ਕਿਸੇ ਦੇ ਪਾਜ ਉਘਾੜਨੇ, ਮੂਰਖ ਬਣਾਉਣਾ, ਬਦਨਾਮ ਕਰਨਾ, ਕਾਲਖ ਮੱਥਣੀ। ਇਸ ਤੋਂ ਬਣੇ ਸਵਦ ਦਾ ਅਰਥ ਹੈ, ਕਾਲਾ ਰੰਗ, ਕਾਲਖ। ਸਵਦ-ਅਲ-ਲੈਲ ਦਾ ਮਤਲਬ ਹੈ, ਲੰਬੀ ਕਾਲੀ ਰਾਤ। ਇਸ ਤੋਂ ਬਣੇ ਅਸਵਦ ਵਿਚ ਕਾਲੇਪਨ ਦੇ ਭਾਵ ਹਨ ਅਰਥਾਤ ਜਿਸ ਨੂੰ ਅਸੀਂ ਕਾਲੇ ਲੇਖ ਸ਼ਬਦ ਰਾਹੀਂ ਦਰਸਾ ਸਕਦੇ ਹਾਂ। ਅਸਵਦ ਸ਼ਬਦ ਬਦੀ, ਕਾਲੇ ਜਾਦੂ, ਭੈੜੀ ਕਿਸਮਤ, ਗਰੀਬੀ, ਢਹਿੰਦੀ ਕਲਾ ਨਾਲ ਜੁੜਿਆ ਹੋਇਆ ਹੈ। ਇਸ ਵਿਚ ਕਾਲੇ ਲੋਕਾਂ ਦੀ ਗੁਲਾਮੀ ਅਤੇ ਵਿਤਕਰੇ ਦੇ ਭਾਵ ਸ਼ਾਮਿਲ ਹਨ ਜੋ ਅਫਰੀਕੀ ਲੋਕਾਂ ਦੇ ਇਤਿਹਾਸਕ ਤਜਰਬੇ 'ਚੋਂ ਨਿਕਲੇ ਹਨ।

ਸੁਦਾਨ ਦਾ ਅਰਥ ਹਬਸ਼ੀ, ਕਾਲਾ, ਨੀਗਰੋ ਵੀ ਹੈ। ਹੋਰ ਤਾਂ ਹੋਰ ਸੁਡਾਨ ਦੇਸ਼ ਦਾ ਨਾਂ ਵੀ ਇਹੀ ਅਰਥ ਸਮਾਈ ਬੈਠਾ ਹੈ। ਸੁਡਾਨ (ਸੁਦਾਨ) ਦਾ ਪੂਰਾ ਨਾਂ ਬਿਲਾਦ-ਅਸ-ਸੁਦਾਨ ਹੈ ਜਿਸ ਦਾ ਅਰਥ ਬਣਦਾ ਹੈ, ਕਾਲਿਆਂ ਦੀ ਧਰਤੀ। ਸਵਾਇਦਾ ਦਾ ਅਰਥ ਵੀ ਕਾਲਾ ਪਿੱਤਾ ਹੈ ਪਰ ਇਕ ਸ਼ਹਿਰ ਦਾ ਨਾਂ ਵੀ ਸਵਾਇਦਾ ਹੈ। ਕਾਅਬਾ ਦੇ ਕਾਲੇ ਪੱਥਰ ਨੂੰ ਫਾਰਸੀ ਵਿਚ ਸੰਗ-ਏ-ਅਸਵਦ ਅਤੇ ਅਰਬੀ ਵਿਚ 'ਹਜਰਉਲ ਅਸਵਦ' ਕਿਹਾ ਜਾਂਦਾ ਹੈ। ਇਸ ਦੀ ਵਿਆਖਿਆ ਲਈ 'ਮਹਾਨ ਕੋਸ਼' ਤੋਂ ਸਹਾਇਤਾ ਲੈ ਲੈਂਦੇ ਹਾਂ, "ਇੱਕ ਕਾਲਾ ਪੱਥਰ, ਜੋ ਛੀ ਸੱਤ ਇੰਚ ਪ੍ਰਮਾਣ ਦਾ ਕਾਬੇ ਦੀ ਕੰਧ ਵਿਚ ਜੜਿਆ ਹੋਇਆ ਹੈ। ਅੱਬਾਸ ਮੁਹੰਮਦ ਦੇ ਲੇਖ ਅਨੁਸਾਰ ਇਹ ਪੱਥਰ ਸੁਰਗ ਤੋਂ ਚਿੱਟੇ ਰੰਗ ਦਾ ਡਿੱਗਾ ਸੀ, ਪਰ ਆਦਮ ਦੀ ਸੰਤਾਨ ਦੇ ਛੂਹਣ ਤੋਂ ਇਸ ਦਾ ਰੰਗ ਬਦਲਦਾ ਬਦਲਦਾ ਕਾਲਾ ਹੋ ਗਿਆ ਹੈ। ਪ੍ਰਲੈ ਦੇ ਅੰਤ ਵਿਚ ਜਦ ਰੱਬ ਜੀਵਾਂ ਦਾ ਇਨਸਾਫ ਕਰੇਗਾ, ਤਾਂ ਇਸ ਪੱਥਰ ਦੀਆਂ ਦੋ ਅੱਖਾਂ ਅਤੇ ਜ਼ੁਬਾਨ ਹੋ ਜਾਵੇਗੀ। ਅੱਖਾਂ ਨਾਲ ਇਹ ਉਨ੍ਹਾਂ ਦੀ ਪਛਾਣ ਕਰੇਗਾ ਜਿਨ੍ਹਾਂ ਨੇ ਇਸ ਨੂੰ ਚੁੰਮਿਆ ਹੈ, ਅਤੇ ਜ਼ਬਾਨ ਨਾਲ ਚੁੰਬਕਾਂ ਦੇ ਹੱਕ ਵਿਚ ਗਵਾਹੀ ਦੇਵੇਗਾ।" ਇਸ ਨੂੰ ਹਾਜੀ ਲੋਕ ਚੁੰਮਦੇ ਹਨ। ਅਲੀ ਹੈਦਰ ਮੁਲਤਾਨੀ ਦੀ ਇਕ ਸੀਹਰਫੀ ਵਿਚ ਇਹ ਸ਼ਬਦ ਆਇਆ ਹੈ:

ਉਹ ਮੂੰਹ ਮੁਖ ਤੇ ਸੂਰਤ ਕਾਬਾ,
ਵੇਖਦਿਆਂ ਹੱਜ ਪਾਨੀ ਆਂ ਮੈਂ।
ਖਾਲ ਸਿਆਹ ਹਜਰ ਅਸਵਦ ਹੈਦਰ,
ਬੋਸੇ ਦੇ ਦੇ ਆਨੀਆਂ ਮੈਂ।

ਕਈ ਅਰਬੀ ਨਾਂਵਾਂ ਵਿਚ ਅਸਵਦ ਸ਼ਬਦ ਆਉਂਦਾ ਹੈ ਜਿਵੇਂ ਮਕਦਾਦ ਬਿਨ ਅਸਵਦ ਹਜ਼ਰਤ ਮੁਹੰਮਦ ਦਾ ਇਕ ਸਾਥੀ ਸੀ। ਕੁਝ ਸ੍ਰੋਤਾਂ ਅਨੁਸਾਰ ਕੱਪੜੇ ਧੋਣ ਵਾਲਾ (ਅਤੇ ਪੀਣ ਵਾਲਾ) ਸੋਡਾ ਸੁਦਾ ਸ਼ਬਦ ਤੋਂ ਹੀ ਵਿਉਤਪਤ ਹੋਇਆ ਹੈ। ਅਸਲ ਵਿਚ ਪਹਿਲਾਂ ਪਹਿਲਾਂ ਸੋਡਾ ਇਕ ਖਾਸ ਤਰ੍ਹਾਂ ਦੇ ਕਾਲੇ ਰੰਗ ਦੇ ਸਮੁੰਦਰੀ ਪੌਦਿਆਂ ਦੀ ਸੁਆਹ ਤੋਂ ਤਿਆਰ ਹੁੰਦਾ ਸੀ ਜਿਨ੍ਹਾਂ ਨੂੰ ਅਰਬੀ ਵਿਚ ਸਵਾਦਾ ਕਿਹਾ ਜਾਂਦਾ ਸੀ। ਪਰ ਇਸ ਵਿਉਤਪਤੀ ਦੀ ਪੁਸ਼ਟੀ ਲਈ ਦਸਤਾਵੇਜ਼ੀ ਸਬੂਤਾਂ ਦੀ ਘਾਟ ਹੈ।

# ਅਕਾਲੀਅਤ ਦਾ ਦਰਦੀ ਜਸਵੰਤ ਸਿੰਘ ਮਾਨ

ਸ਼ਰਧਾਂਜਲੀ

ਜਸਵੰਤ ਸਿੰਘ ਮਾਨ (72 ਸਾਲ) ਮੇਰੇ ਨਾਲੋਂ ਤਿੰਨ ਸਾਲ ਛੋਟਾ ਸੀ, ਪਰ ਉਸ ਦਾ ਵਰਤਾਰਾ ਮੇਰੇ ਤੋਂ ਪੰਜ ਸਾਲ ਵੱਡਿਆਂ ਵਰਗਾ ਸੀ। ਦਾਨਿਆਂ ਵਾਂਗ ਗੱਲ ਕਰਨ ਦੇ ਸੁਭਾਅ ਨਾਲ ਉਹ ਲਗਾਤਾਰ ਨਿਭਦਾ ਰਿਹਾ। ਹਿਤੈਸ਼ੀਆਂ ਅਤੇ ਵਿਰੋਧੀਆਂ ਨਾਲ ਸਹਿਜ ਵਿਚ ਨਿਭਣ ਦੀ ਜਾਚ ਉਸ ਨੂੰ ਆ ਗਈ ਸੀ। ਜਿਵੇਂ ਉਸ ਨੂੰ ਜਾਨਣ ਵਾਲਿਆਂ ਨੇ ਯਾਰਾਂ ਦਾ ਯਾਰ ਮੰਨ ਲਿਆ ਸੀ, ਉਸੇ ਤਰ੍ਹਾਂ ਉਹ ਲੀਡਰਾਂ ਦਾ ਲੀਡਰ ਹੋਣਾ ਚਾਹੁੰਦਾ ਸੀ। ਇੱਥੇ ਉਹ ਮਾਰ ਖਾ ਗਿਆ ਸੀ। ਮਾਰ ਖਾਣ ਨੂੰ ਉਹ ਮਾਰ ਮਾਰਨ

ਬਲਕਾਰ ਸਿੰਘ (ਪ੍ਰੋ.)

ਵਾਂਗ ਲੈਣਾ ਵੀ ਸਿੱਖ ਗਿਆ ਸੀ। ਇਸੇ ਲਈ ਉਸ ਨੂੰ ਹਰ ਖੇਤਰ ਵਿਚ ਖੂਬ ਜੁਝਣਾ ਪਿਆ ਸੀ।

ਕਿਸਾਨੀ ਦੀ ਮਧ ਸ਼੍ਰੇਣੀ ਵਿਚੋਂ ਹੋਣ ਦੇ ਬਾਵਜੂਦ ਉਹ ਆਪਣੇ ਪਿਛੋਕੜ ਨਾਲੋਂ ਬਹੁਤ ਅੱਗੇ ਲੰਘ ਗਿਆ ਸੀ। ਪਿੰਡਾਂ ਵਿਚੋਂ ਸ਼ਹਿਰਾਂ ਵੱਲ ਹੋਈ ਹਿਜਰਤ ਦਾ ਉਹ ਪੱਕਾ ਪ੍ਰਤੀਨਿਧ ਸੀ। ਪਿੰਡ ਉਸ ਨੂੰ ਪਸੰਦ ਸਨ ਪਰ ਉਸ ਨੇ ਆਪਣੇ ਟੱਬਰ ਦੀ ਰਿਹਾਇਸ਼ ਦਾ ਪ੍ਰਬੰਧ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਕੀਤਾ ਸੀ। ਖਮੀਰੀ ਤੌਰ 'ਤੇ ਉਹ ਗੁਰੂ ਦਾ ਪੱਕਾ ਸਿੱਖ ਸੀ ਅਤੇ ਪੰਥਕਤਾ ਉਸ ਨੂੰ ਬਹੁਤ ਪਸੰਦ ਸੀ। ਪੰਥਕਤਾ ਨਾਲ ਸਿਆਸੀ ਸੁਰ ਵਿਚ ਨਿਭਣ ਨੂੰ ਉਹ ਪਹਿਲ ਦਿੰਦਾ ਰਿਹਾ ਸੀ। ਪਰ ਪੰਥਕ-ਸਿਆਸਤ ਨੂੰ ਉਸ ਨੂੰ ਬਹੁਤੀ ਰਾਸ ਨਹੀਂ ਆਈ ਸੀ। ਅਕਾਲੀਅਤ ਉਸ ਦੇ ਖੂਨ ਵਿਚ ਸੀ ਅਤੇ ਉਸ ਨੂੰ ਇਹ ਫਿਕਰ ਸਤਾਉਂਦਾ ਰਹਿੰਦਾ ਸੀ ਕਿ ਅਕਾਲੀਅਤ ਦੀ ਧੁਰੋਹਰ ਅਕਾਲੀ ਕਾਡਰ ਲਗਾਤਾਰ ਖੁਰਦਾ ਜਾ ਰਿਹਾ ਹੈ। ਉਸ ਨੂੰ ਇਸ ਗੱਲ ਦਾ ਵੀ ਫਿਕਰ ਰਹਿੰਦਾ ਸੀ ਕਿ ਅਕਾਲੀਅਤ ਦੇ ਦਰਦੀਆਂ ਨੂੰ ਲਾਮਬੰਦ ਕੀਤਾ ਜਾਵੇ। ਪੰਥਕ ਪਹਿਰਾਵੇ ਨਾਲੋਂ ਵੱਧ ਉਹ ਪੰਥਕ ਪਹਿਰਾਵੇ ਵਾਲਿਆਂ ਦਾ ਲੀਡਰ ਹੋਣ ਦੇ ਚਾਅ ਨੂੰ ਬੜੀ ਮਿਹਨਤ ਨਾਲ ਪਾਲਦਾ ਰਿਹਾ ਸੀ। ਇਸ ਖਾਤਰ ਉਹ ਸਾਰੀ ਉਮਰ ਜੂਝਦਾ ਰਿਹਾ ਸੀ। ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਰਹਿਣ ਨੇ ਵੀ ਉਸ ਦੀ ਬਹੁਤੀ ਮਦਦ ਨਾ ਕੀਤੀ। ਉਹ ਫੈਡਰੇਸ਼ਨ ਦੀ ਮਧਮ ਪੈਂਦੀ ਚੜ੍ਹਤ ਨੂੰ ਰੋਕਣ ਵਾਸਤੇ ਕੁਝ ਨਹੀਂ ਕਰ ਸਕਿਆ ਸੀ। ਪਰ ਉਹ ਇਹ ਮੰਨਣ ਨੂੰ ਕਦੇ ਤਿਆਰ ਨਹੀਂ ਹੁੰਦਾ ਸੀ ਕਿ ਅਕਾਲੀਆਂ ਦੀ ਜਿਵੇਂ ਜਿਵੇਂ ਚੜ੍ਹਤ ਹੁੰਦੀ ਗਈ ਹੈ, ਤਿਵੇਂ ਤਿਵੇਂ ਫੈਡਰੇਸ਼ਨ ਦੀ ਚੜ੍ਹਤ ਮਧਮ ਪੈਂਦੀ ਗਈ ਹੈ।

ਜਦੋਂ ਉਹ ਮੇਰੇ ਨਾਲ ਖਾਲਸਾ ਕਾਲਜ, ਪਟਿਆਲਾ ਪੜ੍ਹਾਉਂਦਾ ਸੀ, ਉਸ ਵੇਲੇ ਪੰਜਾਬ ਦੇ ਵਿਦਿਅਕ ਅਦਾਰਿਆਂ 'ਚ ਖੱਬੇ ਪੱਖੀਆਂ ਦੀ ਤੂਤੀ ਬੋਲਦੀ ਸੀ। ਉਹ ਅੰਗਰੇਜ਼ੀ ਪੜ੍ਹਾਉਂਦਾ ਸੀ ਅਤੇ ਮੈਂ ਉਸ ਵੇਲੇ ਡਿਵਿਨਿਟੀ ਅਤੇ ਪੰਜਾਬੀ ਪੜ੍ਹਾਉਂਦਾ ਸਾਂ। ਉਸ ਵੇਲੇ ਦੀ ਨੇੜਤਾ ਨੇ ਸਾਨੂੰ ਕਦੇ ਇਕ ਦੂਜੇ ਤੋਂ ਦੂਰ ਨਹੀਂ ਹੋਣ ਦਿੱਤਾ। ਰਿਸ਼ਤਿਆਂ ਨੂੰ ਪਾਲਣ ਦੀ ਕਲਾ ਉਸ ਨੂੰ ਆਉਂਦੀ ਸੀ।

ਸ. ਮਾਨ ਨੇ ਵਕਾਲਤ ਵੀ ਕੀਤੀ, ਪਰ ਵਕਾਲਤ ਨੂੰ ਕਦੇ ਵਰਤਿਆ ਨਹੀਂ। ਅੰਗਰੇਜ਼ੀ ਦਾ ਪ੍ਰੋਫੈਸਰ ਵੀ ਉਹ ਬਹੁਤਾ ਚਿਰ ਨਹੀਂ ਰਿਹਾ ਕਿਉਂਕਿ ਮੌਕਾ ਮਿਲਦਿਆਂ ਹੀ ਉਹ ਪੰਜਾਬ ਐਂਡ ਸਿੰਧ ਬੈਂਕ ਵਿਚ ਚਲਾ ਗਿਆ ਸੀ। ਉਸ ਦੀ ਯਾਦਦਾਸ਼ਤ ਕਮਾਲ ਦੀ ਸੀ। ਸ਼ਾਇਦ ਇਸੇ ਕਰਕੇ ਉਸ ਨੇ ਜਿੰਨਾ ਪੜ੍ਹਿਆ ਅਤੇ ਸੁਣਿਆ ਸੀ, ਉਸ ਨਾਲੋਂ ਵੀ ਵੱਧ ਲੋੜ ਪੈਣ 'ਤੇ ਬਿਆਨ ਕਰ ਸਕਦਾ ਸੀ। ਉਸ ਦੇ ਇਸ ਗੁਣ ਦਾ ਉਸ ਨੂੰ ਬਹੁਤਾ ਲਾਹਾ ਨਹੀਂ ਮਿਲਿਆ ਕਿਉਂਕਿ ਉਸ ਨੇ ਜਦੋਂ ਵੀ ਇਸ ਦੀ ਵਰਤੋਂ ਲਾਹੇ ਵਾਸਤੇ ਕਰਨ ਦੀ ਕੋਸ਼ਿਸ਼ ਕੀਤੀ, ਸਫਲ ਨਹੀਂ ਹੋ ਸਕਿਆ ਸੀ। ਅਸਲ ਵਿਚ ਉਸ ਬਾਰੇ ਉਸ ਦੇ ਜਾਣਕਾਰ ਉਸ ਨਾਲੋਂ ਵੀ ਵੱਧ ਜਾਣਦੇ ਸਨ। ਉਸ ਦੀ ਨਿਰਛਲਤਾ ਨੂੰ ਵੀ ਕਈ ਵਾਰ ਜਲੇਬੀਦਾਰ ਮੰਨਣ ਦੀ ਵਧੀਕੀ ਯਾਰਾਂ-ਦੋਸਤਾਂ ਕੋਲੋਂ ਹੁੰਦੀ ਰਹੀ ਸੀ। ਇਹ ਜਾਣਦਿਆਂ ਹੋਇਆਂ ਵੀ ਉਹ ਕਿਸੇ ਨਾਲ ਨਹੀਂ ਵਿਗਾੜਦਾ ਸੀ। ਵੇਖ ਕੇ ਅਣਡਿੱਠ ਕਰਨ ਦਾ ਉਸ ਦਾ ਸੁਭਾਅ



ਜਸਵੰਤ ਸਿੰਘ ਮਾਨ

ਰੀਸ ਕਰਨਯੋਗ ਸੀ।

ਚੰਗਾ ਖਾਣ ਦੀ ਰੀਝ ਨੇ ਪਿਛਲੇ ਕਈ ਸਾਲਾਂ ਤੋਂ ਉਸ ਦੇ ਖਾਣ-ਪੀਣ ਵਿਚ ਰੁਕਾਵਟਾਂ ਪਾਈਆਂ ਸਨ। ਪਰ ਉਹ ਸਿਦਕ ਦਿਲੀ ਨਾਲ ਆਪਣੀ ਰੀਝ ਦਾ ਸਾਥ ਨਿਭਾਉਂਦਾ ਰਿਹਾ ਸੀ। ਉਸ ਨੂੰ ਆਪਣੀਆਂ ਰੀਝਾਂ ਦੇ ਅੰਗ-ਸੰਗ ਨਿਭਣਾ ਆਉਂਦਾ ਸੀ ਅਤੇ ਉਹ ਆਪਣੀਆਂ ਆਦਤਾਂ ਨਾਲ ਨਿਭਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਸਿਹਤ ਬਾਰੇ ਪੁੱਛਣ 'ਤੇ ਕਦੇ ਉਸ ਨੇ ਸੱਚ ਨਹੀਂ ਦੱਸਿਆ ਸੀ। ਆਪਣੀ ਸਿਹਤ ਬਾਰੇ ਉਹ ਗੱਲ ਹੀ ਨਹੀਂ ਕਰਨ ਦਿੰਦਾ ਸੀ ਅਤੇ ਇਹੋ ਜਿਹੇ ਮੌਕਿਆਂ 'ਤੇ ਪੈਂਤੜਾ ਹੀ ਬਦਲ ਜਾਂਦਾ ਸੀ। ਅੱਜ ਉਹ ਨਹੀਂ ਰਿਹਾ ਤਾਂ ਅਫਸੋਸ ਹੁੰਦਾ ਹੈ ਕਿ ਉਸ ਨੇ ਆਪਣਾ ਖਿਆਲ ਆਪ ਕਿਉਂ ਨਹੀਂ ਰੱਖਿਆ?

ਭਾਈਚਾਰਿਆਂ ਵਿਚ ਅੱਜ ਕਲ ਮਾਨ ਵਰਗੇ ਫੁੱਲ ਵੀ ਕਿੱਥੇ ਖਿੜਦੇ ਹਨ? ਮਾਨ ਦੀ ਹਾਜਰੀ ਵਿਚ ਗੱਲਬਾਤਾਂ ਦੇ ਦੌਰ ਮਘੇ ਹੋਏ ਨਜ਼ਰ ਆਉਂਦੇ ਸਨ। ਉਸ ਦੀ ਸਾਰੀ ਜ਼ਿੰਦਗੀ ਸਿੱਖ-ਸਿਆਸਤ ਦੇ ਆਸ਼ਕਾਂ ਵਾਂਗ ਬਤੀਤ ਹੋਈ ਹੈ। ਉਸ ਦੀ ਹਮਦਰਦੀ ਸਿੱਖ ਸਿਆਸਤ ਵਿਚੋਂ ਹਾਰੇ ਹੋਇਆਂ ਨਾਲ ਵਧੇਰੇ ਹੁੰਦੀ ਸੀ। ਉਸ ਦਾ ਯਕੀਨ ਸੀ ਕਿ ਹਾਰੇ ਹੋਏ ਜੇ ਇਕੱਠੇ ਹੋ ਜਾਣ ਤਾਂ ਸਿੱਖ ਸਿਆਸਤ ਦੀ ਪਹਿਰੇਦਾਰੀ ਕੀਤੀ ਜਾ ਸਕਦੀ ਹੈ। ਫੋਨ 'ਤੇ ਹੁੰਦੀਆਂ ਲੰਬੀਆਂ ਗੱਲਾਂ ਵਿਚ ਅਸੀਂ ਅਕਸਰ ਇਕ ਦੂਜੇ ਨਾਲ ਸਹਿਮਤ ਨਹੀਂ ਹੁੰਦੇ ਸੀ ਕਿਉਂਕਿ ਮੈਨੂੰ ਉਹ ਸਿੱਖ ਸਿਆਸਤ ਦੀ ਲੈਬਾਰਟਰੀ ਲੱਗਦਾ ਸੀ। ਮੋਢੇ ਉਤੇ ਚੁੱਕੀ ਹੋਈ ਇਸ ਬਿਨਾ ਦਰਵਾਜ਼ਿਓਂ ਲੈਬਾਰਟਰੀ ਦਾ ਬੂਹਾ ਉਹ ਅਕਸਰ ਬੰਦ ਰੱਖਦਾ ਸੀ। ਸਿਆਸਤ ਨਾਲ ਜੁੜੀਆਂ ਸਾਰੀਆਂ ਧਿਰਾਂ ਬਾਰੇ ਜਾਣਕਾਰੀ ਦਾ ਉਹ ਖਜ਼ਾਨਾ ਸੀ। ਉਸ ਨੂੰ ਪੱਕੀ ਧਿਰ ਸਮਝਣ ਵਾਲਿਆਂ ਨੂੰ ਸਦਾ ਉਦਾਸ ਹੋਣਾ ਪੈਂਦਾ ਸੀ। ਮਾਨ ਵਰਗੇ ਉਡਦੇ ਪੰਛੀ ਪੈੜਾਂ ਕਿਵੇਂ ਛੱਡ ਸਕਦੇ ਹਨ?

ਉਹ ਕਵੀ ਨਹੀਂ ਸੀ, ਪਰ ਸਿਆਸਤ ਦੀ ਕਾਵਿਕ ਉਡਾਣ ਦਾ ਉਹ ਉਸਤਾਦ ਹੋ ਗਿਆ ਸੀ। ਉਸ ਵਰਗੇ ਚੇਤੰਨ ਸੁਪਨੇਬਾਜ਼ ਵਿਰਲੇ ਹੀ ਹੁੰਦੇ ਹਨ। ਉਹ ਸੁਪਨੇ ਬੀਜਦਾ ਨਹੀਂ ਸੀ, ਪਰ ਸੁਪਨਿਆਂ ਨੂੰ ਪਾਲਦਾ ਜ਼ਰੂਰ ਸੀ। ਉਸ ਅੰਦਰਲੇ ਅਕਾਦਮਿਕ ਸੁਪਨੇਬਾਜ਼ ਨੇ ਯੂਨੀਵਰਸਿਟੀ ਬਣਾਉਣ ਦਾ ਸੁਪਨਾ ਲਿਆ ਸੀ। ਪਰ ਇਸ ਵਿਚੋਂ ਖੱਟਿਆ ਘੱਟ ਤੇ ਗੁਆਇਆ ਬਹੁਤਾ ਸੀ। ਉਸ ਅੰਦਰਲੇ ਬੈਂਕਰ-ਸੁਪਨੇਬਾਜ਼ ਨੇ ਪੰਜਾਬ ਬੈਂਕ ਬਣਾਉਣ ਦਾ ਸੁਪਨਾ ਲਿਆ ਸੀ। ਪਰ ਸੁਪਨੇ ਤਾਂ ਸਿਰੇ ਚੜ੍ਹਨ ਦੀ ਮੁਥਾਜੀ ਤੋਂ ਸਦਾ ਹੀ ਮੁਕਤ ਹੁੰਦੇ ਹਨ। ਸਿੱਖ ਸਿਆਸਤ ਵਿਚ ਉਸ ਦੀ ਸੁਪਨੇਬਾਜ਼ੀ ਨੇ ਉਸ ਨੂੰ ਕਿਸੇ ਕਾਬਜ਼ ਆਗੂ ਨਾਲ ਪੈਰ ਮਿਲਾ ਕੇ ਨਹੀਂ ਤੁਰਨ ਦਿੱਤਾ ਸੀ। ਪਿੱਛੇ ਲੱਗ ਕੇ ਉਹ ਤੁਰਨਾ ਨਹੀਂ ਚਾਹੁੰਦਾ ਸੀ ਅਤੇ ਅੱਗੇ ਲੱਗ ਕੇ ਉਸ ਨੂੰ ਤੁਰਨ ਦਾ ਮੌਕਾ ਹੀ ਨਹੀਂ ਮਿਲਿਆ ਸੀ। ਅਕਾਲੀ-ਪਰਤਾਂ ਨਾਲ ਨਿਭਣ ਦੀ ਕੋਸ਼ਿਸ਼ ਜਿੰਨੀ ਮਾਨ ਨੇ ਕੀਤੀ, ਉਨੀ ਸ਼ਾਇਦ ਕੋਈ ਨਹੀਂ ਕਰ ਸਕਦਾ। ਇਸ ਦੇ ਬਾਵਜੂਦ ਅਕਾਲੀ-ਪਰਤਾਂ ਨੇ ਉਸ ਨੂੰ ਕਦੇ ਥਾਂ ਨਹੀਂ ਦਿੱਤੀ। ਮਾਨ ਇਸ ਵਰਤਾਰੇ ਨੂੰ ਸਿਆਸਤ ਦਾ ਦਸਤੂਰ ਮੰਨਣ ਤੋਂ ਇਨਕਾਰੀ ਰਿਹਾ ਸੀ।

ਸ. ਮਾਨ ਵਿਚ ਕੋਈ ਇਹੋ ਜਿਹਾ ਐਬ ਨਹੀਂ ਸੀ, ਜਿਸ ਨੂੰ ਲੁਕਾਉਣ ਦੀ ਲੋੜ ਪਵੇ। ਪੁਸਤਕ-ਸਭਿਆਚਾਰ ਦਾ ਮੁਦੱਈ ਮਾਨ ਪੁਸਤਕ ਹਥਿਆਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ ਸੀ। ਉਸ ਦੀ ਵੱਡੀ ਪ੍ਰਾਪਤੀ ਪ੍ਰੋ. ਤ੍ਰਿਪਤ ਕੌਰ ਨਾਲ ਵਿਆਹ ਸੀ। ਦੋਵੇਂ ਖਾਲਸਾ ਕਾਲਜ ਪਟਿਆਲਾ ਵਿਚ ਪ੍ਰੋਫੈਸਰ ਸਨ। ਸ. ਨਾਰਾਇਣ ਸਿੰਘ ਦੀ ਸਪੁੱਤਰੀ ਤ੍ਰਿਪਤ ਕੌਰ ਦੇ ਪਰਿਵਾਰਕ ਪਿਛੋਕੜ ਨੇ ਮਾਨ ਨੂੰ ਸੰਤੁਸ਼ਟ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਤਿੰਨ ਪੁੱਤਰਾਂ ਨਾਲ ਸਜੇ ਮਾਨ-ਪਰਿਵਾਰ ਵਿਚ ਜਸਵੰਤ ਸਿੰਘ ਮਾਨ ਦੀ ਗੈਰਹਾਜ਼ਰੀ ਨਾਲ ਪਿਆ ਘਾਟਾ, ਪਰਿਵਾਰ ਅਤੇ ਹਾਮੀਆਂ ਹਿਤੈਸ਼ੀਆਂ ਨੂੰ ਗੁਰੂ ਦੇ ਭਾਣੇ ਵਿਚ ਚੱਲਣਾ ਪੈਣਾ ਹੈ। ਸਿੱਖ-ਸੁਰ ਵਿਚ ਵਿਛੜ ਗਏ ਲਈ ਇਹੀ ਅਰਦਾਸ ਕਰਨ ਦੀ ਆਗਿਆ ਹੈ ਕਿ ਗੁਰੂ ਜੀ ਅੰਗ-ਸੰਗ ਸਹਾਈ ਹੋ ਕੇ ਸਿਰ ਪਈ ਨਾਲ ਨਿਭਣ ਦਾ ਬਲ ਬਖ਼ਸ਼ਿਸ਼ ਕਰਨ।

# ਸਿਧਰਾ

***ਪੰਜਾਬ ਸੰਕਟ ਵਾਲੇ ਦੌਰ ਦੀਆਂ ਇਕ ਨਹੀਂ, ਅਨੇਕ ਕਹਾਣੀਆਂ ਹਨ ਅਤੇ ਹਰ ਕਹਾਣੀ ਦਾ ਪੱਖ ਆਪੋ-ਆਪਣਾ ਹੈ। 'ਸਿਧਰਾ' ਨਾਂ ਦੀ ਇਸ ਕਹਾਣੀ ਵਿਚ ਲੇਖਕ ਅਮਰਦੀਪ ਸਿੰਘ ਨੇ ਉਸ ਦੌਰ ਨਾਲ ਜੁੜੇ ਕੁਝ ਪੱਖ ਉਜਾਗਰ ਕੀਤੇ ਹਨ। ਇਹ ਪੱਖ ਹਰ ਪੜ੍ਹਨ ਵਾਲੇ ਨੂੰ ਬੇਵਸੀ ਦੇ ਉਸ ਦੌਰ ਦੀਆਂ ਦਰਦ ਕਹਾਣੀਆਂ ਦਾ ਚੇਤਾ ਕਰਵਾ ਜਾਂਦੇ ਹਨ ਜਦੋਂ ਮਨੁੱਖ ਦੀ ਕੀਮਤ ਬਾਰੂਦ ਦੀ ਸਿਰਫ ਇਕ ਗੋਲੀ ਤੈਅ ਕਰਦੀ ਸੀ। -ਸੰਪਾਦਕ***

## ਕਹਾਣੀ

ਰੱਬ ਹੀ ਜਾਣੇ, ਉਸ ਦੀ ਸੂਝ ਆਮ ਆਦਮੀ ਨਾਲੋਂ ਘੱਟ ਸੀ ਜਾਂ ਵੱਧ, ਪਰ ਸਾਰੇ ਉਸ ਨੂੰ ਸਿਧਰਾ ਜਿਹਾ ਬੰਦਾ ਸਮਝਦੇ ਸਨ। ਮਾਪਿਆਂ ਨੇ ਸ਼ਾਇਦ ਉਹਦਾ ਨਾਂ ਦਲਜੀਤ ਸਿੰਘ ਰੱਖਿਆ ਹੋਣੈ, ਪਰ ਸਾਰੇ ਪਿੰਡ ਲਈ ਉਹ ਦੱਲੀ ਸੀ। ਦੇਖਣ ਨੂੰ ਉਹ ਕਮਲਾ ਬਿਲਕੁਲ ਨਹੀਂ ਸੀ ਲਗਦਾ। ਸਾਢੇ ਪੰਜ ਫੁੱਟ ਕੱਦ, ਗੋਲ ਮਟੋਲ ਚਿਹਰੇ 'ਤੇ ਉੱਤਰਦੀ ਲੂੰਈਂ, ਸੰਵਾਰ ਕੇ ਬੰਨ੍ਹੀ ਪੀਲੇ ਰੰਗ ਦੀ ਗੋਲ ਕੇਸਕੀ ਤੇ ਚਿੱਟਾ ਕੁੜਤਾ ਪਜਾਮਾ। ਪਹਿਲੀ ਨਜ਼ਰੇ ਉਹਦੀ ਦਿਖ ਗੁਰਸਿੱਖ ਦਾ ਝਾਉਲਾ ਪਾਉਂਦੀ। ਮੇਰੇ ਪਿੰਡ ਉਨ੍ਹਾਂ ਦਿਨਾਂ ਵਿਚ ਪ੍ਰਾਇਮਰੀ ਤੱਕ ਹੀ ਸਕੂਲ ਸੀ। ਪੰਜਵੀਂ ਕਰਨ ਪਿਛੋਂ ਸਾਨੂੰ ਉਹਦੇ ਪਿੰਡ ਢੋਲਣ ਹਾਈ ਸਕੂਲ ਵਿਚ ਪੜ੍ਹਨ ਜਾਣਾ ਪੈਂਦਾ। ਦੱਲੀ, ਮਤਲਬ ਸਿਧਰਾ ਜਿਹਾ ਬੰਦਾ ਅਕਸਰ ਸਾਨੂੰ ਪਿੰਡ ਦੀਆਂ ਗਲੀਆਂ ਵਿਚ ਤੁਰਿਆ ਫਿਰਦਾ ਟੱਕਰਦਾ। ਉਹ ਹਮੇਸ਼ਾ ਕੁਝ ਨਾ ਕੁਝ ਗੁਣਗੁਣਾਉਂਦਾ ਜਾਂ ਉਚੀ-ਉਚੀ ਸ਼ਬਦ ਧਾਰਨਾ ਜਾਂ ਗੀਤ ਗਾਉਂਦਾ ਮਿਲਦਾ। ਖੇਤਾਂ ਵਿਚੋਂ ਪੱਠਾ-ਦੱਥਾ ਤੇ ਕੱਖ-ਕੰਡਾ ਚੁਗਣ ਵਾਲੀਆਂ ਮਜ੍ਹਬਣ ਬੀਬੀਆਂ ਅਕਸਰ ਉਹਦੀ ਆਵਾਜ਼ ਸੁਣ ਕੇ ਇਕ ਦੂਜੀ ਨੂੰ ਕਹਿੰਦੀਆਂ, "ਨੀਂ ਭੈਣਾਂ ਚੁੱਪ ਕਰਜੋ,

**ਅਮਰਦੀਪ ਸਿੰਘ ਅਮਰ**

ਦੱਲੀ ਆਉਂਦੈ ਗੀਤ ਗਾਉਂਦਾ, ਉਹਦਾ ਗੀਤ ਸੁਣੋ... ਹਾਏ ਹਾਏ ਨੀਂ ਐਨੀ ਸੋਹਣੀ ਸ਼ਕਲ-ਸੂਰਤ ਤੇ ਅਕਲ ਦੇਖ ਲੋ, ਵਿਚਾਰਾ ਸਿਧਰਾ ਬੰਦਾ...।" ਦੱਲੀ ਨੂੰ ਕਿਸੇ ਨਾਲ ਕੋਈ ਮਤਲਬ ਨਾ ਹੁੰਦਾ, ਉਹ ਆਪਣੀ ਧੁਨ ਵਿਚ ਮਸਤ ਤੁਰਿਆ ਜਾਂਦਾ- 'ਹੋ ਨਾਮ ਜਪ ਲੈ ਨਿਮਾਣੀ ਜਿੰਦੇ ਮੇਰੀਏ, ਔਖੇ ਵੇਲੇ ਕੰਮ ਆਊਗਾ... ਤੇਰਾ ਚੰਮ ਨਾ ਕਿਸੇ ਕੰਮ ਆਉਣਾ, ਪਸ਼ੂਆਂ ਦੇ ਹੱਡ ਵਿਕਦੇ... ਸਾਢੇ ਤਿੰਨ ਹੱਥ ਧਰਤੀ ਤੇਰੀ, ਬਹੁਤੀਆਂ ਜਗੀਰਾਂ ਵਾਲਿਆ...।'

ਦੱਲੀ ਸਾਨੂੰ ਯਾਨਿ ਸਕੂਲ ਦੇ ਵਿਦਿਆਰਥੀਆਂ ਨੂੰ ਬਹੁਤ ਪ੍ਰੇਮ ਕਰਦਾ ਸੀ। ਗਾਹੇ-ਬਗਾਹੇ ਅੱਧੀ ਛੁੱਟੀ ਮੌਕੇ ਸਕੂਲ ਗੇੜਾ ਮਾਰਦਾ ਤਾਂ ਅਸੀਂ ਉਹਦੇ ਦੁਆਲੇ ਝੁੰਡ ਬਣਾ ਕੇ ਖਲੋ ਜਾਂਦੇ, "ਦੱਲੀ ਵੀਰੇ, ਗੀਤ ਸੁਣਾ ਦੇ ਯਾਰ ਬਾਈ ਬਣ ਕੇ, ਬੱਸ ਇਕੋ ਗੀਤ...।" ਅਸੀਂ ਸਵਾਲ ਪਾਉਂਦੇ ਤੇ ਉਹ ਕੋਈ ਨਾ ਕੋਈ ਗੀਤ, ਕੰਨ ਉਤੇ ਹੱਥ ਰੱਖ ਕੇ ਛੋਹ ਲੈਂਦਾ, "ਹੋ... ਸੋਡੀਆਂ ਪੜ੍ਹਾਈਆਂ ਤੋਰਾ ਫੇਰਾ ਮਿੱਤਰੋ, ਬੱਸ ਦੋਹਾਂ ਥਾਂਵਾਂ ਉਤੇ ਡੇਰਾ ਮਿਤਰੋ... ਜਾਂ ਠੇਕੇ ਜਾਂ ਠਾਣੇ... ਕੀ ਬਣੂੰ ਦੁਨੀਆਂ ਦਾ...।" ਅਸੀਂ ਸਾਰੇ ਖਿੜ-ਖਿੜ ਕੇ ਹੱਸਦੇ, ਪਰ ਕਈ ਵਾਰ ਜਦੋਂ ਮੂਡ ਨਾ ਹੁੰਦਾ ਤਾਂ ਕਹਿੰਦਾ, "ਕਿਉਂ, ਮੈਂ ਗੀਤ ਕਿਉਂ ਸੁਣਾਵਾਂ? ਮੈਂ ਗਹਾਂ ਗੁਰਦਾਸ ਮਾਣਕ ਆਂ ਕਿ ਅਮਰ ਸਿੰਘ ਮਚਕੀਲਾ... ਬੁੜ੍ਹਾ ਬਹੁਤ ਛਿੱਤਰ ਫੇਰਦੈ ਸਾਡਾ... ਜੱਟ ਸੱਜਣ ਸਿਹੁੰ ਮੂੰਜਲ। ਖੂੰਡਾ ਪਤੈ ਕਿੱਕਰ ਦਾ ਉਹਦੇ ਕੋਲ, ਸਰ੍ਹੋਂ ਦੇ ਤੇਲ ਨਾਲ ਲਿਸ਼ਕਾ ਕੇ ਰੱਖਦੈ ਜਿਵੇਂ ਡੇਅਰੀ ਆਲੇ ਜੱਗੇ ਨੇ ਮੱਝਾਂ ਸੌਰਨ ਵਾਲੇ ਝੋਟੇ ਦੇ ਸਿੰਗਾਂ ਨੂੰ ਤੇਲ ਲਾ ਕੇ ਲਿਸ਼ਕਾਇਆ ਹੁੰਦੈ।" ਫਿਰ ਆਪ ਹੀ ਗੀਤ ਛੋਹ ਲੈਂਦਾ, "ਵੇ ਹੁਣ ਨਿੱਤ ਸਕੀਮਾਂ ਘੜਦੈਂ, ਤੈਨੂੰ ਛੁਲਕਣਗੇ ਮੇਰੇ ਘਰ ਦੇ, ਤੇਰੇ ਮੇਰੇ ਹੁੰਦੇ ਚਰਚੇ, ਦੱਸ ਕੀ ਖੱਟਿਆ... ਮੇਰੇ ਬਾਪੂ ਨੇ ਖੂੰਡੇ ਨੂੰ ਤੇਲ ਲਾ ਕੇ ਰੱਖਿਆ, ਮੇਰੇ ਖੂੰਡੇ ਨੂੰ ਤੇਲ ਲਾ ਕੇ ਰੱਖਿਆ...।"

ਦੱਲੀ ਸਚਮੁੱਚ ਅਲਮਸਤ ਬੰਦਾ ਸੀ। ਕਈ ਵਾਰ ਅੱਧੀ ਛੁੱਟੀ ਸਕੂਲ ਆਉਂਦਾ ਤਾਂ ਆਲੇ-ਦੁਆਲੇ ਇਕੱਠੇ ਹੋਏ ਨਿਆਣਿਆਂ ਨੂੰ ਕਹਿੰਦਾ, "ਆੜੀ, ਟੋਫੀਆਂ ਲਿਆ ਕੇ ਦਵੋ ਸੰਗਤਰੇ ਵਾਲੀਆਂ ਪੂਰੀਆਂ ਚਾਰ, ਯਾਰ ਹੋਣੀ ਚਾਰ ਗੀਤ ਸੁਣਾਉਣਗੇ। ਯਾਰਾ ਬੁੜ੍ਹੀ ਭੈਣ... ਦੀ ਤੋਂ ਦੋ ਰੁਪਈਏ ਮੰਗੇ ਸੀ, ਮੇਰੇ ਪਤਿਉਹਰੇ ਦੀ ਨੇ ਦਿੱਤੇ ਨ੍ਹੀਂ ਤੇ ਕਰਮੇ ਬਾਈ ਨੂੰ ਵੀਹ ਰੁਪਈਏ ਦੇ ਦਿੱਤੇ। ਕਹਿੰਦੀ, ਕਰਮਾ ਮੇਰਾ ਕਮਾਊ ਪੁੱਤ ਐ, ਜੇ ਹੁਣ ਦੱਲੀ ਨੂੰ ਰੱਬ ਭੈਣ... ਦੇ ਨੇ ਨਹੀਂ ਚੱਜ ਦਾ ਬਣਾਇਆ ਤਾਂ ਦੱਲੀ ਦਾ ਇਹਦੇ ਵਿਚ ਕੀ ਕਸੂਰ?" ਅਜਿਹੇ ਸਮੇਂ 'ਤੇ ਗੱਲ ਕਰਦਿਆਂ ਉਹਦਾ ਗੋਲ ਮਟੋਲ ਮੂੰਹ ਤੇ ਚੁੰਨ੍ਹੀਆਂ ਅੱਖਾਂ ਰੁੱਸੇ ਹੋਏ ਨਿਆਣੇ ਵਰਗੀਆਂ ਹੋ ਜਾਂਦੀਆਂ।

ਦੱਲੀ ਹੋਰੀਂ ਤਿੰਨ ਭਰਾ ਸਨ। ਸਭ ਤੋਂ ਵੱਡਾ ਗੁਰਮੀਤ ਪੜ੍ਹ-ਲਿਖ ਕੇ ਅੰਬਰਸਰ ਵੱਲੀਂ ਥਾਣੇਦਾਰ ਲੱਗਾ ਹੋਇਆ ਸੀ। ਉਸ ਤੋਂ ਛੋਟਾ ਕਰਮਾ ਤੇ ਸਭ ਤੋਂ ਛੋਟਾ ਦੱਲੀ। ਸਭ ਤੋਂ ਵੱਡੀ ਭੈਣ ਕਰਮੋ ਚੱਕਰ ਵਿਆਹੀ ਹੋਈ ਸੀ। ਦੱਲੀ ਦਾ ਪਰਿਵਾਰ ਦਰਮਿਆਨੇ ਦਰਜੇ ਦੇ ਹੋਰ ਜੱਟ ਸਿੱਖ ਪਰਿਵਾਰਾਂ ਵਾਂਗ ਸੀ। ਉਹਦਾ ਪਿਤਾ ਸ. ਸੱਜਣ ਸਿਹੁੰ ਗੁਰਸਿੱਖ ਬੰਦਾ ਸੀ। ਦੱਲੀ ਤੋਂ ਵੱਡੇ ਦੋਵੇਂ ਭਰਾ ਵਿਆਹੇ-ਵਰੇ ਸਨ। ਇਕ ਵਾਰ ਦੱਲੀ ਢੋਲਣ ਪਿੰਡ ਨੇੜਲੇ ਵੱਡੇ ਮਹਾਂਪੁਰਖਾਂ ਦੇ ਜੱਦੀ ਪਿੰਡ ਅਖਾੜੇ ਕੋਈ ਸਿਆਸੀ ਕਾਨਫਰੰਸ ਸੁਣ ਆਇਆ। ਅਗਲੇ ਦਿਨ ਗਰਮ-ਗਰਮ ਨਾਅਰੇ ਮਾਰਦਾ ਪਿੰਡ ਦੀਆਂ ਗਲੀਆਂ ਵਿਚ ਘੁੰਮਣ ਲੱਗਾ, "ਲੌਂਗੋਵਾਲ ਨੇ ਕਰੀ ਗੱਦਾਰੀ ਤਾਂ ਹੀ ਗੋਲੀ ਢਿੱਡ ਵਿਚ ਮਾਰੀ; ਸਿੱਖ ਕੌਮ ਦੇ ਤਿੰਨ ਪਖੰਡੀ, ਬਾਦਲ ਟੌਹੜਾ ਤੇ ਤਲਵੰਡੀ; ਭਿੰਡਰਾਂਵਾਲਿਆ ਬੱਬਰ ਸ਼ੇਰਾ, ਦੁਨੀਆਂ 'ਤੇ ਨਾਂ ਰਹੂਗਾ ਤੇਰਾ।" ਕਈ ਦਿਨ ਕਾਨਫਰੰਸ ਤੇ ਸੁਣੀਆਂ ਢਾਡੀ ਵਾਰਾਂ ਗਾਉਂਦਾ ਪਿੰਡ ਵਿਚ ਘੁੰਮਦਾ ਰਿਹਾ, "ਸਿੰਘ ਗੁਰੂ ਦੇ ਤਿੰਨ ਸੀ ਘੋੜੇ ਉਤੇ ਫੌਲਾਦੀ ਦੇ, ਆਣ ਮੁਕਸਰ ਅੱਪੜੇ ਮੌਕੇ ਰੋਜ਼ ਆਜ਼ਾਦੀ ਦੇ... ਬਈ ਅਰਥੀ ਉਤੇ ਪਾਤਾ ਮੋਟਰਸੈਕਲ ਵਾਲਿਆਂ ਨੇ, ਸਾਂਹਸੀ ਰੇਲ ਚੜ੍ਹਾਤਾ ਮੋਟਰਸੈਕਲ ਵਾਲਿਆਂ ਨੇ।" ਢੋਲਣ ਪਿੰਡ ਦੇ ਸਰਕਾਰੀ ਹਾਈ ਸਕੂਲ ਦਾ ਬੱਚਾ-ਬੱਚਾ ਤੇ ਸਾਰੇ ਅਧਿਆਪਕ ਉਸ ਦੇ ਫੈਨ ਸਨ। ਉਹ ਜਦੋਂ ਵੀ ਸਕੂਲ ਗੇੜਾ ਮਾਰਦਾ, ਸਾਰੇ ਨਿਆਣਿਆਂ ਵਿਚ ਇਕੋ ਗੱਲ ਫੈਲ ਜਾਂਦੀ, "ਦੱਲੀ ਆਇਐ ਬਈ ਦੱਲੀ ਆਇਐ।" ਕਈ ਮਾਸਟਰ ਵੀ ਵਿਹਲੇ ਸਮੇਂ ਦੱਲੀ ਕੋਲੋਂ ਗੀਤ ਸੁਣਨ ਲਈ ਉਹਨੂੰ ਆਵਾਜ਼ ਮਾਰ ਲੈਂਦੇ। ਕਈ ਵਾਰੀ ਕੰਮ ਕਲੋਟਾ ਵੀ ਹੋ ਜਾਂਦਾ। ਇਕ ਵਾਰ ਸਨਿੱਚਰਵਾਰ ਵਾਲੇ ਦਿਨ ਬਾਲ ਸਭਾ ਵਿਚ ਦੱਲੀ ਵੀ ਆ ਗਿਆ ਤੇ ਕੁਦਰਤੀ ਹਿੰਦੀ ਵਾਲੀ ਸ਼ਹਿਰਨ ਮੈਡਮ ਨੇ 'ਦੱਲੀ ਬੇਟਾ ਤੁਮ ਕੋਈ ਗਾਨਾ ਸੁਨਾਓ' ਕਿਹਾ ਤਾਂ ਦੱਲੀ ਨੇ ਕੰਨ 'ਤੇ ਹੱਥ ਰੱਖ ਕੇ ਫਰਮਾਇਸ਼ ਪੂਰੀ ਕਰ ਦਿੱਤੀ, ਪਰ ਹਿੰਦੀ ਵਾਲੀ ਮੈਡਮ ਨੂੰ ਲੁਕਣ ਨੂੰ ਥਾਂ ਨਾ ਲੱਭੇ। ਉਹ ਤਾਂ ਪੰਜਾਬੀ ਵਾਲੇ ਗਿਆਨੀ ਜੀ ਨੇ ਮਸਾਂ ਦੱਲੀ ਨੂੰ ਚੁੱਪ ਕਰਾਇਆ। ਦੱਲੀ ਨੇ ਕੰਨ 'ਤੇ ਹੱਥ ਰੱਖ ਕੇ ਜੋ ਗੀਤ ਸੁਣਾਇਆ, ਉਹਦੇ ਬੋਲ ਸਨ, "ਹੋ ਚੰਨ ਤੋਂ ਸੋਹਣੀ ਤੂੰ ਹਾਨਣੇ, ਪਾਣੀ ਤੇਰਾ ਸਭ ਭਰਦੇ, ਹਿੰਦੀ ਆਲੀ ਮੈਡਮ ਦੀ ਮਾਸਟਰ ਪੂਜਾ ਕਰਦੇ, ਹਿੰਦੀ ਆਲੀ ਮੈਡਮ ਦੀ।"

ਢੋਲਣ ਪਿੰਡ ਦੇ ਸਕੂਲ ਨੇੜੇ ਸੰਤਾਂ ਦਾ ਗੁਰਦੁਆਰਾ ਸੀ। ਦੱਲੀ ਜਦ ਵੀ ਸਕੂਲ ਆਉਂਦਾ ਤਾਂ ਗੁਰਦੁਆਰੇ ਵੀ ਮੱਥਾ ਟੇਕਣ ਜਾਂਦਾ। ਨੇੜਲੇ ਪਿੰਡ ਮੀਨੀਆਂ ਤੋਂ ਸੰਤ ਯਾਦਵਿੰਦਰ ਸਿੰਘ ਗੁਰਦੁਆਰੇ ਵਿਚ ਮੁੱਖ ਗ੍ਰੰਥੀ ਸਨ। ਦੱਲੀ ਨਾਲ ਸੰਤਾਂ ਦਾ ਵੀ ਡਾਢਾ ਮੋਹ ਸੀ। ਸੰਤ ਧਾਰਨਾ ਲਾ ਕੇ ਕੀਰਤਨ ਕਰਦੇ ਤੇ ਦੱਲੀ ਪਿੱਛੇ ਚਿਮਟਾ ਵਜਾਉਂਦਾ। ਸੰਤ ਹੁਰੀਂ ਸੰਗਰਾਂਦ ਨੂੰ ਦੀਵਾਨ ਲਾਉਂਦੇ ਅਕਸਰ ਇਕ ਧਾਰਨਾ ਜ਼ਰੂਰ ਪੜ੍ਹਦੇ, 'ਮਰਨੋਂ ਮੂਲ ਨਹੀਂ ਡਰਦੇ ਜਿਹੜੇ ਮੌਤ ਦੇ ਦਿਵਾਨੇ ਆਂ...।'

ਦੱਲੀ ਸੰਤਾਂ ਦੇ ਮਗਰ-ਮਗਰ ਉਚੀ-ਉਚੀ ਬੋਲਦਾ। ਸੰਤਾਂ ਦੇ ਕੀਰਤਨੀ ਜਥੇ ਵਿਚ ਹੋਰ ਸੇਵਕ ਵੀ ਸਨ। ਢੋਲਕੀ ਵਜਾਉਣ ਵਾਲਾ ਖਾਰਾ ਮਜ੍ਹਬੀ, ਭਿੰਦਾ ਛੈਣਿਆਂ ਵਾਲਾ ਤੇ ਨਾਈਆਂ ਦਾ ਗੋਖਾ ਵੀ ਚਿਮਟਾ ਵਜਾਉਂਦਾ, ਪਰ ਇਨ੍ਹਾਂ ਵਿਚੋਂ ਨਿਸ਼ਕਾਮ ਸੇਵਕ ਸਿਰਫ ਦੱਲੀ ਹੀ ਸੀ। ਇਕ ਵਾਰ ਸੰਗਰਾਂਦ ਦੇ ਦੀਵਾਨ ਦੀ ਸਮਾਪਤੀ ਪਿਛੋਂ ਸੰਤਾਂ ਨੇ ਦੱਲੀ ਨੂੰ ਕੋਲ ਬੁਲਾ ਕੇ ਦਸ ਰੁਪਈਏ ਦੇਣੇ ਚਾਹੇ ਤਾਂ ਦੱਲੀ ਨੇ ਸਾਫ ਮਨਾ ਕਰ ਦਿੱਤਾ, "ਨਾ ਬਾਬਾ ਜੀ, ਮੈਂ ਪੈਸੇ ਕੀ ਕਰਨੇ ਆਂ? ਆਪੇ ਤਾਂ ਤੁਸੀਂ ਕਥਿਆ ਵਿਚ ਕਿਹਾ ਸੀ ਇਕ ਦਿਨ, ਬਈ ਕੀਰਤਨ ਵੇਚਣਾ ਨਹੀਂ ਚਾਹੀਦਾ। ਨਾਲੇ ਮੈਂ ਕਿਹੜਾ ਥੋਡੇ ਕੋਲੋਂ ਮਾਇਆ ਲੈ ਕੇ ਖਾਰੇ ਮਜ੍ਹਬੀ ਅੰਗੂ ਬੀੜੀਆਂ ਪੀਣੀਆਂ? ਜਾਂ ਫਿਰ ਭਿੰਦੇ ਤੇ ਗੋਖੇ ਹੋਰਾਂ ਅੰਗੂ ਪਿਚਕਰ ਦੇਖਣ ਜਾਣਾ ਹੁੰਦੈ ਜਗਰਾਮੀਂ ਲੀਗਲ ਸਿਨਮੇ 'ਚ, ਦਿਲਰੁਬਾ ਤਾਂਗੇ ਵਾਲੀ?" ਦੱਲੀ ਗੱਲ ਕਰ ਕੇ ਨਿਆਣਿਆਂ ਵਾਂਗ ਹੱਸਿਆ, ਪਰ ਜਥੇ ਦੇ ਬਾਕੀ ਸੇਵਕਾਂ ਨੇ ਦੱਲੀ ਦੀ ਗੱਲ ਸੁਣ ਕੇ ਉਥੋਂ ਖਿਸਕਣ ਵਿਚ ਹੀ ਭਲਾਈ ਸਮਝੀ। ਦੱਲੀ ਦੀ ਇਕ ਸਿਫ਼ਤ ਹੋਰ ਸੀ, ਉਹ ਸਾਰਿਆਂ ਦੇ ਮੂੰਹ 'ਤੇ ਸੱਚੀ ਗੱਲ ਆਖਦਾ, ਭਾਵੇਂ ਸੁਣਨ ਵਾਲੇ ਦੇ ਗਿੱਟੇ ਵੱਜੇ ਭਾਵੇਂ ਗੋਡੇ।

ਇਕ ਦਿਨ ਦੱਲੀ ਸ਼ਰਾਬ ਵਾਲੇ ਧੋਤੇ ਪਊਏ ਵਿਚ ਸਰ੍ਹੋਂ ਦਾ ਤੇਲ ਪਾ ਕੇ ਮੋਟਰ 'ਤੇ ਨਹਾਉਣ ਜਾ ਰਿਹਾ ਸੀ ਤਾਂ ਭਰਜਾਈਆਂ ਥਾਂਵੇਂ ਲੱਗਦੀ ਮਿੰਧੋ ਭਾਬੀ ਨੇ ਮਜ਼ਾਕ ਨਾਲ ਪੁੱਛ ਲਿਆ, "ਵੇ ਦੱਲੀ, ਆਹ ਪਊਏ ਵਿਚ ਤੇਲ ਪਾ ਕੇ ਕਿਥੇ ਚੱਲਿਐਂ?

"ਖੇਤ ਚੱਲਿਆਂ ਵਾਂ ਨੌਣ, ਤੈਨੂੰ ਕੀ ਆ? ਤੂੰ ਢਿੱਡ ਮਲਾਉਣਾ ਤੇਲ ਨਾਲ?" ਦੱਲੀ ਨੇ ਟੇਢਾ ਜਵਾਬ ਕੱਢ ਮਾਰਿਆ।

"ਜਾਏ ਖਾਣੇ ਦਿਆ, ਤੂੰ ਗਾਂਹਾਂ ਵੈਦ ਹਕੀਮ ਆਂ?" ਭਾਬੀ ਨੇ ਹੱਸਦਿਆਂ ਹੋਇਆਂ ਚੁੰਨੀ ਦਾ ਲੜ ਮੂੰਹ 'ਤੇ ਕਰ ਲਿਆ।

"ਲੈ ਬਿਜਲੀ ਵਾਲੇ ਕੌਰੇ ਤੋਂ ਵੀ ਤਾਂ ਮਲਾਉਂਦੀ ਹੁੰਦੀ ਐਂ... ਉਹ ਮੇਰਾ ਸਾਲਾ ਬੜਾ ਡਾਕਟਰ ਲੱਗਿਆ ਵਿਐ... ਜਗਰਾਮਾਂ ਆਲੇ ਕਲਸੀ ਡਾਕਟਰ ਨਾਲ... ਟਰਾਂਸਫਾਰਮਰ ਅੰਗੂ ਖੋਲ੍ਹੀ ਬੈਠਾ ਹੁੰਦੈ ਤੇਰਾ ਇੰਜਣ।" ਦੱਲੀ ਨੇ ਇਕ ਦਿਨ ਬਿਜਲੀ ਵਾਲੇ ਕੌਰੇ ਨਾਲ ਮਿੰਧੋ ਨੂੰ ਵਿਹੜੇ ਵਾਲੀ ਨਿੰਮ ਥੱਲੇ ਕਲੋਲ ਕਰਦਿਆਂ ਦੇਖ ਲਿਆ



ਸੀ। ਉਹ ਪਤੰਗ ਲੁੱਟਣ ਲਈ ਉਨ੍ਹਾਂ ਦੇ ਕੋਠੇ 'ਤੇ ਚੜ੍ਹਿਆ ਸੀ।

"ਮੁਸ਼ਟੰਡਾ ਕੁੱਤਾ, ਦੱਸੂੰ ਤੇਰੀ ਬੇਬੇ ਨੂੰ। ਮਿਲ ਲੈਣ ਦੇ।" ਕਹਿੰਦੀ ਮਿੰਧੋ ਭਾਬੀ ਨੇ ਦਰਵਾਜ਼ਾ ਬੰਦ ਕਰ ਲਿਆ। ਦੱਲੀ ਹੱਸਦਾ ਆਪਣੇ ਰਾਹੇ ਤੁਰ ਗਿਆ।

ਫਿਰ ਇਕ ਅਜੀਬ ਵਾਕਿਆ ਹੋਇਆ। ਸਾਨੂੰ ਸਭ ਨੂੰ ਹੈਰਾਨੀ ਹੋ ਰਹੀ ਸੀ ਕਿ ਇਹ ਸਭ ਕਿਵੇਂ ਹੋ ਗਿਆ? ਤੇ ਦੱਲੀ ਨੂੰ ਕਿਹੜੇ ਕਸੂਰ ਦੀ ਸਜ਼ਾ ਮਿਲੀ ਸੀ। ਦੱਲੀ ਇਕੱਲੇ ਨੂੰ ਹੀ ਨਹੀਂ, ਸਾਰੇ ਟੱਬਰ ਨੂੰ? ਕੀ ਕਿਸੇ ਪੁਲਿਸ ਵਾਲੇ ਦੇ ਰਿਸ਼ਤੇਦਾਰ, ਭਰਾ-ਭਾਈ, ਮਾਤਾ-ਪਿਤਾ ਹੋਣਾ ਵੀ ਕੋਈ ਕਸੂਰ ਹੁੰਦਾ ਹੈ? ਜੇ ਕੋਈ ਪੁਲਿਸ ਅਫ਼ਸਰ ਜ਼ਾਲਮ ਵੀ ਹੋਵੇ, ਤਾਂ ਵੀ ਉਹਦੇ ਗੁਨਾਹਾਂ ਦੀ ਸਜ਼ਾ ਉਹਦੇ ਪਰਿਵਾਰ ਨੂੰ ਦਿੱਤੀ ਜਾਣੀ ਕਿੰਨੀ ਕੁ ਜਾਇਜ਼ ਕਰਾਰ ਦਿੱਤੀ ਜਾ ਸਕਦੀ ਹੈ? ਮੇਰੇ ਸਮੇਤ ਦੱਲੀ ਨੂੰ ਪ੍ਰੇਮ ਕਰਨ ਵਾਲੇ ਸਾਡੇ ਸਕੂਲ ਦੇ ਹਰ ਵਿਦਿਆਰਥੀ ਤੇ ਅਧਿਆਪਕ ਦੇ ਜ਼ਿਹਨ ਵਿਚ ਇਹੋ ਸਵਾਲ ਘੁੰਮਣ-ਘੇਰੀਆਂ ਕੱਢ ਰਹੇ ਸਨ, ਕਿਉਂਕਿ ਸਕੂਲ ਜਾਂਦੇ ਸਾਰ ਸਭ ਦੇ ਮੱਥੇ ਤੀਰ ਵਰਗੀ ਖਬਰ ਵੱਜੀ ਸੀ ਕਿ ਥਾਣੇਦਾਰ ਗੁਰਮੀਤ ਸਿੰਘ ਦੇ ਪਰਿਵਾਰ ਨੂੰ ਖਾੜਕੂਆਂ ਨੇ ਰਾਤੀਂ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਘਰ ਨੂੰ ਅੱਗ ਲਾ ਦਿੱਤੀ। ਦੱਲੀ ਦੇ ਵੱਡੇ ਭਰਾ ਕਰਮੇ ਦੀ ਘਰਵਾਲੀ ਜਿਹਦੀ ਗੋਦੀ ਦੁੱਧ ਚੁੰਘਦਾ ਬੱਚਾ ਸੀ, ਨੂੰ ਹੀ ਜ਼ਿੰਦਾ ਛੱਡਿਆ। ਉਸ ਦਿਨ ਦੱਲੀ ਸਕੂਲ ਮੂਹਰਿਉਂ ਲੰਘ ਕੇ ਗੁਰੂ ਘਰ ਮੱਥਾ ਟੇਕਣ ਗਿਆ ਜ਼ਰੂਰ ਸੀ, ਪਰ ਸਕੂਲ ਵੱਲ ਨਾ ਮੁੜਿਆ। ਉਹ ਕਾਹਲੇ ਕਦਮੀਂ ਗੁਰੂ ਮਹਾਰਾਜ ਦੇ ਪ੍ਰਕਾਸ਼ ਅਸਥਾਨ ਵੱਲ ਗਿਆ। ਮੂੰਹ 'ਚ ਬੁੜਬੁੜਾਉਂਦਿਆਂ ਅਰਦਾਸ ਕਰ ਕੇ ਉਤੇ ਵੱਲ ਹੱਥ ਕਰ ਕੇ ਖੋਲ੍ਹ ਦਿੱਤੇ, ਜਿਵੇਂ ਰੱਬ ਨੂੰ ਕਹਿਣਾ ਚਾਹੁੰਦੇ ਹੋਵੇ- "ਚੰਗਾ ਜਿਵੇਂ ਤੇਰੀ ਮਰਜ਼ੀ!" ਮੱਥਾ ਟੇਕ ਕੇ ਸੰਤਾਂ ਕੋਲੋਂ ਦੇਗ ਲਈ, ਸਾਰੀ ਦੇਗ ਇਕੋ ਵਾਰ ਖਾ ਕੇ ਦੁਬਾਰਾ ਫਿਰ ਹੱਥ ਸੰਤਾਂ ਮੂਹਰੇ ਅੱਡ ਦਿੱਤੇ।

"ਕੀ ਗੱਲ ਭਾਈ ਦੱਲੀ ਸਿਹੁੰ, ਅੱਗੇ ਤਾਂ ਕਿਤੇ ਦੂਹਰੀ ਵਾਰੀ ਦੇਗ ਲਈ ਨਹੀਂ ਤੈਂ?" ਸੰਤਾਂ ਨੇ ਸਵਾਲ ਕੀਤਾ।

"ਬੱਸ ਬਾਬਾ ਜੀ ਖਾਣਾ ਦਾਣਾ ਨਿਬੇੜ ਰਹੇ ਆਂ... ਮੁੜ ਨਾ ਆਉਣਾ ਪਵੇ... ਭਰਿਆ ਤ੍ਰਿੰਜਣ ਛੱਡ ਜਾਣਾ, ਚਿੱਠੀ ਆ ਗਈ ਜ਼ੋਰਾਵਰਾਂ ਦੀ।" ਦੱਲੀ ਨੇ ਰਮਜ਼ੀ ਮੁਸਕਰਾਹਟ ਬਿਖੇਰੀ ਤੇ ਤੁਰ ਆਇਆ। ਦੱਸਣ ਵਾਲੇ ਦੱਸਦੇ ਹਨ ਕਿ ਉਸ ਦਿਨ ਦੱਲੀ ਨੇ ਸਾਰੇ ਘਰਦਿਆਂ ਨੂੰ ਦੱਸ ਦਿੱਤਾ ਸੀ ਕਿ ਅੱਜ ਉਨ੍ਹਾਂ ਦੇ ਟੱਬਰ ਦਾ ਆਖਰੀ ਦਿਨ ਸੀ।

"ਵੱਡਿਆ ਕਮਾਊਆ, ਪਾਠ ਕਰ ਲਿਆ ਕਰ। ਅੱਜ ਤਾਂ ਵਾਖਰੂ-ਵਾਖਰੂ ਕਹਿ ਲੈ। ਜਿਥੇ ਭੀੜੀਆਂ ਸੁਣੀਂਦੀਆਂ ਗਲੀਆਂ, ਉਥੋਂ ਦੀ ਜਮ ਲੈ ਜਾਣਗੇ।" ਦੱਲੀ ਕਰਮੇ ਨੂੰ ਆਖ ਪਸ਼ੂਆਂ ਨੂੰ ਪੱਠੇ ਪਾਉਂਦਿਆਂ ਦੇਖ ਕੇ ਤਾੜੀ ਮਾਰ ਕੇ ਹੱਸਿਆ।

"ਦੇਖ ਸਾਲਾ ਕਿਮੇਂ ਮਗਜ਼ ਮਾਰਦੈ, ਵੱਡਾ ਕਥਿਆ ਵਾਚਕ।" ਕਰਮਾ ਝਈ ਲੈ ਕੇ ਪਿਆ।

"ਭਾਬੀ ਲੈ ਪਾਠ ਕਰ। ਉਸੇ ਨਾਮ ਨੇ ਸਹਾਇਤਾ ਕਰਨੀ, ਜਿਥੇ ਨਾ ਕੋਈ ਮਾਤ-ਪਿਤਾ।" ਉਸ ਨੇ ਸੁਖਮਨੀ ਸਾਹਿਬ ਦਾ ਗੁਟਕਾ ਵੱਡੇ ਭਰਾ ਥਾਣੇਦਾਰ ਗੁਰਮੀਤ ਸਿੰਘ ਦੀ ਘਰਵਾਲੀ ਨੂੰ ਫੜਾਉਂਦਿਆਂ ਕਿਹਾ ਤਾਂ ਉਹ 'ਸੱਤ ਬਚਨ ਸੰਤ ਜੀ' ਆਖਦੀ ਪਾਠ ਕਰਨ ਲੱਗ ਗਈ। ਉਹਦੇ ਪੇਕੇ ਗੁਰਸਿੱਖ ਹੋਣ ਕਰ ਕੇ ਉਹਦਾ ਬਾਣੀ ਵੱਲ ਝੁਕਾਅ ਬਚਪਨ ਤੋਂ ਹੀ ਸੀ।

ਉਸ ਸ਼ਾਮ ਦੱਲੀ ਨੇ ਆਥਣੇ ਇਸ਼ਨਾਨ-ਪਾਣੀ ਕਰ ਚਿੱਟਾ ਕੁੜਤਾ ਪਜਾਮਾ ਪਹਿਨਿਆ। ਰੋਟੀ-ਪਾਣੀ ਛਕ ਕੇ ਕੌਲੇ ਨਾਲ ਖੜ੍ਹ ਗਿਆ, ਜਿਵੇਂ ਕਿਸੇ ਆਉਣ ਵਾਲੇ ਦੀ ਬਹੁਤ ਤਰੱਦਦ ਨਾਲ ਉਡੀਕ ਕਰਦਾ ਹੋਵੇ।

"ਉਏ ਤੂੰ ਐਥੈ ਘੁੰਡ ਵਾਲੀ ਨੂੰ 'ਡੀਕਦੈਂ, ਅੰਦਰ ਆਜਾ, ਨਮੂਨੀਆ ਹੋ ਜੂ ਠੰਢ ਨਾਲ।" ਕਰਮੇ ਨੇ ਆਵਾਜ਼ ਮਾਰੀ ਤਾਂ ਉਹ ਹੱਸਦਾ ਅੰਦਰ ਆ ਵੜਿਆ।

"ਹੋਣੋਂ ਨਾ ਟਲਦੀ ਹੈ, ਮੱਥੇ 'ਤੇ ਲੀਕ ਜੋ ਵਾਹੀ।" ਦੱਲੀ ਨੇ ਵਿਹੜੇ ਵਿਚ ਖੜ੍ਹ ਕੇ ਚੁਬਾਰੇ ਵਾਲੇ ਘਰ ਵੱਲ ਹੱਥ ਕਰ ਕੇ ਫਿਰ ਧਾਰਨਾ ਪੜ੍ਹੀ। ਪਤਾ ਨਹੀਂ ਇਸ ਵਿਚ ਕੋਈ ਚਿਤਾਵਨੀ ਸੀ ਜਾਂ ਕੋਈ ਡੂੰਘੀ ਰਮਜ਼, ਘਰ ਦੇ ਕਿਸੇ ਜੀ ਨੇ ਗੱਲ ਗੌਲੀ ਨਾ। ਸਾਰਾ ਟੱਬਰ ਰੋਟੀ-ਟੁੱਕ ਦਾ ਕੰਮ ਨਿਬੇੜ ਕੇ ਹਾਲੇ ਬਿਸਤਰੇ ਵਿਛਾ ਹੀ ਰਿਹਾ ਸੀ ਕਿ ਹੋਣੀ ਨੇ ਆਣ ਬੂਹੇ ਦਸਤਕ ਦਿੱਤੀ।

ਏ.ਕੇ. ਸੰਤਾਲੀ ਨਾਲ ਲੈਸ ਪੰਜ-ਸੱਤ ਮੁੰਡੇ ਕੰਧਾਂ ਟੱਪ ਕੇ ਵਿਹੜੇ ਆਣ ਉਤਰੇ। ਆਉਂਦਿਆਂ ਹੀ ਸਾਰੇ ਟੱਬਰ ਨੂੰ ਕਤਾਰ ਵਿਚ ਖਲੋਣ ਦਾ ਹੁਕਮ ਦਿੱਤਾ। ਹਥਿਆਰਬੰਦ ਨੌਜਵਾਨਾਂ ਦੀ ਕਮਾਂਡ 35-40 ਵਰ੍ਹੇ ਦਾ ਲੰਬੀ ਦਾੜ੍ਹੀ ਵਾਲਾ ਕਰ ਰਿਹਾ ਸੀ ਜਿਸ ਦੇ ਹੱਥ ਲੰਬੀ ਨਾਲੀ ਵਾਲਾ ਮਾਊਜ਼ਰ ਫੜਿਆ ਹੋਇਆ ਸੀ।

"ਸਾਨੂੰ ਪਤੈ ਗੁਰਮੀਤ ਥਾਣੇਦਾਰ ਦਾ ਘਰ ਇਹੋ ਹੀ ਐ... ਸਾਰੇ ਕਤਾਰ ਵਿਚ ਖੜ੍ਹੇ ਹੋ ਜਾਵੋ, ਭੱਜਣ ਦੀ ਕੋਸ਼ਿਸ਼ ਨਾ ਕਰਿਓ, ਨਹੀਂ ਕੋਈ ਹੋਰ ਜਾਹ-ਜਾਂਦੀ ਹੋ ਜਾਊ।" ਕਮਾਂਡਰ ਦੇ ਬੋਲਾਂ 'ਚ ਗੁੱਸਾ ਅੱਗ ਵਾਂਗ ਫਰਾਟੇ ਮਾਰ ਰਿਹਾ ਸੀ।

ਸਾਰੇ ਟੱਬਰ ਦੇ ਸਾਹ-ਸਤ ਸੂਤੇ ਗਏ ਸਨ। ਮਾੜੇ ਕਰਮ ਨੂੰ ਉਸ ਦਿਨ ਦੱਲੀ ਹੋਰਾਂ ਦੀ ਭੈਣ ਦਾ ਮੁੰਡਾ ਵੀ ਆਇਆ ਹੋਇਆ ਸੀ। ਹਥਿਆਰਬੰਦ ਨੌਜਵਾਨਾਂ ਨੇ ਉਸ ਨੂੰ ਵੀ ਬਾਕੀਆਂ ਨਾਲ ਕਤਾਰ ਵਿਚ ਖੜ੍ਹਾ ਲਿਆ ਸੀ।

"ਖਾਲਸਾ ਜੀ ਸਾਡਾ ਕੀ ਕਸੂਰ? ਜੇ ਮੇਰੇ ਮੁੰਡੇ ਨੇ ਕੋਈ ਗਲਤੀ ਕੀਤੀ ਐ ਤਾਂ ਮੈਂ ਖੁਦ ਜਦੋਂ ਤੁਸੀਂ ਕਹੋ, ਥੋਡੇ ਸਾਹਮਣੇ ਹਾਜ਼ਰ ਕਰ ਦੇਵਾਂਗਾ। ਸਗੋਂ ਖੁਦ ਉਹਨੂੰ ਥੋਡੇ ਸਾਹਮਣੇ ਗੋਲੀ..., ਪਰ ਸਾਰੇ ਟੱਬਰ ਨੂੰ ਘਾਣੀਂ ਨਾ ਪੀੜੋ।" ਦੱਲੀ ਦੇ ਬਜ਼ੁਰਗ ਪਿਤਾ ਨੇ ਹੱਥ ਬੰਨ੍ਹੇ ਸਨ, ਉਹਦਾ ਸਫੈਦ ਦਾੜ੍ਹੀ ਵਾਲਾ ਚਿਹਰਾ ਅੱਥਰੂਆਂ ਨਾਲ ਗੜੁੱਚ ਹੋਇਆ ਪਿਆ ਸੀ।

"ਬਾਪੂ, ਮੁੰਡੇ ਨੂੰ ਭਰਤੀ ਕਰਾਉਣ ਤੋਂ ਪਹਿਲਾਂ ਸੋਚਣਾ ਸੀ, ਸਾਡੇ ਵੀ ਚੁਲ੍ਹਿਆਂ ਵਿਚ ਘਾਹ ਉਗਿਆ ਪਿਐ।" ਏ.ਕੇ. ਸੰਤਾਲੀ ਫੜੀ ਖੜ੍ਹੇ ਮੱਸ-ਫੁੱਟ ਗੱਭਰੂ ਨੇ ਸੁਰਖ ਅੱਖਾਂ ਵਿਚੋਂ ਚੰਗਿਆੜੇ ਬਾਹਰ ਸੁੱਟੇ।

"ਆਹ ਬੀਬੀ ਕੌਣ ਐ ਜਿਹਦੇ ਗੋਦੀ ਬੱਚਾ ਐ?" ਕਮਾਂਡਰ ਨੇ ਸਵਾਲ ਕੀਤਾ।

"ਇਹ ਮੇਰੇ ਘਰੋਂ ਐ ਬਾਈ ਜੀ।" ਕਰਮੇ ਨੇ ਕੰਬਦੇ ਹੱਥ ਜੋੜੇ ਹੋਏ ਸਨ।

"ਭੈਣ ਜੀ, ਤੁਸੀਂ ਗੁਆਂਢੀਆਂ ਘਰੇ ਚਲੇ ਜਾਓ, ਤੁਹਾਨੂੰ ਕੁਝ ਨਹੀਂ ਕਹਾਂਗੇ।" ਕਮਾਂਡਰ ਦਾ ਸੁਰ ਥੋੜ੍ਹਾ ਨਰਮ ਹੋਇਆ ਤਾਂ ਕਰਮੇ ਦੇ ਘਰਵਾਲੀ ਬੱਚੇ ਸਮੇਤ ਗੁਆਂਢੀਆਂ ਘਰੇ ਚਲੀ ਗਈ।

"ਥਾਣੇਦਾਰ ਦੇ ਘਰੋਂ ਕੌਣ ਐਂ?"

ਗੁਰਮੀਤ ਸਿੰਘ ਦੇ ਘਰਵਾਲੀ ਜਪੁਜੀ ਸਾਹਿਬ ਦਾ ਪਾਠ ਮੂੰਹ-ਜ਼ੁਬਾਨੀ ਕਰਦੀ ਹੋਈ ਅੱਗੇ ਆ ਗਈ। ਸ਼ਾਇਦ ਉਸ ਨੂੰ ਹੋਣੀ ਦਾ ਅਨੁਮਾਨ ਹੋ ਗਿਆ ਸੀ।

"ਜਥੇਦਾਰ ਜੀ, ਇਹਨੂੰ ਵਿਆਹੀ ਨੂੰ ਹਾਲੇ ਸਾਲ ਵੀ ਨਹੀਂ ਹੋਇਆ ਤੇ ਪੇਟ ਤੋਂ ਵੀ ਐ। ਇਹਨੂੰ ਬਿਗਾਨੀ ਧੀ ਨੂੰ ਤੇ ਮੇਰੇ ਦੋਹਤੇ ਨੂੰ ਬਖਸ਼ ਦਿਓ।" ਬਜ਼ੁਰਗ ਨੇ ਕਮਾਂਡਰ ਦੇ ਪੈਰੀਂ ਪੱਗ ਰੱਖ ਦਿੱਤੀ।

"ਕੋਈ ਵੀ ਨਹੀਂ ਬਖਸ਼ਿਆ ਜਾਵੇਗਾ... ਉਹਦੀ ਘਰਵਾਲੀ ਤਾਂ ਬਿਲਕੁਲ ਨਹੀਂ। ਸਾਡੀਆਂ ਵੀ ਪੇਟ ਤੋਂ ਹੀ ਸਨ। ਨਵੀਂ ਵਿਆਹੀ ਦੀ ਮੌਤ ਦਾ ਤਾਂ ਸੇਕ ਲੱਗਣਾ ਥਾਣੇਦਾਰ ਨੂੰ। ਮਨਜੀਤ ਘਰ ਵਿਚ ਜਿੰਨੀਆਂ ਵੀ ਬਾਣੀ ਦੀਆਂ ਪੋਥੀਆਂ, ਗੁਟਕੇ ਤੇ ਗੁਰੂ ਸਾਹਿਬਾਨ ਦੀਆਂ ਫੋਟੂਆਂ, ਉਹ ਉਸ ਮੰਜੇ 'ਤੇ ਚਾਦਰ ਵਿਛਾ ਕੇ ਰੱਖ ਦੇਵੋ।" ਕਮਾਂਡਰ ਨੇ ਹੁਕਮ ਦਿੱਤਾ ਤਾਂ ਇਕ ਨੌਜਵਾਨ ਨੇ ਫੁਰਤੀ ਨਾਲ ਮੰਜਾ ਡਾਹ ਕੇ ਤਸਵੀਰਾਂ ਤੇ ਬਾਣੀ ਦੇ ਗੁਟਕੇ ਮੰਜੇ 'ਤੇ ਰੱਖ ਕੇ ਚਿੱਟਾ ਕੱਪੜਾ ਪਾ ਕੇ ਉਨ੍ਹਾਂ ਨੂੰ ਕੱਜ ਦਿੱਤਾ।

"ਬਾਈ ਜੀ, ਮੇਰਾ ਛੋਟਾ ਭਰਾ ਸਿਧਰਾ ਦਿਮਾਗੀ ਤੌਰ 'ਤੇ। ਭਗਤ ਆ ਵਿਚਾਰਾ, ਇਹਦੀ ਜਾਨ ਬਖਸ਼ੀ ਕਰ ਦੇਵੋ।" ਕਤਾਰ ਵਿਚ ਖਲੋਤੇ ਕਰਮੇ ਨੇ ਆਖਰੀ ਤਰਲਾ ਕੀਤਾ ਤਾਂ ਕਮਾਂਡਰ ਦਾ ਇਸ਼ਾਰਾ ਪਾ ਕੇ ਡੁੰਨ ਵੱਟਾ ਬਣੇ ਖੜ੍ਹੇ ਦੱਲੀ ਨੂੰ ਬਾਂਹ ਤੋਂ ਫੜ ਕੇ ਪਾਸੇ ਕਰ ਦਿੱਤਾ ਗਿਆ।

"ਸ਼ੂਟ ਦੈਮ!" ਕਮਾਂਡਰ ਦਾ ਇਸ਼ਾਰਾ ਪਾ ਕੇ ਨੌਜਵਾਨਾਂ ਦੀਆਂ ਬੰਦੂਕਾਂ ਨੇ ਅੱਗ ਦਾ ਮੀਂਹ ਵਰ੍ਹਾ ਦਿੱਤਾ। ਸਾਰੇ ਟੱਬਰ ਵਿਚ ਹਾਲ-ਬੂ-ਪਾਹਰਿਆਂ ਮੱਚ ਗਈ। ਪਲਾਂ ਵਿਚ ਹੀ ਪਾਠ ਕਰ ਰਹੀ ਗੁਰਮੀਤ ਥਾਣੇਦਾਰ ਦੇ ਘਰਵਾਲੀ, ਮਾਤਾ-ਪਿਤਾ, ਭਰਾ ਤੇ ਭਾਣਜਾ, ਜਿਉਂਦੇ-ਜਾਗਦੇ ਮਨੁੱਖਾਂ ਤੋਂ ਲਾਸ਼ਾਂ ਬਣ ਕੇ ਧਰਤੀ 'ਤੇ ਆਣ ਡਿੱਗੇ। ਦੱਲੀ ਸਿਧਰਾ ਜਿਹਾ ਬੰਦਾ, ਇਹ ਸਭ ਡੁੰਨ ਵੱਟਾ ਬਣ ਕੇ ਖੜ੍ਹਾ ਦੇਖਦਾ ਰਿਹਾ।

"ਬਚਿਆ ਤਾਂ ਨਹੀਂ ਕੋਈ? ਐਸ ਸਿਧਰੇ ਤੋਂ ਬਿਨਾਂ।" ਕਮਾਂਡਰ ਨੇ ਸਾਹ ਵਿਰੋਲ ਰਹੀਆਂ ਲਾਸ਼ਾਂ ਦੇ ਨੇੜੇ ਹੋ ਕੇ ਹੱਥ ਵਿਚਲੇ ਪਿਸਤੌਲ ਨਾਲ ਆਖਰੀ ਫਾਇਰ ਦਾਗਦਿਆਂ ਕਿਹਾ।

"ਮੈਂ ਸਿਧਰਾ-ਸੁਧਰਾ ਕੋਈ ਨਹੀਂ... ਸਿਧਰੇ ਤਾਂ ਤੁਸੀਂ ਆਂ, ਮੇਰੇ ਸਾਲਿਓ... ਮਾਰੋ ਮੇਰੇ ਵੀ ਗੋਲੀ... ਸੰਤ ਕਹਿੰਦੇ ਹੁੰਦੇ ਸੀ ਕਿ ਸ਼ਸਤਰ ਹੱਕ ਲੈਣ ਵਾਸਤੇ ਚੁੱਕਦੇ ਆ, ਕਿਸੇ ਮਜ਼ਲੂਮ 'ਤੇ ਜ਼ੁਲਮ ਕਰਨ ਲਈ ਨਹੀਂ... ਮੈਂ ਵੱਡੇ ਮਹਾਂਪੁਰਖਾਂ ਦੇ ਪਿੰਡ ਅਖਾੜੇ ਢਾਡੀਆਂ ਕੋਲੋਂ ਸੁਣਿਆਂ ਸੀ। ਮਾਰੋ ਮੇਰੇ ਵੀ ਗੋਲੀ... ਸਾਲੇ ਸਿਧਰੇ ਕਿਤੋਂ ਦੇ ਬੇਵਕੂਫ਼... ਪਾਗਲ ਲੋਕ।" ਕਹਿੰਦਿਆਂ ਦੱਲੀ ਏ.ਕੇ. ਸੰਤਾਲੀ ਵਾਲੇ ਇਕ ਮੁੰਡੇ ਦੇ ਗਲ ਨੂੰ ਚਿੰਬੜ ਗਿਆ ਤੇ ਉਹਦੇ ਹੱਥੋਂ ਬੰਦੂਕ ਖੋਹਣ ਲੱਗਾ ਤਾਂ ਕਮਾਂਡਰ ਨੇ ਲੰਬੀ ਨਾਲੀ ਵਾਲਾ ਪਿਸਤੌਲ ਦੱਲੀ ਦੇ ਸਿਰ ਵੱਲ ਨੂੰ ਕਰ ਕੇ ਗੋਲੀ ਦਾਗ ਦਿੱਤੀ। ਦੱਲੀ ਨੇ ਦਹਾੜ ਮਾਰੀ ਤੇ ਅਖਾੜੇ ਪਿੰਡ ਵਿਚ ਕਾਨਫਰੰਸ 'ਤੇ ਸੁਣਿਆ ਨਾਅਰਾ ਪੂਰਾ ਜ਼ੋਰ ਲਾ ਕੇ ਮਾਰਿਆ, "ਭਿੰਡਰਾਂਵਾਲਿਆ ਬੱਬਰ ਸ਼ੇਰਾ, ਦੁਨੀਆਂ 'ਤੇ ਨਾ ਚਮਕੂ ਤੇਰਾ...।" ਤੇ ਇਸ ਸਿਧਰੇ ਜਿਹੇ ਬੰਦੇ ਦੇ ਪ੍ਰਾਣ-ਪੰਖੇਰੂ ਸਿਆਣਿਆਂ ਦੇ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ।

#

ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-13

# ਇਕ 'ਇਨਕਲਾਬੀ' ਨਾਲ ਮੇਲ

*'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਐਤਕੀਂ 'ਇਕ ਇਨਕਲਾਬੀ ਨਾਲ ਮੇਲ' ਵਿਚ ਲੇਖਕ ਨੇ ਸਰਕਾਰੀ ਪ੍ਰਸ਼ਾਸਨ ਦੀ ਖਾਸ ਚੁਸਤੀ ਦਾ ਖੁਲਾਸਾ ਕੀਤਾ ਹੈ। -ਸੰਪਾਦਕ*

ਹੁਣ ਭਾਵੇਂ 'ਮੋਗਾ ਐਜੀਟਸ਼ਨ' ਵਰਗਾ ਮਾਹੌਲ ਤਾਂ ਨਹੀਂ ਸੀ ਕਿ ਆਪਣੀ 'ਤਾਕਤ' ਨਾਲ ਅਸੀਂ ਜੇਲ੍ਹ ਅਧਿਕਾਰੀਆਂ ਤੋਂ ਆਪਣੀਆਂ 'ਮੰਗਾਂ' ਮਨਵਾ ਸਕਦੇ ਹੋਈਏ, ਫਿਰ ਵੀ ਮੈਂ ਆਪਣੇ ਸਾਥੀਆਂ ਨੂੰ ਕਿਹਾ ਕਿ ਸਾਨੂੰ ਜੇਲ੍ਹ ਅਧਿਕਾਰੀਆਂ ਕੋਲ ਇਹ ਮੰਗ ਜ਼ਰੂਰ ਰੱਖਣੀ ਚਾਹੀਦੀ ਹੈ ਕਿ ਸਾਨੂੰ ਇਖ਼ਲਾਕੀ ਕੇਸਾਂ ਵਾਲੇ ਹਵਾਲਾਤੀਆਂ ਨਾਲੋਂ ਤਾਂ ਅਲੱਗ ਰੱਖਿਆ ਜਾਵੇ। ਅਸੀਂ ਅਕਸਰ ਜੇਲ੍ਹ ਦੇ ਡਿਪਟੀ ਨੂੰ ਦੌਰੇ ਸਮੇਂ ਕਹਿੰਦੇ ਰਹਿੰਦੇ, ਪਰ ਉਹ ਸਾਡੀ ਗੱਲ ਵੱਲ ਕੋਈ ਧਿਆਨ ਨਹੀਂ ਸੀ ਦਿੰਦਾ।

"ਕੋਈ ਨਹੀਂ ਕਰਾਂਗੇ ਕੁਝ।" ਆਖ ਕੇ ਅੱਗਿਉਂ ਹੱਸ ਛੱਡਦਾ।

ਇਕ ਦਿਨ ਸਾਡੀ ਆਸ ਤੋਂ ਉਲਟ ਸਾਨੂੰ ਕਿਹਾ ਗਿਆ ਕਿ ਸਾਡਾ ਨਾਲ ਦੀ ਵੱਖਰੀ ਬੈਰਕ ਵਿਚ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਅਸੀਂ ਆਪਣੀ ਟਿੰਡ-ਫਹੁੜੀ ਚੁੱਕੀਏ ਤੇ ਉਧਰ ਡੇਰੇ ਜਾ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਲਈਏ। ਅਸੀਂ ਅਚਨਚੇਤ ਕੀਤੀ ਇਸ 'ਦਇਆ' 'ਤੇ ਹੈਰਾਨ ਸਾਂ, ਪਰ ਅੰਦਰੋਂ ਖ਼ੁਸ਼ ਵੀ ਸਾਂ।

ਪੰਜਾਹ ਸੱਠ ਬੰਦਿਆਂ ਵਾਸਤੇ ਬਣੇ ਬੈਰਕ ਦੇ ਇਸ ਖੁੱਲ੍ਹੇ ਕਮਰੇ ਵਿਚ ਜਦੋਂ ਅਸੀਂ ਇਕ ਨੁੱਕਰੇ ਕੰਧ ਨਾਲ ਆਪਣੇ ਬਿਸਤਰੇ ਲਾ ਕੇ ਬੈਠੇ ਤਾਂ ਇਕ ਜਣਾ ਕਹਿੰਦਾ, "ਯਾਰ! ਏਥੇ ਤਾਂ ਚੁੱਪ-ਚਾਂ ਹੀ ਬੜੀ ਹੈ। ਖਾਲੀ ਖਾਲੀ ਲੱਗਦੈ। ਵਾਹਵਾ ਉਥੇ ਰੌਣਕ ਵਿਚ ਸਾਂ। ਇਥੇ 'ਕੱਲਿਆਂ ਨੂੰ ਉਹ ਸਵਾਦ ਨਹੀਂ ਆਉਣਾ।"

ਉਹ ਉਦਾਸਿਆ ਗਿਆ ਸੀ।

ਉਸੇ ਵੇਲੇ ਸ਼ਾਮ ਦੀ ਰੋਟੀ ਵਾਲੇ ਆ ਗਏ ਤੇ ਅਸੀਂ ਆਪਣੀਆਂ ਬਾਟੀਆਂ ਸਾਂਭਦੇ ਉਠਣ ਲੱਗੇ। ਕੀੜਿਆਂ ਵਾਲੀ ਸਬਜ਼ੀ ਵੱਲ ਵੇਖ ਕੇ ਮੈਨੂੰ ਕੰਬਣੀ ਆਈ ਤਾਂ ਮੈਂ ਇਸ ਬੈਰਕ ਵਿਚ ਅੱਡ ਹੋਣ ਦੇ ਲਾਭ ਬਾਰੇ ਆਪਣੀ ਦਲੀਲ ਦਿੱਤੀ।

"ਚੱਲੋ ਇੱਧਰ ਆਉਣ ਦਾ ਇਕ ਫ਼ਾਇਦਾ ਹੋਊ। ਮੇਰੀ ਬੀ ਕਲਾਸ ਲੱਗ ਜਾਵੇ, ਤੁਸੀਂ ਵੀ ਦੋਵੇਂ ਅਪਲਾਈ ਕਰ ਦਿਓ। ਤਿੰਨਾਂ ਜਣਿਆਂ ਦੇ ਰਾਸ਼ਨ ਨਾਲ ਆਪਣੇ ਰੋਟੀ ਪਾਣੀ ਵਿਚ ਕੁਝ ਤਾਂ ਫ਼ਰਕ ਆਊ। ਅੱਠ ਜਣੇ ਤਾਂ ਸਾਰੇ ਹਾਂ ਆਪਾਂ। ਰਲ-ਮਿਲ ਕੇ ਖਾ ਲਿਆ ਕਰਾਂਗੇ। ਉਧਰ ਸਾਰਿਆਂ ਵਿਚ ਤਾਂ ਵੱਖਰਾ ਖਾਂਦੇ ਚੰਗੇ ਵੀ ਨਹੀਂ ਸੀ ਲੱਗਣਾ।"

ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਅਸੀਂ ਆਪਣੇ ਬਿਸਤਰਿਆਂ 'ਤੇ ਬੈਠ ਕੇ ਗੱਪ-ਗਿਆਨ ਵਿਚ ਰੁੱਝ ਗਏ। ਖੁੱਡੀਆਂ ਵਿਚਲੇ ਖਾਲੀ ਥਾਂ 'ਤੇ ਹੇਠਾਂ ਕੰਬਲ ਵਿਛਾ ਕੇ ਇਕੋ ਥਾਂ ਹੀ ਜੁੜਵੇਂ ਬਿਸਤਰੇ ਲਾਏ ਹੋਏ ਸਨ। ਇੰਜ ਨੇੜੇ ਨੇੜੇ ਬਹਿ ਕੇ ਗੱਲਬਾਤ ਕਰਨ ਵਿਚ ਵੀ ਸੌਖ ਰਹਿੰਦੀ ਸੀ ਤੇ ਤਾਸ਼ ਖੇਡਣ ਵਿਚ ਵੀ। ਰਾਤ ਉਤਰ ਆਈ ਸੀ ਤੇ ਮੈਲੇ ਬਲਬਾਂ ਦੀ ਧੁੰਦਲੀ ਰੌਸ਼ਨੀ ਬੈਰਕ ਦੀਆਂ ਪੀਲੀਆਂ ਕੰਧਾਂ ਵਿਚ ਜਜ਼ਬ ਹੋ ਰਹੀ ਸੀ। ਇਸ ਵੇਲੇ ਹੀ ਦੋ ਜੇਲ੍ਹ ਵਾਰਡਰਾਂ ਨਾਲ ਇੱਕ ਨੌਜਵਾਨ ਕੰਬਲਾਂ ਦਾ ਜੋੜਾ ਚੁੱਕੀ ਅੰਦਰ ਆਇਆ। ਤੀਹ ਪੈਂਤੀ ਸਾਲ ਦੇ ਕਰੀਬ ਉਮਰ। ਵੇਖਣ ਨੂੰ ਚੁਸਤ। ਪੋਚ ਸਵਾਰ ਕੇ ਬੱਧੀ ਕਾਲੀ ਪੱਗ।

"ਲਓ! ਤੁਹਾਡਾ ਇੱਕ ਹੋਰ ਇਨਕਲਾਬੀ ਸਾਥੀ ਵੀ ਆਣ ਪਹੁੰਚਿਐ। ਅਸੀਂ ਸੋਚਿਆ, ਇਹਨੂੰ ਤੁਹਾਡੇ ਕੋਲ ਈ ਛੱਡਦੇ ਆਂ। ਇਹ ਵੀ ਇਹੋ ਹੀ ਚਾਹੁੰਦਾ ਸੀ।"

ਨੌਜਵਾਨ ਨੇ ਸਾਨੂੰ ਅਪਣੱਤ ਭਾਵ ਨਾਲ ਕਿਹਾ, "ਸਾਥੀ ਜੀ ਕੀ ਹਾਲ ਚਾਲ ਨੇ!" ਤੇ ਸਾਡੇ ਨਜ਼ਦੀਕ ਹੀ ਖੱਡੀ 'ਤੇ ਆਣ ਕੇ ਬੈਠ ਗਿਆ।

"ਮੈਨੂੰ ਹੱਥਕੜੀ ਲਾਉਣ ਲੱਗੇ ਤਾਂ ਮੈਂ ਕਿਹਾ- 'ਸੱਚ ਦੀ ਆਵਾਜ਼ ਨੂੰ ਤੁਸੀਂ ਹੱਥਕੜੀਆਂ ਬੇੜੀਆਂ ਨਾਲ ਨਹੀਂ ਬੰਨ੍ਹ ਸਕਦੇ। ਇਹ ਆਵਾਜ਼ ਉਨਾ ਚਿਰ ਤੱਕ ਗੂੰਜਦੀ ਰਹੂ, ਜਦ ਤੱਕ ਇਨਕਲਾਬ ਆ ਨਹੀਂ ਜਾਂਦਾ'।" ਉਸ ਨੇ ਆਪੇ ਹੀ ਆਪਣੀ ਜਾਣ-ਪਛਾਣ ਦੇਣੀ ਸ਼ੁਰੂ ਕਰ ਦਿੱਤੀ।

"ਜੇਲ੍ਹ ਵਾਲੇ ਕਹਿੰਦੇ ਕਿ ਇਥੇ ਤੇਰੇ ਹੋਰ

*ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਅਸੀਂ ਆਪਣੇ ਬਿਸਤਰਿਆਂ 'ਤੇ ਬੈਠ ਕੇ ਗੱਪ-ਗਿਆਨ ਵਿਚ ਰੁੱਝ ਗਏ। ਖੱਡੀਆਂ ਵਿਚਲੇ ਖਾਲੀ ਥਾਂ 'ਤੇ ਹੇਠਾਂ ਕੰਬਲ ਵਿਛਾ ਕੇ ਇਕੋ ਥਾਂ ਹੀ ਜੁੜਵੇਂ ਬਿਸਤਰੇ ਲਾਏ ਹੋਏ ਸਨ। ਇੰਜ ਨੇੜੇ ਨੇੜੇ ਬਹਿ ਕੇ ਗੱਲਬਾਤ ਕਰਨ ਵਿਚ ਵੀ ਸੌਖ ਰਹਿੰਦੀ ਸੀ ਤੇ ਤਾਸ਼ ਖੇਡਣ ਵਿਚ ਵੀ। ਰਾਤ ਉਤਰ ਆਈ ਸੀ ਤੇ ਮੈਲੇ ਬਲਬਾਂ ਦੀ ਧੁੰਦਲੀ ਰੌਸ਼ਨੀ ਬੈਰਕ ਦੀਆਂ ਪੀਲੀਆਂ ਕੰਧਾਂ ਵਿਚ ਜਜ਼ਬ ਹੋ ਰਹੀ ਸੀ। ਇਸ ਵੇਲੇ ਹੀ ਦੋ ਜੇਲ੍ਹ ਵਾਰਡਰਾਂ ਨਾਲ ਇੱਕ ਨੌਜਵਾਨ ਕੰਬਲਾਂ ਦਾ ਜੋੜਾ ਚੁੱਕੀ ਅੰਦਰ ਆਇਆ। ਤੀਹ ਪੈਂਤੀ ਸਾਲ ਦੇ ਕਰੀਬ ਉਮਰ। ਵੇਖਣ ਨੂੰ ਚੁਸਤ। ਪੋਚ ਸਵਾਰ ਕੇ ਬੱਧੀ ਕਾਲੀ ਪੱਗ।*
*"ਲਓ! ਤੁਹਾਡਾ ਇੱਕ ਹੋਰ ਇਨਕਲਾਬੀ ਸਾਥੀ ਵੀ ਆਣ ਪਹੁੰਚਿਐ। ਅਸੀਂ ਸੋਚਿਆ, ਇਹਨੂੰ ਤੁਹਾਡੇ ਕੋਲ ਈ ਛੱਡਦੇ ਆਂ। ਇਹ ਵੀ ਇਹੋ ਹੀ ਚਾਹੁੰਦਾ ਸੀ।"*
*ਨੌਜਵਾਨ ਨੇ ਸਾਨੂੰ ਅਪਣੱਤ ਭਾਵ ਨਾਲ ਕਿਹਾ, "ਸਾਥੀ ਜੀ ਕੀ ਹਾਲ ਚਾਲ ਨੇ!" ਤੇ ਸਾਡੇ ਨਜ਼ਦੀਕ ਹੀ ਖੱਡੀ 'ਤੇ ਆਣ ਕੇ ਬੈਠ ਗਿਆ।*



ਵੀ ਇਨਕਲਾਬੀ ਸਾਥੀ ਹੈਗੇ ਨੇ। ਮੈਂ ਰਿਕੁਐਸਟ ਕੀਤੀ ਕਿ ਮੈਨੂੰ ਵੀ ਮੇਰੇ ਭਰਾਵਾਂ ਕੋਲ ਹੀ ਲੈ ਚੱਲੋ। ਚੱਲੋ ਚੰਗਾ ਹੋਇਆ, ਇਸ ਬਹਾਨੇ ਹੀ ਸਹੀ, ਤੁਹਾਡੇ ਵਰਗੇ ਜੁਝਾਰੂ ਸਾਥੀਆਂ ਦੇ ਦਰਸ਼ਨ ਕਰਨ ਤੇ ਗੱਲਬਾਤ ਸੁਣਨ ਦਾ ਮੌਕਾ ਮਿਲੇਗਾ।"

"ਕਰਮਾਂ ਵਾਲਾ ਏਂ। ਤੇਰੀ ਤਾਂ ਭਰਾਵਾ ਉਨ੍ਹਾਂ ਨੇ ਆਉਂਦਿਆਂ ਹੀ 'ਰਿਕੁਐਸਟ' ਸੁਣ ਲਈ; ਸਾਡੀ ਤਾਂ ਸੁਣਦੇ ਨਹੀਂ ਸਨ।" ਕੋਟ ਧਰਮ ਚੰਦ ਵਾਲੇ ਕਾਮਰੇਡ ਹਰੀ ਨੇ ਕਿਹਾ। ਮੈਂ ਉਸ ਨੌਜਵਾਨ ਤੋਂ ਨਜ਼ਰ ਬਚਾ ਕੇ ਹਰੀ ਨੂੰ ਅੱਖਾਂ ਹੀ ਅੱਖਾਂ ਵਿਚ ਘੂਰਿਆ ਕਿ ਉਸ ਨਾਲ ਗੱਲਬਾਤ ਵਿਚ ਨਾ ਪਵੇ।

ਸਾਨੂੰ ਪਹਿਲੀ ਨਜ਼ਰੇ ਹੀ ਉਹ ਸ਼ੱਕੀ ਬੰਦਾ ਲੱਗਿਆ। ਅਸੀਂ ਅੱਖਾਂ ਹੀ ਅੱਖਾਂ ਨਾਲ ਫ਼ੈਸਲਾ ਕਰ ਲਿਆ ਕਿ ਇਸ ਨੂੰ ਰਾਹ ਨਹੀਂ ਦੇਣਾ। ਜ਼ਾਹਿਰ ਸੀ ਕਿ ਉਹ ਸੀ.ਆਈ.ਡੀ. ਦਾ ਬੰਦਾ ਸੀ ਤੇ ਕੁਝ ਦਿਨ ਸਾਡੇ ਨਾਲ ਰਹਿ ਕੇ ਸਾਡੇ ਬਾਰੇ ਅੰਦਰਲੀ ਸੂਹ ਲੈਣ ਆਇਆ ਸੀ। ਸਾਨੂੰ ਅੱਜ ਹੀ ਵੱਖਰੀ ਬੈਰਕ ਦੇਣ ਦਾ ਜੇਲ੍ਹ ਅਧਿਕਾਰੀਆਂ ਦਾ ਤਰਕ ਵੀ ਸਮਝ ਆ ਰਿਹਾ ਸੀ।

"ਕੌਣ ਜੁਝਾਰੂ ਸਾਥੀ? ਕਿਨ੍ਹਾਂ ਦੇ ਦਰਸ਼ਨਾਂ ਦੀ ਗੱਲ ਕਰਦੈਂ? ਸਾਨੂੰ ਵੀ ਮਿਲਾ ਉਨ੍ਹਾਂ ਨੂੰ।" ਰਘਬੀਰ ਮਚਲਾ ਬਣ ਗਿਆ।

"ਭਾ ਜੀ ਕਿਉਂ ਮਖ਼ੌਲ ਕਰਦੇ ਓ। ਆਪਾਂ ਮਿਲੇ ਭਾਵੇਂ ਨਹੀਂ ਕਦੀ, ਪਰ ਮੈਂ ਵੀ ਤੁਹਾਡਾ ਈ ਬੰਦਾਂ। ਮੈਨੂੰ ਕਿਤੇ ਐਮਰਜੈਂਸੀ ਚੰਗੀ ਲੱਗਦੀ ਐ? ਮੈਂ ਤਾਂ 'ਇੰਦਰਾ ਗਾਂਧੀ ਮੁਰਦਾਬਾਦ! ਐਮਰਜੈਂਸੀ ਮੁਰਦਾਬਾਦ!' ਦੇ ਨਾਅਰੇ ਮਾਰਦਾ ਈ ਕੋਰਟ 'ਚ ਗਿਆ ਤੇ ਜੇਲ੍ਹ ਵਿਚ ਵੀ ਇੰਜ ਹੀ ਸ਼ੇਰ ਵਾਂਗ ਬੁੱਕਦਾ ਆਇਆਂ।"

"ਬੱਲੇ ਉਏ ਜਵਾਨਾਂ! ਨਹੀਂ ਰੀਸਾਂ ਤੇਰੀਆਂ! ਪਰ ਸਾਡੇ ਕੋਲ ਭਰਾਵਾ ਇਹੋ ਜਿਹੀਆਂ ਡਰਾਉਣੀਆਂ ਗੱਲਾਂ ਨਾ ਕਰ। ਇਥੇ ਤਾਂ ਕੰਧਾਂ ਨੂੰ ਵੀ ਕੰਨ ਨੇ। ਪਤਾ ਨਹੀਂ ਕਿਹੜਾ ਤੇਰੀ ਗੱਲ ਸੁਣ ਕੇ ਸੀ.ਆਈ.ਡੀ. ਨੂੰ ਜਾ ਦੱਸੇ, ਤੇ ਤੇਰੇ ਨਾਲ ਅਸੀਂ ਵੀ ਰਗੜੇ ਜਾਈਏ। ਅੱਗੇ ਕਿਹੜਾ ਇਥੇ ਸੁਖੀ ਬੈਠੇ ਆਂ। ਤੂੰ ਤਾਂ ਸੂਰਮਾ ਇਨਕਲਾਬੀ ਏਂ। ਸਾਡੇ ਵਿਚੋਂ ਤਾਂ ਕੁਝ ਵਿਚਾਰੇ ਪੜ੍ਹਾਕੂ ਤੇ ਕੁਝ ਨੌਕਰੀ-ਪੇਸ਼ਾ ਕਬੀਲਦਾਰ ਬੰਦੇ ਨੇ, ਆਪਣਾ ਟੱਬਰ ਪਾਲਣ ਵਾਲੇ। ਮਿਲੇ ਤਾਂ ਤੇਰੇ ਵਾਂਗ ਅਸੀਂ ਵੀ ਇਥੇ ਪਹਿਲੀ ਵਾਰ ਈ ਆਂ, ਪਰ ਹੈ ਆਂ ਸਾਰੇ ਈ ਬੇਕਸੂਰ। ਅਸੀਂ ਕੀ ਲੈਣਾ ਐਮਰਜੈਂਸੀ ਦੀ ਮੁਖ਼ਾਲਫ਼ਤ ਕਰ ਕੇ! ਤੋਬਾ! ਤੋਬਾ!!" ਮੈਂ ਕੰਨਾਂ ਨੂੰ ਹੱਥ ਲਾਏ, "ਤੂੰ ਗੱਭਰੂ ਜਵਾਨ ਏਂ, ਸਾਡੇ ਨਾਲ ਕੋਈ ਆਪਣੇ ਇਸ਼ਕ-ਮੁਸ਼ਕ ਦੀ ਗੱਲ ਸਾਂਝੀ ਕਰ। ਤੂੰ ਤਾਂ ਗੱਲਾਂ ਈ ਹੋਰ ਤਰ੍ਹਾਂ ਦੀਆਂ ਕਰਨ ਲੱਗੈਂ।"

"ਕੋਈ ਕੁੜੀ-ਕੜੀ ਫਸਾਈ ਕਿ ਨਹੀਂ?" ਮੇਰੇ ਨਾਲ ਹੀ ਇੰਟੈਰੋਗੇਸ਼ਨ ਕੱਟ ਕੇ ਆਏ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਮੁੰਡੇ ਨੇ ਸ਼ਰਾਰਤ ਨਾਲ ਅੱਖ ਨੱਪੀ।

ਉਹ ਛਿੱਥਾ ਜਿਹਾ ਪੈ ਗਿਆ, ਪਰ ਉਸ ਨੇ ਸਾਨੂੰ ਟੋਹਣ ਦਾ ਹੌਸਲਾ ਨਾ ਛੱਡਿਆ, "ਚੰਗੇ ਇਨਕਲਾਬੀ ਜੇ ਤੁਸੀਂ! ਸਾਰਾ ਮੁਲਕ ਵੱਡੀ ਜੇਲ੍ਹ ਬਣਿਆਂ ਪਿਐ ਤੇ ਤੁਸੀਂ ਇਸ਼ਕ-ਮੁਸ਼ਕ ਦੀਆਂ ਗੱਲਾਂ ਸੁਣਨੀਆਂ ਚਾਹੁੰਦੇ ਓ। ਕੋਈ ਗੱਲ ਕਰੋ ਸੂਰਮੇ ਭਗਤ ਸਿੰਘ ਦੀ।"

"ਭਰਾਵਾ ਸਾਡੇ ਲਈ ਤਾਂ ਸੰਜੇ ਗਾਂਧੀ ਸਭ ਤੋਂ ਵੱਡਾ ਸੂਰਮਾ।" ਰਘਬੀਰ ਨੇ ਟੋਣਾ ਮਾਰਿਆ।

ਅਸੀਂ ਉਸ ਦੇ ਹੱਥਾਂ ਵਿਚੋਂ ਤਿਲਕ ਰਹੇ ਸਾਂ।

"ਜੇ ਤੂੰ ਕੋਈ ਇਸ਼ਕੀਆ ਕਹਾਣੀ ਨਹੀਂ ਸੁਣਾਉਣੀ ਤਾਂ ਤੇਰੀ ਮਰਜ਼ੀ। ਚੱਲ ਰਘਬੀਰ ਤੂੰ ਆਪਣੇ ਪਿੰਡ ਵਾਲੇ ਮੋਤਾ ਸੂੰਹ ਮੋਟੇ ਵਾਲੀ ਗੱਲ ਸੁਣਾ ਸਭ ਨੂੰ।"

ਮੈਂ ਸੋਚਿਆ ਉਸ ਨਾਲ ਗੱਲਬਾਤ ਵਧਾਉਣ ਨਾਲੋਂ ਆਪਸ ਵਿਚ ਫ਼ਜ਼ੂਲ ਗੱਲਾਂ ਕਰਨ ਲੱਗ ਜਾਈਏ।

ਰਘਬੀਰ ਨੇ ਮੂੰਹ ਸਵਾਰਿਆ, "ਤੁਹਾਨੂੰ ਤਾਂ ਪਤਾ ਈ ਐ, ਇਨ੍ਹਾਂ ਨੂੰ ਸੁਣਾ ਦਿੰਦੇ ਆਂ। ਸਾਡੇ ਪਿੰਡ ਗੋਗਾਂ ਨਾਂ ਦੀ ਕੁੜੀ ਏ, ਸੋਲਾਂ ਸਤਾਰਾਂ ਸਾਲਾਂ ਦੀ। ਪੈਸੇ ਲੈ ਕੇ ਵਿਚਾਰੀ ਸਭ ਨੂੰ ਖ਼ੁਸ਼ ਕਰ ਦਿੰਦੀ ਏ। ਮੋਤਾ ਸੂੰਹ ਛੜੇ ਨੇ ਸੁਣਿਆਂ ਤਾਂ ਇਕ ਦਿਨ ਰਾਹ 'ਚ ਇਕਲਵੰਜੇ ਘੇਰ ਕੇ ਕਹਿੰਦਾ, "ਗੋਗਾਂ! ਕਿਤੇ ਸਾਡਾ ਗਰੀਬਾਂ ਦਾ ਵੀ ਖ਼ਿਆਲ ਕਰ।" ਗੋਗਾਂ ਨੇ ਅੱਗਿਉਂ ਬਣਾ ਸਵਾਰ ਕੇ ਆਖਿਆ, "ਤਾਇਆ ਤੂੰ ਆਪ ਈ ਦੱਸ; ਆਪਾਂ ਦੋਵੇਂ ਭਲਾ ਚੰਗੇ ਲੱਗਾਂਗੇ?"

"ਲੈ ਹੁਣ ਇਸ ਇਨਕਲਾਬੀ ਭਰਾ ਨੂੰ ਕਿਵੇਂ ਸਮਝਾਈਏ ਕਿ ਇਹ ਸਾਡੇ ਵਰਗੇ ਚਾਲੂ ਜਿਹੇ ਬੰਦਿਆਂ ਨਾਲ ਇਨਕਲਾਬ ਦੀਆਂ ਗੱਲਾਂ ਕਰਦਾ ਭਲਾ ਚੰਗਾ ਲੱਗੂਗਾ!" ਖ਼ਾਲਸਾ ਕਾਲਜ ਦੇ ਐਮ.ਐਸਸੀ. ਐਗਰੀਕਲਚਰ ਕਰਦੇ ਵਿਦਿਆਰਥੀ ਆਗੂ ਸੰਘੇ ਨੇ ਆਪਣੀ ਵਾਰੀ ਵਾਹ ਲਈ।

ਉਹ ਨੌਜਵਾਨ ਉੱਲੂ ਵਾਂਗ ਸਾਨੂੰ ਹੱਸਦਿਆਂ ਨੂੰ ਵੇਖਣ ਲੱਗਾ। ਅਸੀਂ ਫਿਰ ਉਸ ਨਾਲ ਨਾ ਹੀ ਅੱਖ ਮਿਲਾਈ, ਤੇ ਨਾ ਹੀ ਬੋਲ ਸਾਂਝਾ ਕੀਤਾ। ਲੁੱਚਿਆਂ ਲਤੀਫ਼ਿਆਂ ਦਾ ਸਿਲਸਿਲਾ ਅਜਿਹਾ ਚਾਲੂ ਹੋਇਆ ਕਿ ਉਹ ਸਾਡੇ ਵੱਲ ਬਿਟ-ਬਿਟ ਵੇਖਦਾ ਰਹਿ ਗਿਆ।

"ਯਾਰ ਚੰਗੇ ਇਨਕਲਾਬੀ ਓ ਤੁਸੀਂ। ਕਿਹੋ ਜਿਹੀਆਂ ਗੱਲਾਂ ਕਰਦੇ ਓ! ਮੈਂ ਤਾਂ ਤੁਹਾਡੇ ਕੋਲੋਂ ਕੁਝ ਸਿੱਖਣ ਆਇਆ ਸਾਂ, ਤੇ ਤੁਸੀਂ...।" ਉਸ ਨੇ ਅਜੇ ਵੀ ਯਤਨ ਨਹੀਂ ਸੀ ਛੱਡਿਆ।

"ਅਸੀਂ ਕੋਈ ਇਨਕਲਾਬੀ ਇਨਕਲੂਬੀ ਨਹੀਂ ਭਰਾ। ਤੂੰ ਨਹੀਂ ਗੱਲਾਂ ਸੁਣਨੀਆਂ ਤਾਂ ਕੰਬਲ ਵਿਛਾ ਕੇ ਲੰਮਾਂ ਪੈ ਜਾ। ਨਾਲ ਆਪਣੇ ਇਨਕਲਾਬ ਨੂੰ ਵੀ ਸਵਾ ਲੈ। ਅਸੀਂ ਤਾਂ ਸਦਾ ਇਹੋ ਜਿਹੀਆਂ ਗੱਲਾਂ ਈ ਕਰਦੇ ਆਂ।" ਮੈਂ ਥੋੜ੍ਹੀ ਖਿਝ ਨਾਲ ਆਖਿਆ ਤੇ ਫਿਰ ਸਾਥੀਆਂ ਨੂੰ ਵੰਗਾਰਿਆ, "ਚੁੱਕੋ ਮੁੰਡਿਓ ਬੋਲੀ।"

ਅਸੀਂ ਬੋਲੀਆਂ ਪਾਉਣ ਲੱਗੇ। ਨਿਰਾਸ ਹੋ ਕੇ ਉਸ ਨੇ ਖੱਡੀ 'ਤੇ ਕੰਬਲ ਵਿਛਾਇਆ ਤੇ ਲੇਟ ਗਿਆ। ਅਸੀਂ ਚੁਗ਼ਲ-ਖ਼ੋਰ ਤੇ ਸੂਹੀਏ ਸੁਭਾਅ ਵਾਲੇ ਲੋਕਾਂ ਦੀ ਨਿੰਦਿਆ ਕਰਨ ਲੱਗੇ। ਪੈਸੇ ਖ਼ਾਤਰ ਜ਼ਮੀਰ ਵੇਚਣ ਵਾਲੇ ਲੋਕਾਂ ਨੂੰ ਗਾਲ੍ਹਾਂ ਦੇਣ ਲੱਗੇ। ਫਿਰ ਨਹੀਂ ਉਹ ਬੋਲਿਆ। ਸਾਰੀ ਰਾਤ ਕੰਨ ਵਲ੍ਹੇਟ ਕੇ ਪਿਆ ਰਿਹਾ।

ਦਿਨੇ ਉਠਦਿਆਂ ਹੀ ਉਹ ਜੰਗਲ-ਪਾਣੀ ਗਿਆ ਤਾਂ ਫਿਰ ਬਹੁੜਿਆ ਈ ਨਹੀਂ। ਅਸੀਂ ਉਸ 'ਇਨਕਲਾਬੀ' ਦੀ ਉਡੀਕ ਕਰਦੇ ਰਹੇ। ਬਾਅਦ ਵਿਚ ਜੇਲ੍ਹ ਕਰਮਚਾਰੀਆਂ ਨੂੰ 'ਉਸ ਇਨਕਲਾਬੀ ਸਾਥੀ' ਬਾਰੇ ਪੁੱਛਿਆ ਤਾਂ ਉਹ ਵੀ ਘੋਗਲਕੰਨੇ ਬਣ ਕੇ ਚੁੱਪ ਵੱਟ ਗਏ।

ਜੇਲ੍ਹ ਵਿਚੋਂ ਰਿਹਾਅ ਹੋਇਆ ਤਾਂ ਇਕ ਦਿਨ ਮੈਂ ਉਹਨੂੰ ਅੰਮ੍ਰਿਤਸਰ ਦੇ ਹਾਲ ਗੇਟ ਦੇ ਬਾਹਰ ਸੂਟ-ਬੂਟ ਵਿਚ ਫੱਬਿਆ ਵੇਖਿਆ। ਮੇਰਾ ਜੀ ਤਾਂ ਕੀਤਾ ਕਿ ਇਕ ਵਾਰ 'ਐਮਰਜੈਂਸੀ ਵਿਰੁਧ ਉਹਦੇ ਸੰਘਰਸ਼' ਬਾਰੇ ਉਹਨੂੰ ਪੁੱਛਾਂ ਤਾਂ ਸਹੀ, ਪਰ ਫਿਰ 'ਜਾਣ-ਬੁੱਝ ਕੇ ਕੀ ਪੰਗਾ ਲੈਣਾ' ਸੋਚਦਿਆਂ ਮੈਂ ਉਸ ਨਾਲ ਅੱਖ ਮਿਲਾਏ ਬਿਨਾਂ ਹੀ ਚੁੱਪ-ਚਾਪ ਉਸ ਦੇ ਕੋਲੋਂ ਲੰਘ ਗਿਆ।

## ਮਿੰਨੀ ਕਹਾਣੀਆਂ

### ਠੀਕਰੀ ਪਹਿਰਾ

ਬਰਸਾਤ ਦਾ ਮੌਸਮ ਹੋਣ ਕਰਕੇ ਲਹਿੰਬਰ ਸ਼ਹਿਰੋਂ ਸਮੇਂ ਨਾਲ ਹੀ ਪਿੰਡ ਨੂੰ ਵਾਪਸ ਆ ਰਿਹਾ ਸੀ। ਅੱਜ ਤਾਂ ਉਹ ਦਿਹਾੜੀ ਵੀ ਸਖਤ ਲਾ ਕੇ ਆਇਆ ਸੀ ਪਰ ਕਰੜੀ ਮਿਹਨਤ ਦੇ ਬਾਵਜੂਦ ਮਾਲਕ ਨੇ ਪੈਸੇ ਨਹੀਂ ਸਨ ਦਿੱਤੇ ਤੇ ਉਹ ਖਾਲੀ ਹੱਥ ਸਾਇਕਲ ਦੇ ਪੈਡਲਾਂ ਨੂੰ ਜ਼ੋਰ ਜ਼ੋਰ ਨਾਲ ਘੁਮਾ ਕੇ ਜਲਦੀ ਘਰ ਦੀਆਂ ਬਰੂਹਾਂ 'ਤੇ ਪਹੁੰਚਣਾ ਚਾਹੁੰਦਾ ਸੀ ਪਰ ਨਾਲ ਹੀ ਘਰ ਮੁੱਕੇ ਰਾਸ਼ਨ ਦਾ ਵੀ ਫਿਕਰ ਸਤਾ ਰਿਹਾ ਸੀ।

ਫਸਲਾਂ ਚੜ੍ਹੀਆਂ ਹੋਈਆਂ ਸਨ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਵੀ ਵਧਦੀਆਂ ਜਾ ਰਹੀਆਂ ਸਨ। ਅਜੇ ਉਹ ਪਿੰਡ ਦੀ ਜੂਹ 'ਚ ਹੀ ਵੜਿਆ ਸੀ ਕਿ ਜੈਲਦਾਰਾਂ ਦੇ ਘਰ ਅੱਗੇ ਖੜ੍ਹੇ ਚੌਕੀਦਾਰ ਨੇ ਉਸ ਨੂੰ ਆਵਾਜ਼ ਮਾਰੀ ਤੇ ਅੱਜ ਫਿਰ ਰਾਤ ਨੂੰ ਠੀਕਰੀ ਪਹਿਰਾ ਲਾਉਣ ਲਈ ਕਿਹਾ ਪਰ ਲਹਿੰਬਰ ਨੇ ਕਿਹਾ ਕਿ ਉਹ ਅਜੇ ਪਿਛਲੇ ਹਫਤੇ ਲਾ ਕੇ ਹਟਿਆ ਏ ਪਰ ਚੌਕੀਦਾਰ ਨੇ ਉਸ ਦੀ ਗੱਲ ਅਣਸੁਣੀ ਕਰ ਜੈਲਦਾਰਾਂ ਤੋਂ ਉਨ੍ਹਾਂ ਦੀ ਵਾਰੀ ਬਦਲੇ ਸੌ ਰੁਪਏ ਜੇਬ 'ਚ ਪਾਉਂਦਿਆਂ ਲਹਿੰਬਰ ਨੂੰ ਤਾਕੀਦ ਕਰ ਦਿੱਤੀ ਕਿ ਉਹ ਸਮੇਂ ਨਾਲ ਆਪਣੇ ਡਿਊਟੀ 'ਤੇ ਪਹੁੰਚ ਜਾਵੇ, ਅਫ਼ਸਰ ਲੋਕ ਰਾਤ ਨੂੰ ਚੈਕ ਕਰਨ ਆਉਂਦੇ ਹਨ, ਉਥੇ ਨਾ ਪਹੁੰਚਣ ਦਾ ਅੰਜਾਮ ਸੋਚ ਲਵੇ।

ਥੱਕਿਆ-ਟੁਟਿਆ ਲਹਿੰਬਰ ਘਰ ਪਹੁੰਚਿਆ ਤੇ ਨੋਹਰੀਏ ਦੀ ਦੁਕਾਨ ਤੋਂ ਉਧਾਰ ਰਾਸ਼ਨ ਫੜ੍ਹ ਕੇ ਲਿਆਇਆ। ਥੱਕਿਆ ਹੋਣ ਕਰ ਕੇ ਉਸ ਦਾ ਮਨ ਪਹਿਰੇ 'ਤੇ ਜਾਣ ਨੂੰ ਨਹੀਂ ਕਰ ਰਿਹਾ ਸੀ ਪਰ ਫਿਰ ਵੀ ਚੌਕੀਦਾਰ ਦੀ ਕੀਤੀ ਤਾਕੀਦ ਦੇ ਡਰਦੇ ਉਹ ਹੱਥ ਸੋਟਾ ਲੈ ਕੇ ਪਹਿਰੇ 'ਤੇ ਪਹੁੰਚ ਹੀ ਗਿਆ। ਹੁਣ ਪਹਿਰੇ 'ਤੇ ਬੈਠਾ ਲਹਿੰਬਰ ਸੋਚ ਰਿਹਾ ਸੀ ਕਿ ਉਹ ਪਹਿਰਾ ਦੇ ਕੇ ਰਾਖੀ ਉਨ੍ਹਾਂ ਆਪਣੇ ਘਰ ਪਏ ਖਾਲੀ ਡਰੰਮਾਂ ਦੀ ਕਰ ਰਿਹਾ ਹੈ ਜਾਂ ਭੁੱਖੇ ਪਏ ਬੱਚਿਆਂ ਦੀ? ਜਾਂ ਫਿਰ ਉਨ੍ਹਾਂ ਜੈਲਦਾਰਾਂ ਤੇ ਉਨ੍ਹਾਂ ਦੇ ਧਨ ਦੀ ਜੋ ਸੌ ਰੁਪਿਆ ਚੌਕੀਦਾਰ ਨੂੰ ਦੇ ਕੇ ਸੁੱਖ ਦੀ ਨੀਂਦ ਸੌਂ ਰਹੇ ਹਨ।

***-ਸਤਵਿੰਦਰ ਥਾਂਦੀ ਦੌਲਤਪੁਰੀ***

### ਸਮੈਕ!

ਜਰਨੈਲ ਦੇ ਮੁੰਡੇ ਗ਼ੇਲੀ ਨੂੰ ਪੁਲਿਸ ਨੇ ਕੱਲ੍ਹ ਦਾ ਥਾਣੇ ਬਿਠਾਇਆ ਹੋਇਆ ਸੀ। ਇੱਕ ਵਾਰ ਫ਼ੇਰ ਉਹ ਸਮੈਕ ਪੀਂਦਾ ਫੜਿਆ ਗਿਆ ਸੀ।

ਮੁੰਡੇ ਦੀਆਂ ਕਰਤੂਤਾਂ ਤੋਂ ਅੱਕਿਆ ਜਰਨੈਲ ਉਹਦੇ ਪਿੱਛੇ ਨਹੀਂ ਸੀ ਜਾਣਾ ਚਾਹੁੰਦਾ, ਪਰ ਪਤਨੀ ਦੇ ਵਾਰ-ਵਾਰ ਕਹਿਣ 'ਤੇ ਉਸ ਨੇ ਇੱਕ ਵਾਰ ਫ਼ੇਰ ਜਲਾਲਤ ਦਾ ਘੁੱਟ ਭਰਨ ਦਾ ਮਨ ਬਣਾ ਲਿਆ।

ਜਰਨੈਲ ਸਰਪੰਚ ਦੇ ਘਰ ਨੂੰ ਤੁਰ ਪਿਆ। ਗ਼ਹਿਰੀਆਂ ਸੋਚਾਂ ਦਾ ਸਮੁੰਦਰ ਤਰ ਕੇ ਜਰਨੈਲ ਸਰਪੰਚ ਦੀ ਬੈਠਕ ਅੱਗੇ ਜਾ ਖੜ੍ਹੋਤਾ ਤੇ ਆਵਾਜ਼ਾਂ ਮਾਰਨ ਲੱਗਾ। ਵਾਹਵਾ ਦੇਰ ਜਦੋਂ ਕਿਸੇ ਨੇ ਆਵਾਜ਼ ਨਾ ਦਿੱਤੀ ਤਾਂ ਜਰਨੈਲ ਬੂਹੇ ਵਿਚਲੀ ਝੀਤ ਥਾਣੀ ਅੰਦਰ ਝਾਕਿਆ। ਅੰਦਰਲਾ ਦ੍ਰਿਸ਼ ਵੇਖ ਕੇ ਉਸ ਦੇ ਬੁੱਲ੍ਹ ਖ਼ੁਸ਼ਕ ਮਾਰੂਥਲ ਹੋ ਗਏ। ਅੰਦਰ ਸਰਪੰਚ ਪਿੰਡ ਦੇ ਦੋ ਮੁੰਡਿਆਂ ਨਾਲ ਦੂਹੋ-ਦੂਹ ਸਮੈਕ ਖ਼ਿੱਚ ਰਿਹਾ ਸੀ।

***-ਮਿੰਟੂ ਗੁਰੂਸਰੀਆ***
***ਫੋਨ: 91-95921-56307***

### ਤਾਸ਼ ਦੇ ਪੱਤੇ

ਅੱਜ ਫਿਰ ਉਸ ਨੇ ਮੇਰੇ ਕੋਲੋਂ ਸੌ ਰੁਪਇਆ ਮੰਗਿਆ ਸੀ ਪਰ ਮੈਂ ਉਸ ਨੂੰ ਪੈਸੇ ਦੇਣੇ ਨਹੀਂ ਸਾਂ ਚਾਹੁੰਦਾ ਕਿਉਂਕਿ ਅੱਜ ਤੱਕ ਉਸ ਨੇ ਨਾ ਤਾਂ ਉਧਾਰ ਲਏ ਪੈਸੇ ਵਾਪਸ ਕੀਤੇ ਸਨ ਤੇ ਨਾ ਹੀ ਕਦੇ ਕੋਈ ਚੱਜ ਦਾ ਕੰਮ ਕੀਤਾ ਸੀ।

ਅੱਜ ਫਿਰ ਜਦੋਂ ਉਸ ਨੇ ਪੈਸੇ ਮੰਗੇ ਤਾਂ ਉਸ ਦੀ ਆਵਾਜ਼ ਵਿਚ ਇਕ ਤਰਲਾ ਸੀ, ਚਿਹਰੇ 'ਤੇ ਘੋਰ ਉਦਾਸੀ ਸੀ ਤੇ ਅੱਖਾਂ ਵਿਚ ਹੰਝੂਆਂ ਦਾ ਹੜ੍ਹ ਸੀ।

ਉਸ ਦੀ ਹਾਲਤ ਤੋਂ ਜਾਪਦਾ ਸੀ ਕਿ ਵਾਕਿਆ ਹੀ ਉਸ ਦੀ ਮਾਂ ਬਿਮਾਰ ਹੋਵੇਗੀ ਤੇ ਉਸ ਨੂੰ ਦਵਾਈ ਲਈ ਪੈਸੇ ਚਾਹੀਦੇ ਹੋਣਗੇ।

ਹਮਦਰਦੀ ਪ੍ਰਗਟ ਕਰਦਿਆਂ ਮੈਂ ਉਸ ਨੂੰ ਪੈਸੇ ਦੇ ਦਿੱਤੇ ਪਰ ਅਗਲੇ ਹੀ ਪਲ ਮੈਂ ਦੇਖਿਆ ਕਿ ਉਹ ਮੁੰਡਿਆਂ ਦੀ ਢਾਣੀ 'ਚ ਬੈਠਾ ਤਾਸ਼ ਦੇ ਪੱਤੇ ਖੇਡ ਰਿਹਾ ਸੀ।

***-ਭਜਨ ਕਮਲ ਵਿੱਜ***
***ਕਪੂਰਥਲਾ***

# ਜਿਹੜੇ ਸਮਾਂ ਸਿਆਣਨ ਨਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਬਾਈ ਜੀ! ਮੈਨੂੰ ਦੱਸੋ, ਮੇਰਾ ਕਸੂਰ ਕੀ ਐ? ਮੈਂ ਆਪਣੇ ਬਚਪਨ ਦੇ ਯਾਰ ਲਈ ਕੀ ਨਹੀਂ ਕੀਤਾ?" ਉਹ ਹਉਕੇ ਲੈ ਰਿਹਾ ਸੀ।

"ਬਾਈ ਜੀ! ਤੁਸੀਂ ਕੌਣ ਹੋ ਤੇ ਕਿਥੋਂ ਬੋਲ ਰਹੇ ਹੋ?" ਮੈਂ ਗੱਲ ਧਿਆਨ ਨਾਲ ਸੁਣਦਿਆਂ ਪੁੱਛਿਆ ਸੀ।

"ਮੇਰਾ ਨਾਮ ਕੁਲਵੀਰ ਸਿੰਘ ਹੈ ਤੇ ਮੈਂ ਵਰਜੀਨੀਆ ਤੋਂ ਬੋਲ ਰਿਹਾਂ। ਮੈਂ ਵੀ ਤੁਹਾਡੇ ਜ਼ਿਲ੍ਹੇ ਤੋਂ ਹਾਂ। ਜਿਸ ਯਾਰ, ਪਾਲ ਦੀ ਗੱਲ ਕਰ ਰਿਹਾਂ, ਉਹ ਮੇਰਾ ਜਮਾਤੀ ਵੀ ਰਿਹਾ ਤੇ ਮਾਸੀ ਦਾ ਪੁੱਤ ਵੀ ਹੈ। ਮੇਰੇ ਪਿੰਡ ਹੀ ਮੇਰੀ ਮਾਂ ਨੇ ਆਪਣੀ ਛੋਟੀ ਭੈਣ ਦਾ ਰਿਸ਼ਤਾ ਲਿਆਂਦਾ ਸੀ। ਅਸੀਂ ਗੁਆਂਢੀ ਤਾਂ ਨਹੀਂ ਸੀ, ਪਰ ਖੇਤੀਂ ਵੱਟ ਨਾਲ ਵੱਟ ਲੱਗਦੀ ਸੀ। ਬਚਪਨ ਦੀਆਂ ਖੇਡਾਂ ਬੇਸ਼ੱਕ ਅਸੀਂ ਇਕੋ ਗਲੀ ਵਿਚ ਨਹੀਂ ਖੇਡੇ, ਪਰ ਐਤਵਾਰੀਂ ਦੋਵੇਂ ਖੇਤਾਂ ਵਿਚ ਖੂਬ ਖੇਡਦੇ। ਸਾਡਾ ਘਰ ਚੜ੍ਹਦੇ ਪਾਸੇ ਸੀ ਤੇ ਉਸ ਦਾ ਛਿਪਦੇ ਪਾਸੇ। ਜਦੋਂ ਮਾਂ-ਬਾਪ ਨੇ ਪਾਲ ਦੇ ਬਾਪ ਨੂੰ ਰਿਸ਼ਤਾ ਕਰਵਾਇਆ ਸੀ ਤਾਂ ਸਾਰਾ ਪਿੰਡ ਕਹਿੰਦਾ ਸੀ ਕਿ ਇਨ੍ਹਾਂ ਨੂੰ ਪਿੰਡ ਵਿਚ ਕੋਈ ਹੋਰ ਮੁੰਡਾ ਲੱਭਿਆ ਨਹੀਂ, ਜਾ ਕੇ ਛੱਪੜ ਦੇ ਕੰਢੇ ਮੁੰਡਾ ਲੱਭ ਲਿਆ, ਪਰ ਯਾਰੀ ਦੂਰੀਆਂ ਨਹੀਂ ਦੇਖਦੀ। ਸਾਡਾ ਪਰਿਵਾਰ ਮਿਹਨਤੀ ਸੀ, ਪਰ ਖਰਚੀਲਾ ਵੀ ਸੀ। ਪਾਲ ਦਾ ਪਰਿਵਾਰ ਲੱਸੀ ਦੀ ਇਕ ਸਿੱਪੀ ਵੀ ਨਹੀਂ ਸੀ ਸੁੱਟਦਾ- ਮਿਹਨਤੀ ਤੇ ਕੰਜੂਸ ਸੀ। ਅਸੀਂ ਸਕੂਲੇ ਇਕੱਠੇ ਹੁੰਦੇ, ਪਾਲ ਮੇਰੀ ਹਰ ਚੀਜ਼ ਵਰਤ ਲੈਂਦਾ। ਮਾਂ ਨੇ ਕਿਹਾ ਹੋਇਆ ਸੀ ਕਿ ਪਾਲ ਨੂੰ ਜਵਾਬ ਨਹੀਂ ਦੇਣਾ।

ਛੁੱਟੀਆਂ ਵੀ ਅਸੀਂ ਦੋਵੇਂ ਨਾਨਕੀਂ ਇਕੱਠੀਆਂ ਕੱਟ ਕੇ ਆਉਂਦੇ। ਇਕ ਤਾਂ ਮਾਮੀ ਦੇ ਕੋਈ ਜਵਾਕ ਨਹੀਂ ਸੀ, ਦੂਜਾ ਉਨ੍ਹਾਂ ਕੋਲ ਟੈਲੀਵਿਜ਼ਨ ਸੀ। ਮਾਂ ਸਾਨੂੰ ਮਸਾਂ ਨਾਨਕਿਓਂ ਵਾਪਸ ਲਿਆਉਂਦੀ। ਪਾਲ ਹੋਰੀਂ ਦੋ ਭਰਾ ਸਨ ਤੇ ਅਸੀਂ ਵੀ। ਮੇਰਾ ਭਰਾ ਮੇਰੇ ਨਾਲੋਂ ਵੱਡਾ ਸੀ। ਸਾਡੇ ਦੋਵਾਂ ਦੇ ਬਾਪ ਖੂਬ ਮਿਹਨਤ ਕਰਦੇ। ਮੇਰਾ ਦਾਦਾ ਪੂਰਾ ਸ਼ੌਕੀਨ ਸੀ। ਦੋ ਵਾਰ ਪਿੰਡ ਦਾ ਸਰਪੰਚ ਵੀ ਰਿਹਾ। ਸੱਚੇ ਬੰਦੇ ਲਈ ਜਾਨ ਵਾਰਨ ਤੱਕ ਜਾਂਦਾ ਤੇ ਝੂਠੇ ਦੀ ਜਾਨ ਲੈਣ ਤੱਕ ਜਾਂਦਾ। ਇਕ ਵਾਰ ਉਹ ਸੱਚ 'ਤੇ ਪਹਿਰਾ ਦਿੰਦਾ ਕਤਲ ਕੇਸ ਵਿਚ ਅੰਦਰ ਹੋ ਗਿਆ। ਦਾਦੇ ਦੇ ਕੇਸ ਨੇ ਸਾਨੂੰ ਆਰਥਿਕ ਤੌਰ 'ਤੇ ਤੋੜ ਦਿੱਤਾ। ਦਾਦੇ ਨੂੰ ਚੌਦਾਂ ਸਾਲ ਦੀ ਸਜ਼ਾ ਹੋ ਗਈ, ਪਰ ਮੇਰਾ ਬਾਪ ਅਡੋਲ ਰਿਹਾ। ਮਿਹਨਤ ਨਾਲ ਫਿਰ ਬਰਾਬਰ ਹੋ ਗਿਆ। ਅਸੀਂ ਦੋਵੇਂ ਭਰਾ ਵੀ ਹੁਣ ਖੇਤੀ ਦਾ ਕੰਮ ਕਰਵਾਉਣ ਲੱਗੇ। ਅਸੀਂ ਹੋਰ ਜ਼ਮੀਨ ਮਾਮਲੇ 'ਤੇ ਲੈ ਕੇ ਵਾਹੁਣ ਲੱਗੇ, ਫਿਰ ਜੀਟਰ ਟਰੈਕਟਰ ਲੈ ਲਿਆ। ਮੈਂ ਦਸਵੀਂ ਕਰ ਕੇ ਹਟ ਗਿਆ। ਪਾਲ ਵੀ ਅੱਗੇ ਨਾ ਪੜ੍ਹਿਆ। ਇਕ ਵਾਰ ਲੁਧਿਆਣੇ ਉਚੇ ਪੁਲ ਕੋਲ ਫੌਜੀ ਭਰਤੀ ਦੇਖਣ ਚਲੇ ਗਏ। ਮੈਂ ਭਰਤੀ ਹੋ ਗਿਆ ਤੇ ਪਾਲ ਰਹਿ ਗਿਆ। ਮਾਂ ਤੇ ਮਾਸੀ ਕਹਿੰਦੀਆਂ, ਪਾਲ ਨੂੰ ਵੀ ਨਾਲ ਲਿਜਾ, ਨਹੀਂ ਤਾਂ ਤੂੰ ਵੀ ਨਾ ਜਾਈਂ। ਮੈਂ ਪਾਲ ਖਾਤਰ ਭਰਤੀ ਛੱਡ ਦਿੱਤੀ।

ਫਿਰ ਅਸੀਂ ਦੋਵਾਂ ਲੁਧਿਆਣੇ ਪੁਲਿਸ ਦੀ ਭਰਤੀ ਦੇਖੀ। ਮੈਂ ਫਿਰ ਫਿੱਟ, ਤੇ ਪਾਲ ਫਿਰ ਰਹਿ ਗਿਆ। ਉਸ ਲਈ ਫਿਰ ਪੁਲਿਸ ਦੀ ਨੌਕਰੀ ਛੱਡ ਦਿੱਤੀ। ਇਸ ਤੋਂ ਬਾਅਦ ਬਹੁਤ ਭਰਤੀਆਂ ਦੇਖੀਆਂ, ਪਰ ਪਾਲ ਭਰਤੀ ਨਾ ਹੋ ਸਕਿਆ। ਆਖਰ ਦੋਵੇਂ ਖੇਤੀ ਕਰਨ ਲੱਗ ਪਏ। ਮੈਂ ਆਪਣੇ ਟਰੈਕਟਰ ਨਾਲ ਉਨ੍ਹਾਂ ਦੀ ਜ਼ਮੀਨ ਵੀ ਵਾਹ-ਬੀਜ ਦਿੰਦਾ। ਸਮਾਂ ਲੰਘਿਆ, ਦਾਦਾ ਜੀ ਵੀ ਸਜਾ ਕੱਟ ਕੇ ਆ ਗਏ। ਪਿੰਡ ਵਾਲੇ ਕਹਿੰਦੇ, ਸਰਬਸੰਮਤੀ ਨਾਲ ਸਰਪੰਚ ਬਣਾਉਣੈ, ਪਰ ਦਾਦਾ ਜੀ ਕਹਿੰਦੇ, ਭਾਈ ਹੁਣ ਮੈਥੋਂ ਦੁਬਾਰਾ ਚੌਦਾਂ ਸਾਲ ਦੀ ਸਜਾ ਨਹੀਂ ਕੱਟ ਹੋਣੀ। ਦਾਦੇ ਦੀ ਗੱਲ ਸੁਣ ਕੇ ਸਾਰੇ ਹੱਸ ਪਏ। ਉਂਜ, ਉਹ ਅਜੇ ਵੀ ਕਈ ਝਗੜਿਆਂ ਦੀ ਉਲਝੀ ਤਾਣੀ ਸੁਲਝਾ ਦਿੰਦਾ ਸੀ।

ਦਾਦੇ ਦੀਆਂ ਚੰਗਿਆਈਆਂ ਨੂੰ ਫਲ ਲੱਗੇ। ਵੱਡੇ ਭਰਾ ਸੁਰਜੀਤ ਨੂੰ ਕੈਨੇਡਾ ਵਾਲਾ ਰਿਸ਼ਤਾ ਹੋ ਗਿਆ। ਸਾਰੇ ਕਹਿਣ, 'ਲੈ ਬਈ! ਇਹ ਘਰ ਵੀ ਉਜੜਿਆ ਸਮਝੋ।'

'ਉਹ ਕਿਵੇਂ ਜੀ?' ਇਕ ਨੇ ਪੁੱਛਿਆ।

'ਪਹਿਲਾਂ ਸੁਰਜੀਤ ਕੈਨੇਡਾ ਜਾਊ, ਫਿਰ ਬੇਬੇ ਬਾਪੂ ਮੰਗਾਊ ਤੇ ਸਾਲੀ ਦਾ ਵਿਆਹ ਕੁਲਵੀਰ ਨਾਲ ਕਰ ਦੇਊ, ਤੇ ਸਾਰਾ ਟੱਬਰ ਕੈਨੇਡਾ ਵੜ ਜਾਊ। ਸਾਬਕਾ ਸਰਪੰਚ ਧੁਰ ਦੀ ਟਿਕਟ ਲੈ ਲਊ। ਘਰ ਕਬੂਤਰਾਂ ਦਾ ਆਲ੍ਹਣਾ ਬਣ ਜਾਊ। ਇਸ ਤਰ੍ਹਾਂ ਬਹੁਤਿਆਂ ਪਰਿਵਾਰਾਂ ਨਾਲ ਹੋਈ ਐ।'

ਸੁਰਜੀਤ ਕੈਨੇਡਾ ਚਲਿਆ ਗਿਆ। ਮੈਂ ਸੁਰਜੀਤ ਦੀ ਸਾਲੀ ਨਾਲ ਵਿਆਹ ਕਰਵਾ ਲੈਂਦਾ, ਪਰ ਯਾਰ ਪਾਲ ਖਾਤਰ ਅਸੀਂ ਮਨੀਲਾ ਚਲੇ ਗਏ। ਉਥੇ ਦਾਰੂ ਤੇ ਕੁੜੀਆਂ ਆਮ ਨੇ। ਉਥੋਂ ਦੇ ਲੋਕ ਕੁੜੀ ਜੰਮੀ 'ਤੇ ਖੁਸ਼ ਹੁੰਦੇ ਨੇ ਤੇ ਮੁੰਡੇ ਜੰਮੇ ਤੋਂ ਮੂੰਹ ਲਟਕਾਉਂਦੇ ਨੇ। ਸ਼ਰਾਬ ਤੇ ਸ਼ਬਾਬ ਨੇ ਪਾਲ ਨੂੰ ਦਬੋਚ ਲਿਆ। ਮੈਂ ਤਿੰਨ ਸਾਲਾਂ ਵਿਚ ਚੰਗੀ ਮਿਹਨਤ ਕਰ ਕੇ ਪੈਸਾ ਕਮਾ ਲਿਆ। ਪਾਲ ਇਕ ਫਿਲਪੀਨੀ ਕੁੜੀ ਛੱਡਦਾ, ਦੂਜੀ ਫੜ ਲੈਂਦਾ। ਹੌਲੀ-ਹੌਲੀ ਸਾਡੇ ਵਿਚਕਾਰ ਦੂਰੀ ਵਧਣ ਲੱਗੀ। ਮੈਂ ਅਮਰੀਕਾ ਤੋਂ ਗਈ ਇਕ ਫਿਲਪੀਨੀ ਕੁੜੀ ਨਾਲ ਯਾਰੀ ਗੰਢ ਲਈ।

ਪਾਲ ਦੇ ਹਾਲਾਤ ਮੈਂ ਨਾਲੋ-ਨਾਲ ਮਾਸੀ ਨੂੰ ਦੱਸਦਾ ਰਿਹਾ ਸੀ। ਪਾਲ ਸੁਧਰਿਆ ਨਾ। ਫਿਰ ਮੈਂ ਉਸ ਨੂੰ ਮਿਲ ਕੇ, ਸਭ ਕੁਝ ਦੱਸ ਕੇ ਅਮਰੀਕਾ ਆ ਗਿਆ। ਸਾਡੀ ਦੋਵਾਂ ਦੀ ਵਿਆਹ ਵਾਲੀ ਉਮਰ ਲੰਘਦੀ ਜਾਂਦੀ ਸੀ। ਮੈਂ ਪੱਕਾ ਹੋ ਗਿਆ ਤੇ ਫਿਲਪੀਨੀ ਕੁੜੀ ਆਪੇ ਛੱਡ ਕੇ ਚਲੀ ਗਈ, ਜਾਂ ਸਮਝੋ ਮੈਨੂੰ ਹੁਣ ਉਸ ਦੀ ਲੋੜ ਨਹੀਂ ਸੀ। ਮੇਰਾ ਪੱਕੇ ਹੋਣ ਦਾ ਮਤਲਬ ਨਿਕਲ ਆਇਆ ਸੀ।

ਮੈਂ ਪਿੰਡ ਗਿਆ, ਰਿਸ਼ਤੇ ਵਾਲਿਆਂ ਨੇ ਦਰ ਨੀਵਾਂ ਕਰ ਦਿੱਤਾ। ਪਾਲ ਵੀ ਮਨੀਲਾ ਤੋਂ ਮੁੜ ਗਿਆ, ਨਾਲ ਹੀ ਸ਼ਰਾਬ ਦੀ ਆਦਤ ਲੈ ਗਿਆ। ਸ਼ਰਾਬੀ ਨੂੰ ਕੌਣ ਧੀ ਦਿੰਦਾ ਹੈ? ਮੈਂ ਕਿਹਾ, ਸ਼ਰਾਬ ਛੱਡ ਕੇ ਵਿਆਹ ਕਰਵਾ ਲੈ, ਕਿਸੇ ਢੰਗ-ਤਰੀਕੇ ਅਮਰੀਕਾ ਸੱਦ ਲਊਂਗਾ, ਪਰ ਉਹ ਮਾਂਹਾਂ ਦੇ ਆਟੇ ਵਾਂਗ ਆਕੜਿਆ ਰਹਿੰਦਾ। ਮੈਂ ਵਧੀਆ ਘਰ ਵਿਆਹ ਕਰਵਾ ਲਿਆ। ਸੁਰਜੀਤ ਕੈਨੇਡਾ ਤੇ ਮੈਂ ਅਮਰੀਕਾ ਸੈੱਟ ਹੋ ਗਿਆ। ਮਾਸੀ ਦੇ ਦੋਵੇਂ ਪੁੱਤ ਉਥੇ ਹੀ ਤੁਰੇ ਫਿਰਦੇ ਸਨ। ਵੱਡਾ ਤਾਂ ਵਿਆਹ ਲਿਆ ਸੀ, ਪਰ ਪਾਲ ਵਾਲੀ ਸ਼ਾਇਦ ਅਜੇ ਦਹੀਂ ਨਾਲ ਟੁੱਕ ਖਾਂਦੀ ਸੀ!

ਜਿਸ ਘਰ ਸ਼ਰਾਬੀ ਹੋਵੇ, ਉਸ ਘਰ ਲੜਾਈ ਬਿਨ ਬੁਲਾਇਆਂ ਆ ਜਾਂਦੀ ਹੈ। ਪਾਲ ਦੇ ਘਰ ਵੀ ਡਾਂਗ-ਸੋਟਾ ਚੱਲਣ ਲੱਗਾ। ਉਸ ਦਾ ਵੱਡਾ ਭਰਾ ਆਪਣੀ ਤੀਵੀਂ ਲੈ ਕੇ ਅੱਡ ਹੋ ਗਿਆ। ਮੈਂ ਫਿਰ ਸਾਲ ਛਿਮਾਹੀ ਮਾਸੀ ਨੂੰ ਪੈਸੇ ਭੇਜ ਦਿੰਦਾ। ਪਾਲ ਜਿਸ ਤੋਂ ਪੈਸੇ ਉਧਾਰੇ ਫੜ ਲੈਂਦਾ, ਮੋੜਨ ਵੇਲੇ ਲੜ ਪੈਂਦਾ। ਮਾਸੀ ਉਸ ਨੂੰ ਕਈ ਭੂਤਾਂ-ਪਰੇਤਾਂ ਵਾਲਿਆਂ ਕੋਲ ਲੈ ਕੇ ਗਈ, ਪਰ ਗੱਲ ਨਾ ਬਣੀ। ਸਾਧਾਂ ਦੇ ਡੇਰੇ ਤੇ ਗੁਰਦੁਆਰੇ ਲੈ ਕੇ ਗਈ, ਪਰ ਸ਼ਰਾਬ ਨਾ ਛੱਡ ਹੋਈ। ਮਾਸੀ ਨਾਲ ਮਾਂ ਵੀ ਚਿੰਤਾ ਵਿਚ ਡੁੱਬੀ ਰਹਿੰਦੀ।

ਸੁਰਜੀਤ ਨੇ ਮਾਂ ਬਾਪ ਦੇ ਪੇਪਰ ਭਰੇ, ਪਰ ਉਹ ਕੈਨੇਡਾ ਨਾ ਗਏ। ਮੇਰੀ ਘਰ ਵਾਲੀ ਵੀ ਇਥੇ ਆ ਗਈ। ਫਿਰ ਮੈਂ ਕੋਈ ਏਜੰਟ ਲੱਭ ਕੇ ਤਿੰਨ ਲੱਖ ਰੁਪਏ ਦਿੱਤੇ ਤੇ ਪਾਲ ਨੂੰ ਇੰਗਲੈਂਡ ਭੇਜ ਦਿੱਤਾ। ਮਾਸੀ ਖੁਸ਼ ਹੋ ਗਈ, ਮੈਨੂੰ ਵੀ ਤਸੱਲੀ ਹੋ ਗਈ। ਪਾਲ ਛੇ ਮਹੀਨੇ ਤਾਂ ਵਧੀਆ ਰਿਹਾ, ਫਿਰ ਬਦਮਾਸ਼ੀ ਕਰਨ ਲੱਗ ਪਿਆ। ਕੰਮ 'ਤੇ ਕਿਸੇ ਨਾਲ ਲੜ ਪਿਆ ਤੇ ਉਸ ਦੇ ਰਾਡ ਮਾਰੀ। ਪੁਲਿਸ ਨੇ ਫੜ ਕੇ ਇਮੀਗ੍ਰੇਸ਼ਨ ਵਾਲਿਆਂ ਨੂੰ ਦੇ ਦਿੱਤਾ, ਉਨ੍ਹਾਂ ਸਿੱਧਾ ਇੰਡੀਆ ਚਾੜ੍ਹ ਦਿੱਤਾ। ਕੁਲਵੀਰ ਸਿਹੁੰ ਦਾ ਤਿੰਨ ਲੱਖ ਸਮਝੋ ਖੂਹ ਵਿਚ ਗਿਆ। ਮਾਸੀ ਨੇ ਤਾਂ ਅੱਕ ਕੇ ਆਖਰ ਕਹਿ ਦਿੱਤਾ, 'ਪਾਲ, ਮੈਂ ਤਾਂ ਕਹਿਨੀ ਆਂ ਤੇਰਾ ਮਰੇ ਦਾ ਸੁਨੇਹਾ ਆਵੇ।' ਇਹ ਗੱਲ ਸ਼ਾਇਦ ਪਾਲ ਦੇ ਦਿਲ ਨੂੰ ਲੱਗ ਗਈ। ਉਹ ਸੁਧਰਨ ਦੀ ਸਹੁੰ ਖਾ ਗਿਆ। ਮਾਸੀ ਨੇ ਮੈਨੂੰ ਫੋਨ ਕੀਤਾ ਕਿ ਪਾਲ ਨੂੰ ਦੋ ਮੱਝਾਂ ਲੈ ਦੇ, ਦੁੱਧ ਤੋਂ ਗੁਜ਼ਾਰਾ ਚੱਲੀ ਜਾਵੇਗਾ। ਮੈਂ ਘਰ ਵਾਲੀ ਤੋਂ ਚੋਰੀ ਲੱਖ ਰੁਪਿਆ ਭੇਜ ਦਿੱਤਾ। ਉਨ੍ਹਾਂ ਦੋ ਮੱਝਾਂ ਲੈ ਲਈਆਂ। ਜਿੰਨਾ ਚਿਰ ਮੱਝਾਂ ਨੇ ਦੁੱਧ ਦਿੱਤਾ, ਪਾਲ ਪੱਠੇ ਪਾਉਂਦਾ ਰਿਹਾ। ਜਦੋਂ ਮੱਝਾਂ ਤੋਕੜ ਹੋ ਗਈਆਂ ਤਾਂ ਡਾਂਗ ਨਾਲ ਕੁੱਟਣ ਲੱਗ ਪਿਆ। ਹਾਰ ਕੇ ਮਾਸੀ ਨੇ ਮੱਝਾਂ ਵੇਚ ਦਿੱਤੀਆਂ। ਪਾਲ ਦੀਆਂ ਕਰਤੂਤਾਂ ਨੇ ਮਾਸੀ ਨੂੰ ਸ਼ੂਗਰ ਦਾ ਮਰੀਜ਼ ਬਣਾ ਦਿੱਤਾ ਜਿਹੜੀ ਖੁਰਦੀ-ਖੁਰਦੀ ਆਖਰ ਮੁੱਕ ਗਈ। ਮਾਸੀ ਤੋਂ ਬਾਅਦ ਮਾਸੜ ਕਦੇ ਸਾਡੇ ਘਰ ਰੋਟੀ ਖਾ ਲੈਂਦਾ ਤੇ ਕਦੇ ਗੁਰਦੁਆਰੇ ਡੰਗ ਟਪਾ ਲੈਂਦਾ। ਮਾੜੀ ਔਲਾਦ ਨੇ ਸ਼ਰੀਂਹ ਵਰਗਾ ਬੰਦਾ ਕੁੱਬਾ ਕਰ ਦਿੱਤਾ ਸੀ। ਮੈਂ ਤੇ ਸੁਰਜੀਤ, ਮਾਸੜ ਨੂੰ ਪੈਸੇ ਭੇਜ ਦਿੰਦੇ ਸੀ।

ਜਦੋਂ ਮੇਰਾ ਦਾਦਾ ਸਵਰਗਵਾਸ ਹੋਇਆ, ਮੈਂ ਪਰਿਵਾਰ ਸਮੇਤ ਪਿੰਡ ਗਿਆ। ਲੋਕਾਂ ਨੇ ਦਾਦੇ ਦੀਆਂ ਗੱਲਾਂ ਘੱਟ, ਪਾਲ ਦੀ ਕਮੀਨਗੀ ਦੀਆਂ ਬਹੁਤੀਆਂ ਸੁਣਾਈਆਂ। ਉਹ ਹੁਣ ਨਿੱਕੀਆਂ-ਮੋਟੀਆਂ ਚੋਰੀਆਂ ਵੀ ਕਰਨ ਲੱਗ ਪਿਆ ਸੀ। ਮੈਂ ਕੋਲ ਬਿਠਾ ਕੇ ਬੜਾ ਸਮਝਾਇਆ, ਉਹ ਸੁਧਰਨ ਲਈ ਮੰਨ ਵੀ ਗਿਆ। ਮੈਂ ਵਾਅਦਾ ਕੀਤਾ ਕਿ ਕੋਈ ਕੰਮ-ਕਾਜ ਤੋਰ ਕੇ ਦੇਊਂਗਾ। ਮੈਂ ਪਿੰਡੋਂ ਵਾਪਸ ਆ ਗਿਆ। ਪਾਲ ਪਹਿਲਾਂ ਨਾਲੋਂ ਕੁਝ ਸੁਧਰ ਗਿਆ ਸੀ। ਮੈਂ ਫਿਰ ਘਰ ਵਾਲੀ ਨਾਲ ਸਲਾਹ ਕਰ ਕੇ ਪਾਲ ਨੂੰ ਚੱਲਦੀ ਟਾਟਾ ਸੂਮੋ ਲੈ ਦਿੱਤੀ। ਉਹ ਦਿੱਲੀ ਨੂੰ ਸਵਾਰੀਆਂ ਲਿਜਾਣ ਲੱਗ ਗਿਆ। ਅਕਸਰ ਮੈਨੂੰ ਫੋਨ ਕਰ ਕੇ ਸੌ ਦੋ ਸੌ ਡਾਲਰ ਭੇਜਣ ਲਈ ਕਹਿੰਦਾ, ਮੈਂ ਭੇਜਦਾ ਰਿਹਾ। ਆਪ ਮੈਂ ਟਰੱਕ 'ਤੇ ਹੁੰਦਾ, ਤਾਂ ਸੈਂਡਵਿਚ ਵੀ ਉਥੇ ਖਾਂਦਾ ਜਿਥੇ ਸਸਤਾ ਹੁੰਦਾ, ਪਰ ਪਾਲ ਨਿੱਤ ਅੰਗਰੇਜ਼ੀ ਪੀ ਕੇ ਰੋਟੀ ਖਾਂਦਾ। ਪੀ ਕੇ ਫੋਨ ਕਰਦਾ ਤੇ ਕਹਿੰਦਾ, 'ਮਸੇਰਾ ਤੂੰ ਮੇਰਾ ਕੁਝ ਨਹੀਂ ਕੀਤਾ, ਤੇ ਆਪ ਅਮਰੀਕਾ ਜਾ ਬੈਠਾ।' ਨਾਲ ਚਾਰ ਗਾਲ੍ਹਾਂ ਕੱਢ ਦਿੰਦਾ। ਮੈਨੂੰ ਅੱਜ ਤੱਕ ਸਮਝ ਨਹੀਂ ਆਈ ਕਿ ਮੈਂ ਕਿਸ ਵੇਲੇ ਉਸ ਤੋਂ ਪਾਸਾ ਵੱਟਿਆ ਹੈ। ਹੁਣ ਮੇਰੇ ਬੱਚੇ ਵੀ ਜਵਾਨ ਹੋਣ ਲੱਗ ਗਏ ਸਨ। ਘਰ ਵਾਲੀ ਕਹਿੰਦੀ, ਪਿੰਡ ਦਾ ਖਿਆਲ ਛੱਡੋ, ਬੱਚਿਆਂ ਦਾ ਖਿਆਲ ਕਰੋ।

ਦਾਦੇ ਤੋਂ ਬਾਅਦ ਦਾਦੀ ਵੀ ਚਲੀ ਗਈ। ਹੁਣ ਮਾਂ-ਬਾਪ ਇਕੱਲੇ ਪਿੰਡ ਰਹਿ ਗਏ। ਬਾਪ ਕਹਿੰਦਾ, ਮੈਂ ਆਪਣੇ ਪਿਉ ਦਾ ਬੂਹਾ ਬੰਦ ਕਰ ਕੇ ਕੈਨੇਡਾ ਅਮਰੀਕਾ ਨਹੀਂ ਜਾਣਾ। ਸਾਡੀ ਜ਼ਮੀਨ ਪਾਲ ਦਾ ਭਰਾ ਮਾਮਲੇ 'ਤੇ ਵਾਹੁਣ ਲੱਗ ਪਿਆ। ਥੋੜ੍ਹਾ ਸਮਾਂ ਲੰਘਿਆ, ਪਾਲ ਨੇ ਟਾਟਾ ਸੂਮੋ ਦਾ ਐਕਸੀਡੈਂਟ ਕਰ ਲਿਆ। ਪੈਸੇ ਭੇਜ ਕੇ ਠੀਕ ਕਰਵਾ ਕੇ ਦਿੱਤੀ। ਮਾਸੜ ਵਿਚਾਰਾ ਵੀ ਪਾਲ ਦੇ ਦੁੱਖਾਂ ਨਾਲ ਤੜਫਦਾ ਜਹਾਨੋਂ ਤੁਰ ਗਿਆ, ਪਰ ਪਾਲ ਨੂੰ ਕੋਈ ਫਰਕ ਨਾ ਪਿਆ। ਪਾਲ ਦੇ ਵੱਡੇ ਭਰਾ ਨੇ ਆਪਣੀ ਧੀ ਨੂੰ ਆਈਲੈੱਟਸ ਕਰਵਾ ਕੇ ਚੰਗੇ ਘਰ ਵਿਆਹ ਦਿੱਤਾ ਜੋ ਆਪਣੇ ਪਤੀ ਸਮੇਤ ਆਸਟਰੇਲੀਆ ਪੁੱਜ ਗਈ।

ਐਤਕੀਂ ਮੈਂ ਆਪਣੀ ਧੀ ਦਾ ਵਿਆਹ ਕਰਨ ਪਿੰਡ ਗਿਆ। ਪਾਲ ਨੂੰ ਬਚਪਨ ਵਾਂਗ ਨਾਲ ਰੱਖਣਾ ਚਾਹਿਆ ਤੇ ਹਰ ਗੱਲ ਵਿਚ ਰਾਇ ਲੈਣੀ ਚਾਹੀ, ਪਰ ਉਹ ਗੁੱਸੇ ਹੀ ਰਿਹਾ। ਪਤਾ ਨਹੀਂ ਮੈਂ ਕੀ ਉਸ ਦਾ ਬੁਰਾ ਕੀਤਾ ਸੀ! ਮੈਂ ਆਪਣੀ ਜ਼ਿੰਦਗੀ ਦੀ ਫਿਲਮ ਅੱਖਾਂ ਅੱਗੇ ਘੁਮਾਈ, ਮੈਨੂੰ ਇਕ ਦਿਨ ਵੀ ਅਜਿਹਾ ਨਾ ਦਿਸਿਆ ਜਦੋਂ ਪਾਲ ਤੋਂ ਪਾਸਾ ਵੱਟਿਆ ਹੋਵੇ। ਉਹ ਮੈਨੂੰ ਹਮੇਸ਼ਾ ਕਹਿੰਦਾ ਰਿਹਾ, 'ਤੂੰ ਪੈਸੇ ਦਾ ਪੁੱਤ ਐਂ, ਤੂੰ ਮੇਰਾ ਕੁਝ ਨਹੀਂ ਸੰਵਾਰਿਆ।' ਪਿੰਡੋਂ ਤੁਰਨ ਲੱਗਿਆ ਤਾਂ ਪਾਲ ਬੋਲਿਆ, 'ਕੁਲਵੀਰਿਆ, ਅੱਜ ਤੋਂ ਤੂੰ ਪਾਲ ਲਈ ਮਰ ਗਿਆ ਤੇ ਪਾਲ ਤੇਰੇ ਲਈ ਮਰਿਆ ਸਮਝੀਂ।' ਪਾਲ ਦੀ ਕਹੀ ਗੱਲ ਮੈਨੂੰ ਅੱਜ ਵੀ ਤੀਰ ਵਾਂਗ ਵੱਜਦੀ ਹੈ। ਮੈਂ ਇਹੀ ਪੁੱਛਦਾਂ ਕਿ ਮੇਰਾ ਕਸੂਰ ਕੀ ਹੈ?" ਇਹ ਕਹਿੰਦਾ ਉਹ ਫੋਨ ਕੱਟ ਗਿਆ।

---

# ਕੁੱਤੇ ਕਦੇ ਅਵਾਰਾ ਨਹੀਂ ਹੁੰਦੇ...

ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਦੇ ਬਾਹਰ ਕਿਤਾਬਾਂ ਵਰਗੇ ਬੰਦੇ ਮਿਲ ਜਾਂਦੇ ਆ ਤੇ ਬੰਦਿਆਂ ਵਰਗਾ ਡੱਬੂ। ਬੰਦਿਆਂ ਦੀ ਭਾਸ਼ਾ ਵਿਚ ਇਸ ਨੂੰ ਕੁੱਤਾ ਕਹਿੰਦੇ ਆ ਪਰ ਇਦ੍ਹੇ ਮਿੱਤਰਾਂ ਲਈ ਇਹ ਡੱਬੂ ਬਾਬਾ। ਫੇਸਬੁੱਕ ਉਪਰ ਇਕ ਪੇਜ ਵੀ ਬਣਿਆ ਹੋਇਆ- ਡੱਬੂ ਪੰਜਾਬੀ ਯੂਨੀਵਰਸਿਟੀ। ਡੱਬੂ ਦਾ ਸਭ ਤੋਂ ਪੱਕਾ ਮਿੱਤਰ ਭੂਗੋਲ ਦਾ ਸੇਵਾਮੁਕਤ ਪ੍ਰੋਫੈਸਰ ਡਾ. ਮੇਹਰ ਸਿੰਘ। ਵੈਸੇ ਇਦ੍ਹੇ ਦੋਸਤਾਂ ਵਿਚ ਅੱਜਕੱਲ੍ਹ ਪ੍ਰੋ. ਕੁਲਵੰਤ ਗਰੇਵਾਲ, ਪ੍ਰੋ. ਰਾਜਪਾਲ, ਰਾਮਪਾਲ, ਸਿਮਰਜੀਤ ਤੇ ਹੋਰ ਵੀ ਕਈ ਜਣੇ ਸ਼ਾਮਿਲ ਨੇ ਤੇ ਅਖੀਰ ਵਿਚ ਮੇਰਾ ਨਾਮ ਏ।

ਪ੍ਰੋ. ਕੁਲਵੰਤ ਗਰੇਵਾਲ ਅਕਸਰ ਡੱਬੂ ਨੂੰ ਜਦੋਂ ਕਿਸੇ ਨਾਲ ਮੋਹ ਕਰਦੇ ਦੇਖਦੇ ਹਨ ਤਾਂ ਕਹਿੰਦੇ



ਡਾ. ਪਰਮਜੀਤ ਸਿੰਘ ਕੱਟੂ
ਫੋਨ: 91-94631-24131

ਹਨ ਕਿ ਪੰਜਾਬੀ ਯੂਨੀਵਰਸਿਟੀ ਦੇ ਇਕ ਵਾਰ ਫੇਰ ਭਾਗ ਜਾਗ ਪਏ ਨੇ, ਬੰਦਿਆਂ ਨੂੰ ਜਾਨਵਰਾਂ ਨਾਲ ਪਿਆਰ ਹੋ ਰਿਹੈ, ਕਿੰਨਾ ਸਮਾਂ ਅਸੀਂ ਬੰਦਿਆਂ ਨੂੰ ਈ ਜਾਨਵਰ ਸਮਝਦਿਆਂ ਲੰਘਾ ਦਿੱਤੈ। ਜਿੰਨਾ ਚਿਰ ਅਸੀਂ ਕੁਦਰਤ ਨੂੰ ਜੀਵ-ਜੰਤੂਆਂ ਨੂੰ ਪਿਆਰ ਨਹੀਂ ਕਰਦੇ, ਅਸੀਂ ਬਚ ਨਹੀਂ ਸਕਦੇ।

ਡੱਬੂ ਆ ਕੇ ਡਾ. ਮੇਹਰ ਸਿੰਘ ਦੀ ਪੈਂਟ ਦਾ ਪੌਂਚਾ ਫੜ ਲੈਂਦਾ ਹੈ ਤੇ ਕੰਟੀਨ ਵੱਲ ਲੈ ਤੁਰਦਾ ਹੈ। ਡਾ. ਸਾਹਿਬ ਦੁੱਧ ਪਾ ਕੇ ਪਰਤਦੇ ਹਨ ਤੇ ਕਹਿੰਦੇ ਡੱਬੂ ਦੇ ਫੇਸਬੁੱਕ ਪੇਜ 'ਤੇ ਬਾਰ੍ਹਾਂ ਸੌ ਬੰਦੇ ਦਾ ਲਾਈਕ ਕੀਤਾ ਹੋਇਆ ਤੇ ਇਹ ਪੇਜ ਉਹਦਾ ਇਕ ਪਬਲਿਕ ਫਿਗਰ ਵਜੋਂ ਬਣਿਆ ਹੋਇਆ ਹੈ। ਏਨੇ ਨੂੰ ਸੜਕ ਤੋਂ ਇਕ ਤੇਜ਼ ਰਫਤਾਰ ਕਾਰ ਲੰਘੀ ਤੇ ਹੋਰ ਦੋ ਕੁੱਤੇ ਕਾਰ ਮਗਰ ਭੱਜੇ ਤੇ ਭੌਂਕਣ ਲੱਗੇ ਤਾਂ ਡਾ. ਮੇਹਰ ਸਿੰਘ ਕਹਿੰਦੇ ਕਿ ਕੁੱਤੇ ਪਤਾ ਕਾਰਾਂ ਮੋਟਰ-ਸਾਈਕਲਾਂ ਪਿੱਛੇ ਕਿਉਂ ਦੌੜਦੇ ਆ? ਇਨ੍ਹਾਂ ਆਪਣੇ ਬੱਚੇ ਇਨ੍ਹਾਂ ਹੇਠਾਂ ਆ ਕੇ ਮਰਦੇ ਦੇਖੇ ਆ। ਹੁਣ ਇਹ ਆਪਣਾ ਰੋਸ ਜ਼ਾਹਿਰ ਨਾ ਕਰਨ ਤਾਂ ਕੀ ਕਰਨ? ਕਮਾਲ ਦੀ ਗੱਲ ਆ ਕਿ ਇਨ੍ਹਾਂ ਹੀ ਕਾਰਾਂ ਵਿਚੋਂ ਉਤਰੇ ਬੰਦਿਆਂ ਨੂੰ ਕੁਝ ਨਹੀਂ ਕਹਿੰਦੇ, ਉਨ੍ਹਾਂ ਕੁੱਤਿਆਂ ਲਈ ਤੇਜ਼ ਰਫਤਾਰ ਕਾਰਾਂ ਕਾਤਲ ਹਨ।

ਬਸ ਫੇਰ ਡੱਬੂ ਦੇ ਪੁਰਖਿਆਂ ਦੀ ਕਥਾ ਸ਼ੁਰੂ ਹੋ ਗਈ। ਕਹਿੰਦੇ ਆਖਰੀ ਯਾਤਰਾ ਸਮੇਂ ਜਦੋਂ ਪੰਜੇ ਪਾਂਡਵ ਹਿਮਾਲਿਆ ਵੱਲ ਗਏ ਤਾਂ ਵਾਰੀ ਵਾਰੀ ਸਾਰੇ ਜਾਂ ਖਾਈ ਵਿਚ ਡਿਗ ਗਏ ਜਾਂ ਬਰਫ ਵਿਚ ਦਬ ਗਏ। ਯੁਧਿਸ਼ਟਰ ਤੇ ਉਸ ਦਾ ਕੁੱਤਾ ਹੀ ਸਵਰਗ ਤਕ ਜਾ ਸਕੇ। ਵਫਾਦਾਰੀ ਦੀ ਇਹ ਕਥਾ ਆਪਣੇ-ਆਪ ਵਿਚ ਵਿਸ਼ਾਲ ਅਰਥ ਰੱਖਦੀ ਹੈ।

ਕਹਿੰਦੇ ਕਿ ਗੂਗਲ ਬਾਬਾ ਦਸਦਾ ਬਈ ਇਹ ਪਾਲਤੂ ਬਣਾਏ ਜਾਣ ਵਾਲਾ ਪਹਿਲਾ ਜਾਨਵਰ ਹੋ ਸਕਦਾ ਹੈ ਅਤੇ ਮਨੁੱਖੀ ਇਤਿਹਾਸ 'ਚ ਸਭ ਤੋਂ ਵੱਧ ਪਾਲਣ, ਸ਼ਿਕਾਰ ਕਰਨ ਅਤੇ ਕੰਮ ਕਰਨ ਲਈ ਰੱਖਿਆ ਗਿਆ ਜਾਨਵਰ ਹੈ। ਪੁਰਾਤਨ ਸ਼ਿਕਾਰੀਆਂ ਅਤੇ ਭੋਜਨ ਇਕੱਤਰ ਕਰਨ ਵਾਲਿਆਂ ਲਈ ਬਹੁਮੁੱਲਾ ਹੋਣ ਕਰ ਕੇ ਕੁੱਤਾ ਸੰਸਾਰ ਭਰ ਦੇ ਸੱਭਿਆਚਾਰਾਂ 'ਚ ਬਹੁਤ ਤੇਜੀ ਨਾਲ ਪ੍ਰਸਿੱਧ ਹੋ ਗਿਆ। ਕੁੱਤੇ ਲੋਕਾਂ ਲਈ ਬਹੁਤ ਸਾਰੀਆਂ ਭੂਮਿਕਾਵਾਂ ਨਿਭਾਉਂਦੇ ਹਨ ਜਿਵੇਂ ਕਿ ਸ਼ਿਕਾਰ, ਇੱਜੜਾਂ ਦੀ ਰਾਖੀ, ਭਾਰ ਢੁਆਈ, ਸੁਰੱਖਿਆ, ਪੁਲਿਸ ਅਤੇ ਸੈਨਾ ਦੀ ਸਹਾਇਤਾ, ਜੋਟੀਦਾਰੀ ਅਤੇ ਹਾਲ 'ਚ ਹੀ ਅਪੰਗ ਲੋਕਾਂ ਦੀ ਸਹਾਇਤਾ। ਇਸੇ ਕਰਕੇ ਇਸ ਨੂੰ ਦੁਨੀਆਂ ਭਰ ਵਿਚ 'ਮਨੁੱਖ ਦਾ ਸਭ ਤੋਂ ਚੰਗਾ ਸਾਥੀ' ਕਿਹਾ ਜਾਂਦਾ ਹੈ।

ਗੁਰਬਾਣੀ ਵਿਚ ਆਉਂਦਾ ਹੈ, 'ਹਮ ਕੂਕਰ ਤੇਰੇ ਦਰਬਾਰ॥' ਆਪਣੇ ਆਪ ਨੂੰ ਕੂਕਰ ਦੇ



ਬਰਾਬਰ ਮੰਨਣਾ ਤਾਂ ਤਿੱਬਤੀਅਨ ਦਰਸ਼ਨ ਦਾ ਵੀ ਹਿੱਸਾ ਹੈ। ਤਿੱਬਤੀਅਨ ਦਰਸ਼ਨ ਵਿਚ ਚਾਲੀ ਵਰਗਾਂ ਦੇ ਸਵਾਲ ਪੁੱਛੇ ਜਾਂਦੇ ਹਨ ਜਿਨ੍ਹਾਂ ਦੇ ਦਿੱਤੇ ਗਏ ਜਵਾਬਾਂ ਦੇ ਆਧਾਰ 'ਤੇ ਮਨੁੱਖ ਦੀ ਸ਼ਖਸੀਅਤ ਦਾ ਪਤਾ ਚਲਦਾ ਹੈ। ਉਨ੍ਹਾਂ ਵਿਚੋਂ ਇੱਕ ਅਹਿਮ ਸਵਾਲ ਹੈ ਕਿ ਪੁੱਛਣ ਵਾਲਾ ਪੁੱਛਦਾ ਹੈ, ਕੁੱਤਾ ਕਹਿਣ 'ਤੇ ਸੁਣਨ ਵਾਲੇ ਦੇ ਮਨ ਵਿਚ ਕੀ ਭਾਵ ਉਪਜਦਾ ਹੈ? ਇਹ ਜੋ ਭਾਵ ਉਪਜਦਾ ਹੈ, ਅਸਲ ਵਿਚ ਦੱਸਣ ਵਾਲਾ ਆਪ ਹੁੰਦਾ ਹੈ। ਜੇ ਉਤਰ ਵਫਾਦਾਰ ਹੈ ਤਾਂ ਦੱਸਣ ਵਾਲੇ ਨੂੰ ਵੀ ਵਫਾਦਾਰ ਸਮਝਿਆ ਜਾਂਦਾ ਹੈ। ਮਤਲਬ ਬੰਦਾ ਤੇ ਕੁੱਤਾ ਇਕੋ।

ਡੱਬੂ ਬੈਠਾ ਆਪਣੇ ਪੁਰਖਿਆਂ ਦੀ ਕਥਾ ਸੁਣ ਰਿਹਾ ਹੈ। ਮੈਂ ਕਿਹਾ ਕਿ ਕਦੇ ਕਦਾਈਂ ਦੁਨੀਆਂ ਵਿਚ ਬਾਕੀ ਹਾਦਸਿਆਂ ਵਾਂਗ ਇਹ ਹਾਦਸਾ ਵੀ ਹੋ ਜਾਂਦਾ ਹੈ ਕਿ ਕੁੱਤਿਆਂ ਦੇ ਕੱਟਣ ਨਾਲ ਕਿਸੇ ਦੀ ਜਾਨ ਚਲੀ ਜਾਂਦੀ ਹੈ। ਮਨੁੱਖ ਦੀ ਜਾਨ ਜਾਣ ਦਾ ਅਫਸੋਸ ਹੋਣਾ ਚਾਹੀਦਾ ਹੈ ਪਰ ਕੁਝ ਸਿਆਣੇ ਹੋਣ ਦਾ ਐਲਾਨ ਕਰੀ ਬੈਠੇ ਲੋਕ ਕਹਿਣ ਲਗਦੇ ਨੇ ਕਿ ਅਵਾਰਾ ਕੁੱਤਿਆਂ ਨੂੰ ਮਾਰ ਦਿਓ। ਓ ਭਾਈ, ਇਹ ਵੀ ਤਾਂ ਨਸਲਘਾਤ ਹੈ। ਸਟੇਟ ਨੇ ਕੱਲ੍ਹ ਨੂੰ ਸਾਨੂੰ ਅਵਾਰਾ ਕਹਿ ਕੇ ਮਾਰ ਦੇਣਾ। ਕਿੰਨੇ ਵਾਰ ਹੋ ਵੀ ਚੁੱਕਾ ਹੈ ਇਤਿਹਾਸ ਵਿਚ।

ਪਿਛਲੇ ਸਾਲ ਸ਼ੋਸਲ ਮੀਡੀਆ ਲੂ 'ਤੇ ਇਕ ਫੋਟੋ ਖਬਰ ਸਮੇਤ ਬਹੁਤ ਫੈਲੀ, ਜਿਸ ਵਿਚ ਕੁਝ ਕੁੱਤੇ ਉਸ ਨਵਜੰਮੇ ਬੱਚੇ ਦੀ ਰਾਤ ਭਰ ਰਾਖੀ ਕਰਦੇ ਰਹੇ ਜਿਸ ਨੂੰ ਉਸ ਦੇ ਮਾਪੇ ਕੂੜੇ ਦੇ ਢੇਰ ਕੋਲ ਮਰਨ ਲਈ ਛੱਡ ਗਏ ਸਨ। ਕਹਿੰਦੇ ਨੇ, ਜਦੋਂ ਸਵੇਰੇ ਪੁਲਿਸ ਉਸ ਬੱਚੇ ਨੂੰ ਲੈ ਕੇ ਜਾ ਰਹੀ ਸੀ ਤਾਂ ਕੁੱਤੇ ਵੀ ਨਾਲ-ਨਾਲ ਜਾ ਰਹੇ ਸਨ। ਇਸ ਕਥਾ ਤੋਂ ਬਾਅਦ ਮੈਂ 'ਸਿਆਣਿਆਂ' ਨੂੰ ਕੋਈ ਸਵਾਲ ਨਹੀਂ ਪੁੱਛਣਾ। ਡਾ. ਮੇਹਰ ਸਿੰਘ ਕਹਿੰਦੇ ਕਿ ਇਨ੍ਹਾਂ ਸਿਆਣਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੁੱਤੇ ਕਦੇ ਵੀ ਅਵਾਰਾ ਨਹੀਂ ਹੁੰਦੇ, ਬੰਦੇ ਅਵਾਰਾ ਹੋਏ ਫਿਰਦੇ ਨੇ ਤੇ ਸਗੋਂ ਅਸੀਂ ਕੁੱਤਿਆਂ ਨੂੰ ਬੇਘਰ ਕਰ ਦਿੱਤਾ ਹੈ।

ਇਸ ਗੱਲ ਦੀ ਸਹਿਮਤੀ ਦਿੰਦਿਆਂ ਮੈਂ ਆਪਣੀ ਕਵਿਤਾ ਸੁਣਾਉਣ ਲੱਗਦਾ ਹਾਂ:

ਹੁਣੇ ਕੁੱਤਿਆਂ ਕੋਲੋਂ ਪਰਤਿਆਂ ਹਾਂ
ਉਥੇ ਲਹੂ ਲੁਹਾਣ ਹੋਈਆਂ
ਖਬਰਾਂ ਪਹੁੰਚੀਆਂ ਨੇ
ਕੁਝ ਅਵਾਰਾ ਬੰਦਿਆਂ ਨੇ
ਮਾਸੂਮ ਕੁੱਤਿਆਂ ਦਾ ਕਤਲ ਕਰ ਦਿੱਤਾ ਹੈ
ਉਹ ਮਾਤਾ ਧਰਤਿ ਮਹਤਿ ਨੂੰ
ਉਲਾਂਭਾ ਦੇ ਰਹੇ ਸਨ,
ਇਨ੍ਹਾਂ ਬੰਦਿਆਂ ਨੂੰ ਧਰਤੀ 'ਤੇ ਰਹਿਣ ਦਾ
ਠੇਕਾ ਕਿਸ ਨੇ ਦਿੱਤਾ ਹੈ?

# ਪਰਤਾਪੀ ਪੁਰਖ ਸੀ ਡਾ. ਐਮ. ਐਸ. ਰੰਧਾਵਾ

**ਬਰਸੀ 'ਤੇ ਵਿਸ਼ੇਸ਼**

ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ ਦੀ ਮਹਾਂਨਾਜ਼ ਹਸਤੀ ਸੀ। ਉਸ ਨੇ ਜਿਸ ਕੰਮ ਨੂੰ ਹੱਥ ਪਾਇਆ, ਕਾਮਯਾਬੀ ਨਾਲ ਸਿਰੇ ਲਾਇਆ। ਉਹ ਪ੍ਰਤਾਪੀ ਪੁਰਖਾਂ ਵਾਂਗ ਜੀਵਿਆ ਤੇ ਕਰਨੀ ਵਾਲੇ ਸੰਤਾਂ ਵਾਂਗ ਸੁਰਗਵਾਸ ਹੋਇਆ। ਬੱਸ ਤੁਰਦਾ ਫਿਰਦਾ, ਕੰਮ ਧੰਦੇ ਕਰਦਾ ਤੁਰ ਗਿਆ। ਕਦੇ ਵਿਹਲਾ ਨਹੀਂ ਸੀ ਵੇਖਿਆ, ਉਸ ਨੂੰ। ਇਕੋ ਜੂਨ 'ਚ ਉਹ ਕਈ ਜੂਨਾਂ ਜੀ ਗਿਆ। ਉਹ ਬਨਸਪਤੀ ਵਿਗਿਆਨੀ ਸੀ, ਕਲਾ ਪ੍ਰੇਮੀ, ਲੇਖਕ, ਖੋਜੀ, ਸੁੰਦਰਤਾ ਦਾ ਪੁਜਾਰੀ, ਬਾਗ਼ਬਾਨ ਤੇ ਸਫਲ ਪ੍ਰਸਾਸ਼ਕ ਸੀ। ਉਹ ਕਦੇ ਡਿਪਟੀ ਕਮਿਸ਼ਨਰ, ਕਦੇ ਖੇਤੀਬਾੜੀ ਦਾ ਕੇਂਦਰੀ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਸਕੱਤਰ, ਕਦੇ ਸ਼ਰਨਾਰਥੀਆਂ ਦਾ ਮੁੜ ਵਸਾਊ ਡਾਇਰੈਕਟਰ, ਕਦੇ ਪਿੰਡਾਂ ਦਾ ਵਿਕਾਸ ਕਮਿਸ਼ਨਰ, ਕਦੇ ਚੰਡੀਗੜ੍ਹ ਦਾ ਚੀਫ ਕਮਿਸ਼ਨਰ ਤੇ ਕਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਿਆ। ਉਹ ਥਿਰੀ ਇਨ ਵਨ ਨਹੀਂ, ਟੈਨ ਇਨ ਵਨ ਸੀ। ਕਾਸ਼ ਉਹ ਪੰਜਾਬ ਦੇ ਦਹਿਸ਼ਤੀ ਦੌਰ ਵੇਲੇ ਪੰਜਾਬ ਦਾ ਗਵਰਨਰ ਹੁੰਦਾ!

ਖਰੜ ਨੇੜੇ ਗਾਰਡਨ ਕਲੋਨੀ ਵਿਚ ਉਸ ਦਾ ਵਸੇਬਾ ਸੀ। 3 ਮਾਰਚ 1986 ਦੀ ਰਾਤ ਸੀ। ਰੰਧਾਵਾ ਸਾਹਿਬ ਦੀ ਪਤਨੀ ਸਰਦਾਰਨੀ ਇਕਬਾਲ ਕੌਰ ਦੱਸਦੀ ਹੈ, "ਅੰਤ ਅਚਾਨਕ ਹੀ ਆ ਗਿਆ। ਪੰਜ-ਸੱਤ ਦਿਨ ਤੋਂ ਥਕਾਵਟ ਮਹਿਸੂਸ ਕਰਦੇ ਸਨ। ਹਸਪਤਾਲ ਜਾ ਕੇ ਈ. ਸੀ. ਜੀ. ਵੀ ਕਰਵਾਇਆ। ਕੁਝ ਨਹੀਂ ਨਿਕਲਿਆ। ਅੰਤਲੀ ਰਾਤ ਜਦੋਂ ਮੈਨੂੰ ਜਗਾਇਆ ਤਾਂ ਪਸੀਨੇ ਨਾਲ ਭਿੱਜੇ ਪਏ ਸਨ। ਬਿਸਤਰਾ, ਨਾਈਟ ਸੂਟ, ਕੱਛਾ-ਬੁਨੈਣ, ਸਾਰੇ ਕਪੜੇ ਤਰੋ-ਤਰ। ਮੈਂ ਪੁੱਛਿਆ, ਕੋਈ ਤਕਲਿਫ ਹੈ ਤਾਂ ਮੂੰਹੋਂ ਦ...ਦ...ਦ ਹੀ ਨਿਕਲਿਆ। ਮੈਂ ਸੋਚਿਆ ਕਿ ਦੁੱਧ ਮੰਗਦੇ ਹਨ। ਮੈਂ ਸੋਚ ਹੀ ਰਹੀ ਸਾਂ ਕਿ ਢਹਿ ਪਏ। ਖਤਮ। 'ਦੁੱਧ' ਨਹੀਂ 'ਦਰਦ' ਕਹਿਣਾ ਚਾਹੁੰਦੇ ਸਨ।"

ਗੁਲਜ਼ਾਰ ਸਿੰਘ ਸੰਧੂ ਦੁਆਰਾ ਸੰਪਾਦਤ ਪੁਸਤਕ 'ਪੰਜਾਬ ਦਾ ਛੇਵਾਂ ਦਰਿਆ' ਵਿਚ ਉਸ ਦੀ ਸਰਦਾਰਨੀ ਇਕਬਾਲ ਕੌਰ ਨਾਲ ਇੰਟਰਵਿਊ ਦਰਜ ਹੈ। ਸੰਧੂ, ਰੰਧਾਵਾ ਸਾਹਿਬ ਦੀ ਪਤਨੀ ਨੂੰ ਬੀਜੀ ਕਹਿੰਦਾ ਆਇਆ ਹੈ। ਬੀਜੀ ਹੁਣ ਸੌ ਸਾਲ ਦੇ ਹੋ ਗਏ ਹਨ ਜੋ ਚੰਡੀਗੜ੍ਹ ਆਪਣੇ ਛੋਟੇ ਪੁੱਤਰ ਨਾਲ ਰਹਿੰਦੇ ਹਨ। ਵੱਡਾ ਪੁੱਤਰ ਗੁਜ਼ਰ ਚੁੱਕੈ। ਧੀ ਆਪਣੇ ਘਰ ਵੱਸਦੀ ਹੈ।

ਡਾ. ਰੰਧਾਵਾ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ/ਲਿਖਵਾਈਆਂ ਜਿਨ੍ਹਾਂ ਵਿਚ ਸਵੈਜੀਵਨੀ 'ਆਪ ਬੀਤੀ' ਵੀ ਹੈ। ਇਕ ਲੇਖਕ ਨੇ ਜੀਵਨੀ ਲਿਖਣ ਦੀ ਇੱਛਾ ਪ੍ਰਗਟਾਈ ਤਾਂ ਰੰਧਾਵਾ ਸਾਹਿਬ ਨੇ ਕਿਹਾ ਸੀ, "ਤੁਸੀਂ ਜੀਵਨੀ ਵਿਚ ਮੇਰੀਆਂ ਤਾਰੀਫਾਂ ਹੀ ਕਰੋਗੇ, ਇਸ ਤਰ੍ਹਾਂ ਇਕ ਫੋਕੀ ਜਿਹੀ ਕਿਤਾਬ ਬਣੇਗੀ। ਜੀਵਨੀ ਦਾ ਮਤਲਬ ਇਹ ਹੈ ਕਿ ਜੋ ਚੰਗਾ ਮਾੜਾ ਬੀਤਿਆ ਹੈ, ਸੱਚਾਈ ਨਾਲ ਲਿਖਿਆ ਜਾਵੇ ਤੇ ਇਹ ਕੰਮ ਮੈਨੂੰ ਆਪ ਹੀ ਕਰਨਾ ਚਾਹੀਦਾ ਹੈ।"

ਉਨ੍ਹਾਂ 'ਆਪ ਬੀਤੀ' ਦੇ ਮੁੱਖਬੰਦ ਵਿਚ ਲਿਖਿਆ, "ਪੰਜਾਬੀ ਲੋਕਾਂ ਵਿਚ ਇਹ ਅਨੁਭਵ ਸੀ ਕਿ ਮੈਂ ਪੰਜਾਬ ਦੀ ਉੱਨਤੀ ਵਿਚ ਬੜਾ ਹਿੱਸਾ ਪਾਇਆ ਹੈ। ਪੰਜਾਬ ਦੇ ਉਜੜਨ 'ਤੇ ਸ਼ਰਨਾਰਥੀਆਂ ਨੂੰ ਵਸਾਇਆ, ਜ਼ਮੀਨਾਂ ਵੰਡੀਆਂ, ਟਿਊਬਵੈਲਾਂ ਦਾ ਰਿਵਾਜ ਪਾਇਆ, ਖਿਲਰੀਆਂ ਪੁਲਰੀਆਂ ਜ਼ਮੀਨਾਂ ਦੀ ਚੱਕਬੰਦੀ ਕੀਤੀ, ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਿਆ, ਨਵੇਂ ਢੰਗ ਦੀ ਖੇਤੀ ਦਾ ਰਿਵਾਜ ਪਾਇਆ ਤੇ ਲੋਕਾਂ ਦੇ ਜੀਵਨ ਵਿਚ ਪਲਟਾ ਲਿਆਂਦਾ। ਚੰਡੀਗੜ੍ਹ ਨੂੰ ਫੁੱਲਦਾਰ ਬੂਟਿਆਂ ਨਾਲ ਸਜਾਇਆ, ਮਿਊਜ਼ੀਅਮ ਬਣਾਏ ਤੇ ਡਾਕਟਰਾਂ, ਸਾਇੰਸਦਾਨਾਂ, ਲਿਖਾਰੀਆਂ ਤੇ ਚਿਤਰਕਾਰਾਂ ਨੂੰ ਸਸਤੇ ਪਲਾਟ ਦਿੱਤੇ ਅਤੇ ਨਵੇਂ ਸ਼ਹਿਰ ਵਿਚ ਵਸਾਇਆ। ਸਭ ਤੋਂ ਉੱਤਮ ਕੰਮ ਲੁਧਿਆਣੇ ਦੀ ਖੇਤੀਬਾੜੀ ਯੂਨੀਵਰਸਿਟੀ ਨੂੰ ਉਸਾਰਨਾ ਸੀ ਤੇ ਇਸ ਨੂੰ ਪੰਜਾਬ ਦੇ ਪਿੰਡਾਂ ਦੀ ਉਸਾਰੀ ਦਾ ਸੋਮਾ ਬਣਾਇਆ।"

ਮੁੱਖਬੰਦ ਦੇ ਅਖੀਰ ਵਿਚ ਲਿਖਿਆ, "ਜਦ ਲੋਕ ਇਕ ਕਾਮਯਾਬ ਵਿਅਕਤੀ ਵੱਲ ਵੇਖਦੇ ਹਨ ਤਾਂ ਸਮਝਦੇ ਹਨ ਕਿ ਇਸ ਦਾ ਜੀਵਨ ਬੜਾ ਸੁਖੀ ਰਿਹਾ ਹੋਵੇਗਾ ਤੇ ਏਸ ਨੇ ਕੋਈ ਵੀ ਤਕਲੀਫ ਨਹੀਂ ਵੇਖੀ ਹੋਣੀ। ਉਹ ਇਹ ਨਹੀਂ ਸਮਝਦੇ ਕਿ ਕਾਮਯਾਬੀ ਕਿੰਨੀਆਂ ਮੁਸੀਬਤਾਂ ਨਾਲ ਸਾਹਮਣਾ ਕਰ ਕੇ ਹਾਸਲ ਹੁੰਦੀ ਹੈ। ਮੈਂ ਤਾਂ ਦੇਖਿਆ ਹੈ ਕਿ ਇਨਸਾਨ ਬਣਦਾ ਹੀ ਮੁਸੀਬਤਾਂ ਦਾ ਮੁਕਾਬਲਾ ਕਰ ਕੇ ਹੈ। ਜਿਵੇਂ ਲੋਹਾ ਅੱਗ ਦੇ ਸੇਕ ਨਾਲ ਬਣਦਾ ਹੈ, ਏਵੇਂ ਹੀ ਇਨਸਾਨੀ ਜ਼ਿੰਦਗੀ ਬੜਾ ਭਾਰੀ ਘੋਲ ਹੈ ਤੇ ਔਕੜਾਂ ਦਾ ਸਾਹਮਣਾ ਕਰ ਕੇ ਹੀ ਆਦਮੀ, ਆਦਮੀ ਬਣਦਾ ਹੈ। ਮੈਂ ਖਿਆਲ ਕਰਦਾ ਹਾਂ ਕਿ ਅੱਜ ਕੱਲ੍ਹ ਦੇ ਵਿਦਿਆਰਥੀ ਮੇਰੀਆਂ ਔਕੜਾਂ ਤੇ ਮੁਸ਼ਕਲਾਂ ਦਾ ਵਰਨਣ ਪੜ੍ਹ ਕੇ ਉਤਸ਼ਾਹਿਤ ਹੋਣਗੇ ਤੇ ਆਪਣੇ ਜੀਵਨ ਦੇ ਘੋਲ ਵਿਚ ਕਾਮਯਾਬ ਹੋਣਗੇ।"

ਡਾ. ਰੰਧਾਵਾ ਦੇ ਪਿਤਾ ਸਰਦਾਰ ਸ਼ੇਰ ਸਿੰਘ ਤਹਿਸੀਲਦਾਰ ਸਨ। ਉਨ੍ਹਾਂ ਦਾ ਪਿੰਡ ਬੋਦਲਾਂ ਜ਼ਿਲ੍ਹਾ ਹੁਸ਼ਿਆਰਪੁਰ ਹੈ। ਜਦੋਂ ਉਹ ਜ਼ੀਰੇ ਸਨ ਤਾਂ ਉਨ੍ਹਾਂ ਦੀ ਪਤਨੀ ਸਰਦਾਰਨੀ ਬਚਿੰਤ ਕੌਰ ਦੀ ਕੁੱਖੋਂ 23-24 ਸਤੰਬਰ 1908 ਦੀ ਰਾਤ ਜੌੜੇ ਬੱਚਿਆਂ ਨੇ ਜਨਮ ਲਿਆ। ਉਨ੍ਹਾਂ ਦੇ ਜਨਮ ਦੀ ਖੁਸ਼ੀ ਵਿਚ ਪਾਠ ਕਰਾਇਆ ਗਿਆ। ਨਾਂ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ 'ਰ' ਅਤੇ 'ਮ' ਅੱਖਰ ਆਏ। ਰਾਰੇ ਅੱਖਰ 'ਤੇ ਪਹਿਲੇ ਲੜਕੇ ਦਾ ਨਾਂ ਰਾਜਿੰਦਰ ਸਿੰਘ ਤੇ ਦੂਜੇ ਦਾ ਮਹਿੰਦਰ ਸਿੰਘ ਰੱਖਿਆ ਗਿਆ। ਪਰ ਉਨ੍ਹਾਂ ਦੇ ਪਿਤਾ ਪਿਆਰ ਨਾਲ ਜੁੰਗੋ ਤੇ ਮੁੰਗੋ ਕਹਿ ਕੇ ਹੀ ਬੁਲਾਉਂਦੇ। ਜਿਥੇ-ਜਿਥੇ ਪਿਤਾ ਦੀ ਬਦਲੀ ਹੁੰਦੀ ਰਹੀ, ਉਥੇ-ਉਥੇ ਜੁੰਗੋ-ਮੁੰਗੋ ਪੜ੍ਹਦੇ ਰਹੇ। ਉਹ ਵੱਖ-ਵੱਖ ਇਲਾਕਿਆਂ ਤੇ ਵੱਖ-ਵੱਖ ਧਰਮਾਂ ਦੇ ਸਕੂਲਾਂ ਵਿਚ ਪੜ੍ਹੇ ਜਿਸ ਕਰਕੇ ਉਨ੍ਹਾਂ ਦੀ ਸੋਚ ਖੁੱਲ੍ਹੀ-ਡੁੱਲ੍ਹੀ ਹੋ ਗਈ।

ਉਨ੍ਹਾਂ ਦੀ ਵੱਡੀ ਭੈਣ ਹਰਬੰਸ ਕੌਰ ਨੇ ਲਿਖਿਆ ਕਿ ਜਦੋਂ ਪਿਤਾ ਜੀ ਕਰਤਾਰਪੁਰ ਤਹਿਸੀਲਦਾਰ ਸਨ, ਰਾਜਿੰਦਰ-ਮਹਿੰਦਰ ਦੋਹਾਂ ਨੂੰ ਗੌਰਮਿੰਟ ਹਾਈ ਸਕੂਲ ਵਿਚ ਪੜ੍ਹਨ ਲਾ ਦਿੱਤਾ। ਪਹਿਲੇ ਦਿਨ ਪੜ੍ਹਨ ਭੇਜੇ ਤਾਂ ਮਾਤਾ ਜੀ ਨੇ ਚੌਲ ਉਬਾਲ ਕੇ ਦਹੀਂ ਵਿਚ ਖੰਡ ਪਾ ਕੇ ਖੁਆਏ। ਚਰਨ ਕੰਵਲ ਗੁਰਦੁਆਰੇ ਤਲਾਅ ਥੱਲੇ ਉਲੀ ਲੱਗੀ ਹੋਈ ਸੀ ਜਿਥੇ ਮਹਿੰਦਰ ਦਾ ਪੈਰ ਤਿਲ੍ਹਕ ਗਿਆ। ਕਈ ਗੋਤੇ ਖਾਧੇ ਪਰ ਇਕ ਯਾਤਰੀ ਨੇ ਬਚਾ ਲਿਆ। ਫਿਰ ਊਨੇ ਸਨਾਤਨ ਧਰਮ ਹਾਈ ਸਕੂਲ ਵਿਚ



ਡਾ. ਐਮ. ਐਸ. ਰੰਧਾਵਾ

ਪੜ੍ਹਨ ਲਾਏ। ਮਹਿੰਦਰ ਨੇ ਘੋਟਾ ਲਾ ਕੇ ਸੰਸਕ੍ਰਿਤ ਦਾ ਪਾਠ ਯਾਦ ਕੀਤਾ। ਫਿਰ ਬਲੱਗਣੀ ਆਰੀਆ ਸਕੂਲ ਵਿਚ ਪੜ੍ਹਨ ਲੱਗੇ। ਫਿਰ ਮੁਕਤਸਰ ਦੇ ਖਾਲਸਾ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਸਕੂਲ ਦੀ ਇਮਾਰਤ ਲਈ ਹੈਡ ਮਾਸਟਰ ਨੇ ਸਾਰੇ ਵਿਦਿਆਰਥੀਆਂ ਦੀ ਡਿਊਟੀ ਚੰਦਾ ਜਮ੍ਹਾਂ ਕਰਨ 'ਤੇ ਲਾ ਦਿੱਤੀ। ਮਹਿੰਦਰ ਨੇ 300 ਰੁਪਏ ਜਮ੍ਹਾਂ ਕਰ ਕੇ ਸਕੂਲ ਬਿਲਡਿੰਗ ਫੰਡ ਵਿਚ ਦਿੱਤੇ। ਦਸਵੀਂ 'ਚ ਹੱਥ ਲਿਖਤ ਅਖਬਾਰ ਕੱਢਿਆ ਜਿਸ ਦਾ ਨਾਂ ਖਾਲਸਾ ਹਾਈ ਸਕੂਲ ਟਾਈਮਜ਼ ਰੱਖਿਆ। ਉਹ ਇੰਨਾ ਪੜ੍ਹਦਾ ਕਿ ਰੋਟੀ ਖਾਂਦਾ ਵੀ ਅੱਖਾਂ ਮੂਹਰੇ ਕਿਤਾਬ ਰੱਖ ਲੈਂਦਾ। ਨੈਪੋਲੀਅਨ ਦੀ ਕਿਤਾਬ ਬਹੁਤ ਪੜ੍ਹਦਾ, ਕਹਿੰਦਾ, ਮੈਂ ਵੀ ਕੁਝ ਬਣਾਂਗਾ।

ਬਚਪਨ ਵਿਚ ਬੜੀ ਦਿਲਚਸਪ ਘਟਨਾ ਘਟੀ। ਸੰਧਵਾਂ ਫਰਾਲਾ ਦਾ ਠੇਕੇਦਾਰ ਸ਼ੇਰ ਸਿੰਘ ਬਰਮਾ ਵਿਚੋਂ ਬਹੁਤ ਸਾਰਾ ਧਨ ਕਮਾ ਲਿਆਇਆ। ਉਸ ਨੇ ਨਵਾਂ ਸ਼ਹਿਰ ਦੇ ਤਹਿਸੀਲਦਾਰ ਸ਼ੇਰ ਸਿੰਘ ਦੇ ਮੁੰਡੇ ਨੂੰ ਆਪਣੀ ਲੜਕੀ ਦਾ ਰਿਸ਼ਤਾ ਕਰਨਾ ਚਾਹਿਆ, ਪਰ ਚਾਰ-ਚਾਰ ਸਾਲਾਂ ਦੇ ਜੁੰਗੋ-ਮੁੰਗੋ ਵਿਚੋਂ ਕੀਹਨੂੰ ਰਿਸ਼ਤਾ ਕਰੇ? ਇਸ ਗੱਲ ਦਾ ਫੈਸਲਾ ਗੁਣਿਆਂ ਰਾਹੀਂ ਕੀਤਾ ਗਿਆ। ਗੁਣਾ ਰਾਜਿੰਦਰ ਸਿੰਘ ਦੇ ਹੱਕ ਵਿਚ ਪੈ ਗਿਆ ਤੇ ਉਹਨੂੰ ਰਿਸ਼ਤਾ ਹੋ ਗਿਆ।

ਮਹਿੰਦਰ ਸਿੰਘ ਨਾਲ ਮੁੱਕੇਬਾਜ਼ ਮੁਹੰਮਦ ਅਲੀ ਤੇ ਹਾਕੀ ਦੇ ਖਿਡਾਰੀ ਬਲਬੀਰ ਸਿੰਘ ਸੀਨੀਅਰ ਵਾਲੀ ਹੋਈ। ਮੁਹੰਮਦ ਅਲੀ ਦੇ ਤਿੰਨ ਵਿਆਹ ਹੋਏ ਪਰ ਵਸੀ ਚੌਥੀ। ਬਲਬੀਰ ਸਿੰਘ ਦੀਆਂ ਤਿੰਨ ਮੰਗਣੀਆਂ ਟੁੱਟੀਆਂ, ਵਿਆਹ ਚੌਥੀ ਥਾਂ ਹੋਇਆ। ਮਹਿੰਦਰ ਸਿੰਘ ਦਾ ਪਹਿਲਾ ਮੰਗਣਾ ਉਗੀ ਚਿੱਟੀ ਦੇ ਬੇਅੰਤ ਸਿੰਘ ਦੀ ਲੜਕੀ ਨਾਲ ਹੋਇਆ। ਲੜਕੀ ਨੂੰ ਪੜ੍ਹਨੇ ਨਾ ਪਾਉਣ ਤੋਂ ਮੰਗਣੀ ਟੁੱਟ ਗਈ। ਫਿਰ ਲਾਹੌਰ ਤੋਂ ਡਿਪਟੀ ਸੁਪਰਡੰਟ ਪੁਲਿਸ ਗੁਪਾਲ ਸਿੰਘ ਦੀ ਲੜਕੀ ਦਾ ਸ਼ਗਨ ਆ ਗਿਆ। ਇਕੱਤੀ ਮੋਹਰਾਂ 'ਚੋਂ ਇਕ ਰੱਖੀ ਗਈ। ਛੇ ਮਹੀਨੇ ਬਾਅਦ ਮੰਗਣੀ ਕੈਂਸਲ। ਤੀਜੇ ਮੰਗਣੇ ਦੀ ਗੱਲ ਪਟਿਆਲੇ ਗੱਜਣ ਸਿੰਘ ਠੇਕੇਦਾਰ ਦੀ ਲੜਕੀ ਨਾਲ ਚੱਲੀ। ਰਿਸ਼ਤੇ ਹੋਰ ਵੀ ਬਹੁਤ ਆਏ ਪਰ ਨਾਂਹ ਹੁੰਦੀ ਗਈ। ਮਹਿੰਦਰ ਸਿੰਘ ਨੇ ਕਿਤਾਬਾਂ ਚੁੱਕੀ ਬੋਦਲੀ ਭੀਖੇ ਖਾਂ ਦੀ ਝਿੜੀ ਵੱਲ ਪੜ੍ਹਨ ਜਾਣਾ ਤਾਂ ਦਰਸ਼ਨ ਸਿੰਘ ਮਸੰਦ ਨੇ ਪੁੱਛਣਾ, "ਸਰਦਾਰ ਜੀ ਕੀ ਤੁਸੀਂ ਪੜ੍ਹੀ ਹੀ ਜਾਣਾ ਹੈ, ਵਿਆਹ ਨਹੀਂ ਕਰਾਉਣਾ?" ਆਖਰ ਆਈ. ਏ. ਐਸ. ਬਣ ਕੇ ਵਿਆਹ ਕਰਾਇਆ ਜੋ 15 ਅਗਸਤ 1932 ਨੂੰ ਡਾ. ਹਰਭਜਨ ਸਿੰਘ ਦੀ ਲੜਕੀ ਇਕਬਾਲ ਨਾਲ ਹੋਇਆ। ਬਰਾਤ ਲਾਰੀ 'ਚ ਬੈਠ ਕੇ ਨਾਰੰਗਵਾਲ ਗਈ।

ਡਾ. ਰੰਧਾਵਾ ਨੇ ਖੁਦ ਆਪਣੇ ਬਾਰੇ ਕਾਫੀ ਕੁਝ ਲਿਖਿਆ, ਵੱਡੀ ਭੈਣ ਹਰਬੰਸ ਕੌਰ ਨੇ ਲਿਖਿਆ, ਬਹੁਤ ਸਾਰੇ ਲੇਖਕਾਂ ਨੇ ਲਿਖਿਆ ਤੇ ਹੋਰ ਵੀ ਲਿਖਿਆ ਜਾਂਦਾ ਰਹੇਗਾ। ਉਹ ਵੱਡਾ ਬੰਦਾ ਸੀ, ਵੱਡੀ ਹਸਤੀ। ਹਸਤੀ ਕੀ, ਸੰਸਥਾ ਸੀ। ਉਹਦਾ ਮਿਲਣ ਗਿਲਣ ਵਾਲਿਆਂ ਨੂੰ 'ਤੂੰ' ਕਹਿ ਕੇ ਬੁਲਾਉਣਾ ਅਪਣੱਤ ਸੀ। ਉਹ ਠੇਠ ਪੰਜਾਬੀ 'ਚ ਗੱਲ ਕਰ ਕੇ ਖੁਸ਼ ਸੀ।

ਮੈਨੂੰ ਖੁਦ ਰੰਧਾਵਾ ਸਾਹਿਬ ਨੂੰ ਮਿਲਣ ਦੇ ਮੌਕੇ ਮਿਲੇ। 70ਵਿਆਂ ਦੀ ਗੱਲ ਹੈ। ਉਹ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਵਾਈਸ ਚਾਂਸਲਰ ਸੀ। ਯੂਨੀਵਰਸਿਟੀ ਨੇ ਉਦੋਂ ਡਬਲਯੂ ਐਲ 711 ਕਣਕ ਦਾ ਨਵਾਂ ਬੀਜ ਕੱਢਿਆ ਜਿਸ ਦਾ ਝਾੜ ਪਹਿਲਾਂ ਨਾਲੋਂ ਵੱਧ ਸੀ। ਮੈਂ ਉਹ ਬੀਜ ਹਾਸਲ ਕਰਨਾ ਚਾਹੁੰਦਾ ਸਾਂ, ਇਸ ਲਈ ਡਾ. ਰੰਧਾਵਾ ਤਕ ਪਹੁੰਚ ਕਰਨ ਦੀ ਸੋਚੀ। ਮੈਨੂੰ ਪਤਾ ਸੀ ਕਿ ਉਹ ਪੰਜਾਬੀ ਲੇਖਕਾਂ ਦੀ ਕਦਰ ਕਰਦੇ ਹਨ।

ਮੈਂ ਉਦੋਂ ਲਾਲਾ ਲਾਜਪਤ ਰਾਏ ਕਾਲਜ, ਢੁੱਡੀਕੇ ਲੈਕਚਰਾਰ ਸਾਂ। ਢੁੱਡੀਕੇ ਦੇ ਜਸਵੰਤ ਸਿੰਘ ਕੰਵਲ ਨੇ ਹੀ ਮੈਨੂੰ ਦਿੱਲੀ ਤੋਂ ਪੱਟਿਆ ਸੀ। ਮੈਂ ਸੋਚਿਆ, ਕੰਵਲ ਦੀ ਸਿਫਾਰਸ਼ੀ ਚਿੱਠੀ ਲੈ ਕੇ ਰੰਧਾਵਾ ਸਾਹਿਬ ਨੂੰ ਮਿਲਾਂ। ਇਸ ਨਾਲ ਚੰਗਾ ਪ੍ਰਭਾਵ ਪਵੇਗਾ ਤੇ ਬੀਜ ਵਧੇਰੇ ਮਿਲ ਜਾਵੇਗਾ। ਮੈਂ ਕੰਵਲ ਦਾ ਰੁੱਕਾ ਲੈ ਕੇ ਰੰਧਾਵਾ ਸਾਹਿਬ ਨੂੰ ਜਾ ਮਿਲਿਆ। ਉਨ੍ਹਾਂ ਦਾ ਪਹਿਲਾ ਸਵਾਲ ਸੀ, "ਤੂੰ ਹੈ ਕੌਣ?" ਮੈਨੂੰ ਅਜਿਹੇ ਸਵਾਲ ਦਾ ਅਗਾਊਂ ਪਤਾ ਸੀ।

ਮੈਂ ਸਿੱਧਾ ਦੱਸਿਆ, "ਸੰਧੂ ਜੱਟ ਆਂ, ਘਰ ਦੇ ਖੇਤਾਂ ਵਾਸਤੇ ਨਵਾਂ ਬੀ ਲੈਣ ਆਇਆਂ। ਉਂ ਮੈਂ ਮਾੜਾ ਮੋਟਾ ਲੇਖਕ ਵੀ ਆਂ। ਖੇਡਾਂ-ਖਿਡਾਰੀਆਂ ਬਾਰੇ 'ਆਰਸੀ' ਵਿਚ ਲਿਖਦਾ ਰਹਿਨਾਂ।"

ਰੰਧਾਵਾ ਸਾਹਿਬ ਐਨਕਾਂ ਵਿਚੋਂ ਮੁਸਕਰਾਏ, "ਫੇਰ ਕੰਵਲ ਦਾ ਰੁੱਕਾ ਲਿਆਉਣ ਦੀ ਕੀ ਲੋੜ ਸੀ? ਸਿੱਧਾ ਆ ਜਾਂਦਾ।"

ਮੈਂ ਕਿਹਾ, "ਦੋ ਚਾਰ ਥੈਲੀਆਂ ਵੱਧ ਲੈਣ ਦਾ ਲਾਲਚ ਐ, ਡਾ. ਸਾਹਿਬ!"

ਜਵਾਬ ਸਿੱਧਾ ਸੀ, "ਇਕ ਬੰਦੇ ਨੂੰ ਚਾਰ ਕਿਲੋ ਦੀ ਇਕੋ ਥੈਲੀ ਮਿਲਣੀ ਐਂ। ਇਹ ਅਸੂਲ ਦੀ ਗੱਲ ਆ। ਤੂੰ ਘਰ ਦੇ ਜੀਅ ਲਾਈਨ 'ਚ ਲਾ ਦੇਈਂ ਤੇ ਵੱਧ ਥੈਲੀਆਂ ਲੈ ਜਾਈਂ।" ਉਨ੍ਹਾਂ ਕੰਵਲ ਦੇ ਰੁੱਕੇ ਦੀ ਲਾਜ ਵੀ ਰੱਖ ਲਈ ਤੇ ਅਸੂਲ ਵੀ ਨਾ ਤੋੜਿਆ। ਬਾਅਦ ਵਿਚ ਮੈਂ ਉਹ ਬੀਜ ਹਾਸਲ ਕਰਨ ਦੇ ਧੱਕੋ-ਧੱਕੀ ਦੇ ਨਜ਼ਾਰਿਆਂ ਬਾਰੇ ਇਕ ਕਹਾਣੀ ਵੀ ਲਿਖੀ ਜਿਸ ਦਾ ਨਾਂ 'ਬੁੱਢਾ ਤੇ ਬੀਜ' ਰੱਖਿਆ ਜੋ 'ਆਰਸੀ' ਵਿਚ ਛਪੀ।

1982 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੈਥੋਂ ਲਿਖਵਾਈ ਕਿਤਾਬ 'ਪੰਜਾਬੀ ਖਿਡਾਰੀ' ਡਾ. ਰੰਧਾਵਾ ਤੋਂ ਰਿਲੀਜ਼ ਕਰਵਾਈ। ਉਥੇ ਮੈਨੂੰ ਦੂਜੀ ਵਾਰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ। ਕੁਝ ਗੱਲਾਂਬਾਤਾਂ ਹੋਈਆਂ, ਸਲਾਹ ਮਿਲੀ ਕਿ ਖੇਡਾਂ ਖਿਡਾਰੀਆਂ ਦੀਆਂ ਗੱਲਾਂ ਟੀ.ਵੀ. ਤੋਂ ਵੀ ਕਰਾਂ। ਪਰ ਮੈਂ ਉਸ ਪਾਸੇ ਨਾ ਜਾ ਸਕਿਆ।

ਬਾਅਦ ਵਿਚ ਡਾ. ਰੰਧਾਵਾ ਨੂੰ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਵਜੋਂ ਕਈ ਵਾਰ ਵੇਖਿਆ ਪਰ ਸਿੱਧੀਆਂ ਗੱਲਾਂ ਨਾ ਹੋਈਆਂ। ਫਿਰ ਐਸਾ ਸਮਾਂ ਆਇਆ ਜਦੋਂ ਪੰਜਾਬ ਵਿਚ ਜਿਊਣਾ ਦੁੱਭਰ ਹੋ ਗਿਆ। ਮਾਰ-ਧਾੜ ਦਾ ਹੱਦ-ਬੰਨਾ ਨਾ ਰਿਹਾ। ਡਾ. ਰੰਧਾਵਾ ਨੇ 1947 ਵਿਚ ਦਿੱਲੀ ਦੇ ਡਿਪਟੀ ਕਮਿਸ਼ਨਰ ਵਜੋਂ ਜਨੂੰਨੀਆਂ ਤੇ ਗੁੰਡਿਆਂ ਦੀ ਮਾਰ-ਧਾੜ 'ਤੇ ਕਾਬੂ ਪਾ ਲਿਆ ਸੀ। ਪਹਿਲਾਂ ਯੂ. ਪੀ. ਦੇ ਤੁੱਤਨ ਖਾਂ ਵਰਗੇ ਬਦਮਾਸ਼ ਸੋਧੇ ਸਨ। ਜੇ ਅਕਤੂਬਰ ਨਵੰਬਰ 1984 ਵਿਚ ਉਹ ਦਿੱਲੀ ਦੇ ਪ੍ਰਸ਼ਾਸਕ ਹੁੰਦੇ ਤਾਂ ਇਕ ਵੀ ਸਿੱਖ ਅਨਿਆਈ ਮੌਤ ਨਾ ਮਰਦਾ। ਕਾਸ਼! ਪੰਜਾਬ ਦੇ ਦਹਿਸ਼ਤੀ ਦੌਰ ਸਮੇਂ ਦਿੱਲੀ ਤੇ ਪੰਜਾਬ ਦੇ ਸਿਆਸਤਦਾਨ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਪੰਜਾਬ ਦਾ ਗਵਰਨਰ ਲਾਉਣ ਲਈ ਸਹਿਮਤ ਹੋ ਜਾਂਦੇ। ਫਿਰ ਪੰਜਾਬ ਉਹ ਨਹੀਂ ਸੀ ਹੋਣਾ ਜੋ ਅੱਜ ਹੈ। ਪੰਜਾਬ ਰੰਗਲਾ ਹੋਣਾ ਸੀ, ਕੰਗਲਾ ਨਹੀਂ। ਅੱਜ ਵੀ ਪੰਜਾਬ ਨੂੰ ਡਾ. ਰੰਧਾਵਾ ਵਰਗੇ ਕਰਨੀ ਵਾਲੇ ਬੰਦਿਆਂ ਦੀ ਲੋੜ ਹੈ।

---

## ਅਜੋਕੇ ਮਸਲੇ

### ਅਸੀਂ ਤੇ ਰੂਹ!

ਅਸੀਂ ਰੂਹਾਂ 'ਚ ਰਹਿ ਕੇ ਵੀ ਰੂਹ ਨਾ ਬਣੇ,
ਉਹ ਸ਼ਰੀਰਾਂ 'ਚ ਰਹਿ ਕੇ ਵੀ ਰੂਹ ਹੀ ਰਹੇ।
ਸਾਡੀ ਚਾਹਤ ਹੀ ਮ੍ਰਿਗ-ਤ੍ਰਿਸ਼ਨਾ ਰਹੀ,
ਉਹ ਤਾਂ ਸੁਪਨੇ ਦੇ ਵਾਂਗੂ ਅਛੂਹ ਹੀ ਰਹੇ।

ਮੈਂ ਜਮਾਨੇ ਤੋਂ ਇਹੋ ਹੀ ਸਿਖਿਆ ਸੁਣੀ,
ਉਹਦੇ ਹੁਕਮਾਂ 'ਚ ਨੱਚੋ ਤਾਂ ਖੁਸ਼ ਹੋਣਗੇ।
ਉਹਦੀ ਚਾਹਤ ਤੋਂ ਬਾਹਰੇ ਇਸ਼ਾਰੇ ਬਿਨਾ,
ਦਿਲੋਂ ਕੀਤੇ ਤਰੱਦਦ ਵੀ ਠੁਸ ਹੋਣਗੇ।
ਪਰ ਹਕੀਕਤ ਤੇ ਸੁਪਨੇ 'ਚ ਅੰਤਰ ਰਿਹਾ,
ਮੇਰੀ ਤੇਰੀ ਰਹੀ ਮੈਂ ਤੇ ਤੂੰ ਹੀ ਰਹੇ!...

ਅਸਾਂ ਉਨ੍ਹਾਂ ਨੂੰ ਮੰਨਿਆ ਨਜ਼ਰ ਤੋਂ ਪਰਾਂ,
ਜਦੋਂ ਨਜ਼ਰਾਂ 'ਚ ਆ ਗਏ ਤਾਂ ਕੀ ਬੋਲਦੇ।
ਸਾਡੀ ਇੱਛਾ ਸੀ ਉਨ੍ਹਾਂ ਨੂੰ ਪਾ ਲੈਣ ਦੀ,
ਉਨ੍ਹਾਂ ਚਾਹਿਆ ਸੀ ਅੱਖਾਂ ਅਸੀਂ ਖੋਲਦੇ।
ਸਾਨੂੰ ਦੇ ਕੇ ਨਜ਼ਰੀਆ ਦੇਖਣ ਦਾ ਨਵਾਂ,
ਤਾਂ ਵੀ ਦੇਖਣ ਦੀ ਉਹ ਆਰਜੂ ਹੀ ਰਹੇ।...

ਲੱਗਾ ਮੰਜ਼ਿਲ ਦੀ ਮੰਜ਼ਿਲ ਦਾ ਜਦ ਸੀ ਪਤਾ,
ਦਿਲ ਮੇਰੇ ਦੇ ਵੱਲ ਹੀ ਇਸ਼ਾਰੇ ਹੋਏ।
ਜਿਹਦੇ ਪਿੱਛੇ ਮੈਂ ਅੰਬਰਾਂ 'ਚ ਭਾਉਂਦਾ ਰਿਹਾ,
ਮੇਰੇ ਦਰ 'ਤੇ ਮੈਂ ਸੁਣਿਆ ਉਤਾਰੇ ਹੋਏ।
ਹੁੰਦੀ ਜੱਗ 'ਤੇ ਪਿਆਸੇ ਨੂੰ ਖੂਹ ਦੀ ਤਲਾਸ਼,
ਪਏ ਤੱਕਦੇ ਪਿਆਸੇ ਨੂੰ ਖੂਹ ਵੀ ਰਹੇ।...

ਉਹਨੂੰ ਜਦ ਵੀ ਮੈਂ ਤੱਕਣ ਦੀ ਕੋਸ਼ਿਸ਼ ਕੀਤੀ,
ਇਨ੍ਹਾਂ ਅੱਖਾਂ ਦੇ ਸਾਹਵੇਂ ਹਨੇਰਾ ਰਿਹਾ।
ਮੈਨੂੰ ਹੋਰਾਂ ਦੇ ਦੱਸਣ 'ਤੇ ਲੱਗਿਆ ਜਿਵੇਂ,
ਸਦਾ ਮੇਰੇ ਨਾਲ ਉਸ ਦਾ ਵਸੇਰਾ ਰਿਹਾ।

ਮੈਨੂੰ ਭਾਵੇਂ ਨਾ ਗੱਲ ਦੀ ਕੋਈ ਸਮਝ ਪਈ,
ਉਹਦੇ ਦਰਸ਼ਨ ਕਿਉਂ? ਖੁਸ਼ਬੂ ਹੀ ਰਹੇ।...

-ਡਾ. ਗੁਰਮੀਤ ਸਿੰਘ ਬਰਸਾਲ
e-mail: gsbarsal@gmail.com

---

### ਹਕੀਕਤ

ਕਹਿੰਦੇ ਧਰਤੀ ਦੇ ਕਣ ਕਣ ਰੱਬ ਵੱਸਦਾ,
ਦੱਸ ਹੁਣ ਸੱਜਣਾ ਮੈਂ ਕਿੱਥੇ ਪੈਰ ਧਰਾਂ?

ਤੂੰ ਵੀ ਇਕ ਅਣੂ ਏਂ ਉਸ ਦਾ ਯਾਰਾ
ਜਿਥੇ ਮਰਜੀ ਪੈਰ ਟਿਕਾ ਲੈ,
ਆਪਣੇ ਅਸਲੇ ਨਾਲ ਮਿਲਣ ਵਿਚ
ਦੱਸ ਭਲਾਂ ਕੀ ਹਰਜ ਏ?

ਵਾਹ ਓਏ ਮਿੱਤਰਾ ਤੂੰ ਤਾਂ
ਗੱਲ ਸਿਰੇ ਦੀ ਕਹਿ ਕੇ
ਮਨ ਮੇਰੇ ਤੋਂ ਭਾਰ ਹੀ ਲਾਹ'ਤਾ।
ਤੇਰੀ ਥਾਂ ਜੇ ਕੋਈ ਪੰਡਤ ਮਿਲਦਾ
ਉਸ ਨੇ ਝੱਟ ਸੀ ਕਹਿਣਾ,
ਭਗਤਾ ਬਚ ਕੇ ਪੈਰ ਟਿਕਾਈਂ
ਐਵੇਂ ਨਾ ਸਿਰ ਪਾਪ ਚੜ੍ਹਾਈਂ
ਪਹਿਲਾਂ ਮੈਥੋਂ ਉਪਾਅ ਕਰਾਈਂ!

ਖਿੜ ਖਿੜ ਕੇ ਹੱਸੇ ਅਸੀਂ ਮਾਰ ਤਾੜੀਆਂ,
ਸਾਡਾ ਹਾਸਾ ਇਉਂ ਗੂੰਜਿਆ ਚਾਰ ਚੁਫੇਰੇ।
ਜਿਉਂ ਅੰਬਰੀਂ ਤਾਰੇ ਮਾਰ ਘੁਮਾਣੇ
ਪਾਉਂਦੇ ਘੂਕਰਾਂ!
ਜਿਉਂ ਲਾਚੜੇ ਗੱਭਰੂ ਭੰਗੜਾ ਪਾਉਂਦੇ
ਆਪ ਮੁਹਾਰੇ ਮਾਰਨ ਸੀਟੀਆਂ।

-ਅਵਤਾਰ ਸਿੰਘ ਹੰਸਰਾ
ਫੋਨ: 661-368-6572

---

### ਸੁਪਨੇ

ਕੁਝ ਸੁਪਨੇ ਸਾਡੇ ਸੁਖਨਾ ਝੀਲ 'ਚ ਡੁੱਬਦੇ ਰਹਿੰਦੇ।
ਕੁਝ ਸੁਪਨੇ ਬਣ ਮ੍ਰਿਗ ਤ੍ਰਿਸ਼ਨਾ ਦਿੱਲੀ ਭਟਕਦੇ ਰਹਿੰਦੇ।
ਕੁਝ ਸੁਪਨੇ ਧੀਆਂ ਬਣ ਪਾ ਤੇਲ ਮਿੱਟੀ ਨੇ ਸੜਦੇ।
ਕਦ ਤੱਕ ਚਾਅ ਕੁਆਰੇ ਰਹਿੰਦੇ ਬਲੀ ਦਾਜ ਦੀ ਚੜ੍ਹਦੇ।
ਸੁਪਨਿਆਂ ਨੂੰ ਜੋ ਕਤਲ ਨੇ ਕਰਦੇ ਗੂੜ੍ਹੀ ਨੀਂਦਰ ਸੌਂਦੇ।
ਕੁਝ ਸੁਪਨੇ ਸਾਡੇ ਘਰ ਦੇ ਬੂਹੇ ਦਸਤਕ ਦੇਣੋਂ ਡਰਦੇ।
ਇਹ ਸੁਪਨੇ ਨਿੱਤ ਹਾਕਮ ਹੱਥੋਂ ਬਿਨ ਮੌਤ ਨੇ ਮਰਦੇ।
ਕੁਝ ਸੁਪਨੇ ਸਾਡੀ ਫੁੱਟ ਨੇ ਤੋੜੇ ਅੰਬਰੋਂ ਧਰਤੀ ਗਰਕੇ।
ਵੇਖ ਲਵੋ ਇਤਿਹਾਸ ਦੇ ਕਿੰਨੇ ਦਰਦ ਭਰੇ ਨੇ ਵਰਕੇ।
ਕੁਝ ਸੁਪਨੇ ਵਿਦਿਆ ਮੰਦਰੀਂ ਪਾਟੇ ਤੱਪੜੀਂ ਰੁਲ ਗਏ।
ਕੁਝ ਸੁਪਨੇ 'ਸ਼ਾਹਾਂ' ਹੱਥੀਂ ਕੌਡੀਆਂ ਦੇ ਭਾਅ ਤੁਲ ਗਏ।
ਕੁਝ ਸੁਪਨੇ ਅਣਜੰਮੀਆਂ ਧੀਆਂ ਦੇ ਵੀ ਹੁੰਦੇ ਲੋਕੋ।
ਭਰੂਣ ਹੱਤਿਆ ਸਿਖਰ ਜ਼ੁਲਮ ਦੀ ਰੋਕੋ, ਰੋਕੋ, ਰੋਕੋ।
ਕੁਝ ਸੁਪਨੇ ਸਾਡੇ ਹਾਕਮ ਲੈਂਦੇ ਹਕੂਮਤ ਖਾਤਰ
ਬੀਜ ਫੁੱਟ ਦੇ ਡੂੰਘੇ ਬੀਜੋ ਲੋਕਾਂ ਦੇ ਵਿਚ ਤਣੀ ਰਹੇ।
ਕੁਝ ਸੁਪਨੇ ਕਿਰਸਾਣੀ ਦੇ ਗਲ ਨਾਗ ਲਪੇਟਾ ਵਲਦੇ।
ਡੂੰਘੇ ਸਿਆਣ ਹਲਾਂ ਦੇ ਕੁਝ ਵੀ ਪੱਲੇ ਨਾ ਪਾਉਂਦੇ
ਕੁਝ ਸੁਪਨੇ ਸਾਡੇ ਲੇਖਾਂ ਡੰਗੇ ਧੁਰੋਂ ਨਾਲ ਨੇ ਆਉਂਦੇ।
ਪੰਡਿਤ, ਭਾਈ, ਮੁੱਲਾਂ ਕਬਰਾਂ ਤੱਕ ਨੇ ਕੁਫਰ ਕਮਾਉਂਦੇ।

-ਧਰਮ ਪਾਲ ਉਪਾਸ਼ਕ
ਮੋਨਰੋ, ਓਹਾਇਓ।
ਫੋਨ: 513-633-0307

---

**ਵਿਅੰਗ**

### ਤੋਰੋ

ਬਾਬਾ ਬੀਬੀ ਨੂੰ ਬਚਨ ਬਿਲਾਸ ਕਰਦਾ
ਖਾਲੀ ਹੱਥ ਨਾ ਘਰੋਂ ਦਰਵੇਸ਼ ਤੋਰੋ।
ਖਰਚਾ ਪੂਜਾ ਦਾ ਭੇਟਾ ਨਕਦ ਦੇ ਕੇ
ਘਰ ਦੁਸ਼ਮਣ ਦੇ ਕਲ੍ਹਾ-ਕਲੇਸ਼ ਤੋਰੋ।
ਸੇਵਾ ਟਹਿਲ ਕਰੋ ਘਰੇ ਕੁੜੀਆਂ ਦੀ
ਪਾਲੇ ਪੁੱਤਾਂ ਨੂੰ ਰੁਲਣ ਵਿਦੇਸ਼ ਤੋਰੋ।
ਡੇਰੇ ਆਉਣ ਤੋਂ ਝਿਜਕਦਾ 'ਗਿੱਲ' ਜਿਹੜਾ
ਸ਼ਮਸ਼ਾਨਘਾਟ ਨੂੰ ਕਰਨ ਪ੍ਰਵੇਸ਼ ਤੋਰੋ।

-ਜੁਗਰਾਜ ਗਿੱਲ, ਸ਼ਾਰਲਟ
ਫੋਨ: 704-257-6693

# ਚੌਥੇ ਪੌੜੇ ਦੀ ਸਿੱਖੀ

ਭਾਈ ਗੁਰਦਾਸ ਲਿਖਦੇ ਹਨ, ਗੁਰੂ ਨਾਨਕ ਨੇ ਧਿਆਨ ਨਾਲ ਦੇਖਿਆ, ਬਲਦੀ ਧਰਤੀ ਨਜ਼ਰ ਆਈ। ਬਾਬਾ ਫਰੀਦ ਨੂੰ ਵੀ ਘਰ ਘਰ ਉਹੀ ਅੱਗ ਨਜ਼ਰ ਪਈ, ਜਿਸ ਨੇ ਧਰਤੀ ਨੂੰ ਲਪੇਟ 'ਚ ਲੈ ਲਿਆ ਸੀ। ਹਿੰਦੂ-ਮੁਸਲਮਾਨ ਹਕਾਰਤ ਹੱਦਾਂ ਟੱਪ ਚੁੱਕੀ ਸੀ। ਬ੍ਰਾਹਮਣ ਤੇ ਮੁਲਾਣੇ ਖਹਿ ਖਹਿ ਮਰਦੇ ਸਨ। ਅਮੀਰ-ਗਰੀਬ ਵਿਚ ਵੱਡਾ ਅੰਤਰ ਸੀ। ਵਰਣ ਅਤੇ ਜਾਤੀਆਂ ਵਿਚ ਛੂਆ-ਛਾਤ ਅਤੇ ਸੁੱਚ-ਭਿੱਟ, ਸਮਾਜੀ ਖੇਤੇ ਵਿਚ ਖੜੋਤ ਬਣ ਚੁੱਕੀ ਸੀ।

ਭਾਈ ਗੁਰਦਾਸ ਨੇ ਲਿਖਿਆ, "ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।" ਮੌਲਿਕ ਮੁਹਰ ਛਾਪ ਵਾਲੇ ਸ਼ੁੱਧ ਪੰਥ ਦਾ ਪ੍ਰਚਲਨ ਹੋਇਆ; ਰਾਣੇ ਰੰਕ ਦਾ ਫ਼ਰਕ ਮਿਟਿਆ, ਹਿੰਦੂ-ਮੁਸਲਮਾਨ ਕਸ਼ਮਕਸ਼ ਨੂੰ ਵਿਰਾਮ ਲੱਗਾ ਅਤੇ ਸਮਾਜ ਵਰਣਾਂ ਦੀ ਜਕੜ ਤੋਂ ਮੁਕਤ ਹੋਇਆ। ਗੁਰੂ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384
E-mail: avtar61@gmail.com

ਨਾਨਕ ਨੇ ਭਾਈ ਬਾਲੇ ਤੇ ਮਰਦਾਨੇ ਨੂੰ ਨੇੜਤਾ ਬਖ਼ਸ਼ ਕੇ ਹਿੰਦੂ-ਤੁਰਕ ਕਾਣ ਮੇਟੀ ਅਤੇ "ਨੀਚੀ ਹੂ ਅਤਿ ਨੀਚੁ" ਦਾ ਸਾਥੀ ਹੋਣ ਦਾ ਸੰਕੇਤ ਦਿੱਤਾ। ਖੱਤਰੀ ਮਲਿਕ ਭਾਗੋ ਦੀ ਥਾਂ ਸ਼ੂਦਰ ਭਾਈ ਲਾਲੋ ਤਰਖਾਣ ਦੇ ਖਾਣੇ ਨੂੰ ਤਰਜੀਹ ਦੇ ਕੇ ਜਾਤ ਅਤੇ ਵਰਣ ਦਾ ਗਰਬ ਤੋੜਿਆ। ਭਾਈ ਗੁਰਦਾਸ ਦੇ ਸ਼ਬਦਾਂ ਵਿਚ "ਗੁਰਮੁਖ ਵਰਨੁ ਅਵਰਨੁ ਹੋਇ" ਦਾ ਸੰਦੇਸ਼ ਦ੍ਰਿੜ੍ਹ ਕੀਤਾ।

ਖਾਲਸਾ ਸਾਜਣ ਸਮੇਂ ਹਜ਼ਾਰਾਂ ਦੇ ਇਕੱਠ ਵਿਚੋਂ ਸੀਸ ਵਾਰਨ ਲਈ ਪੰਜ ਸਿੱਖ ਨਿਤਰੇ। ਭਾਈ ਦਇਆ ਸਿੰਘ ਖੱਤਰੀ ਅਤੇ ਧਰਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਤੇ ਮੁਹਕਮ ਸਿੰਘ ਸ਼ੂਦਰ ਸਨ। ਅੰਦਾਜ਼ਾ ਲਾ ਸਕਦੇ ਹਾਂ ਕਿ ਵੱਡੇ ਇਕੱਠ ਵਿਚ ਸ਼ੂਦਰ ਸਿੱਖ ਚੋਖੀ ਗਿਣਤੀ ਵਿਚ ਬਿਰਾਜਮਾਨ ਹੋਣਗੇ। ਪੰਜ ਪਿਆਰੇ ਪੰਜਾਬ, ਯੂ.ਪੀ., ਗੁਜਰਾਤ, ਉੜੀਸਾ ਅਤੇ ਕਰਨਾਟਕ ਤੋਂ ਸਨ। ਇਕੱਤਰਤਾ ਪੂਰੇ ਦੇਸ਼ ਭਰ ਵਿਚੋਂ ਸੀ। ਨਵੇਂ ਮਨੁੱਖ ਅਤੇ ਸਮਾਜ ਦਾ ਨਿਰਮਾਣ ਹੋਇਆ। ਗੁਰੂ ਨੇ ਵਰਣ, ਜਾਤੀ, ਗੋਤ, ਬੋਲੀ, ਖਿੱਤੇ, ਊਚ ਨੀਚ ਅਤੇ ਮੇਰ-ਤੇਰ ਦੇ ਭਾਵ ਸਭ ਖਾਰਜ ਕਰ ਦਿੱਤੇ। ਪੰਜ ਪਿਆਰਿਆਂ ਵਿਚ ਕੋਈ ਵੀ ਬ੍ਰਾਹਮਣ ਅਤੇ ਵੈਸ਼ ਨਹੀਂ ਸੀ। ਸ਼ਾਇਦ ਇਸੇ ਕਰਕੇ ਸਿੱਖ ਇਤਿਹਾਸ ਵਿਚ ਬ੍ਰਾਹਮਣ ਅਤੇ ਵੈਸ਼ ਵਰਣ ਦੀ ਹਾਜ਼ਰੀ ਵਧੇਰੇ ਜ਼ਿਕਰਯੋਗ ਨਹੀਂ। ਖੱਤਰੀ ਅਤੇ ਸ਼ੂਦਰ ਵਰਣ ਦੀ ਸ਼ਮੂਲੀਅਤ ਭਰਵੇਂ ਰੂਪ ਵਿਚ ਰਹੀ। ਗੁਰੂ ਸਾਹਿਬ ਨੇ ਇੱਕ ਖੱਤਰੀ ਅਤੇ ਚਾਰ ਸ਼ੂਦਰ ਸਿੱਖਾਂ ਨੂੰ ਸਿੰਘ ਸਾਜ ਕੇ 'ਪੰਜ ਪਿਆਰੇ' ਦਾ ਖਿਤਾਬ ਬਖ਼ਸ਼ ਕੇ ਖ਼ਾਲਸੇ ਨੂੰ 'ਅਵਰਣ' ਕਰ ਦਿਤਾ।

ਸੀਨਾ-ਬਸੀਨਾ ਕਥਾ ਪ੍ਰਚਲਿਤ ਹੈ ਕਿ ਸਿੱਖਾਂ ਨੇ ਚੌਥੇ ਪਾਤਸ਼ਾਹ ਨੂੰ ਸ਼ਿਕਾਇਤ ਕੀਤੀ ਕਿ ਅਛੂਤ ਸਿੱਖ ਕਾਰ ਸੇਵਾ ਦੇ ਬਹਾਨੇ ਉਨ੍ਹਾਂ ਵਿਚ ਘੁਸਣ ਦੀ ਕੋਸ਼ਿਸ਼ ਕਰ ਰਹੇ ਹਨ। ਗੁਰੂ ਸਾਹਿਬ ਨੇ ਤਾੜਨਾ ਕੀਤੀ ਕਿ ਉਹ ਅਛੂਤ ਨਹੀਂ, ਗੁਰੂ ਕੇ ਸਿੱਖ ਹਨ। ਗੁਰੂ ਸਾਹਿਬ ਨੇ ਉਨ੍ਹਾਂ ਸਿੱਖਾਂ ਨੂੰ ਗਲ ਲਾਉਣ ਤੇ ਭੁੱਲ ਬਖ਼ਸ਼ਾਉਣ ਲਈ ਆਦੇਸ਼ ਕੀਤਾ ਅਤੇ ਉਨ੍ਹਾਂ ਅਛੂਤ ਸਿੱਖਾਂ ਨੂੰ ਗੁਰੂ ਸਾਹਿਬ ਨੇ ਪਿਆਰ ਵਿਚ 'ਰਾਮਦਾਸੀਏ ਸਿੱਖ' ਦਾ ਖਿਤਾਬ ਬਖ਼ਸ਼ ਦਿਤਾ। ਇਸ ਰਾਮਦਾਸੀਆ ਭਾਈਚਾਰੇ 'ਚੋਂ ਗਿਆਨੀ ਦਿੱਤ ਸਿੰਘ ਬਾਬਤ ਪ੍ਰੋਫੈਸਰ ਆਫ ਸਿੱਖਇਜ਼ਮ ਸ. ਗੁਰਤੇਜ ਸਿੰਘ ਨੇ 'ਕਿਛੁ ਸੁਣੀਐ ਕਿਛੁ ਕਹੀਐ' ਵਿਚ ਦੱਸਿਆ, "ਉਨ੍ਹਾਂ ਦੀਆਂ ਬਾ ਦਲੀਲ ਤਕਰੀਰਾਂ ਨੂੰ ਸਿੰਘ ਸਭੀਏ ਬੜੇ ਗ਼ੌਰ ਨਾਲ ਸੁਣਦੇ ਅਤੇ ਆਪ ਮੁਹਾਰੇ ਅਸ਼ ਅਸ਼ ਕਰ ਉਠਦੇ; ਪਰ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਉਸ ਵੇਲੇ ਤੱਕ ਨੇੜੇ ਨਾ ਫਟਕਣ ਦਿੰਦੇ ਜਦੋਂ ਤੱਕ ਗਿਆਨੀ ਜੀ ਭਾਸ਼ਣ ਕਰਕੇ ਮੰਚ ਤੋਂ ਹੇਠਾਂ ਨਾ ਉਤਰ ਜਾਂਦੇ, ਤਾਂ ਕਿ ਇਨ੍ਹਾਂ ਦੀ ਭਿਟ ਕੜਾਹ ਪ੍ਰਸ਼ਾਦ ਨੂੰ ਨਾ ਲੱਗ ਜਾਵੇ।"

ਗੁਰੂ ਕਾਲ ਉਪਰੰਤ ਵਿਹਾਰਕ ਪੱਧਰ 'ਤੇ ਸਿੱਖ ਸਮਾਜ ਵਰਣ ਵਿਵਸਥਾ ਦੀ ਜਕੜ ਵਿਚ ਘਿਰ ਗਿਆ। ਸਿੱਖ ਸਮਾਜ 'ਤੇ ਤੱਦੀ ਦਾ ਦੌਰ ਮੱਠਾ ਪਿਆ ਅਤੇ ਖ਼ਾਲਸੇ ਨੇ ਰਾਜਸੀ ਆਧਾਰ ਕਾਇਮ ਕਰਨ ਬਾਬਤ ਸੋਚਿਆ ਤਾਂ ਬਾਰਾਂ ਮਿਸਲਾਂ ਬਣੀਆਂ। ਜਾਤ ਉਪਰ ਮਿਸਲ ਸ਼ਬਦ ਦਾ ਗਿਲਾਫ ਚਾੜ੍ਹ ਲਿਆ ਗਿਆ। ਕਨਿੰਘਮ ਮੁਤਾਬਕ ਮਿਸਲਾਂ ਦਾ ਆਧਾਰ ਜਾਤ ਸੀ।

ਦੂਜੇ ਪਾਤਸ਼ਾਹ ਦੀ ਵੰਸ਼ ਵਿਚੋਂ ਬਾਬਾ ਕਾਹਨ ਸਿੰਘ ਤ੍ਰੇਹਣ, ਬੰਦੇ ਬਹਾਦਰ ਨਾਲ ਸੱਤ ਸੌ ਸਿੰਘਾਂ ਸਮੇਤ ਗ੍ਰਿਫਤਾਰ ਹੋਇਆ। ਕਤਲੇਆਮ ਤੋਂ ਪਹਿਲਾਂ ਸਿੱਖਾਂ ਨੇ ਇੱਕ ਸਿੰਘ ਪੇਸ਼ ਕਰਕੇ ਗੁਰੂ ਦੇ ਇਕੋ ਇਕ ਵੰਸ਼ਜ ਬਾਬਾ ਕਾਹਨ ਸਿੰਘ ਨੂੰ ਛੁਡਵਾ ਲਿਆ ਸੀ। ਉਸ ਸਮੇਂ ਇਕ ਨੌਜਵਾਨ ਸਿੰਘ ਦੀ ਮਾਂ ਆਪਣੇ ਪੁੱਤਰ ਨੂੰ ਭੁਲੇਖੇ ਵਿਚ ਪਕੜਿਆ ਦੱਸ ਕੇ ਛੁਡਵਾਉਣ ਆਈ ਤਾਂ ਪੁੱਤਰ ਨੇ ਉਸ ਨੂੰ ਮਾਂ ਮੰਨਣ ਤੋਂ ਹੀ ਨਾਂਹ ਕਰ ਦਿਤੀ ਅਤੇ ਸ਼ਹੀਦੀ ਜਾਮ ਪੀ ਗਿਆ।

"ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿਚ ਜ਼ਿਕਰ ਹੈ ਕਿ ਸ੍ਰੀ ਅਕਾਲ ਤਖਤ ਵਿਖੇ ਉਸੇ ਬਾਬਾ ਕਾਹਨ ਸਿੰਘ ਨੇ ਇਕ ਸਿੱਖ ਨੂੰ ਸਿੱਖਾਂ ਨਾਲ ਗਲੇ ਮਿਲਦਿਆਂ ਦੇਖ, ਸੱਦ ਲਿਆ। ਪੁੱਛਣ 'ਤੇ ਪਤਾ ਲੱਗਾ ਕਿ ਉਹ ਮਜ਼੍ਹਬੀ ਹੈ। ਕਾਹਨ ਸਿੰਘ ਨੇ ਤਾੜਨਾ ਕੀਤੀ, "ਤੈਨੂੰ ਅਪਨਾ ਪਰਵਾਰ ਅਤੇ ਜਨਮ ਭੁੱਲ ਕੀਕੂੰ ਗਿਆ।" ਉਸ ਸਿੱਖ ਨੂੰ ਸਜ਼ਾ ਦਿੱਤੀ ਗਈ। ਛਿੱਬਰ ਦੱਸਦੇ ਹਨ, "ਬੁਲਾਇ ਨਾਈ ਤਿਸ ਦੇ ਕੇਸ ਲੁਹਾਏ, ਚਾੜਿ ਖਰ ਦਿਤਾ ਨਗਰ ਫਿਰਾਇ, ਸਰ ਟੁੰਡੇ ਦੇ ਸੌ ਫਾਂਸੀ ਲਾਇਆ।" ਮਜ਼੍ਹਬੀ ਸਿੱਖ ਭਾਈ ਜੈਤਾ ਨੂੰ ਔਰੰਗਜ਼ੇਬ ਦੀ ਕਤਲਗਾਹ ਵਿਚੋਂ ਨੌਵੇਂ ਪਾਤਸ਼ਾਹ ਦਾ ਸੀਸ ਆਪਣੇ ਸੀਨੇ ਨਾਲ ਲਾ ਕੇ ਅਨੰਦਪੁਰ ਸਾਹਿਬ ਲਿਆਉਣ 'ਤੇ, ਦਸਵੇਂ ਪਾਤਸ਼ਾਹ ਨੇ 'ਰੰਘਰੇਟਾ ਗੁਰੂ ਕਾ ਬੇਟਾ' ਆਖਿਆ ਸੀ।

'ਮਹਾਨਕੋਸ਼' ਅਨੁਸਾਰ ਕਾਨ੍ਹ ਸਿੰਘ "ਦਸ਼ਮੇਸ਼ ਦਾ ਸੇਵਕ, ਜੋ ਇੱਕ ਵਾਰ ਲੇਪਨ ਕਰਦਾ ਸੀ, ਅਣਗਹਿਲੀ ਨਾਲ ਦਸ਼ਮੇਸ਼ ਦੇ ਜਾਮੇ ਪੁਰ ਛਿੱਟਾ ਪੈ ਗਿਆ। ਸਤਿਗੁਰੂ ਨੇ ਹੁਕਮ ਦਿੱਤਾ ਕਿ ਇਸ ਦੇ ਤਮਾਚਾ ਮਾਰੋ। ਇਸ ਪੁਰ ਅਨੇਕ ਸਿੱਖਾਂ ਨੇ ਤਮਾਚੇ ਮਾਰੇ। ਦਸ਼ਮੇਸ਼ ਨੇ ਫ਼ੁਰਮਾਇਆ ਕਿ ਅਸਾਂ ਇੱਕ ਤਮਾਚੇ ਨੂੰ ਕਿਹਾ ਸੀ, ਤੁਸੀਂ ਬਹੁਤੇ ਕਿਉਂ ਮਾਰੇ? ਸਭ ਨੇ ਕਿਹਾ, ਗੁਰੂ ਦਾ ਹੁਕਮ ਸਭ ਨੂੰ ਮੰਨਣਾ ਚਾਹੀਏ। ਦਸ਼ਮੇਸ਼ ਨੇ ਫ਼ੁਰਮਾਇਆ ਕਿ ਆਪਣੀ ਪੁਤ੍ਰੀ ਇਸ ਨੂੰ ਅਰਪੋ। ਇਸ ਪੁਰ ਸਭ ਚੁੱਪ ਹੋ ਗਏ। ਅਜਬ ਸਿੰਘ ਕੰਧਾਰ ਨਿਵਾਸੀ ਨੇ ਆਪਣੀ ਪੁਤ੍ਰੀ ਅਰਪੀ। ਸਤਿਗੁਰਾਂ ਨੇ ਉਸ ਦਾ ਕਾਨ੍ਹ ਸਿੰਘ ਨਾਲ ਆਨੰਦ ਪੜ੍ਹਾ ਦਿੱਤਾ।" ਜਿੱਤ ਦਾ ਸਰੂਰ ਦੇਣ ਵਾਲੇ ਤਮਾਚੇ ਦੇ ਹੁਕਮ ਦੀ ਸਮੂਹ ਸਿੱਖ ਖਿੜੇ ਮੱਥੇ ਤਾਮੀਲ ਕਰਦੇ ਹਨ, ਪਰ ਕੰਨਿਆ ਦਾਨ ਜਹੇ ਨਿਮਰ ਭਾਵੀ ਕਾਰਜ ਦਾ ਹੁਕਮ ਕੋਈ ਵਿਰਲਾ ਕਬੂਲ ਕਰਦਾ ਹੈ।

ਦਸਮ ਪਿਤਾ ਨੇ ਜਿਹੜੇ 'ਗਰੀਬ ਸਿੱਖਨ ਕੋ ਦੇਉਂ ਪਾਦਸ਼ਾਹੀ' ਦਾ ਐਲਾਨ ਕੀਤਾ, ਪਾਦਸ਼ਾਹੀ ਮਿਲਣ 'ਤੇ ਉਨ੍ਹਾਂ ਗ਼ਰੀਬ ਸਿੱਖਾਂ ਨੂੰ ਚੌਥਾ ਪੌੜਾ ਆਖ ਕੇ ਪਾਦਸ਼ਾਹੀ ਦੇ ਕਦੀ ਨੇੜੇ ਵੀ ਫਟਕਣ ਨਾ ਦਿਤਾ। ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਸਿਰਦਾਰ ਕਪੂਰ ਸਿੰਘ ਨੇ 'ਸਾਚੀ ਸਾਖੀ' ਵਿਚ ਲਿਖਿਆ ਕਿ ਡਾਕਟਰ ਅੰਬੇਦਕਰ ਸਮਝ ਗਿਆ ਸੀ ਕਿ ਸਿੱਖੀ ਹੀ ਅਛੂਤਾਂ ਨੂੰ ਦਲਿਤ ਅਵਸਥਾ 'ਚੋਂ ਮੁਕਤ ਕਰਾ ਸਕਦੀ ਹੈ, ਜਿਸ ਲਈ ਜ਼ਰੂਰੀ ਹੈ ਕਿ ਸਿੱਖ ਪੰਥ ਦਾ ਕੋਈ ਦੂਰਦਰਸ਼ੀ ਨੇਤਾ ਹੋਵੇ। ਛੇ ਕਰੋੜ ਅਛੂਤ ਸਿੰਘ ਸਜ ਜਾਂਦੇ ਤਾਂ ਦੇਸ਼ ਵੰਡ ਸਮੇਂ ਅੰਗਰੇਜ਼ਾਂ ਨਾਲ ਗੱਲਬਾਤ ਵਿਚ ਸਿੱਖ ਨੇਤਾ ਅੰਬੇਦਕਰ ਹੋਣਾ ਸੀ, ਜੋ ਗਾਂਧੀ ਅਤੇ ਜਿਨਾਹ ਦੀ ਟੱਕਰ ਦਾ ਦੂਰਦਰਸ਼ੀ ਨੀਤੀਵੇਤਾ ਸੀ। ਉਸ ਦੇ ਸਿੱਖਾਂ ਵਿਚ ਸ਼ਾਮਲ ਹੋਣ 'ਤੇ ਰੁਕਾਵਟਾਂ ਖੜੀਆਂ ਕਰਨ ਦਾ ਕਾਰਨ ਪੁਛਿਆ ਤਾਂ ਪੜ੍ਹੇ-ਲਿਖੇ ਸਿਰਕੱਢ ਅਕਾਲੀ ਆਗੂ ਸਰਦਾਰ ਹਰਨਾਮ ਸਿੰਘ ਝੱਲੇ ਨੇ ਆਖਿਆ, "ਛੇ ਕਰੋੜ ਅਛੂਤ ਸਿੱਖ ਬਣਾ ਕੇ ਦਰਬਾਰ ਸਾਹਿਬ ਚੂਹੜਿਆਂ ਨੂੰ ਦੇ ਛੱਡੀਏ?"

ਗੁਰੂ ਸਾਹਿਬ ਨੇ ਵਰਣ ਦੇ ਖ਼ਾਤਮੇ ਲਈ, ਜਿਸ ਅੰਮ੍ਰਿਤ ਸਰੋਵਰ ਦਾ ਨਿਰਮਾਣ ਕੀਤਾ, ਉਸ ਸਰੋਵਰ ਦੀ ਇਕ ਬਾਹੀ ਸ਼ੂਦਰ ਵਰਣ ਦੇ ਇਸ਼ਨਾਨ ਲਈ ਨਿਸ਼ਚਿਤ ਕਰਕੇ ਸ਼ੂਦਰ ਸਿੱਖਾਂ ਨੂੰ ਚੌਥੇ ਪੌੜੇ ਦੇ ਸਿੱਖ ਗਰਦਾਨ ਦਿੱਤਾ ਗਿਆ। ਫਿਰ ਦੇਗ ਅਤੇ ਅਰਦਾਸ ਕਰਾਉਣ ਦੇ ਹੱਕ ਤੋਂ ਵਾਂਝੇ ਕਰਕੇ ਅੰਮ੍ਰਿਤ ਦੀ ਦਾਤ ਦੇ ਵੀ ਵੱਖਰੇ ਨਿਯਮ ਘੜ ਲਏ ਗਏ। ਚੌਥੇ ਪੌੜੇ ਦੇ ਸਿੱਖਾਂ ਨੂੰ ਹਰ ਤਰ੍ਹਾਂ ਹਕਾਰਤ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ।

ਜਿਵੇਂ ਸਭ ਤੋਂ ਹੇਠਲੇ ਕਰਮਚਾਰੀਆਂ ਨੂੰ 'ਚੌਥਾ ਦਰਜਾ' ਆਖ ਕੇ ਸੰਵਿਧਾਨ ਵਿਚ ਵਰਣ ਘਸੋੜ ਦਿਤਾ ਗਿਆ। ਇਸੇ ਤਰ੍ਹਾਂ ਸਿੱਖ ਸਮਾਜ ਵਿਚ ਚੌਥੇ ਵਰਣ ਨੂੰ ਚੌਥਾ ਪੌੜਾ ਕਹਿ ਕੇ ਸਿੱਖੀ ਦੀ ਖਾਲਸ ਮੌਲਿਕਤਾ 'ਤੇ ਵਰਣ ਦੀ ਮੁਹਰ ਚੇਪ ਦਿਤੀ ਗਈ ਅਤੇ ਗੁਰੂ ਨਾਨਕ ਦਾ ਜਗਤ ਵਿਚ ਮਾਰਿਆ ਅਵਰਣ ਸਿੱਕਾ ਮੇਟ ਅਤੇ ਮੇਸ ਦਿੱਤਾ ਗਿਆ।

ਜਾਤ ਆਧਾਰਤ ਗੁਰਦੁਆਰੇ ਸਿੱਖੀ ਦਾ ਨਿਸ਼ੇਧ ਹਨ। ਜਾਤ ਦੇ ਨਾਂ 'ਤੇ ਬਣੇ ਸ਼ਮਸ਼ਾਨਘਾਟ ਇਨਸਾਨੀਅਤ ਦੇ ਮੱਥੇ 'ਤੇ ਕਲੰਕ ਹਨ, ਜਿਥੇ ਕੋਈ ਮਰ ਕੇ ਵੀ ਅਵਰਣ ਨਹੀਂ ਹੋ ਸਕਦਾ। ਬੇਸ਼ੱਕ ਵਰਣ ਅਤੇ ਜਾਤ ਗੋਤ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ, ਪਰ ਸਾਡੇ ਦਿਲੋ-ਦਿਮਾਗ਼ ਵਿਚੋਂ ਊਚ-ਨੀਚ ਦਾ ਖਿਆਲ ਅਤੇ ਅਹਿਸਾਸ ਮਿਟਿਆ ਨਹੀਂ, ਵਧਿਆ ਹੈ। ਵਰਣਾਂ ਦੀ ਵਲਗਣ ਤੋਂ ਖ਼ਾਲਸਾ ਖ਼ਲਾਸੀ ਨਹੀਂ ਪਾ ਸਕਿਆ। ਨਖ਼ਾਲਸ ਖ਼ਾਲਸੇ ਵਿਚ ਹੁਣ ਪੰਜਵੇਂ ਪੌੜੇ ਦੀ ਚੁੰਝ ਚਰਚਾ ਜਾਰੀ ਹੈ।

ਜਿਨ੍ਹਾਂ ਲੋਕਾਂ ਨੂੰ ਸਦੀਆਂ ਤੋਂ ਵਰਣ ਦੇ ਅਧਾਰ 'ਤੇ ਲਿਤਾੜਿਆ ਗਿਆ, ਉਨ੍ਹਾਂ ਨੂੰ ਰਾਹਤ ਦੇਣ ਅਤੇ ਖਲੋਣ ਜੋਗਾ ਕਰਨ ਹਿਤ, ਸੰਵਿਧਾਨ ਵਿਚ ਰਾਖਵਾਂਕਰਨ ਦੀ ਵਿਵਸਥਾ ਕੀਤੀ ਗਈ। ਵਿਤਕਰੇ ਅਤੇ ਨਫ਼ਰਤ ਦਾ ਆਧਾਰ ਵਰਣ ਸੀ, ਇਸੇ ਲਈ ਸਹੂਲਤ ਦਾ ਆਧਾਰ ਵੀ ਵਰਣ ਮਿਥਿਆ ਗਿਆ, ਜਿਸ ਨਾਲ ਆਰਥਿਕਤਾ ਨੂੰ ਵੀ ਜੋੜ ਲਿਆ ਗਿਆ। ਸ਼ੂਦਰ ਵਰਣ ਵਿਚੋਂ ਜਿਹੜੀਆਂ ਜਾਤੀਆਂ ਜ਼ਮੀਨ 'ਤੇ ਕਾਬਜ਼ ਹੋ ਗਈਆਂ ਜਾਂ ਕਿਸੇ ਹੋਰ ਵਸੀਲਿਆਂ ਕਾਰਣ ਆਰਥਕ ਸਮਰਥਾ ਮਜ਼ਬੂਤ ਕਰਨ ਵਿਚ ਕਾਮਯਾਬ ਹੋ ਗਈਆਂ, ਉਨ੍ਹਾਂ ਨੂੰ ਰਾਖਵਾਂਕਰਨ ਦੀ ਸਹੂਲਤ ਤੋਂ ਵਿਰਵੇ ਰੱਖਿਆ ਗਿਆ। ਸ਼ੂਦਰ ਵਰਣ, ਰਾਖਵਾਂਕਰਨ ਰਹਿਤ ਅਤੇ ਰਾਖਵਾਂਕਰਨ ਸਹਿਤ, ਦੋ ਹਿੱਸਿਆਂ ਵਿਚ ਵੰਡਿਆ ਗਿਆ।

ਰਾਖਵਾਂਕਰਨ ਰਹਿਤ ਸ਼ੂਦਰ ਵਰਣ 'ਜਨਰਲ ਵਰਗ' ਦੀ ਖਾਹਮ-ਖਿਆਲੀ ਵਿਚ ਉਚ ਵਰਣਾਂ ਨਾਲ ਭਿਆਲੀ ਦਾ ਭਰਮ ਪਾਲ ਕੇ ਵੀ, ਉਤਲੇ ਵਰਣਾਂ ਦੀ ਹਕਾਰਤ ਤੋਂ ਮੁਕਤ ਨਹੀਂ ਹੋਇਆ। ਪਰ ਉਸ ਨੇ ਰਾਖਵਾਂਕਰਨ ਸਹਿਤ ਸ਼ੂਦਰ ਵਰਣ ਨੂੰ ਪੰਜਵਾਂ ਪੌੜਾ ਆਖ ਕੇ, ਉਸ ਪ੍ਰਤੀ ਹਕਾਰਤ ਦਾ ਖ਼ਜ਼ਾਨਾ ਭਰ ਲਿਆ ਹੈ। ਰਾਖਵਾਂਕਰਨ ਰਹਿਤ ਅਤੇ ਰਾਖਵਾਂਕਰਨ ਸਹਿਤ ਸ਼ੂਦਰ ਜਾਤੀਆਂ ਦਰਮਿਆਨ ਨਫ਼ਰਤ ਦੀ ਅੱਗ ਦਿਨ ਬਦਿਨ ਵਧ ਰਹੀ ਹੈ। ਜ਼ਮੀਨ ਤੇ ਕਾਬਜ਼ ਅਤੇ ਸਮਰੱਥਾਵਾਨ ਰਾਖਵਾਂਕਰਨ ਰਹਿਤ ਸ਼ੂਦਰ ਜਾਤੀਆਂ ਨੇ ਰਾਖਵਾਂਕਰਨ ਸਹਿਤ ਕਿਰਤੀ ਜਾਤੀਆਂ ਨੂੰ ਪੰਜਵਾਂ ਪੌੜਾ ਕਹਿਣਾ ਸ਼ੁਰੂ ਕਰ ਦਿਤਾ ਹੈ। ਇਹ ਗੱਲ ਵੱਖਰੀ ਹੈ ਕਿ ਰਾਖਵਾਂਕਰਨ ਰਹਿਤ ਸ਼ੂਦਰ ਜਾਤੀਆਂ ਰਾਖਵੇਂਕਰਨ ਦੀ ਮੰਗ ਵੀ ਜ਼ੋਰ ਸ਼ੋਰ ਨਾਲ ਕਰ ਰਹੀਆਂ ਹਨ, ਪਰ ਜਿਨ੍ਹਾਂ ਨੂੰ ਰਾਖਵਾਂਕਰਨ ਮਿਲ ਚੁਕਾ ਹੈ, ਉਨ੍ਹਾਂ ਨੂੰ ਘੋਰ ਨਿਰਾਦਰ ਦੀ ਨਿਗਾਹ ਨਾਲ ਵੀ ਦੇਖਦੀਆਂ ਹਨ।

ਸਕੂਲਾਂ-ਕਾਲਜਾਂ ਵਿਚ ਰਾਖਵਾਂਕਰਨ ਰਹਿਤ ਚੌਥੇ ਪੌੜੇ ਦੇ ਅਧਿਆਪਕ ਰਾਖਵਾਂਕਰਨ ਸਹਿਤ ਪੰਜਵੇਂ ਪੌੜੇ ਦੇ ਵਿਦਿਆਰਥੀਆਂ ਨੂੰ ਮਿਲੇ ਚੈਕ 'ਤੇ ਗਵਾਹੀ ਪਾਉਣ ਤੋਂ ਇਵੇਂ ਭੱਜਦੇ ਹਨ, ਜਿਵੇਂ ਉਹ ਦਸਤਖ਼ਤ ਕਰਕੇ ਜਨਮਾਂ-ਜਨਮਾਂਤਰਾਂ ਲਈ ਘੋਰ ਨਰਕਾਂ ਦੇ ਭਾਗੀ ਹੋ ਜਾਣਗੇ। ਚੈਕ ਦੇਖ ਕੇ ਏਨੇ ਭੈਭੀਤ ਹੋ ਜਾਂਦੇ ਹਨ, ਜਿਵੇਂ ਉਹ ਚੈਕ ਨਹੀਂ, ਕੋਹੜ ਦਾ ਫ਼ੁਰਮਾਨ ਹੋਵੇ। ਵਿਦਿਆਰਥੀ ਦੀ ਬਰੰਗ ਵਾਪਸੀ 'ਤੇ ਆਪੋ ਵਿਚ ਨਜ਼ਰੋ-ਨਜ਼ਰੀ ਇਸ ਤਰ੍ਹਾਂ ਨਿਹਾਲ ਹੋਏ ਪ੍ਰਤੀਤ ਹੁੰਦੇ ਹਨ, ਜਿਵੇਂ ਉਸ ਗਰੀਬ 'ਤੋਂ ਬ੍ਰਹਮ ਹੱਤਿਆ ਦਾ ਬਦਲਾ ਲੈ ਲਿਆ ਹੋਵੇ।

ਪੈਤੀ ਕਿਸਮ ਦੇ ਰਾਖਵੇਂਕਰਨ ਵਿਚੋਂ ਕੇਵਲ ਜਾਤੀ ਰਾਖਵਾਂਕਰਨ ਹੀ ਚੁਭਦਾ ਹੈ। ਵੀਹ ਵੀਹ ਹਾਰਸ ਪਾਵਰ ਦੀਆਂ ਪੰਦਰਾਂ ਲੱਖ ਦੇ ਕਰੀਬ ਚਲਦੀਆਂ ਮੋਟਰਾਂ ਦੀ ਪੰਜ ਹਜ਼ਾਰ ਕਰੋੜ ਰੁਪਏ ਦੀ ਮੁਫ਼ਤ ਬਿਜਲੀ ਦੇ ਮੁਕਾਬਲੇ ਮਜ਼ਦੂਰ ਦੇ ਘਰ 'ਚ ਚੱਲਦਾ ਪੱਖਾ ਤੇ ਟਿਮਟਮਾਉਂਦੀ ਬੱਤੀ ਅੱਖਾਂ 'ਚ ਰੜਕਦੀ ਹੈ। ਕਰੋੜਾਂ ਦੀਆਂ ਸਬਸਿਡੀਆਂ ਅਤੇ ਕਰਜ਼ਿਆਂ ਦੀ ਮੁਆਫੀ ਦੀ ਥਾਂ ਆਟਾ-ਦਾਲ ਸਕੀਮ ਦੇ ਚਰਚੇ ਇਸ ਤਰ੍ਹਾਂ ਹੁੰਦੇ ਹਨ, ਜਿਵੇਂ ਲੁੱਟ ਨਹੀਂ, ਕਤਲੋਗ਼ਾਰਤ ਮਚ ਗਈ ਹੋਵੇ। ਕੰਮੀਆਂ ਦੇ ਘਰਾਂ 'ਚ ਰੋਟੀ ਲਈ ਰੁਲਦੀਆਂ ਇੱਜਤਾਂ ਤੇ ਸ਼ਰਮ ਨਾਲ ਡੁੱਬ ਡੁੱਬ ਮਰਦੇ ਮਾਂ-ਬਾਪ ਕਿਸੇ ਪੱਤਰਕਾਰ ਨੂੰ ਨਹੀਂ ਦਿਸਦੇ। ਕਿਸਾਨੀ ਖ਼ੁਦਕੁਸ਼ੀਆਂ ਹੀ ਅਖ਼ਬਾਰਾਂ 'ਚ ਛਪਦੀਆਂ ਹਨ।

ਗੁਰੂ ਸਾਹਿਬਾਨ ਦੇ ਨਾਂ 'ਤੇ ਗਰੀਬਾਂ, ਮਜ਼ਲੂਮਾਂ ਤੇ ਯਤੀਮਾਂ ਲਈ ਖ਼ੁੱਲ੍ਹੀਆਂ ਸੰਸਥਾਵਾਂ, ਸਕੂਲ, ਕਾਲਜ ਅਤੇ ਚੈਰੀਟੇਬਲ ਹਸਪਤਾਲ ਸਿਰਫ ਪੈਸਾ ਉਗਰਾਹੁਣ ਦੇ ਕੇਂਦਰ ਹਨ, ਜਿਥੇ ਦਾਨੀ ਬਿਰਤੀ ਅਤੇ ਚੈਰਿਟੀ ਦੇ ਰੋਜ਼ ਜਨਾਜ਼ੇ ਨਿਕਲਦੇ ਹਨ। ਗੁਰੂ ਸਾਹਿਬਾਨ ਦੇ ਪਰਮ ਸੰਦੇਸ਼ ਵਰਣ ਤੋਂ ਅਵਰਣ ਹੋਣ ਵੱਲ ਅਸੀਂ ਇੱਕ ਕਦਮ ਵੀ ਅਗਾਂਹ ਨਹੀਂ ਪੁੱਟਿਆ।

ਸ਼੍ਰੋਮਣੀ ਕਮੇਟੀ ਨੇ ਘੋਖ ਵਿਚਾਰ ਕੇ ਰਹਿਤ ਮਰਿਆਦਾ ਤਿਆਰ ਕੀਤੀ, ਜਿਸ ਵਿਚ ਅਨੰਦ ਸੰਸਕਾਰ ਦੀ ਪਹਿਲੀ ਹਦਾਇਤ ਇਹ ਲਿਖੀ ਕਿ "ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।" ਇਸ ਹਦਾਇਤ 'ਤੇ ਕਿਤਨਾ ਅਮਲ ਹੋਇਆ? ਇਸ ਸਵਾਲ ਦੇ ਜਵਾਬ ਤੋਂ ਹੀ ਗੁਰਮਤਿ ਅਭਿਆਸ ਦੀ ਪ੍ਰਗਤੀ ਦਾ ਜਾਇਜ਼ਾ ਲੱਗ ਸਕਦਾ ਹੈ।

# ਕੀ ਕੰਪਲੇਂਟ ਆਈ 'ਤੇ ਹੀ ਕਾਰਵਾਈ ਹੋਵੇਗੀ?

ਸਾਡੇ ਦੇਸ਼ ਦੇ ਲੋਕਾਂ ਨੂੰ ਸਵੱਛ ਰਾਜ ਦੇਣ ਲਈ ਸਾਡੇ ਸੰਵਿਧਾਨ ਅੰਦਰ ਸਰਕਾਰ ਦੇ ਪ੍ਰਮੁੱਖ ਤਿੰਨ ਅੰਗ ਵਿਧਾਨ ਪਾਲਿਕਾ, ਕਾਰਜਪਾਲਿਕਾ ਅਤੇ ਨਿਆਂ ਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਵਿਧਾਨ ਪਾਲਿਕਾ ਕਾਨੂੰਨ ਬਣਾਉਣ, ਕਾਰਜਪਾਲਿਕਾ ਕਾਨੂੰਨਾਂ ਨੂੰ ਲਾਗੂ ਕਰਾਉਣ ਅਤੇ

ਮੇਜਰ ਸਿੰਘ ਨਾਭਾ
ਫੋਨ: 91-94635-53962

ਨਿਆਂ ਪਾਲਿਕਾ ਕਾਨੂੰਨਾਂ ਦੀ ਰੱਖਿਆ ਕਰਨ ਦਾ ਕੰਮ ਕਰਦੇ ਹਨ। ਦੇਸ਼ ਅਤੇ ਰਾਜਾਂ ਅੰਦਰ ਸਮੇਂ ਸਮੇਂ ਲੋਕਾਂ ਦੀ ਭਲਾਈ ਲਈ ਨਵੇਂ ਨਵੇਂ ਕਾਨੂੰਨ ਬਣਾਏ ਜਾਂਦੇ ਹਨ, ਪਰ ਇਨ੍ਹਾਂ ਨੂੰ ਲਾਗੂ ਕਰਾਉਣ ਵਾਲੇ ਆਪਣਾ ਫਰਜ਼ ਇਮਾਨਦਾਰੀ ਨਾਲ ਨਹੀਂ ਨਿਭਾ ਰਹੇ। ਕਈ ਸਮਾਜ ਵਿਰੋਧੀ ਘਟਨਾਵਾਂ ਇਨ੍ਹਾਂ ਨੂੰ ਰੋਕਣ ਵਾਲਿਆਂ ਦੀਆਂ ਅੱਖਾਂ ਸਾਹਮਣੇ ਵਾਪਰਨ ਦਾ ਮੌਕਾ ਮੇਲ ਹੁੰਦਾ ਹੈ ਪਰ ਇਹ ਅਧਿਕਾਰੀ/ਕਰਮਚਾਰੀ ਉਥੋਂ ਪਾਸਾ ਵੱਟ ਕੇ ਟਲ ਜਾਂਦੇ ਹਨ। ਜੇਕਰ ਸਰਕਾਰੀ ਥਾਂਵਾਂ 'ਤੇ ਨਾਜਾਇਜ਼ ਕਬਜ਼ੇ ਹੁੰਦੇ ਨੇ, ਨਾਜਾਇਜ਼ ਚਿੱਟ ਫੰਡ ਕੰਪਨੀਆਂ ਖੁੱਲ੍ਹਦੀਆਂ ਨੇ, ਝੂਠੀ ਇਸ਼ਤਿਹਾਰਬਾਜ਼ੀ ਹੁੰਦੀ ਏ, ਤਾਂ ਕੀ ਪ੍ਰਸ਼ਾਸਨ ਨੇ ਆਪਣੇ ਆਪ ਇਹੋ ਜਿਹੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਕਾਨੂੰਨੀ ਕਾਰਵਾਈ ਨਹੀਂ ਕਰਨੀ ਹੁੰਦੀ? ਜਦੋਂ ਇਹੋ ਜਿਹੇ ਲੋਕ ਸਰਕਾਰ ਜਾਂ ਆਮ ਜਨਤਾ ਨੂੰ ਲੱਖਾਂ ਦਾ ਚੂਨਾ ਲਾ ਦਿੰਦੇ ਹਨ ਤਾਂ ਫਿਰ ਕੰਪਲੇਂਟ ਕਰਨ 'ਤੇ ਪ੍ਰਸ਼ਾਸਨ ਹਰਕਤ 'ਚ ਆਉਂਦਾ ਹੈ। ਆਮ ਦੇਖਣ 'ਚ ਆਉਂਦਾ ਹੈ ਕਿ ਸੜਕਾਂ 'ਤੇ ਦੁਰਘਟਨਾਵਾਂ ਜ਼ਿਆਦਾਤਰ ਟਰੈਫਿਕ ਨਿਯਮਾਂ ਦੀ ਪਾਲਣਾ ਨੂੰ ਸਖਤੀ ਨਾਲ ਲਾਗੂ ਕਰਕੇ ਹੀ ਹੁੰਦੀਆਂ ਹਨ। ਸੜਕਾਂ 'ਤੇ ਨਾਜਾਇਜ਼ ਕਬਜ਼ੇ, ਸੜਕਾਂ 'ਤੇ ਗਲਤ ਥਾਂ ਪਾਰਕਿੰਗ, ਮੋੜਾਂ ਆਦਿ ਅਤੇ ਆਲਾ-ਦੁਆਲਾ ਸਾਫ ਨਾ ਹੋਣਾ, ਤੰਗ ਪੁਲ, ਬਿਨਾਂ ਗਰਿੱਲਾਂ ਦੇ ਪੁਲ, ਖੱਡੇ, ਸਪੀਡ ਬਰੇਕਰ ਉਚਿਤ ਢੰਗ ਨਾਲ ਨਾ ਹੋਣਾ ਆਦਿ ਦੁਰਘਟਨਾਵਾਂ ਦੇ ਕਾਰਨ ਬਣਦੇ ਹਨ। ਜੇਕਰ ਕੋਈ ਵੱਡਾ ਦਰੱਖਤ ਸੜਕ 'ਤੇ ਗਿਰ ਜਾਂਦਾ ਹੈ ਤਾਂ ਉਸ ਦੀਆਂ ਟਾਹਣੀਆਂ ਲੋਕਾਂ ਜਾਂ ਮਹਿਕਮੇ ਵੱਲੋਂ ਕੱਟ ਕੇ ਥੋੜਾ ਜਿਹਾ ਲੰਘਣ ਦਾ ਰਸਤਾ ਤਾਂ ਬਣਾ ਦਿੱਤਾ ਜਾਂਦਾ ਹੈ ਪਰ ਉਹ ਵੱਡਾ ਤਣਾ ਕਿੰਨੇ ਕਿੰਨੇ ਦਿਨ ਅੜਿੱਕਾ ਬਣਿਆ ਆਵਾਜਾਈ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਉਸੇ ਸਮੇਂ ਕਾਰਵਾਈ ਕਿਉਂ ਨਹੀਂ ਹੁੰਦੀ ਜਦੋਂ ਕਿ ਲੋਕਾਂ ਦੀਆਂ ਜਾਨਾਂ ਦੀ ਗੱਲ ਇਸ ਨਾਲ ਜੁੜੀ ਹੁੰਦੀ ਹੈ? ਜਦੋਂ ਕੋਈ ਵੱਡੀ ਘਟਨਾ ਵਾਪਰ ਜਾਂਦੀ ਹੈ ਤਾਂ ਪ੍ਰਸ਼ਾਸਨ ਦੀ ਨੀਂਦ ਖੁੱਲ੍ਹਦੀ ਹੈ।

ਸਿਗਰਟਨੋਸ਼ੀ ਦੀ ਪਬਲਿਕ ਥਾਂਵਾਂ 'ਤੇ ਮਨਾਹੀ ਕਾਨੂੰਨੀ ਤੌਰ 'ਤੇ ਭਾਵੇਂ ਸਰਕਾਰ ਨੇ ਕਰ ਦਿੱਤੀ ਹੈ ਪਰ ਤੰਬਾਕੂ ਦਾ ਧੂੰਆਂ ਪਬਲਿਕ ਥਾਂਵਾਂ 'ਤੇ ਆਮ ਦੇਖਿਆ ਜਾ ਸਕਦਾ ਹੈ। ਹੈ ਕੋਈ, ਸਿਗਰਟ/ਬੀੜੀ ਪੀਣ ਵਾਲਿਆਂ ਨੂੰ ਰੋਕਣ ਵਾਲਾ? ਆਮ ਜਨਤਾ ਹੀ ਸਟੈਂਡ ਲੈ ਸਕਦੀ ਹੈ, ਪ੍ਰਸ਼ਾਸਨ ਤਾਂ ਕੇਵਲ ਇਹੋ ਜਿਹੀਆਂ ਥਾਂਵਾਂ 'ਤੇ 'ਸਿਗਰਟ ਪੀਣਾ ਮਨ੍ਹਾ ਹੈ' ਦੇ ਬੋਰਡ ਲਗਵਾ ਦਿੰਦਾ ਜਾਂ ਕੰਧਾਂ 'ਤੇ ਲਿਖਾ ਜਰੂਰ ਦਿੰਦਾ ਹੈ। ਇਸ ਤੋਂ ਵੱਧ ਕੇ ਹੋਰ ਕੋਈ ਕਾਰਵਾਈ ਨਹੀਂ ਹੁੰਦੀ। ਬਸਾਂ ਅੰਦਰ ਅਸ਼ਲੀਲ ਗੀਤਾਂ ਨੂੰ ਜਬਰੀ ਸਵਾਰੀਆਂ ਦੇ ਕੰਨਾਂ 'ਚ ਪਾਉਣਾ, ਪ੍ਰੈਸ਼ਰ ਹਾਰਨ ਵਜਾਉਣਾ ਆਦਿ ਕਈ ਵਾਰੀ ਖ਼ਬਰਾਂ 'ਚ ਚਰਚਾ ਦਾ ਵਿਸ਼ਾ ਬਣਿਆ। ਕੀ ਇਹ ਪ੍ਰਸ਼ਾਸਨ ਨੇ ਬੰਦ ਕਰਵਾ ਦਿੱਤਾ?

ਵਾਹਨ ਚਾਲਕ ਟਰੈਫਿਕ ਨਿਯਮਾਂ ਦੀਆਂ ਧੱਜੀਆਂ ਆਮ ਉਡਾਉਂਦੇ ਨਜ਼ਰ ਪੈਂਦੇ ਹਨ ਜਦੋਂ ਟਰੈਫਿਕ ਪੁਲਿਸ ਮਹੀਨੇ 'ਚ ਇਕ ਅੱਧੀ ਵਾਰੀ ਸਪੈਸ਼ਲ ਚੈਕਿੰਗ ਕਰਕੇ ਚਲਾਨ ਕੱਟਣ ਦਾ ਕੋਟਾ ਹੀ ਪੂਰਾ ਕਰਦੀ ਹੈ ਜਿਹੜੇ ਫਸ ਗਏ ਉਨ੍ਹਾਂ ਦਾ ਕਿਸੇ ਨਾ ਕਿਸੇ ਗੱਲੋਂ ਚਲਾਨ ਕੱਟ ਹੀ ਦਿੱਤਾ ਜਾਂਦਾ ਹੈ। ਜਿਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ, ਉਹ ਹੋਰ ਰਸਤਿਆਂ ਥਾਈਂ ਲੰਘ ਜਾਂਦੇ ਹਨ। ਨਿਯਮਤ ਤੌਰ 'ਤੇ ਚੈਕਿੰਗ ਕਿਉਂ ਨਹੀਂ ਹੁੰਦੀ? ਇਹੀ ਕਾਰਨ ਅਨੁਸ਼ਾਸਨਹੀਣਤਾ ਪੈਦਾ ਕਰਦਾ ਹੈ।

ਇਸੇ ਤਰ੍ਹਾਂ ਪ੍ਰਦੂਸ਼ਣ ਦੀ ਗੱਲ ਕਰੀਏ ਤਾਂ ਜਨਰੇਟਰ ਦੇ ਕਿਸਮ ਦਾ ਪ੍ਰਦੂਸ਼ਣ ਪੈਦਾ ਕਰਦਾ ਹੈ। ਉਚੀ ਆਵਾਜ਼ ਗੁਆਂਢੀਆਂ ਨੂੰ ਖਾਹਮਖਾਹ ਤੰਗ ਕਰਦੀ ਹੈ, ਧੂੰਆਂ ਵਾਤਾਵਰਣ ਨੂੰ ਪਲੀਤ ਕਰਦਾ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਇਸ ਮਾਮਲੇ 'ਚ ਅੱਖਾਂ ਮੀਚ ਕੇ ਸਮਾਂ ਲੰਘਾ ਰਿਹਾ ਹੈ। ਕਿਉਂ ਨਹੀਂ ਜਨਰੇਟਰ ਰੱਖਣ ਵਾਲਿਆਂ ਲਈ ਉਚਿਤ ਸ਼ਰਤਾਂ ਲਾਗੂ ਕਰਨ ਦੀ ਗੱਲ ਹੁੰਦੀ? ਬਿਜਲੀ ਬੋਰਡ ਨੂੰ ਵੀ ਇਸ ਸਬੰਧੀ ਸਖਤਾਈ ਕਰਕੇ ਗੁਆਂਢੀਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਕਈ ਵਾਰੀ ਜਨਰੇਟਰ ਦੀ ਬਿਜਲੀ ਦਾ ਕਰੰਟ ਮਾੜੀ ਜਿਹੀ ਅਣਗਹਿਲੀ ਕਾਰਨ ਦੂਜਿਆਂ ਦੇ ਘਰੇ ਵੀ ਜਾ ਸਕਦਾ ਹੈ ਜਿਸ ਨਾਲ ਕੋਈ ਵੀ ਅਣਸੁਖਾਵੀਂ ਘਟਨਾ ਹੋ ਸਕਦੀ ਹੈ।

ਇਸੇ ਤਰ੍ਹਾਂ ਜੇਕਰ ਸ਼ਹਿਰ 'ਚ ਗੰਦਗੀ ਦੇ ਢੇਰ ਨੇ, ਸਕੂਲਾਂ ਦੇ ਮੂਹਰੇ ਕੁੜੀਆਂ ਨੂੰ ਤੰਗ ਕਰਨ ਵਾਲੇ ਮਨਚਲੇ ਖੜ੍ਹਦੇ ਨੇ, ਪਲਾਸਟਿਕ ਦੇ ਲਿਫਾਫੇ ਵਰਤੇ ਜਾਂਦੇ ਨੇ, ਪਰਾਲੀ/ਨਾੜ ਸਾੜੀ ਜਾਂਦੀ ਹੋਵੇ, ਮੈਡੀਕਲ ਸਟੋਰਾਂ 'ਤੇ ਬਿਨਾਂ ਡਾਕਟਰ ਦੀ ਪਰਚੀ ਦਵਾਈ ਮਿਲਦੀ ਹੋਵੇ, ਘਰੇਲੂ ਗੈਸ ਸਿਲੰਡਰਾਂ ਦੀ ਸ਼ਰੇਆਮ ਕਮਰਸ਼ੀਅਲ ਕੰਮਾਂ ਲਈ ਵਰਤੋਂ ਕੀਤੀ ਜਾਂਦੀ ਹੋਵੇ, ਢਾਬਿਆਂ/ਹੋਟਲਾਂ 'ਚ ਛੋਟੇ ਛੋਟੇ ਬਾਲ ਸ਼ਰੇਆਮ ਬਰਤਨ ਚੁੱਕਦੇ/ਸਾਫ ਕਰਦੇ ਹੋਣ, ਰੇਹੜੀਆਂ ਵਾਲੇ ਅਣਢਕੀਆਂ/ਨਾ ਖਾਣਯੋਗ ਵਸਤਾਂ ਸ਼ਰੇਆਮ ਵੇਚਦੇ ਹੋਣ, ਬਸ ਸਟੈਂਡਾਂ/ਪਬਲਿਕ ਥਾਂਵਾਂ 'ਤੇ ਦੇਸੀ ਦਵਾਈਆਂ/ਨਕਲੀ ਦਵਾਈਆਂ ਲੋਕਾਂ ਨੂੰ ਗੁੰਮਰਾਹ ਕਰਕੇ ਵੇਚਦੇ ਹੋਣ ਤਾਂ ਇਥੇ ਕੌਣ, ਕਿਸ ਦੀ, ਕਿਸ ਕੋਲ ਸ਼ਿਕਾਇਤ ਕਰੇਗਾ? ਨਾਲੇ ਸ਼ਿਕਾਇਤ ਕਰਨ ਦੀ ਕਿਸ ਕੋਲ ਵਿਹਲ ਹੈ? ਸ਼ਿਕਾਇਕ ਕਰਤਾ ਇਨ੍ਹਾਂ ਲੋਕਾਂ ਨਾਲ ਵੈਰ ਕਿਉਂ ਲਵੇਗਾ? ਪ੍ਰਸ਼ਾਸਨ ਨੇ ਤਾਂ ਇਹੋ ਜਿਹੇ ਲੋਕਾਂ ਤੋਂ ਵਗਾਰ ਲੈਣੀ ਹੁੰਦੀ ਹੈ। ਉਹ ਤਾਂ ਸਿਰਫ ਖਾਨਾਪੂਰਤੀ ਹੀ ਕਰੇਗਾ। ਜਨਤਾ ਇਨ੍ਹਾਂ ਗੱਲਾਂ ਨੂੰ ਬਰਦਾਸ਼ਤ ਕਰਨ ਦੀ ਆਦੀ ਹੋ ਗਈ ਹੈ। ਕੀ ਖੁਫੀਆ ਏਜੰਸੀਆਂ ਇਹੋ ਜਿਹੇ ਸਮਾਜ ਵਿਰੋਧੀ ਅਨਸਰਾਂ ਦੀ ਰਿਪੋਰਟ ਸਰਕਾਰ ਨੂੰ ਨਹੀਂ ਦਿੰਦੀਆਂ? ਜੇ ਦਿੰਦੀਆਂ ਹਨ ਤਾਂ ਆਪਣੇ ਆਪ ਕਾਰਵਾਈ ਕਿਉਂ ਨਹੀਂ ਹੁੰਦੀ? ਜੇ ਨਹੀਂ ਤਾਂ ਖੁਫੀਆ ਏਜੰਸੀਆਂ ਦੀ ਇਨ੍ਹਾਂ ਸਮਾਜ/ਕਾਨੂੰਨ ਵਿਰੋਧੀ ਅਨਸਰਾਂ ਨਾਲ ਕੀ ਹਮਦਰਦੀ ਹੈ?

ਅਸਲ 'ਚ ਉਚ ਅਧਿਕਾਰੀ ਰਾਜਨੀਤਕ ਸ਼ਕਤੀ ਅੱਗੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਅਸਮਰੱਥ ਹਨ। ਇਸੇ ਕਰਕੇ ਸਮਾਜ ਵਿਰੋਧੀ ਅਨਸਰਾਂ ਦੇ ਹੌਂਸਲੇ ਬੁਲੰਦ ਹੁੰਦੇ ਜਾ ਰਹੇ ਹਨ। ਲੋਕ ਦਿਖਾਵੇ ਦੇ ਤੌਰ 'ਤੇ ਇਨ੍ਹਾਂ ਵਿਰੁਧ ਸ਼ਿਕਾਇਤ ਆਉਣ 'ਤੇ ਮਾੜੀ ਮੋਟੀ ਕਾਰਵਾਈ ਕਰਕੇ ਛੱਡ ਦਿੱਤਾ ਜਾਂਦਾ ਹੈ। ਰਿਸ਼ਵਤਖੋਰੀ ਨੇ ਪਹਿਲਾਂ ਹੀ ਇਹੋ ਜਿਹੇ ਅਨਸਰਾਂ ਨੂੰ ਸ਼ਹਿ ਦੇ ਰੱਖੀ ਹੈ। ਜੇਕਰ ਕੋਈ ਪੱਤਰਕਾਰ ਉੱਚ ਅਧਿਕਾਰੀਆਂ ਦਾ ਧਿਆਨ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵੱਲ ਦਿਵਾਉਂਦਾ ਹੈ ਤਾਂ ਉੱਚ ਅਧਿਕਾਰੀ, 'ਜੇ ਕੋਈ ਕੰਪਲੇਂਟ ਆਈ ਤਾਂ ਜ਼ਰੂਰ ਕਾਰਵਾਈ ਕੀਤੀ ਜਾਵੇਗੀ' ਕਹਿ ਕੇ ਖਹਿੜਾ ਛੁਡਵਾ ਲੈਂਦੇ ਹਨ। ਸਾਡੇ ਦੇਸ਼ ਅੰਦਰ ਵੀ ਜੇ ਈਮਾਨਦਾਰੀ ਨਾਲ ਉੱਚ ਅਧਿਕਾਰੀ ਆਪਣੀ ਡਿਊਟੀ ਨਿਭਾਉਣ ਲੱਗ ਜਾਣ ਤਾਂ ਲੋਕਾਂ ਦੀ ਸੋਚ ਸੱਚਮੁੱਚ ਬਦਲ ਜਾਵੇਗੀ ਅਤੇ ਸਾਡਾ ਦੇਸ਼ ਵੀ ਯੂਰਪੀਅਨ ਦੇਸ਼ਾਂ ਵਾਂਗ ਆਪਣਾ ਅਕਸ ਬਣਾ ਸਕਦਾ ਹੈ।

# ਜੇ ਸਵੇਰ ਨਾ ਹੁੰਦੀ...

ਸਵੇਰ, ਦਿਨ ਦਾ ਅਰੰਭ, ਚਾਨਣ ਦੀ ਆਮਦ, ਰਾਤ ਨੂੰ ਅਲਵਿਦਾ, ਨਵੀਆਂ ਰਾਹਾਂ 'ਤੇ ਚਾਨਣ-ਤਰੌਂਕਣੀ, ਮੰਜ਼ਲਾਂ ਦੇ ਦੂਰ-ਦਿਸੇਂਦੇ ਦਿਸਹੱਦੇ ਅਤੇ ਇਨ੍ਹਾਂ ਨੂੰ ਸਰ ਕਰਨ ਦਾ ਉਮਾਹ।

ਸਵੇਰ, ਅੰਗੜਾਈ ਭਰਦੀ ਕੁਦਰਤ, ਪਰਵਾਜ਼ ਲਈ ਪਰ ਤੋਲਦੇ ਪਰਿੰਦੇ, ਬਿਰਖਾਂ ਦੇ ਪੱਤਿਆਂ 'ਚ ਰੁਮਕਣੀ ਦਾ ਅਰੰਭ, ਟਾਹਣੀਆਂ ਵਿਚ ਤਰੰਗ, ਪੱਤਿਆਂ 'ਤੇ ਲਟਕਦੇ ਤਰੇਲ-ਮੋਤੀ ਅਤੇ ਇਨ੍ਹਾਂ ਵਿਚੋਂ ਛਣ ਕੇ ਆਉਂਦੀ ਰੰਗਾਂ ਦੀ ਆਬਸ਼ਾਰ।

ਸਵੇਰ, ਤਨ ਦੀ ਤਾਜਗੀ, ਮਨ 'ਚ ਬੁਲੰਦੀਆਂ ਦੀ ਚਾਹਨਾ, ਮਸਤਕ ਵਿਚ ਨਵੀਨਤਮ ਸੋਚਾਂ ਦਾ ਪ੍ਰਵਾਹ, ਕਦਮਾਂ ਵਿਚ ਨਵੀਆਂ ਰਾਹਾਂ ਸਿਰਜਣ-ਤਾਂਘ ਅਤੇ ਪਨਪਦੀਆਂ ਆਸਾਂ 'ਤੇ ਨਿਰੋਏ ਹਸਤਾਖਰ ਖੁਣਨ ਦੀ ਤਮੰਨਾ।



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 1-216-556-2080**

ਸਵੇਰ, ਧਰਤੀ-ਪਿੰਡੇ ਜ਼ਿੰਦਗੀ ਦੀ ਸੁਰਤਾਲ, ਇਸ ਦੀ ਕੁੱਖ ਨੂੰ ਫਰੋਲਣ ਦਾ ਸ਼ੁਭ-ਕਰਮਨ ਅਤੇ ਇਸ 'ਚੋਂ ਮਾਣਕ ਮੋਤੀਆਂ ਦੀ ਫਸਲ ਉਗਾਉਣ ਦਾ ਉਦਮ।

ਸਵੇਰ, ਦਰਿਆ 'ਚ ਤਾਰੀਆਂ ਲਾਉਂਦੇ ਯੋਗੀ, ਪਾਣੀ ਨੂੰ ਨਮਸ਼ਕਾਰਦੇ ਅਤੇ ਇਸ ਦੇ ਜੀਵਨ-ਦਾਨੀ ਰੂਪ ਦੀ ਅਰਾਧਨਾ 'ਚੋਂ ਹੀ ਸਰਬ-ਸੁਖਨ ਦੀ ਕਾਮਨਾ ਕਰਦੇ।

ਸਵੇਰ, ਰਾਤ ਦੀਆਂ ਉਨੀਂਦਰੀਆਂ ਅੱਖਾਂ 'ਚ ਨਵੀ ਉਮੀਦ ਦਾ ਉਗਮਣਾ, ਮਨ 'ਚ ਦਰਾਂ 'ਤੇ ਭਵਿੱਖੀ ਦਸਤਕ ਦੀ ਉਤੇਜਨਾ ਅਤੇ ਮਾਨਸਿਕਤਾ ਵਿਚ ਰਾਂਗਲੇ ਪਲਾਂ ਦੀ ਤਸ਼ਬੀਹ।

ਸਵੇਰ, ਨਿੱਕੜੇ ਜਹੇ ਮਨਾਂ ਵਿਚ ਚਾਨਣ ਦਾ ਜਾਗ ਲਾਉਣ ਦੀ ਕਾਹਲ, ਚਾਨਣ-ਸੰਧਾਰਾ ਵੰਡਦੇ ਦਰਾਂ ਵੰਨੀਂ ਛੋਹਲੇ ਕਦਮਾਂ ਦੀ ਪੈੜਚਾਲ ਅਤੇ ਨਵੀਆਂ ਪਿਰਤਾਂ ਦੀ ਨਿਸ਼ਾਨਦੇਹੀ 'ਚ ਰੁੱਝਣ ਦਾ ਚਾਅ।

ਸਵੇਰ, ਵਧਦੀ ਫੁੱਲਦੀ ਬਗੀਚੀ ਨੂੰ ਤੱਕਦਿਆਂ ਸੁਬਾਅ ਸੁਬਾਅ ਸ਼ਰਸ਼ਾਰੀ ਜਾਂਦੀ ਮਾਂ, ਬਾਪ ਨੂੰ ਆਪਣੇ ਕਦਮਾਂ 'ਚ ਚੱਲਦੇ ਲਾਡਲੇ ਦਾ ਮਾਣ ਅਤੇ ਭੈਣਾਂ ਭਰਾਵਾਂ ਦੇ ਆਪਸੀ ਨਿੱਘ ਨੂੰ ਪ੍ਰਣਾਮ।

ਸਵੇਰ, ਘਰ ਨੂੰ ਵੱਸਦੇ ਰਹਿਣ ਦੀ ਦੁਆ, ਇਸ ਦੀਆਂ ਕੰਧਾਂ ਤੇ ਕਮਰਿਆਂ ਵਿਚ ਸਹਿ-ਸੰਵੇਦਨਾ ਦੀ ਅਸੀਸ, ਦਰਾਂ 'ਤੇ ਲਿਖਿਆ ਹੋਇਆ ਹਾਰਦਿਕ ਸੁਆਗਤ, ਦਸਤਕ ਦੀ ਆਮਦ ਅਤੇ ਦੁਬਾਰਾ ਆਉਣ ਦੀ ਤਾਕੀਦ।

ਸਵੇਰ, ਨਵੇਂ ਦਿਨ ਦਾ ਅਹਿਸਾਸ, ਨਵੀਆਂ ਮਿਲਣੀਆਂ ਤੇ ਆਮਦਾਂ ਦਾ ਚਾਅ, ਕੁਝ ਨਵਾਂ ਨਕੋਰ ਕਰਨ ਤੇ ਸਿਰਜਣ ਦੀ ਸਿਰਜਣਸ਼ੀਲਤਾ, ਮਾਨਵੀ ਕਰਮ-ਯੋਗਤਾ ਦੀ ਚੋਗ ਅਤੇ ਜੀਵਨ-ਝੋਲ 'ਚ ਫਕੀਰੀ ਦੀ ਅਰਦਾਸ।

ਸਵੇਰ, ਆਪੇ ਸੰਗ ਇਕਜੁੱਟਤਾ ਦਾ ਅਰੰਭ, ਸਵੈ-ਸੰਵਾਦ ਨੂੰ ਨਵੇਂ ਅਰਥ ਦੇਣ ਦੀ ਸ਼ੁਰੂਆਤ ਅਤੇ ਖੁਦ ਨੂੰ ਤਲਾਸ਼ਣ ਦਾ ਕਰਮ।

ਸਵੇਰ, ਅਸੀਮ ਸੰਭਾਵਨਾਵਾਂ ਅਤੇ ਸ਼ੁਰੂਆਤਾਂ ਦਾ ਪੜੁੱਲ, ਮਾਨਵੀ ਪ੍ਰਾਪਤੀਆਂ ਦਾ ਸਿਰਨਾਵਾਂ, ਭਵਿੱਖ ਦੇ ਗਰਭ ਵਿਚ ਪਏ ਸਵਾਲਾਂ ਦੇ ਜਵਾਬ ਅਤੇ ਮਾਨਵਤਾ ਦੇ ਮੁੱਖ ਦਾ ਸ਼ਬਾਬ।

ਸਵੇਰ, ਸਫ਼ਰ 'ਤੇ ਤੁਰਨ ਤੋਂ ਪਹਿਲਾਂ ਆਪਣੀਆਂ ਕਮਜੋਰੀਆਂ ਤੇ ਸਮਰਥਾ ਨੂੰ ਜੋਖਣ ਦਾ ਵੇਲਾ, ਪੱਲੇ ਬੱਧੇ ਵਿਚਾਰਾਂ ਤੇ ਮਨ ਦੀ ਸਾਧਨਾ ਦੀ ਪਰਖ, ਪ੍ਰਤੀਬੱਧਤਾ ਦੀ ਪਕਿਆਈ ਨੂੰ ਪਹਿਚਾਨਣ ਦਾ ਵਕਤ ਅਤੇ ਪੈਰਾਂ ਦੀ ਸਫਰ-ਤਿਆਰੀ।

ਜੇ ਸਵੇਰ ਨਾ ਹੁੰਦੀ ਤਾਂ ਜ਼ਿੰਦਗੀ ਬੇਅਰਥ ਹੋ ਜਾਂਦੀ। ਭਲਾ! ਜੀਵਨ ਦੀ ਸਵੇਰ ਤੋਂ ਬਗੈਰ ਜ਼ਿੰਦਗੀ ਦਾ ਸਾਝਰਾ, ਦੁਪਹਿਰਾ ਤੇ ਢੱਲਦੇ ਪ੍ਰਛਾਂਵਿਆਂ ਦੀ ਤਸ਼ਬੀਹ ਕਿਸ ਦੇਣੀ ਏ ਅਤੇ ਕਿਰਮਚੀ ਰੰਗਾਂ ਨੂੰ ਜੀਵਨ-ਦਿਸਹੱਦਿਆਂ 'ਚੋਂ ਕਿੰਜ ਨਿਹਾਰਿਆ ਜਾ ਸਕਦਾ ਏ?

ਜੇ ਸਵੇਰ ਨਾ ਹੁੰਦੀ ਤਾਂ ਪੰਛੀਆਂ ਦਾ ਚਹਿਚਹਾਉਣਾ ਇਕ ਮੂਕ ਵੇਦਨਾ ਬਣ ਜਾਣਾ ਸੀ। ਕੁਦਰਤ ਦੀ ਅੱਖ ਵਿਚ ਹਿੰਝ ਰਿਸਦੀ ਰਹਿਣੀ ਸੀ। ਬਿਰਖ ਨੇ ਉਦਾਸੀ ਦੀ ਜੂਨ ਹੰਢਾਉਣ ਲਈ ਮਜਬੂਰ ਹੋਣਾ ਸੀ। ਪੱਤਿਆਂ 'ਤੇ ਪਿਲੱਤਣਾਂ ਨੇ ਡੇਰਾ ਲਾਉਣਾ ਸੀ ਅਤੇ ਅਜਿਹੀ ਬੇਰੌਣਕੀ ਬਿਰਖ-ਬਾਬੇ ਕਿੰਜ ਹੰਢਾਉਂਦੇ?



ਸਵੇਰ ਨਾ ਹੁੰਦੀ ਤਾਂ ਪੱਤਿਆਂ 'ਤੇ ਲਰਜ਼ਦੇ ਤਰੇਲ ਤੁਪਕਿਆਂ ਵਿਚੋਂ ਛਣ ਕੇ ਆਉਂਦੀ ਧੁੱਪ ਨੇ ਕਿੰਜ ਬਖੇਰਨੇ ਸਨ ਰੰਗ, ਕਿਰਨਾਂ ਨੂੰ ਖੁਸ਼ਆਮਦੀਦ ਕਿਸ ਕਹਿਣਾ ਸੀ ਅਤੇ ਕਿਸ ਨੇ ਉਸ ਦੇ ਕੰਧਾੜੇ ਚੜ੍ਹ ਰੰਗਾਂ ਦੀ ਮਹਿਫਿਲ ਨੂੰ ਸਜਾਉਣਾ ਸੀ।

ਸਵੇਰ ਨਾ ਹੁੰਦੀ ਤਾਂ ਪੋਤਰਾ ਕਿੰਜ ਦਾਦੇ ਦੀ ਉਂਗਲ ਫੜ ਕੇ ਤੁਰਨ ਦੀ ਜਾਚ ਸਿਖਦਾ, ਨਵੇਂ ਕਦਮਾਂ ਨੂੰ ਰਾਹਾਂ ਦੇ ਨਾਮ ਲਾਉਂਦਾ ਅਤੇ ਦੁਮੇਲੜੇ ਮਕਸਦਾਂ ਨੂੰ ਜੀਵਨ-ਪੂਰਤੀ ਦੇ ਰਾਹ ਪਾਉਂਦਾ।

ਸਵੇਰ ਨਾ ਹੁੰਦੀ ਤਾਂ ਸਮੁੰਦਰ ਸਦਾ ਲਈ ਖਾਮੋਸ਼ ਹੋ ਜਾਂਦੇ, ਲਹਿਰਾਂ ਦਾ ਸੰਗੀਤ ਡੂੰਘੀ ਖਾਮੋਸ਼ੀ ਬਣ ਕੇ ਸਾਗਰ ਦੇ ਸੀਨੇ ਵਿਚ ਸਦੀਵੀ ਹਾਉਕਾ ਭਰ ਜਾਂਦਾ ਅਤੇ ਲਹਿਰਾਂ ਦੇ ਪਿੰਡੇ 'ਤੇ ਅਠਖੇਲੀਆਂ ਕਰਨ ਦਾ ਚਾਅ ਸਿਉਂਕਿਆ ਜਾਂਦਾ।

ਸਵੇਰ ਨਾ ਹੁੰਦੀ ਤਾਂ ਸਾਝਰੇ ਸਾਝਰੇ ਨਵੇਂ ਮਾਰਗਾਂ ਨੂੰ ਭਾਗ ਲਾਉਣ ਵਾਲੇ ਰਾਹੀਆਂ ਦੇ ਕਦਮਾਂ ਵਿਚਲੀ ਖੜੋਤ ਸਹਿਮ ਬਣ ਜਾਂਦੀ, ਹਾਲੀਆਂ ਨੂੰ ਕਿਹੜੀ ਕੁੱਕੜ-ਬਾਂਗ ਜਗਾਉਂਦੀ, ਪੈਲੀਆਂ ਦੀ ਹਿੱਕ 'ਤੇ ਸਿਆੜਾਂ ਦੀ ਕਲਾ-ਨਿਕਾਸ਼ੀ ਕੌਣ ਕਰਦਾ ਅਤੇ ਇਸ ਦੀ ਹਿੱਕੜੀ ਵਿਚ ਸੁਫਨ-ਸੰਧਾਰਾ ਕੌਣ ਧਰਦਾ?

ਸਵੇਰ ਨਾ ਹੁੰਦੀ ਤਾਂ ਕਲੀਆਂ ਨੇ ਕਿੰਜ ਖਿੜਨਾ ਸੀ, ਫੁੱਲ ਰੰਗਾਂ ਦੀ ਹੱਟ ਕਿੰਜ ਸਜਾਉਂਦੇ, ਕਿੰਜ ਉਹ ਭੌਰਿਆਂ ਦੀ ਝੋਲੀ ਵਿਚ ਰੰਗਾਂ ਤੇ ਮਹਿਕਾਂ ਦੀ ਨਿਆਮਤ ਪਾਉਂਦੇ?

ਸਵੇਰ ਨਾ ਹੁੰਦੀ ਤਾਂ ਕਿਹੜਾ ਰਮਤਾ ਜੋਗੀ ਪਿੰਡ ਦੀਆਂ ਗਲੀਆਂ ਵਿਚ ਅੱਲਾ ਦੀ ਹੂਕ ਲਾਉਂਦਾ, ਸ਼ਫਾਫ ਮਨਾਂ ਵਿਚ ਪਾਕੀਜ਼ਗੀ ਦਾ ਅਹਿਸਾਸ ਜਗਾਉਂਦਾ ਅਤੇ ਉਨ੍ਹਾਂ ਦੀ ਸੋਚ ਵਿਚ ਆਤਮਿਕਤਾ ਦਾ ਜਾਗ ਲਾਉਂਦਾ?

ਸਵੇਰ ਨਾ ਹੁੰਦੀ ਤਾਂ ਨਿੱਕੇ ਨਿੱਕੇ ਕੰਧਾੜਿਆਂ 'ਤੇ ਗਿਆਨ-ਗੋਦੜੀਆਂ ਕਿੰਜ ਸਜਾਈਆਂ ਜਾਂਦੀਆਂ, ਕਿੰਜ ਉਨ੍ਹਾਂ ਦੇ ਮਸਤਕਾਂ ਵਿਚ ਚਾਨਣ ਦੀਆਂ ਪੈੜਾਂ ਉਕਰਾਈਆਂ ਜਾਂਦੀਆਂ ਅਤੇ ਕਿਸ ਤਰ੍ਹਾਂ ਚਾਨਣ-ਰਾਹਾਂ 'ਤੇ ਤੁਰਨ ਦੀਆਂ ਤਰਕੀਬਾਂ ਦਰਸਾਈਆਂ ਜਾਂਦੀਆਂ?

ਸਵੇਰ ਨਾ ਹੁੰਦੀ ਤਾਂ ਅਕੱਥ ਅਤੇ ਅਕਹਿ ਭਾਣਿਆਂ ਸੰਗ ਮਨੁੱਖ ਤੇ ਕੁਦਰਤ ਨੂੰ ਸਾਹਮਣਾ ਕਰਨਾ ਪੈਂਦਾ, ਵੱਡਾ ਹਰਜਾਨਾ ਭਰਨਾ ਪੈਂਦਾ ਅਤੇ ਖੁਦ ਦੀ ਬਰਕਰਾਰੀ ਲਈ ਜੀਵਨ ਦਾਅ 'ਤੇ ਲਾਉਣਾ ਪੈਂਦਾ।

ਸਵੇਰ ਨਾ ਹੁੰਦੀ ਤਾਂ ਕੌਣ ਹਰਿਆਵਲ ਲਈ ਕਲੋਰੋਫਿਲ ਦਾ ਦਾਨੀ ਬਣਦਾ, ਕੌਣ ਇਨ੍ਹਾਂ ਦੀ ਰੁਮਕਣੀ ਵਿਚੋਂ ਕਾਵਿ-ਕਿਰਤਾਂ ਵਰਗੇ ਰੂਪ ਘੜਦਾ, ਕੌਣ ਇਨ੍ਹਾਂ ਦੇ ਪਿੰਡਿਆਂ 'ਤੇ ਤਸ਼ਬੀਹੀ ਕਲਾਕਾਰੀ ਕਰਦਾ ਅਤੇ ਇਨ੍ਹਾਂ ਰਾਹੀਂ ਮਨੁੱਖ ਦੀ ਮਾਨਵੀ ਉਡਾਣ ਦਾ ਸਿਰਲੇਖ ਮਾਨਸਿਕਤਾ ਦੇ ਨਾਮ ਕਰਦਾ।

ਸਵੇਰ ਨਾ ਹੁੰਦੀ ਤਾਂ ਧਰਤੀ 'ਤੇ ਹਨੇਰ ਦਾ ਰਾਜ ਹੁੰਦਾ, ਚਾਨਣ ਦੀ ਤ੍ਰਾਸਦੀ 'ਚੋਂ ਮਨੁੱਖੀ ਹੋਂਦ ਦੀ ਕਿਆਸਅਰਾਈਂ ਲਾਉਣੀ ਪੈਂਦੀ, ਜੁਗਨੂੰਆਂ ਦੀਆਂ ਬਸਤੀਆਂ ਵਸਾਉਣੀਆਂ ਪੈਂਦੀਆਂ, ਮਨ-ਬਨੇਰਿਆਂ 'ਤੇ ਦੀਵਿਆਂ ਦੀਆਂ ਡਾਰਾਂ ਸਜਾਉਣੀਆਂ ਪੈਂਦੀਆਂ, ਆਲਿਆਂ ਵਿਚ ਦੀਵੇ ਡੰਗਣੇ ਪੈਂਦੇ ਅਤੇ ਹਨੇਰਿਆਂ ਨੂੰ ਭਜਾਉਣ ਲਈ ਹਰ ਮੋੜ 'ਤੇ ਚੰਨ-ਡਰਨੇ ਟੰਗਣੇ ਪੈਂਦੇ।

ਸਵੇਰ ਨਾ ਹੁੰਦੀ ਤਾਂ ਅੱਖਰਾਂ ਵਿਚ ਤਾਰਿਆਂ ਦੀ ਫਸਲ ਉਗਾਉਣ ਦੀ ਤੀਬਰ ਲੋੜ ਮਹਿਸੂਸ ਹੁੰਦੀ, ਅਰਥਾਂ ਵਿਚ ਰੌਸ਼ਨੀ ਦਾ ਦਰਿਆ ਵਗਾਉਣਾ ਪੈਂਦਾ ਅਤੇ ਆਪਣੇ ਅੰਤਰੀਵ ਚਾਨਣ ਸੰਗ ਨਹਾਉਣਾ ਪੈਂਦਾ।

ਸਵੇਰ ਨਾ ਹੁੰਦੀ ਤਾਂ ਬਾਹਰੀ ਚਾਨਣ ਦਾ ਭਰਮ ਟੁੱਟਦਾ, ਰੂਹ 'ਚ ਚਾਨਣ ਬੀਜਣਾ ਪੈਂਦਾ, ਨਵੇਂ ਸੋਚ-ਸਫਰਾਂ ਅਤੇ ਸੁਹਜ-ਸੁਪਨਿਆਂ ਦੀ ਜੂਹ ਵਿਚ ਡੇਰਾ ਲਾਉਣਾ ਪੈਂਦਾ ਅਤੇ ਧੁੱਪ ਟੋਟਿਆਂ ਦਾ ਨਗਰ ਵਸਾਉਣਾ ਪੈਂਦਾ।

ਸਵੇਰ ਹੋਵੇ ਅਤੇ ਮਨੁੱਖੀ ਮਨ ਵਿਚ ਚਾਨਣ ਦੀ ਤਲਬ ਵੱਸਦੀ ਰਹੇ, ਅੰਦਰ 'ਚ ਮੋਮਬੱਤੀ ਬਾਲ ਕੇ ਕਾਲਖੀ ਸੋਚ-ਕੰਦਰਾਂ ਰੁਸ਼ਨਾਉਂਦੀ ਰਹੇ ਅਤੇ ਮਾਨਵਤਾ ਦੇ ਸਿਰ 'ਤੇ ਚਾਨਣ ਰੱਤੀਆਂ ਭਾਵਨਾਵਾਂ ਤੇ ਆਸਾਂ ਦਾ ਤਾਜ ਸਜਾਉਂਦੀ ਰਹੇ।

ਸਵੇਰ ਲਈ ਤਾਂਘ ਸਾਡੇ ਸਭਨਾਂ ਦੇ ਮਨਾਂ ਵਿਚ ਹੁੰਦੀ ਏ। ਪਰ ਕਦੇ ਕਦਾਈਂ ਇਸ ਸਵੇਰ ਨੂੰ ਸ਼ੁਭ-ਆਗਮਨ ਕਹਿਣ ਲਈ ਦਰ-ਦਰਵਾਜ਼ਿਆਂ 'ਤੇ ਪਾਣੀ ਜਰੂਰ ਡੋਲੀਏ ਅਤੇ ਸ਼ਗਨਾਂ ਦਾ ਤੇਲ ਚੋਂਦੇ ਰਹੀਏ।

---

**ਅਜੋਕੇ ਮਸਲੇ**

# ਖੁਦਕੁਸ਼ੀਆਂ ਦੀ ਸਮੱਸਿਆ

***ਪਿਛਲੇ ਹਫਤੇ ਉਘੀ ਲੇਖਕਾ ਦਲੀਪ ਕੌਰ ਟਿਵਾਣਾ ਦਾ ਲੇਖ ਛਾਪਿਆ ਗਿਆ ਸੀ ਜਿਸ ਵਿਚ ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਬਾਰੇ ਕਈ ਪੱਖਾਂ ਤੋਂ ਖੁਲਾਸਾ ਕੀਤਾ ਗਿਆ ਸੀ। ਸੱਚਮੁੱਚ ਕਿਸਾਨ ਖੁਦਕੁਸ਼ੀਆਂ ਦੇ ਮਸਲੇ ਨੇ ਸਭ ਨੂੰ ਇਕ ਤਰ੍ਹਾਂ ਨਾਲ ਝੰਜੋੜ ਕੇ ਰੱਖ ਦਿੱਤਾ ਹੋਇਆ ਹੈ। ਇਸੇ ਸਿਲਸਿਲੇ ਵਿਚ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਹ ਲੇਖ ਲਿਖਿਆ ਹੈ ਜਿਸ ਵਿਚ ਉਨ੍ਹਾਂ ਇਕ ਵੱਖਰੇ ਨੁਕਤੇ ਤੋਂ ਇਸ ਮਸਲੇ ਦੀ ਚੀਰ-ਫਾੜ ਕੀਤੀ ਹੈ। -ਸੰਪਾਦਕ***

ਅਕਸਰ ਕਿਸਾਨਾਂ ਦੀਆਂ ਖੁਦਕਸ਼ੀਆਂ ਦੀਆਂ ਖਬਰਾਂ ਪੜ੍ਹਦੇ-ਸੁਣਦੇ ਹਾਂ ਜਿਸ 'ਤੇ ਆਮ ਲੋਕ ਵੱਖੋ ਵੱਖ ਪ੍ਰਤੀਕਰਮ ਪ੍ਰਗਟ ਕਰਦੇ ਹਨ, ਤੇ ਸਰਕਾਰਾਂ ਵੱਖਰੀ ਤਰ੍ਹਾਂ। ਕਦੀ-ਕਦੀ ਇਉਂ ਲਗਦਾ ਹੈ ਕਿ ਕਿਸਾਨੀ ਘੋਰ ਅੰਧਕਾਰ 'ਚ ਡੁੱਬੀ ਹੋਈ ਹੈ, ਬਚਾਉ ਦਾ ਰਸਤਾ ਨਾ ਲੱਭਣ ਕਰ ਕੇ ਖੁਦਕਸ਼ੀਆਂ ਦੀ ਗਿਣਤੀ ਵਧ ਰਹੀ ਹੈ। ਬਹੁਤੇ ਕਾਲਮਨਵੀਸ ਇਹੋ ਗੱਲ ਦੱਸਦੇ ਹਨ ਕਿ ਇਸ ਦਾ ਕਾਰਨ ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਹੈ।

ਪਹਿਲੋਂ ਗਿਣਤੀ ਵਧਣ ਵਾਲਾ ਮਸਲਾ ਦੇਖੀਏ। ਜੇ ਪਿਛਲੇ ਪੰਜਾਹ ਸਾਲ ਦੇ ਅਰਸੇ ਉਪਰ ਅਧਿਐਨ ਕਰ ਕੇ ਸੜਕ ਦੁਰਘਟਨਾਵਾਂ ਦੇ ਅੰਕੜੇ ਇਕੱਠੇ ਕੀਤੇ ਜਾਣ ਤਾਂ ਪਤਾ ਲੱਗੇਗਾ ਕਿ ਹਰ ਸਾਲ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਅਜਿਹਾ ਹੋਣਾ ਇਸ ਕਰ ਕੇ ਸੁਭਾਵਿਕ ਨਹੀਂ ਕਿ ਕਲਯੁਗ ਦੀ ਕਰੋਪੀ ਹੋ ਗਈ ਹੈ; ਵਧਦੇ ਵਾਹਨਾਂ ਸਦਕਾ ਇਹ ਹੋਣਾ ਹੀ ਹੈ, ਖਾਸ ਕਰ ਕੇ ਜਦੋਂ ਸੜਕਾਂ ਦੀ ਦਸ਼ਾ ਠੀਕ ਨਾ ਹੋਵੇ ਤੇ ਟ੍ਰੈਫਿਕ ਨਿਯਮਾਂ ਦੀ ਕੋਈ ਪ੍ਰਵਾਹ ਨਾ ਕਰੇ। ਵਾਹਨ ਚਾਲਕਾਂ ਦੀ ਬੇਸਬਰੀ ਦਾ ਅੰਦਾਜ਼ਾ ਉਸੇ ਵਕਤ ਸਾਫ ਹੋ ਜਾਂਦਾ ਹੈ ਜਦੋਂ ਰਤਾ ਕੁ ਸੜਕ 'ਤੇ ਪਏ ਵਿਘਨ ਕਾਰਨ ਆਵਾਜਾਈ ਰੁਕਣ ਤੇ ਆਹਮੋ-ਸਾਹਮਣੇ ਦੋਵੇਂ ਪਾਸੇ ਤਿੰਨ-ਤਿੰਨ ਚਾਰ-ਚਾਰ ਗੱਡੀਆਂ ਬਰੋਬਰ ਖਲੋ ਜਾਂਦੀਆਂ ਹਨ। ਕੋਈ ਵਾਹਨ ਚਾਲਕ ਇੰਨਾ ਧੀਰਜ ਨਹੀਂ ਕਰਦਾ ਕਿ ਕਤਾਰ ਵਿਚ ਪਿਛੇ ਖਲੋ ਜਾਣ ਨਾਲ ਰੁਕਾਵਟ ਜਲਦੀ ਦੂਰ ਹੋ ਜਾਏਗੀ।



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਪਿਛਲੀ ਅੱਧੀ ਸਦੀ ਦੌਰਾਨ ਖਾਣ-ਪੀਣ, ਰਹਿਣ-ਸਹਿਣ ਅਤੇ ਪਹਿਨਣ ਦੇ ਪੱਧਰ ਵਿਚ ਬਹੁਤ ਫਰਕ ਪਿਆ ਹੈ, ਜੀਵਨ ਪੱਧਰ ਉਚਾ ਹੋ ਗਿਆ ਹੈ। ਕਿਸੇ ਸਮੇਂ ਸਾਈਕਲ ਵੀ ਵਿਰਲਿਆਂ ਕੋਲ ਹੁੰਦਾ ਸੀ। ਹੁਣ ਦੁਪਹੀਆ-ਚੁਪਹੀਆ ਗੱਡੀਆਂ ਦਾ ਹੜ੍ਹ ਆ ਗਿਆ ਹੈ। ਤੀਹ ਚਾਲੀ ਹਜ਼ਾਰ ਵਿਚ ਚੰਗੀ ਹਾਲਤ ਦੀ ਗੱਡੀ ਮਿਲ ਜਾਂਦੀ ਹੈ। ਗੱਡੀ ਖਰੀਦਣ ਵਕਤ ਇਹ ਨਹੀਂ ਸੋਚਿਆ ਜਾਂਦਾ ਕਿ ਇਸ ਦੀ ਸਾਂਭ-ਸੰਭਾਲ ਅਤੇ ਤੇਲ ਦੇ ਖਰਚੇ ਨਿਰੰਤਰ ਕਰਨੇ ਪਿਆ ਕਰਨਗੇ।

ਜੀਵਨ ਪੱਧਰ ਉਚਾ ਹੋ ਗਿਆ, ਠੀਕ; ਪਰ ਇਸ ਨਾਲ ਸਿਹਤ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਖਾਣ ਵਾਲੀਆਂ ਚੀਜਾਂ ਵਿਚ ਮਿਲਾਵਟ, ਰਸਾਇਣਾਂ ਦੇ ਛਿੜਕਾਅ ਅਤੇ ਸਰੀਰਕ ਕੰਮ ਨਾ ਕਰਨ ਸਦਕਾ ਸਰੀਰ ਨੂੰ ਬਿਮਾਰੀਆਂ ਨੇ ਘੇਰਨਾ ਹੀ ਹੈ। ਦਵਾਈਆਂ ਅਤੇ ਡਾਕਟਰਾਂ ਦੀਆਂ ਫੀਸਾਂ ਅਸਮਾਨੀ ਚੜ੍ਹੀਆਂ ਹੋਈਆਂ ਹਨ। ਅਜਿਹੇ ਵਿਚ ਖੁਦਕੁਸ਼ੀਆਂ ਦੀ ਗਿਣਤੀ ਵਾਂਗ ਮਰੀਜ਼ਾਂ ਦੀਆਂ ਮੌਤਾਂ ਦੀ ਗਿਣਤੀ ਵੀ ਬਹੁਤ ਵਧੀ ਹੈ। 'ਕੈਂਸਰ ਟਰੇਨ' ਨਾਂ ਦੇ ਸ਼ਬਦ ਕਾਂਬਾ ਛੇੜ ਦਿੰਦੇ ਹਨ।

ਹੁਣ ਆਈਏ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਵੱਲ। ਪਹਿਲਾ ਕਾਰਨ ਬੈਂਕਾਂ ਅਤੇ ਆੜ੍ਹਤੀਆਂ ਤੋਂ ਲਏ ਕਰਜ਼ੇ ਨਾ ਮੁੜਨਾ ਹੈ। ਕਰਜ਼ੇ ਕਿਸ ਮਕਸਦ ਲਈ ਲਏ ਜਾਂਦੇ ਹਨ? ਸਭ ਤੋਂ ਵਧੀਕ ਖਰਚਾ ਵਿਆਹ ਅਤੇ ਮਰਨ 'ਤੇ ਹੁੰਦਾ ਹੈ। ਵਿਆਹ ਉਪਰ ਜਾਂ ਭੋਗ ਉਪਰੰਤ ਵਧੀਕ ਖਰਚਾ ਕਰਨ ਲਈ ਕਿਸਾਨ ਨੂੰ ਕੌਣ ਮਜਬੂਰ ਕਰਦਾ ਹੈ? ਕੋਈ ਨਹੀਂ। ਫਿਰ ਉਹ ਆਪਣੇ ਖਰਚੇ ਉਪਰ ਕੰਟਰੋਲ ਕਿਉਂ ਨਹੀਂ ਕਰਦਾ?

ਮੇਰੇ ਕੋਲ ਇੰਨੇ ਪੈਸੇ ਨਹੀਂ ਕਿ ਮੈਂ ਪੰਜ ਤਾਰਾ ਹੋਟਲ ਵਿਚ ਰੋਟੀ ਖਾ ਸਕਾਂ, ਫਿਰ ਮੈਂ ਆਮ ਢਾਬੇ ਉਪਰ ਰੋਟੀ ਖਾ ਲਵਾਂ ਤਾਂ ਇਸ ਵਿਚ ਸੰਗ ਕਿਸ ਗੱਲ ਦੀ? ਮੈਂ ਬੱਚਿਆਂ ਸਣੇ ਪਹਾੜੀ ਸਟੇਸ਼ਨ 'ਤੇ ਗਿਆ ਤਾਂ ਹਜ਼ਾਰ ਰੁਪਏ ਰੋਜ਼ ਕਿਰਾਏ 'ਤੇ ਕਮਰਾ ਲੈ ਲਿਆ। ਉਥੇ ਮੇਰੇ ਪਿੰਡ ਦੇ ਜੁਆਨ ਮਿਲੇ ਜਿਨ੍ਹਾਂ ਨੇ ਪੰਜ ਹਜ਼ਾਰ ਰੋਜ਼ਾਨਾ 'ਤੇ ਰਿਹਾਇਸ਼ ਲਈ ਹੋਈ ਸੀ। ਮੈਂ ਅਕਸਰ ਦੇਖਦਾ ਹਾਂ ਕਿ ਕਾਰਾਂ ਮੋਟਰ ਸਾਈਕਲਾਂ ਉਪਰ ਸੱਠ ਸੱਤਰ ਕਿਲੋਮੀਟਰ ਦੂਰੋਂ ਮੁੰਡੇ ਪਟਿਆਲੇ ਚੰਗੇ ਹੋਟਲਾਂ ਵਿਚ ਖਾਣਾ ਖਾਣ ਅਤੇ ਵਿਸਕੀ ਪੀਣ ਆਉਂਦੇ ਹਨ। ਵਧੇਰਿਆਂ ਨੂੰ ਜਾਣਦਾ ਹੁੰਨਾ, ਉਹ ਕਰੋੜਪਤੀਆਂ ਦੇ ਬੱਚੇ ਨਹੀਂ ਹਨ, ਆਮ ਗੁਜ਼ਾਰਾ ਕਰਦੇ ਛੋਟੀ ਕਿਸਾਨੀ ਦੇ ਬੱਚੇ ਹਨ।

ਖਬਰਾਂ ਵਿਚ ਦੇਖਿਆ ਹੈ ਕਿ ਕਰਜ਼ੇ ਦੇ ਬੋਝ ਹੇਠ ਦਬੇ ਗਰੀਬ ਕਿਸਾਨ ਹੀ ਨਹੀਂ, ਅਫਸਰ, ਡਾਕਟਰ ਵੀ ਖੁਦਕੁਸ਼ੀਆਂ ਕਰਦੇ ਹਨ। ਕਦੀ ਕਿਸੇ ਐਸ.ਪੀ., ਡੀ.ਐਸ.ਪੀ., ਮੇਜਰ, ਕਰਨਲ ਜਾਂ ਫੌਜੀ ਜਵਾਨ ਦੀਆਂ ਖੁਦਕਸ਼ੀਆਂ ਦੀਆਂ ਖਬਰਾਂ ਵੀ ਸੁਣਦੇ ਹਾਂ। ਵਕੀਲ, ਇੰਜੀਨੀਅਰ ਅਤੇ ਵਿਦਿਆਰਥੀ ਖੁਦਕੁਸ਼ੀ ਕਰਦੇ ਹਨ। ਇਨ੍ਹਾਂ ਦੀਆਂ ਮੌਤਾਂ ਗਰੀਬੀ ਜਾਂ ਕਰਜ਼ੇ ਕਾਰਨ ਨਹੀਂ ਹੋਈਆਂ। ਇਸ ਦੇ ਮਾਨਸਿਕ ਕਾਰਨ ਹਨ।



ਘੱਟ ਸਹੀ, ਕਿਸਾਨਾਂ ਕੋਲ ਕੁਝ ਜ਼ਮੀਨ ਤਾਂ ਹੈ। ਜਿਨ੍ਹਾਂ ਬੇਜ਼ਮੀਨੇ ਕਿਰਤੀਆਂ ਮਜ਼ਦੂਰਾਂ, ਦਿਹਾੜੀਦਾਰਾਂ ਨੂੰ ਮਸਾਂ ਦੋ ਡੰਗ ਦੀ ਰੋਟੀ ਨਸੀਬ ਹੁੰਦੀ ਹੈ, ਉਹ ਕਿਉਂ ਖੁਦਕੁਸ਼ੀਆਂ ਨਹੀਂ ਕਰਦੇ? ਕਾਰਨ ਸਾਫ ਹਨ, ਉਨ੍ਹਾਂ ਨੇ ਖੁਦ ਨੂੰ ਜੀਵਨ ਪੱਧਰ ਅਨੁਸਾਰ ਢਾਲ ਲਿਆ ਹੈ, ਚਾਦਰ ਦੇਖ ਦੇ ਪੈਰ ਪਸਾਰਦੇ ਹਨ। ਕਿਸਾਨ ਦੀ ਮੁੱਛ ਦਾ ਸਵਾਲ ਹੈ; ਪੱਗ ਤੇ ਨੱਕ ਦਾ ਸਵਾਲ ਹੈ। ਇਹ ਸਵਾਲ ਕਿਸਾਨ ਉਤੇ ਕਿਸੇ ਨੇ ਥੋਪੇ ਨਹੀਂ, ਉਸ ਨੇ ਆਪਣੇ ਵਾਸਤੇ ਮਰਨ ਦਾ ਸਮਾਨ ਆਪ ਇਕੱਠਾ ਕੀਤਾ ਹੈ।

ਸਮੇਂ ਨੂੰ ਪੁੱਠਾ ਨਹੀਂ ਗੇੜਿਆ ਜਾ ਸਕਦਾ। ਜਿਥੇ ਹਾਂ, ਉਥੇ ਅਜਿਹਾ ਬੰਦੋਬਸਤ ਕਰਨਾ ਪਵੇਗਾ ਕਿ ਸੰਜਮ ਨਾਲ, ਸਬਰ ਸ਼ੁਕਰ ਨਾਲ ਦਿਨ ਕਟੀ ਕੀਤੀ ਜਾਏ। ਕਦੀ ਸਰਕਾਰਾਂ ਨੂੰ, ਕਦੀ ਹਰੀ ਕ੍ਰਾਂਤੀ ਨੂੰ ਦੋਸ਼ ਦੇਣ ਨਾਲ ਬਲਾ ਟਲੇਗੀ ਨਹੀਂ। ਹਰ ਬੱਚਾ ਕਦੀ ਨਾ ਕਦੀ ਮਹਿਸੂਸ ਕਰਦਾ ਹੁੰਦਾ ਹੈ ਜਿਵੇਂ ਉਸ ਨਾਲ ਬੇਇਨਸਾਫੀ ਹੋ ਰਹੀ ਹੈ। ਉਸ ਦੇ ਮਨ ਵਿਚ ਖੁਦਕੁਸ਼ੀ ਦਾ ਖਿਆਲ ਆਉਂਦਾ ਹੈ। ਫਿਰ ਉਹ ਸੋਚਣ ਲਗਦਾ ਹੈ- ਮੇਰੀ ਮੌਤ ਨਾਲ ਮਾਂ 'ਤੇ ਕੀ ਬੀਤੇਗੀ? ਭੈਣ-ਭਰਾ 'ਤੇ ਕੀ ਬੀਤੇਗੀ? ਅਜਿਹੇ ਸਵਾਲ ਅਸਲ ਵਿਚ ਉਹ ਆਪਣੇ ਆਪ ਤੋਂ ਇਸ ਕਰ ਕੇ ਪੁੱਛਦਾ ਹੈ ਤਾਂ ਕਿ ਖੁਦਕੁਸ਼ੀ ਦਾ ਖਿਆਲ ਤਿਆਗ ਸਕੇ ਤੇ ਵਾਕੱਈ ਇਹ ਖਿਆਲ ਦਿਲੋਂ ਨਿਕਲ ਜਾਂਦਾ ਹੈ।

ਆਪਣੀਆਂ ਤਕਲੀਫਾਂ ਦਾ ਜ਼ਿਕਰ ਭਾਈਚਾਰੇ ਕੋਲ ਜਾਂ ਸਕੇ ਸਬੰਧੀਆਂ ਕੋਲ ਕਰਨ ਦਾ ਰਿਵਾਜ ਸੀ। ਕਈ ਵਾਰ ਸੰਕਟ ਵਿਚ ਸਹਾਈ ਹੋ ਜਾਂਦੇ; ਨਹੀਂ ਤਾਂ ਦੁੱਖ ਸੁਣ ਲੈਣਾ ਹੀ ਦੁਖੀ ਬੰਦੇ ਨੂੰ ਧਰਵਾਸ ਦਿੰਦਾ ਹੈ। ਦਿਨ-ਬਦਿਨ ਪਰਿਵਾਰ ਆਪਣੇ ਆਪ ਵਿਚ ਸੁੰਗੜੀ ਜਾਂਦੇ ਹਨ। ਇਸ ਸੁੰਗੜਾਅ ਕਾਰਨ ਹੀਣ ਭਾਵਨਾ ਪੈਦਾ ਹੋਣੀ ਸੰਭਵ ਹੈ ਜਿਹੜੀ ਪਲਦੀ-ਪਲਦੀ ਖੁਦਕੁਸ਼ੀ ਦੇ ਰੱਸੇ ਤੱਕ ਲੈ ਜਾਂਦੀ ਹੈ।

ਜਿਸ ਪੰਜਾਬ ਨੂੰ ਸੂਰਬੀਰਤਾ ਦਾ ਕਿਲ੍ਹਾ ਜਾਣਿਆ ਜਾਂਦਾ ਰਿਹਾ, ਜਿਥੇ ਕਦੀ 18ਵੀਂ ਸਦੀ ਵਿਚ ਜੰਗਲਾਂ ਦੀ ਫਾਕਾਕਸ਼ੀ ਦੇਖੀ, ਨੇਜ਼ਿਆਂ ਵਿਚ ਬੱਚੇ ਪਰੋਏ ਜਾਂਦੇ ਦੇਖੇ, ਉਸ ਪੰਜਾਬ ਨੂੰ ਹੀਣਤਾ ਦਾ ਘੁਣ ਖਾ ਜਾਵੇ, ਇਹ ਚਿੰਤਾ ਦਾ ਵਿਸ਼ਾ ਹੈ। ਗੁਰੂ ਪੰਜਾਬ ਨੂੰ ਸੰਕਟ ਮੁਕਤ ਕਰਨ। ਆਮੀਨ।



# ਪੰਜਾਬੀਆਂ ਦੇ ਸ਼ਾਹੀ ਵਿਆਹ

## ਪਰਵਾਸੀਆਂ ਨੇ ਬਦਲ ਦਿੱਤੇ ਵਿਆਹਾਂ ਦੇ ਰੰਗ-ਢੰਗ

***ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਵਿਆਹਾਂ ਦੇ ਰੰਗ-ਢੰਗ ਉਕਾ ਹੀ ਬਦਲ ਗਏ ਹਨ। ਸ਼ਹਿਰੀ ਅਤੇ ਵਪਾਰੀ-ਕਾਰੋਬਾਰੀਆਂ ਦੇ ਬੱਚਿਆਂ ਦੇ ਵਿਆਹਾਂ ਉਤੇ ਤਾਂ ਪਹਿਲਾਂ ਵੀ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਸੀ, ਪਰ ਅੱਜ ਹਰ ਪਿੰਡ-ਗਰਾਂ ਵਿਚ ਅਜਿਹਾ ਹੀ ਵਿਆਹ ਹੋ ਰਿਹਾ ਹੈ। ਦਿਖਾਵੇ ਨੇ ਅਜਿਹੀ ਮਾਰ ਪਾਈ ਹੈ ਕਿ ਸਭ ਕੁਝ ਉਲਟਾ-ਪੁਲਟਾ ਹੋ ਗਿਆ ਹੈ। ਅਸਲ ਵਿਚ ਇਹ ਸਭ ਪੈਸੇ ਦੀ ਮਾਇਆ ਹੈ ਅਤੇ ਮੰਡੀ, ਜ਼ਿੰਦਗੀ ਦੇ ਹਰ ਪੱਖ ਉਤੇ ਭਾਰੂ ਪੈ ਗਈ ਜਾਪਦੀ ਹੈ। ਇਸ ਪਾਸੇ ਪਹਿਲ ਸ਼ਾਇਦ ਪਰਵਾਸੀਆਂ ਨੇ ਕੀਤੀ ਜਿਸ ਦੀ ਹੱਦ ਹੁਣ ਕਿਤੇ ਨਜ਼ਰੀਂ ਨਹੀਂ ਪੈਂਦੀ ਦਿਸਦੀ। ਵੱਖਰਾ ਅਤੇ ਵੱਡਾ ਵਿਆਹ ਕਰਨ-ਕਰਾਉਣ ਦੀ ਲਲ਼ਕ ਨੇ ਹਰ ਹੱਦ ਪਾਰ ਕਰ ਲਈ ਜਾਪਦੀ ਹੈ।***

ਜ਼ਿੰਦਗੀ ਵਿਚ ਵਿਆਹ ਖ਼ੁਸ਼ੀ ਦਾ ਸਭ ਤੋਂ ਵੱਡਾ ਉਤਸਵ ਹੈ। ਵਿਆਹ ਵਾਲੇ ਘਰ ਦੇ ਸਾਰੇ ਜੀਅ ਖ਼ੁਸ਼ੀ ਵਿਚ ਡੁੱਬੇ ਹੁੰਦੇ ਹਨ। ਰਿਸ਼ਤੇਦਾਰ ਤੇ ਦੋਸਤਾਂ-ਮਿੱਤਰਾਂ ਨੂੰ ਵੀ ਪੂਰਾ ਚਾਅ ਹੁੰਦਾ ਹੈ। ਅਜੋਕੀ ਜ਼ਿੰਦਗੀ ਵਿਚ ਦੋ ਹੀ ਕਾਰਜ ਸਭ ਤੋਂ ਵੱਡੇ ਤੇ ਔਖੇ ਮੰਨੇ ਜਾਂਦੇ ਹਨ। ਇੱਕ ਆਲੀਸ਼ਾਨ ਘਰ ਪਾਉਣਾ ਤੇ ਦੂਜਾ ਆਲੀਸ਼ਾਨ ਵਿਆਹ ਕਰਨਾ। 'ਵਿਆਹ ਮੁੰਡੇ ਦਾ ਹੋਵੇ ਤੇ ਭਾਵੇਂ ਕੁੜੀ ਦਾ, ਸ਼ਾਹੀ ਹੋਣਾ ਚਾਹੀਦਾ ਹੈ।' ਇਹ ਸੋਚ ਪੰਜਾਬੀਆਂ ਵਿਚ ਘਰ ਕਰ ਗਈ ਹੈ। ਅਸੀਂ ਲੱਖਾਂ ਕਰੋੜਾਂ ਰੁਪਏ ਵਿਆਹ ਵਿਚ ਉਡਾ ਕੇ 'ਖ਼ੁਸ਼ੀ' ਪ੍ਰਾਪਤ ਕਰਦੇ ਹਾਂ। ਜਿਸ ਤਰ੍ਹਾਂ ਅਸੀਂ ਘਰ ਦੂਜੇ ਤੋਂ ਵੱਖਰੀ ਦਿੱਖ ਤੇ ਡਿਜ਼ਾਈਨ ਵਾਲਾ ਬਣਾਉਣਾ ਲੋਚਦੇ ਹਾਂ, ਉਸੇ

**ਜਸਬੀਰ ਸਿੰਘ ਸ਼ੇਤਰਾ**
**ਫੋਨ: +91-94172-23105**

ਤਰ੍ਹਾਂ ਵਿਆਹ ਵੀ ਕਿਸੇ ਹੋਰ ਖ਼ਾਨਦਾਨ ਦੇ ਵਿਆਹ ਨਾਲੋਂ ਕੁਝ ਅਲੱਗ ਤੇ ਵਧੀਆ ਕਰਨ ਦੀ ਇੱਛਾ ਸਾਡੇ ਅੰਦਰ ਸਦਾ ਰਹਿੰਦੀ ਹੈ। ਹੱਥੀਂ ਕੰਮ ਕਰਨ ਦੀ ਆਦਤ ਅਸੀਂ ਛੱਡ ਦਿੱਤੀ, ਸਕੂਲ ਕਾਲਜ ਵਿਚੋਂ ਨਿਕਲਣ ਤੋਂ ਬਾਅਦ ਪੜ੍ਹਨ ਦਾ ਸ਼ੌਕ ਸਾਨੂੰ ਨਹੀਂ ਰਿਹਾ। ਵਿਹਲੇ ਹੋ ਕੇ ਵੀ 'ਬਿਜ਼ੀ' ਰਹਿੰਦੀ ਨੌਜਵਾਨ ਪੀੜ੍ਹੀ ਨੂੰ ਮੋਬਾਈਲ ਫੋਨਾਂ ਤੇ ਇੰਟਰਨੈੱਟ ਨੇ ਫਸਾ ਲਿਆ ਹੈ। ਵਿਆਹ ਵਰਗੇ ਪਵਿੱਤਰ ਕਾਰਜ ਲਈ ਸਮੇਂ ਦੀ ਘਾਟ ਰੜਕਦੀ ਹੈ। ਉਪਰੋਂ ਹਜ਼ਾਰ ਬੰਦੇ ਲਈ ਪੰਜਾਹ ਕਿਸਮ ਦੇ ਸਟਾਲਾਂ ਲਈ ਖਾਣ-ਪੀਣ ਦੀ ਸਮੱਗਰੀ ਇਕੱਠੀ ਕਰਨ, ਮੈਰਿਜ ਪੈਲੇਸ ਦੀ ਸਜਾਵਟ, ਘੋੜੀ, ਬੈਂਡ, ਸ਼ਰਾਬ ਆਦਿ ਇਕੱਠੇ ਕਰਨ ਨੂੰ ਸਿਰਦਰਦੀ ਮੰਨਿਆ ਜਾਂਦਾ ਹੈ। ਇਸੇ ਲੋੜ ਵਿਚੋਂ ਵੈਡਿੰਗ ਪਲੈਨਰਜ਼ ਦਾ ਜਨਮ ਹੋਇਆ। ਕਈ ਮੈਰਿਜ ਪੈਲੇਸਾਂ ਵਾਲੇ ਖ਼ੁਦ ਹੀ ਇਹ ਸੇਵਾਵਾਂ ਦੇ ਰਹੇ ਹਨ। ਇਸ ਦੇ ਬਾਵਜੂਦ ਵੈਡਿੰਗ ਪਲੈਨਰਜ਼ ਦੀ ਗਿਣਤੀ ਪਿਛਲੇ ਕੁਝ ਸਾਲਾਂ ਵਿਚ ਤੇਜ਼ੀ ਨਾਲ ਵਧੀ ਹੈ ਤੇ ਕੰਮ ਵਿਚ ਵੀ ਚੋਖਾ ਵਾਧਾ ਹੋਇਆ ਹੈ। ਭਾਰਤ ਵਿਚ ਹੋਰ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਵਿਆਹਾਂ 'ਤੇ ਸਭ ਤੋਂ ਵੱਧ ਖ਼ਰਚ ਕੀਤਾ ਜਾਂਦਾ ਹੈ। ਕਈ ਵਿਆਹ ਤਾਂ ਦਿੱਲੀ-ਮੁੰਬਈ ਦੇ ਸ਼ਾਹੀ ਵਿਆਹਾਂ ਨੂੰ ਮਾਤ ਦੇਣ ਵਾਲੇ ਵੀ ਹੋਣ ਲੱਗੇ ਹਨ।

ਦਰਅਸਲ, ਵਿਦੇਸ਼ਾਂ ਵਿਚ ਪਰਵਾਸ ਤੋਂ ਬਾਅਦ ਸਥਾਪਿਤ ਹੋਣ ਮਗਰੋਂ ਪਰਵਾਸੀ ਪੰਜਾਬੀ ਧੀਆਂ ਪੁੱਤਾਂ ਨੂੰ ਵਿਆਹੁਣ ਲਈ ਇਧਰ ਆਉਣ ਲੱਗੇ ਤਾਂ ਵਿਆਹਾਂ ਦੇ ਰੰਗ-ਢੰਗ ਬਦਲਣੇ ਸ਼ੁਰੂ ਹੋਏ। ਪੰਜ-ਦਸ ਲੱਖ ਵਿਚ ਹੋਣ ਵਾਲਾ ਵਿਆਹ ਤੀਹ-ਚਾਲੀ ਲੱਖ ਵਿਚ ਹੋਣ ਲੱਗਿਆ। ਜ਼ਮੀਨਾਂ ਦੇ ਅਸਮਾਨੀਂ ਚੜ੍ਹੇ ਭਾਅ ਨੇ ਵੀ ਪੰਜਾਬੀਆਂ ਦੀ ਤਰਜ਼-ਏ-ਜ਼ਿੰਦਗੀ ਬਦਲਣ ਵਿਚ ਵੱਡੀ ਭੂਮਿਕਾ ਨਿਭਾਈ। ਇਸ ਨਾਲ ਵਿਆਹ ਦਾ ਬਜਟ ਤੀਹ ਚਾਲੀ ਲੱਖ ਨੂੰ ਵੀ ਟੱਪ ਗਿਆ ਹੈ। ਇਹ ਰੁਝਾਨ ਪੇਂਡੂ ਖਿੱਤੇ ਦੇ ਜ਼ਿਮੀਦਾਰ ਪਰਿਵਾਰਾਂ ਦਾ ਹੈ ਜਦੋਂਕਿ ਸਨਅਤਕਾਰ ਤੇ ਹੋਰ ਕਾਰੋਬਾਰੀ ਘਰਾਣੇ ਵਿਆਹਾਂ 'ਤੇ ਇਸ ਤੋਂ ਵੀ ਵੱਧ ਖ਼ਰਚ ਕਰਨ ਲੱਗੇ ਹਨ। ਵੈਡਿੰਗ ਪਲੈਨਰਜ਼ ਹਰ ਵਿਆਹ ਨੂੰ ਨਵਾਂ ਰੰਗ ਦੇਣ ਦੇ ਵਾਅਦੇ ਨਾਲ ਮੋਟੀ ਫੀਸ ਨਾਲ ਪ੍ਰਬੰਧ ਕਰ ਕੇ ਦਿੰਦੇ ਹਨ।

ਉਂਜ ਤਾਂ ਇਹ ਵਰਤਾਰਾ ਸਾਰੇ ਪੰਜਾਬ ਵਿਚ ਚੱਲ ਰਿਹਾ ਹੈ, ਪਰ ਸਨਅਤੀ ਸ਼ਹਿਰ ਲੁਧਿਆਣਾ ਦੀ ਸ਼ਾਹੀ ਵਿਆਹਾਂ ਵਿਚ ਇੱਕ ਤਰ੍ਹਾਂ ਨਾਲ ਝੰਡੀ ਹੈ। ਇੱਥੇ ਇੱਕ ਦਿਨ ਦੀਆਂ ਖ਼ੁਸ਼ੀਆਂ 'ਤੇ ਲੱਖਾਂ ਕਰੋੜਾਂ ਦਾ ਖ਼ਰਚ ਕਰਨ ਦਾ ਕੋਈ ਸਾਨੀ ਨਹੀਂ। ਇਹ ਨਿੱਤ ਦਾ ਵਰਤਾਰਾ ਹੋ ਗਿਆ ਹੈ। ਆਮ ਚਰਚਾ ਹੈ ਕਿ ਕੋਈ ਵੀ ਮਹਿੰਗੀ ਗੱਡੀ ਪਹਿਲਾਂ ਤੇ ਸਭ ਤੋਂ ਵੱਧ ਗਿਣਤੀ ਵਿਚ ਲੁਧਿਆਣਾ ਵਿਚ ਦਿਖਾਈ ਦਿੰਦੀ ਹੈ। ਇਹ ਵੀ ਸੱਚਾਈ ਹੈ ਕਿ ਪੰਜਾਬ ਦੇ ਸਭ ਤੋਂ ਵੱਡੇ ਤੇ ਮਹਿੰਗੇ ਮੈਰਿਜ ਪੈਲੇਸ ਵੀ ਇਸੇ ਜ਼ਿਲ੍ਹੇ ਵਿਚ ਹਨ। ਵੈਡਿੰਗ ਪਲੈਨਰਜ਼ ਦੀ ਵੀ ਲੁਧਿਆਣਾ ਵਿਚ ਇੱਕ ਤਰ੍ਹਾਂ ਨਾਲ ਭਰਮਾਰ ਹੈ। ਬਰਾਤ ਵਿਚ ਲਾੜੇ ਨੂੰ ਲਿਜਾਣ ਤੇ ਵਹੁਟੀ ਲਿਆਉਣ ਲਈ ਨਵੀਂ ਕਿਸਮ ਦੀਆਂ ਮਹਿੰਗੀਆਂ, ਵੱਡੀਆਂ ਤੇ ਲੰਮੀਆਂ ਗੱਡੀਆਂ ਦੀ ਵੀ ਇਸ ਸ਼ਹਿਰ ਵਿਚ ਬਹੁਤਾਤ ਹੈ। ਮੁੱਖ ਮਾਰਗਾਂ ਤੋਂ ਲੰਘਣ ਸਮੇਂ ਸਜਾ ਕੇ ਖੜ੍ਹਾਈਆਂ ਲਿਮੋਜ਼ੀਨਜ਼ ਤੇ ਹੋਰ ਵੱਡੀਆਂ ਗੱਡੀਆਂ ਦੀ ਭਰਮਾਰ ਆਮ ਨਜ਼ਰ ਆਉਂਦੀ ਹੈ।

ਲੁਧਿਆਣਾ ਦੀ ਫਿਰੋਜ਼ਪੁਰ ਰੋਡ ਤਾਂ ਨਾਮੀ ਮੈਰਿਜ ਪੈਲੇਸਾਂ ਦਾ ਗੜ੍ਹ ਬਣ ਗਿਆ ਹੈ। ਇਸੇ ਤਰ੍ਹਾਂ ਪੱਖੋਵਾਲ ਰੋਡ 'ਤੇ ਵੀ ਇੱਕ ਤੋਂ ਵਧ ਕੇ ਇੱਕ ਕਹਿੰਦੇ ਕਹਾਉਂਦੇ ਮੈਰਿਜ ਪੈਲੇਸ ਹਨ। ਲੁਧਿਆਣਾ ਤੋਂ ਮੁੱਲਾਂਪੁਰ ਵਿਚਕਾਰ ਵੀਹ ਕਿਲੋਮੀਟਰ ਦੇ ਘੱਟ ਦੂਰੀ ਵਾਲੇ ਰਸਤੇ 'ਤੇ ਰਿਕਾਰਡ ਮੈਰਿਜ ਪੈਲੇਸ ਹਨ। ਇੰਨੇ ਮੈਰਿਜ ਪੈਲੇਸ ਇਕੱਠੇ ਪੰਜਾਬ ਦੇ ਕਿਸੇ ਹੋਰ ਹਿੱਸੇ ਵਿਚ ਮਿਲਣੇ ਮੁਸ਼ਕਿਲ ਹਨ। ਵਿਆਹਾਂ ਦੇ ਸੀਜ਼ਨ ਵਿਚ ਕਈ ਵਾਰ ਤਾਂ ਇਹ ਸਾਰੇ ਪੈਲੇਸ ਬੁੱਕ ਹੁੰਦੇ ਹਨ। ਇਨ੍ਹਾਂ ਦੇ ਅੰਦਰ ਬਾਹਰ ਲੱਗੀਆਂ ਕਈ ਕਿਸਮ ਦੀਆਂ ਲਾਈਟਾਂ ਰਾਤ ਨੂੰ ਦਿਨ ਕਰ ਦਿੰਦੀਆਂ ਹਨ। ਸਾਰੇ ਪੈਲੇਸ ਨਾਲ-ਨਾਲ ਅਤੇ ਕੌਮੀ ਸ਼ਾਹਰਾਹ 'ਤੇ ਸਥਿਤ ਹੋਣ ਕਾਰਨ ਇਨ੍ਹਾਂ ਦੇ ਬਾਹਰ ਗੱਡੀਆਂ ਹੀ ਗੱਡੀਆਂ ਜਮ੍ਹਾਂ ਹੋ ਜਾਂਦੀਆਂ ਹਨ। ਇਹ ਕੌਮੀ ਸ਼ਾਹਰਾਹ ਵਿਆਹਾਂ ਦੀਆਂ ਗੱਡੀਆਂ ਕਰ ਕੇ ਹੀ ਅਨੇਕਾਂ ਵਾਰ ਰਾਤ ਨੂੰ ਜਾਮ ਹੋਇਆ ਹੈ। ਹਾਲ ਹੀ ਵਿਚ ਇੱਥੇ ਦੋ ਹੋਰ ਆਧੁਨਿਕ ਕਿਸਮ ਦੇ ਵੱਡੇ ਮੈਰਿਜ ਪੈਲੇਸ ਬਣੇ ਹਨ। ਇਨ੍ਹਾਂ ਵਿਚੋਂ ਇੱਕ ਮੈਰਿਜ ਪੈਲੇਸ ਵਾਲਿਆਂ ਨੇ ਬੁੱਕ ਹੋਏ ਪਹਿਲੇ ਵਿਆਹ ਸਮੇਂ 'ਬੋਹਣੀ' ਦੇ ਸ਼ੁਭ ਸ਼ਗਨ ਵਜੋਂ ਲੜਕੀ ਨੂੰ ਤੋਹਫ਼ੇ ਵਿਚ ਕਾਰ ਦਿੱਤੀ। ਉਂਜ, ਵਿਆਹਾਂ ਵਿਚ ਕਾਰਾਂ ਦੇਣ ਦਾ ਰੁਝਾਨ ਕੁਝ ਘਟਿਆ ਹੈ। ਕਦੇ ਦਹੇਜ ਵਿਚ ਮਾਰੂਤੀ ਮਿਲਣ ਦੀ ਕਈ ਪਿੰਡਾਂ ਤਕ ਚਰਚਾ ਹੁੰਦੀ ਸੀ। ਹੁਣ ਕਾਰਾਂ ਦੀਆਂ ਕਈ ਕੰਪਨੀਆਂ ਤੇ ਮਾਰੂਤੀ ਦੇ ਕਈ ਮਾਡਲ ਆ ਜਾਣ ਦੇ ਬਾਵਜੂਦ ਦਹੇਜ ਵਿਚ ਕਾਰਾਂ ਘੱਟ ਦਿੱਤੀਆਂ ਜਾ ਰਹੀਆਂ ਹਨ। ਮਾਰੂਤੀ ਕੰਪਨੀ ਦੇ ਇੱਕ ਸ਼ੋਅਰੂਮ ਮਾਲਕ ਨੇ ਵੀ ਦਹੇਜ ਲਈ ਕਾਰਾਂ ਦੀ ਖ਼ਰੀਦ ਘਟਣ ਦੀ ਪੁਸ਼ਟੀ ਕੀਤੀ ਹੈ। ਦੂਜੇ ਪਾਸੇ ਦਹੇਜ ਵਿਚ ਜਿਹੜੀਆਂ ਕਾਰਾਂ ਦਿੱਤੀਆਂ ਜਾ ਰਹੀਆਂ ਹਨ, ਉਹ ਬਹੁਤ ਮਹਿੰਗੀਆਂ ਹੁੰਦੀਆਂ ਹਨ। ਇਹ ਕਾਰਾਂ ਕਰੋੜਾਂ ਦੇ ਖ਼ਰਚ ਵਾਲੇ ਵਿਆਹਾਂ ਵਿਚ ਦੇਣ ਦੀ ਗੱਲ ਸਾਹਮਣੇ ਆਈ ਹੈ। ਪਿਛਲੇ ਸਾਲ ਦੇ ਅਖ਼ੀਰ ਵਿਚ ਲੁਧਿਆਣਾ ਵਿਚ ਹੋਏ ਇੱਕ ਵਿਆਹ ਵਿਚ ਇੱਕ ਕਰੋੜ ਤੋਂ ਵੱਧ ਕੀਮਤ ਵਾਲੀ ਜੈਗੂਅਰ ਕਾਰ ਦਹੇਜ ਵਿਚ ਦਿੱਤੀ ਗਈ, ਪਰ ਇਹ ਵਿਆਹ ਸਫਲ ਨਹੀਂ ਰਿਹਾ। ਇਉਂ ਕਿਹਾ ਜਾ ਸਕਦਾ ਹੈ ਕਿ ਕਰੋੜਾਂ ਦੀ ਕਾਰ ਦਹੇਜ ਵਿਚ ਦੇਣਾ ਵੀ ਸਫਲ ਵਿਆਹ ਦੀ ਗਾਰੰਟੀ ਨਹੀਂ। ਦਾਜ ਵਿਚ ਮਰਸਿਡੀਜ਼ ਕਾਰਾਂ ਵੀ ਦਿੱਤੀਆਂ ਜਾਂਦੀਆਂ ਹਨ। ਦਹੇਜ ਵਿਚ ਸਾਧਾਰਨ ਕੰਪਨੀਆਂ ਦੀਆਂ ਆਮ ਕਾਰਾਂ ਦੇਣ ਦੀ ਗੱਲ ਕਰੀਏ ਤਾਂ ਕੁਝ ਥਾਈਂ ਡਿੱਕੀ ਵਾਲੀਆਂ ਵੱਡੀਆਂ ਕਾਰਾਂ ਹਾਲੇ ਵੀ ਦਿੱਤੀਆਂ ਜਾ ਰਹੀਆਂ ਹਨ, ਪਰ



*ਲੁਧਿਆਣਾ ਨੇੜੇ ਪੈਂਦੇ ਇਕ ਆਲੀਸ਼ਾਨ ਮੈਰਿਜ ਪੈਲੇਸ ਦਾ ਅੰਦਰੂਨੀ ਨਜ਼ਾਰਾ।*

ਇਹ ਗਿਣਤੀ ਆਟੇ ਵਿਚ ਲੂਣ ਬਰਾਬਰ ਹੈ।

ਵੱਡੇ ਵਿਆਹਾਂ ਵਿਚ ਹਜ਼ਾਰਾਂ ਦਾ ਇਕੱਠ ਹੋਣ ਲੱਗਾ ਹੈ। ਇਨ੍ਹਾਂ ਪੈਲੇਸਾਂ ਵਿਚ ਹੀ ਇੱਕ ਉੱਘੇ ਕਮਿਊਨਿਸਟ ਆਗੂ ਦੇ ਪੋਤੇ ਦੇ ਵਿਆਹ ਸਮੇਂ ਹੋਏ ਵਿਸ਼ਾਲ ਇਕੱਠ ਦੀ ਕਾਫ਼ੀ ਸਮਾਂ ਚਰਚਾ ਹੁੰਦੀ ਰਹੀ ਸੀ। ਚਰਚਾ ਵਿਚ ਇਹ ਗੱਲ ਭਾਰੂ ਸੀ ਕਿ ਕਾਮਰੇਡਾਂ ਦੀ ਕਥਨੀ ਤੇ ਕਰਨੀ ਵਿਚ ਕਿੰਨਾ ਅੰਤਰ ਆ ਗਿਆ ਹੈ। ਅੱਜ ਕੱਲ੍ਹ ਵਿਆਹ ਤੋਂ ਇਲਾਵਾ ਵਿਆਹ ਸਬੰਧੀ ਚਾਰ-ਚਾਰ ਪ੍ਰੋਗਰਾਮ ਹੋਣ ਲੱਗੇ ਹਨ। ਦੋ ਪ੍ਰੋਗਰਾਮ ਵਿਆਹ ਤੋਂ ਪਹਿਲਾਂ ਤੇ ਇੱਕ ਬਾਅਦ ਵਿਚ ਰਿਸੈਪਸ਼ਨ ਦਾ। ਹੁਣ ਕਈ ਪਰਿਵਾਰ ਮੰਗਣੀ, ਲੇਡੀਜ਼ ਸੰਗੀਤ, ਸ਼ਗਨ ਤੇ ਜਾਗੋ ਆਦਿ ਦੇ ਪ੍ਰੋਗਰਾਮ ਵੀ ਪੈਲੇਸਾਂ ਵਿਚ ਕਰਨ ਲੱਗੇ ਹਨ। ਇੱਕ ਵਿਆਹ ਦੇ ਕਾਰਡਾਂ ਵਿਚ ਪੰਜ ਪ੍ਰੋਗਰਾਮਾਂ ਦੇ ਸੱਦੇ ਸਨ ਤੇ ਪੰਜੇ ਹੀ ਅਲੱਗ-ਅਲੱਗ ਪੈਲੇਸਾਂ ਦੇ। ਚਾਰ ਪ੍ਰੋਗਰਾਮਾਂ ਦੇ ਸੱਦੇ ਵਾਲੇ ਕਾਰਡ ਤਾਂ ਹੁਣ ਆਮ ਹੋਣ ਲੱਗੇ ਹਨ। ਚਾਰ-ਪੰਜ ਪ੍ਰੋਗਰਾਮਾਂ ਦਾ ਮਤਲਬ ਵਿਆਹ ਦਾ ਬਜਟ ਇੱਕ ਕਰੋੜ ਤੋਂ ਉਪਰ। ਜਗਰਾਉਂ ਨੇੜਲੇ ਇੱਕ ਪਿੰਡ ਦੇ ਦਸ ਏਕੜ ਵਾਲੇ ਜ਼ਿਮੀਂਦਾਰ ਨੇ ਹਾਲ ਹੀ ਵਿਚ ਆਪਣੀ ਧੀ ਦੇ ਵਿਆਹ ਦਾ ਬਜਟ 50 ਲੱਖ ਰੱਖਿਆ। ਯੂਥ ਕਾਂਗਰਸ ਦੇ ਇੱਕ ਆਗੂ ਦੇ ਵਿਆਹ ਸਮੇਂ 25 ਲੱਖ ਰੁਪਏ ਸਿਰਫ਼ ਮੈਰਿਜ ਪੈਲੇਸ ਨੂੰ ਹੀ ਦਿੱਤੇ ਗਏ। ਜਦੋਂ ਪਹਿਲਾਂ ਪਹਿਲ ਮੈਰਿਜ ਪੈਲੇਸਾਂ ਵਿਚ ਵਿਆਹ ਹੋਣ ਲੱਗੇ ਸਨ ਤਾਂ ਇਹ ਸਤਰ ਬੜੀ ਮਸ਼ਹੂਰ ਹੋਈ ਸੀ ਕਿ 'ਕੁੜੀ ਮੁੰਡਾ ਤੁਹਾਡਾ, ਬਾਕੀ ਕੰਮ ਸਾਡਾ', ਇਹ ਗੱਲ ਹੁਣ ਸੋਲ੍ਹਾਂ ਆਨੇ ਸੱਚ ਹੋ ਨਿੱਬੜੀ ਹੈ।

ਵਿਆਹ ਕਰਨ ਵਾਲੇ ਦੋਵੇਂ ਪਰਿਵਾਰ ਬੇਫ਼ਿਕਰੀ ਨਾਲ ਆਉਂਦੇ ਹਨ ਤੇ ਪਰਤ ਜਾਂਦੇ ਹਨ। ਦੂਰ-ਨੇੜਲੇ ਬਹੁਤੇ ਰਿਸ਼ਤੇਦਾਰ ਵੀ ਸਿੱਧੇ ਪੈਲੇਸ ਵਿਚੋਂ ਆ ਕੇ ਮੁੜ ਜਾਂਦੇ ਹਨ। ਮੁੰਡੇ ਤੇ ਕੁੜੀ ਦੇ ਪਰਿਵਾਰ ਵਿਆਹ ਵਾਲੇ ਦਿਨ ਤਕ ਖ਼ਰੀਦੋ-ਫ਼ਰੋਖਤ ਵਿਚ ਹੀ ਰੁੱਝੇ ਹੁੰਦੇ ਹਨ, ਕਿਉਂਕਿ ਬਾਕੀ ਸਾਰੀ ਸਿਰਦਰਦੀ ਤਾਂ ਲੱਖਾਂ ਦੇ ਕੇ ਵੈਡਿੰਗ ਪਲੈਨਰਜ਼ ਜਾਂ ਮੈਰਿਜ ਪੈਲੇਸ ਵਾਲਿਆਂ ਦੇ ਸਿਰ ਸੁੱਟੀ ਹੁੰਦੀ ਹੈ।

ਵਿਆਹਾਂ ਦੇ ਕਾਰੋਬਾਰ ਨਾਲ ਜੁੜੇ ਲੋਕ ਦੱਸਦੇ ਹਨ ਕਿ ਚੰਗੇ ਪੈਲੇਸ ਦਾ ਕਿਰਾਇਆ ਹੀ ਚਾਰ ਤੋਂ ਪੰਜ ਲੱਖ ਰੁਪਏ ਲਿਆ ਜਾਂਦਾ ਹੈ। ਇਹ ਪੈਲੇਸ ਪ੍ਰਤੀ ਵਿਅਕਤੀ ਪਲੇਟ ਦੇ 1700 ਤੋਂ ਲੈ ਕੇ 3000 ਰੁਪਏ ਤਕ ਲੈਂਦੇ ਹਨ। ਪੈਲੇਸ ਦੀ ਸਜਾਵਟ ਇੱਕ ਲੱਖ ਤੋਂ ਦਸ ਲੱਖ ਰੁਪਏ ਤਕ ਹੋ ਸਕਦੀ ਹੈ। ਕੱਪੜੇ ਲੀੜੇ ਤੇ ਗਹਿਣਾ-ਗੱਟਾ ਵੱਖਰਾ। ਵਿਆਹ ਹੈ ਤਾਂ ਸ਼ਰਾਬ ਵੀ ਚੱਲੇਗੀ, ਉਹ ਵੀ ਸਾਧਾਰਨ ਨਹੀਂ। ਇੰਨੀ ਵੱਡੀ ਖ਼ੁਸ਼ੀ ਮੌਕੇ ਗਾਉਣ-ਵਜਾਉਣ ਵੀ ਹੋਵੇਗਾ। ਨਾਮੀ ਗਾਇਕ ਲਈ ਅੱਠ-ਦਸ ਲੱਖ ਤੋਂ ਉਪਰ ਦਾ ਖ਼ਰਚਾ ਹੁੰਦਾ ਹੈ ਅਤੇ ਸਭਿਆਚਾਰਕ ਗਰੁੱਪ ਤੇ ਡੀ.ਜੇ. ਵਾਲੇ ਵੀ ਲੱਖਾਂ ਵਿਚ ਹੀ ਪੈਂਦੇ ਹਨ। ਇਸ ਤਰ੍ਹਾਂ ਚਾਰ ਪੰਜ ਘੰਟਿਆਂ ਵਿਚ ਦੋ ਪਰਿਵਾਰ ਲੱਖਾਂ ਰੁਪਏ 'ਲੁਟਾ' ਕੇ ਘਰਾਂ ਨੂੰ ਪਰਤ ਆਉਂਦੇ ਹਨ, ਪਰ ਪੰਜਾਬੀਆਂ ਨੂੰ ਇਸ ਤਰ੍ਹਾਂ ਲੁੱਟੇ ਜਾਣ ਵਿਚ ਵੀ ਆਪਣੀ ਸ਼ਾਨ ਮਹਿਸੂਸ ਹੁੰਦੀ ਹੈ।

### ਵਿਆਹ, ਕਿਸਾਨ ਤੇ ਪੰਜਾਬ

ਵਿਆਹ ਖ਼ੁਸ਼ੀ ਦਾ ਵੱਡਾ ਮੌਕਾ ਹੁੰਦਾ ਹੈ ਤੇ ਖ਼ੁਸ਼ੀ ਮੌਕੇ ਉਦਾਸੀ ਵਾਲੀਆਂ ਗੱਲਾਂ ਸ਼ੋਭਦੀਆਂ ਨਹੀਂ; ਪਰ ਵਿਆਹਾਂ 'ਤੇ ਹੁੰਦੇ ਲੱਖਾਂ ਦੇ ਖ਼ਰਚ, ਕਿਸਾਨਾਂ ਦੀ ਆਰਥਿਕ ਸਥਿਤੀ ਤੇ ਪੰਜਾਬ ਦੇ ਵਰਤਮਾਨ ਹਾਲਾਤ ਦੇ ਪ੍ਰਸੰਗ ਵਿਚ ਤਸਵੀਰ ਦਾ ਦੂਜਾ ਪਾਸਾ ਦੇਖਣਾ ਵੀ ਜ਼ਰੂਰੀ ਹੈ। ਜੇ ਇੱਕ ਬਾਪ ਆਪਣੀ ਧੀ ਦੇ ਵਿਆਹ ਵਾਲੇ ਦਿਨ ਖ਼ੁਦਕੁਸ਼ੀ ਲਈ ਮਜਬੂਰ ਹੁੰਦਾ ਹੈ ਤਾਂ ਅਜੋਕੇ ਹਾਲਾਤ ਨੂੰ ਸਮਝਣਾ ਔਖਾ ਨਹੀਂ। ਜ਼ਮੀਨਾਂ ਸੁੰਗੜ ਗਈਆਂ, ਖੇਤੀ ਲਾਹੇਵੰਦ ਨਹੀਂ ਰਹੀ ਤੇ ਕਿਸਾਨ ਰੋਜ਼ਾਨਾ ਖ਼ੁਦਕੁਸ਼ੀਆਂ ਕਰ ਰਹੇ ਹਨ। ਸਰਦੇ-ਪੁੱਜਦੇ ਲੋਕ ਵਿਆਹਾਂ 'ਤੇ ਕਰੋੜਾਂ ਵੀ ਉਡਾ ਸਕਦੇ ਹਨ, ਪਰ ਸਾਧਾਰਨ ਕਰਜ਼ਾਈ ਕਿਸਾਨ ਦੇਖਾ-ਦੇਖੀ, ਆਪਣਾ ਨੱਕ ਰੱਖਣ ਅਤੇ ਫੋਕੀ ਬੱਲੇ-ਬੱਲੇ ਕਰਵਾਉਣ ਲਈ ਹੋਰ ਕਰਜ਼ਾ ਚੁੱਕ ਕੇ ਅਜਿਹਾ ਕਿਉਂ ਕਰ ਰਹੇ ਹਨ? ਕਰੋੜਪਤੀ ਲੋਕ ਤਾਂ ਪਰਿਵਾਰ ਵਿਚ ਕਿਸੇ ਜੀਅ ਦੇ ਮਰਨ ਉਪਰੰਤ ਭੋਗ 'ਤੇ ਵੀ ਇੰਜ ਹੀ ਲੱਖਾਂ ਖ਼ਰਚਦੇ ਹਨ। ਉਨ੍ਹਾਂ ਦੀ ਸਮਾਜਿਕ ਮਜਬੂਰੀ ਤੇ ਲੋੜ ਹੋ ਸਕਦੀ ਹੈ, ਪਰ ਆਮ ਕਿਸਾਨ ਤੇ ਸਾਧਾਰਨ ਇਨਸਾਨ ਦੀ ਤਾਂ ਕੋਈ ਮਜਬੂਰੀ ਨਹੀਂ। ਹਜ਼ਾਰ-ਪੰਜ ਸੌ ਦਾ ਇਕੱਠ ਕਰ ਕੇ ਅਸੀਂ ਵਿਆਹ ਦੇ ਸਾਰੇ ਸਮੇਂ ਦੌਰਾਨ ਇਕੱਠ ਦੀ ਟਹਿਲ ਸੇਵਾ ਵਿਚ ਲੱਗੇ ਰਹਿੰਦੇ ਹਾਂ। ਨਾ ਵਿਆਹ ਦਾ ਆਨੰਦ ਮਾਣਦੇ ਹਾਂ ਤੇ ਨਾ ਰਿਸ਼ਤੇਦਾਰਾਂ ਨਾਲ ਦੋ ਘੜੀਆਂ ਬੈਠ ਕੇ ਚੱਜ ਨਾਲ ਗੱਲ ਹੁੰਦੀ ਹੈ। ਵਿਆਹ ਵਿਚ ਦੋ ਕਿਸਮ ਦੇ ਲੋਕ ਆਉਂਦੇ ਹਨ। ਇੱਕ ਉਹ ਜਿਹੜੇ ਦਿਨ ਵਿਚ ਚਾਰ-ਪੰਜ ਵਿਆਹ 'ਭੁਗਤਾਉਣ' ਵਾਲੇ ਹੁੰਦੇ ਹਨ। ਉਹ ਤੇਜ਼ੀ ਨਾਲ ਆਉਂਦੇ ਹਨ, ਸਿਰਫ਼ ਹਾਜ਼ਰੀ ਲਗਵਾਉਣ ਤੇ ਸ਼ਗਨ ਫੜਾਉਣ।

ਮਾੜਾ-ਮੋਟਾ ਕੁਝ ਖਾ ਕੇ ਉਹ ਅਗਲੇ ਵਿਆਹ ਵਿਚ ਚਲੇ ਜਾਂਦੇ ਹਨ। ਦੂਜੇ ਉਹ ਹੁੰਦੇ ਹਨ ਜਿਹੜੇ ਤੁੰਨ-ਤੁੰਨ ਕੇ ਢਿੱਡ ਭਰਨ ਲੱਗੇ ਹੁੰਦੇ ਹਨ ਜਿਵੇਂ ਆਖ਼ਰੀ ਵਾਰ ਖਾ ਰਹੇ ਹੋਣ। ਸਵਾਲ ਇਹ ਹੈ ਕਿ ਵਿਆਂਹਦੜ ਮੁੰਡੇ-ਕੁੜੀ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਿਖਾਵਾ ਕਰ ਕੇ ਹਾਸਲ ਕੀ ਹੁੰਦਾ ਹੈ? ਸਮੇਂ ਦੀ ਜ਼ਰੂਰਤ ਹੈ, ਸਾਦੇ ਵਿਆਹ ਕੀਤੇ ਜਾਣ ਤੇ ਵਿੱਤੋਂ ਬਾਹਰ ਪੈਰ ਪਸਾਰਨ ਤੋਂ ਗੁਰੇਜ਼ ਕੀਤਾ ਜਾਵੇ। ਵਾਧੂ ਪੈਸਾ ਖ਼ਰਚਣਾ ਹੈ ਤਾਂ ਦੋਵੇਂ ਪਰਿਵਾਰ ਇਹ ਪੈਸਾ ਵਿਆਂਹਦੜ ਮੁੰਡੇ-ਕੁੜੀ ਦੀ ਝੋਲੀ ਪਾ ਦੇਣ, ਘੱਟੋ-ਘੱਟ ਉਨ੍ਹਾਂ ਦੇ ਕੰਮ ਤਾਂ ਆਵੇਗਾ।



***ਵਿਦੇਸ਼ਾਂ ਵਿਚ ਪਰਵਾਸ ਤੋਂ ਬਾਅਦ ਸਥਾਪਿਤ ਹੋਣ ਮਗਰੋਂ ਪਰਵਾਸੀ ਪੰਜਾਬੀ ਧੀਆਂ ਪੁੱਤਾਂ ਨੂੰ ਵਿਆਹੁਣ ਲਈ ਇਧਰ ਆਉਣ ਲੱਗੇ ਤਾਂ ਵਿਆਹਾਂ ਦੇ ਰੰਗ-ਢੰਗ ਬਦਲਣੇ ਸ਼ੁਰੂ ਹੋਏ। ਪੰਜ-ਦਸ ਲੱਖ ਵਿਚ ਹੋਣ ਵਾਲਾ ਵਿਆਹ ਤੀਹ-ਚਾਲੀ ਲੱਖ ਵਿਚ ਹੋਣ ਲੱਗਿਆ। ਜ਼ਮੀਨਾਂ ਦੇ ਅਸਮਾਨੀਂ ਚੜ੍ਹੇ ਭਾਅ ਨੇ ਵੀ ਪੰਜਾਬੀਆਂ ਦੀ ਤਰਜ਼-ਏ-ਜ਼ਿੰਦਗੀ ਬਦਲਣ ਵਿਚ ਵੱਡੀ ਭੂਮਿਕਾ ਨਿਭਾਈ। ਇਸ ਨਾਲ ਵਿਆਹ ਦਾ ਬਜਟ ਤੀਹ ਚਾਲੀ ਲੱਖ ਨੂੰ ਵੀ ਟੱਪ ਗਿਆ ਹੈ। ਇਹ ਰੁਝਾਨ ਪੇਂਡੂ ਖਿੱਤੇ ਦੇ ਜ਼ਿਮੀਦਾਰ ਪਰਿਵਾਰਾਂ ਦਾ ਹੈ ਜਦੋਂਕਿ ਸਨਅਤਕਾਰ ਤੇ ਹੋਰ ਕਾਰੋਬਾਰੀ ਘਰਾਣੇ ਵਿਆਹਾਂ 'ਤੇ ਇਸ ਤੋਂ ਵੀ ਵੱਧ ਖ਼ਰਚ ਕਰਨ ਲੱਗੇ ਹਨ। ਵੈਡਿੰਗ ਪਲੈਨਰਜ਼ ਹਰ ਵਿਆਹ ਨੂੰ ਨਵਾਂ ਰੰਗ ਦੇਣ ਦੇ ਵਾਅਦੇ ਨਾਲ ਮੋਟੀ ਫੀਸ ਨਾਲ ਪ੍ਰਬੰਧ ਕਰ ਕੇ ਦਿੰਦੇ ਹਨ।***

# ਅਨੁਸ਼ਕਾ ਸ਼ਰਮਾ ਦੀ ਫਿਲੌਰ ਮੁਹੱਬਤ


ਅਨੁਸ਼ਕਾ ਸ਼ਰਮਾ

ਫਿਲਮ ਅਦਾਕਾਰਾ ਅਨੁਸ਼ਕਾ ਸ਼ਰਮਾ ਅੱਜ ਕੱਲ੍ਹ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਨਾਲ ਤੋੜ-ਵਿਛੋੜੇ ਦੀਆਂ ਖ਼ਬਰਾਂ ਕਰ ਕੇ ਚਰਚਾ ਵਿਚ ਹੈ, ਪਰ ਉਸ ਨੇ ਹਾਲ ਹੀ ਵਿਚ ਬਤੌਰ ਪ੍ਰੋਡਿਊਸਰ ਆਪਣੀ ਨਵੀਂ ਫਿਲਮ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਫਿਲਮ ਦਾ ਨਾਂ 'ਫਿਲੌਰੀ' ਰੱਖਿਆ ਗਿਆ ਹੈ ਜੋ ਪੰਜਾਬ ਦੀ ਪ੍ਰਸਿੱਧ ਸ਼ਹਿਰ ਫਿਲੌਰ ਨਾਲ ਸਬੰਧਤ ਹੋਵੇਗੀ। 27 ਵਰ੍ਹਿਆਂ ਦੀ ਅਨੁਸ਼ਕਾ ਇਹ ਫਿਲਮ ਫੌਕਸ ਸਟਾਰ ਸਟੂਡੀਓਜ਼ ਨਾਲ ਰਲ ਕੇ ਬਣਾ ਰਹੀ ਹੈ ਅਤੇ ਇਸ ਵਿਚ ਦਲਜੀਤ ਦੁਸਾਂਝ ਅਤੇ ਚਰਚਿਤ ਫਿਲਮ 'ਲਾਈਫ ਆਫ਼ ਪਾਈ' ਵਿਚ ਮਿਆਰੀ ਭੂਮਿਕਾ ਨਿਭਾਉਣ ਵਾਲ ਅਦਾਕਾਰ ਸੂਰਜ ਸ਼ਰਮਾ ਨੂੰ ਲਿਆ ਗਿਆ ਹੈ। ਫਿਲਮ ਦਾ ਨਿਰਦੇਸ਼ਨ ਅਨਸ਼ਾਈ ਲਾਲ ਕਰੇਗਾ, ਇਹ ਉਸ ਦੀ ਪਲੇਠੀ ਫਿਲਮ ਹੋਵੇਗੀ।

ਅਨੁਸ਼ਕਾ ਸ਼ਰਮਾ ਮੁਤਾਬਕ, ਇਸ ਫਿਲਮ ਦੀ ਕਹਾਣੀ ਫਿਲੌਰ ਨਾਲ ਸਬੰਧਤ ਹੈ। ਇਸ ਕਹਾਣੀ ਲਈ 100 ਸਾਲ ਪਿੱਛੇ ਤੱਕ ਛਾਤੀ ਮਾਰੀ ਗਈ ਹੈ। ਕਹਿੰਦੇ ਹਨ, ਇਹ ਕਸਬਾ ਫੂਲ ਨਾਂ ਦੇ ਇਕ ਬੰਦੇ ਦੇ ਨਾਂ 'ਤੇ ਵਸਿਆ ਸੀ। ਪਹਿਲਾਂ ਇਸ ਦਾ ਨਾਂ ਫੂਲ ਨਗਰ ਪਿਆ ਸੀ। ਸ਼ੇਰ ਸ਼ਾਹ ਸੂਰੀ ਦੇ ਵੇਲਿਆਂ (1540-55) ਵਿਚ ਉਥੇ ਕਾਰੋਬਾਰੀ ਅਤੇ ਫੌਜੀ ਮਕਸਦ ਲਈ ਸਰਾਂ ਬਣਾਈ ਗਈ ਸੀ। ਮਗਰੋਂ ਮੁਗਲ ਸ਼ਹਿਨਸ਼ਾਹ (1627-57) ਨੇ ਇਸ ਸਰਾਂ ਨੂੰ ਦੀ ਮੁਰੰਮਤ ਕਰਵਾ ਕੇ ਇਸ ਨੂੰ ਮੁੜ ਚਾਲੂ ਕੀਤਾ।

ਇਤਿਹਾਸ ਦੱਸਦਾ ਹੈ ਕਿ 1809 ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਹੋਣ ਮੌਕੇ ਇਸ ਨੂੰ ਸਰਹੱਦੀ ਇਲਾਕੇ ਵਜੋਂ ਵਰਤਿਆ ਗਿਆ। ਮਗਰੋਂ ਅੰਗਰੇਜ਼ਾਂ ਨੇ 1842 ਵਿਚ ਇਥੇ ਫੌਜੀ ਛਾਉਣੀ ਬਣਵਾਈ ਅਤੇ ਸਰਾਂ

**ਰੌਸ਼ਨੀ ਖੇਤਲ**

ਨੂੰ ਕਿਲ੍ਹੇ ਵਿਚ ਬਦਲ ਦਿੱਤਾ ਗਿਆ। ਇਸ ਕਿਲ੍ਹੇ ਦਾ ਨਾਂ ਅੱਜ ਕੱਲ੍ਹ ਮਹਾਰਾਜਾ ਰਣਜੀਤ ਸਿੰਘ ਕਿਲ੍ਹਾ ਹੈ ਜਿਥੇ ਹੁਣ ਪੁਲਿਸ ਅਕਾਦਮੀ ਚੱਲ ਰਹੀ ਹੈ। ਇਸ ਪੁਲਿਸ ਅਕੈਡਮੀ ਵਿਚ ਅੰਗੇਰਜ਼ਾਂ ਨੇ 1892 ਵਿਚ ਫਿੰਗਰ ਪ੍ਰਿੰਟ ਬਿਊਰੋ ਬਣਾਈ ਸੀ ਜੋ ਇਲਾਕੇ ਦੀ ਸਭ ਤੋਂ ਪੁਰਾਣੀ ਸੰਸਥਾ ਹੈ। ਇਸ ਇਤਿਹਾਸਕ ਸ਼ਹਿਰ ਦੀ ਯਾਤਰਾ ਹੁਣ ਅਨੁਸ਼ਕਾ ਸ਼ਰਮਾ ਦੇ ਜ਼ਰੀਏ ਫਿਲਮ 'ਫਿਲੌਰੀ' ਰਾਹੀਂ ਹੋ ਸਕੇਗੀ।

ਯਾਦ ਰਹੇ ਕਿ ਬਤੌਰ ਨਿਰਮਾਤਾ ਅਨੁਸ਼ਕਾ ਸ਼ਰਮਾ ਨੇ ਪਿਛਲੇ ਸਾਲ ਫਿਲਮ 'ਐਨ.ਐਚ.-10' ਦਾ ਨਿਰਮਾਣ ਕੀਤਾ ਸੀ। ਇਸ ਫਿਲਮ ਦਾ ਡਾਇਰੈਕਟਰ ਨਵਦੀਪ ਸਿੰਘ ਜਿਸ ਨੇ ਇਸ ਤੋਂ ਪਹਿਲਾਂ 'ਮਨੋਰਮਾ ਸਿਕਸ ਫੀਟ ਅੰਡਰ' ਵਰਗੀ ਮਾਰਮਿਕ ਫਿਲਮ 2007 ਵਿਚ ਬਣਾਈ ਸੀ। ਇਸ ਫਿਲਮ ਤੋਂ ਬਾਅਦ ਉਸ ਨੇ ਦੋ ਫਿਲਮਾਂ ਸ਼ੁਰੂ ਕੀਤੀਆਂ, ਪਰ ਪੂਰੀਆਂ ਨਹੀਂ ਹੋ ਸਕੀਆਂ। ਬਾਅਦ ਵਿਚ ਉਸ ਨੇ 'ਐਨ.ਐਚ-10' ਰਾਹੀਂ ਇਹ ਕਸਰ ਪੂਰੀ ਕੀਤੀ। ਇਹ ਫਿਲਮ ਅਣਖ ਖਾਤਰ ਕਤਲਾਂ ਦੀ ਕਹਾਣੀ ਦੁਆਲੇ ਘੁੰਮਦੀ ਹੈ। ਇਸ ਫਿਲਮ ਲਈ ਅਨੁਸ਼ਕਾ ਸ਼ਰਮਾ ਦੀ ਖੂਬ ਚਰਚਾ ਹੋਈ ਸੀ ਅਤੇ ਇਹ ਫਿਲਮ ਬਾਕਸ ਆਫ਼ਸ 'ਤੇ ਹਿੱਟ ਰਹੀ ਸੀ। ਇਸ ਫਿਲਮ ਬਾਰੇ ਫਿਲਮ ਅਲੋਚਕਾਂ ਨੇ ਲਿਖਿਆ ਸੀ ਕਿ ਕਿਸੇ ਨੂੰ ਵੀ ਇਹ ਅੰਦਾਜ਼ਾ ਤੱਕ ਨਹੀਂ ਸੀ ਕਿ ਇਹ ਫਿਲਮ ਇੰਨੀ ਮਸ਼ਹੂਰ ਹੋ ਜਾਣੀ ਹੈ ਅਤੇ ਇਸ ਨੇ ਕਮਾਈ ਪੱਖੋਂ ਵੀ ਰੁਪਿਆ ਦੇ ਢੇਰ ਲਾ ਦੇਣੇ ਹਨ। ਹੁਣ ਸਭ ਦੀਆਂ ਨਜ਼ਰਾਂ 'ਫਿਲਮ 'ਫਿਲੌਰੀ' ਉਤੇ ਲੱਗੀਆਂ ਹੋਈਆਂ ਹਨ।

# 'ਅਲੀਗੜ੍ਹ' ਵਾਲੇ ਦਾ ਗੜ੍ਹਕਾ


ਹੰਸਲ ਮਹਿਤਾ

ਫਿਲਮ 'ਅਲੀਗੜ੍ਹ' ਲਈ ਸ਼ਾਬਾਸ਼ ਲੈਣ ਤੋਂ ਬਾਅਦ ਫਿਲਮਸਾਜ਼ ਹੰਸਲ ਮਹਿਤਾ ਨੇ ਆਪਣੀ ਅਗਲੀ ਫਿਲਮ ਦਾ ਐਲਾਨ ਕਰ ਦਿੱਤਾ ਹੈ। ਉਹ ਵਿਦਿਅਕ ਸੰਸਥਾਵਾਂ ਉਤੇ ਸਿਆਸੀ ਦਖ਼ਲ-ਅੰਦਾਜ਼ੀ ਬਾਰੇ ਫਿਲਮ ਬਣਾਏਗਾ। ਇਹ ਖਿਆਲ ਉਸ ਨੂੰ ਪਿਛਲੇ ਦਿਨਾਂ ਦੌਰਾਨ ਜੇ.ਐਨ.ਯੂ. ਅਤੇ ਹੈਦਾਰਬਾਦ ਯੂਨੀਵਰਸਿਟੀ ਵਿਚ ਹੋਈਆਂ ਘਟਨਾਵਾਂ ਪਿਛੋਂ ਆਇਆ। ਉਸ ਦਾ ਮੰਨਣਾ ਹੈ ਕਿ ਵਿਦਿਅਕ ਸੰਸਥਾਵਾਂ ਵਿਚ ਸਿਆਸੀ ਦਖਲ-ਅੰਦਾਜ਼ੀ ਦਾ ਰੁਝਾਨ ਬਹੁਤ ਮਾੜਾ ਹੈ ਅਤੇ ਇਹ ਵਿਦਿਆ ਦੇ ਮਿਆਰ ਉਤੇ ਸਿੱਧਾ ਅਸਰ ਪਵੇਗਾ। ਉਹ ਆਖਦਾ ਹੈ, "ਪਹਿਲਾਂ ਪੁਣੇ ਦੀ ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ ਵਿਚ ਗਜੇਂਦਰ ਚੌਹਾਨ ਵਰਗੇ ਬੰਦੇ ਨੂੰ ਮੁਖੀ ਲਗਾਉਣ ਦੇ ਮਾਮਲੇ 'ਤੇ ਸਰਕਾਰ ਨੇ ਮਨਮਰਜ਼ੀ ਕੀਤੀ। ਵਿਦਿਆਰਥੀਆਂ ਵੱਲੋਂ ਮਹੀਨਿਆਂ ਬੱਧੀ ਚਲਾਏ ਸੰਘਰਸ਼ ਨੂੰ ਇਸ ਨੇ ਗੌਲਿਆ ਨਹੀਂ; ਮਗਰੋਂ ਹੈਦਰਾਬਾਦ ਯੂਨੀਵਰਸਿਟੀ ਵਿਚ ਦਲਿਤ ਵਿਦਿਆਰਥੀ ਰੋਹਿਤ ਵੇਮੂਲਾ ਦੀ ਖੁਦਕਸ਼ੀ ਨੇ ਸਿਆਸੀ ਦਖ਼ਲ-ਅੰਦਾਜ਼ੀ ਦਾ ਪੋਲ ਸੰਸਾਰ ਅੱਗੇ ਖੋਲ੍ਹ ਕੇ ਰੱਖ ਦਿੱਤਾ। ਹੁਣ ਜੇ.ਐਨ.ਯੂ. ਵਾਲੀ ਘਟਨਾ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ ਹੈ ਅਤੇ ਵਿਰੋਧੀ ਵਿਚਾਰ ਰੱਖਣ ਵਾਲੇ ਵਿਦਿਆਰਥੀਆਂ ਨੂੰ ਦੇਸ਼ ਧਰੋਹੀ ਕਰਾਰ ਦੇ ਦਿੱਤਾ। ਵਿਦਿਆ ਅਤੇ ਵਿਦਿਆਰਥੀਆਂ ਨਾਲ ਇਸ




ਤੋਂ ਵੱਡੀ ਤਰਾਸਦੀ ਹੋ ਕੀ ਹੋ ਸਕਦੀ ਹੈ।"

ਹੰਸਲ ਮਹਿਤਾ ਇਸ ਤੋਂ ਪਹਿਲਾਂ 'ਸ਼ਾਹਿਦ' ਅਤੇ 'ਸਿਟੀ ਲਾਈਟਜ਼' ਵਰਗੀਆਂ ਫਿਲਮਾਂ ਬਣਾ ਕੇ ਆਪਣੀ ਲਿਆਕਤਦਾ ਲੋਹਾ ਮਨਵਾ ਚੁੱਕਾ ਹੈ। 'ਸ਼ਾਹਿਦ' ਉਸ ਵਕੀਲ ਦੀ ਸੱਚੀ ਕਹਾਣੀ ਹੈ ਜੋ ਮੁੰਬਈ ਦੰਗਿਆਂ ਤੋਂ ਬਾਅਦ ਹੋਈ ਹਿੰਸਾ ਵਿਚ ਫਸੇ ਨੌਜਵਾਨਾਂ ਨੂੰ ਛੁਡਾਉਣ ਲਈ ਤਰਲੋਮੱਛੀ ਹੁੰਦਾ ਹੈ। ਇਸ ਵਕੀਲ ਦਾ ਕਤਲ ਕਰ ਦਿੱਤਾ ਗਿਆ ਸੀ। ਫਿਲਮ ਵਿਚ ਵਕੀਲ ਸ਼ਾਹਿਦ ਆਜ਼ਮੀ ਦਾ ਕਿਰਦਾਰ ਰਾਜ ਕੁਮਾਰ ਰਾਓ ਨੇ ਨਿਭਾਇਆ ਸੀ। 'ਅਲੀਗੜ੍ਹ' ਵੀ ਪ੍ਰੋ. ਸ੍ਰੀਨਿਵਾਸ ਸੀਰਸ ਦੇ ਜੀਵਨ 'ਤੇ ਆਧਾਰਿਤ ਹੈ। ਇਸ ਪ੍ਰੋਫੈਸਰ ਨੂੰ ਜਿਨਸੀ ਕਾਰਨਾਂ ਕਰ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਅਤੇ ਉਸ ਨੇ ਹਾਲਾਤ ਨਾਲ ਜੂਝਦਿਆਂ ਆਖਰਕਾਰ ਖੁਦਕਸ਼ੀ ਕਰ ਲਈ ਸੀ। ਇਸ ਫਿਲਮ ਵਿਚ ਪ੍ਰੋਫੈਸਰ ਦਾ ਕਿਰਦਾਰ ਮਨੋਜ ਵਾਜਪਾਈ ਨੂੰ ਨਿਭਾਉਣ ਦਾ ਮੌਕਾ ਮਿਲਿਆ ਹੈ।

# ਹਾਸਿਆਂ ਦਾ ਖੱਟਾ-ਮਿੱਠਾ 'ਅੰਗੂਰ'

**ਆਵਾਜ਼ ਦੇ ਕਹਾਂ ਹੈ... -40-**



**ਕੁਲਦੀਪ ਕੌਰ**
ਫੋਨ: +91-98554-04330

ਭਾਰਤੀ ਸਿਨੇਮਾ ਵਿਚ ਕਾਮੇਡੀ ਫਿਲਮਾਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਹੈ। 'ਜਾਨੇ ਭੀ ਦੋ ਯਾਰੋ' ਨੇ ਕਾਮੇਡੀ ਦੇ ਨਵੇਂ ਮਿਆਰ ਤੈਅ ਕੀਤੇ। ਇਸ ਫਿਲਮ ਨੇ ਸਾਬਿਤ ਕਰ ਦਿੱਤਾ ਕਿ ਹਾਸਰਸ ਵੀ ਗੰਭੀਰ ਵਿਅੰਗ ਦੀ ਸ਼ਕਲ ਵਿਚ ਆਵਾਮ ਦੇ ਸਰੋਕਾਰਾਂ ਨੂੰ ਜ਼ੁਬਾਨ ਦੇ ਸਕਦਾ ਹੈ। ਗੁਲਜ਼ਾਰ ਦੀ ਫਿਲਮ 'ਅੰਗੂਰ' ਭਾਰਤੀ ਕਾਮੇਡੀ ਸਿਨੇਮਾ ਦੇ ਖੇਤਰ ਵਿਚ ਖਾਸ ਸਥਾਨ ਰੱਖਦੀ ਹੈ। ਇਹ ਫਿਲਮ ਨਾਟਕਕਾਰ ਸ਼ੈਕਸਪੀਅਰ ਦੇ ਮਸ਼ਹੂਰ ਨਾਟਕ 'ਕਾਮੇਡੀ ਆਫ ਐਰਰ' ਉਤੇ ਆਧਾਰਿਤ ਸੀ। ਇਸ 'ਤੇ ਗੁਲਜ਼ਾਰ ਦੁਆਰਾ ਲਿਖੀ ਪਟਕਥਾ ਅਤੇ ਉਨ੍ਹਾਂ ਦੇ ਦੋਸਤ ਵੱਲੋਂ ਫਿਲਮ ਬਣਾਈ 'ਦੋ ਦੂਣੀ ਚਾਰ' ਬਾਕਸ ਆਫਿਸ 'ਤੇ ਫਲਾਪ ਹੋ ਗਈ। ਗੁਲਜ਼ਾਰ ਨੂੰ ਇਸ ਦਾ ਰੰਜ਼ ਵੀ ਸੀ ਤੇ ਇਸ ਖੂਬਸੂਰਤ ਸਕ੍ਰਿਪਟ 'ਤੇ ਫਿਲਮ ਬਣਾਉਣ ਦੀ ਹਸਰਤ ਵੀ ਸੀ। ਪਹਿਲਾਂ ਤਾਂ ਨਿਰਮਾਤਾਵਾਂ ਨੂੰ ਇਹੀ ਹਜ਼ਮ ਨਹੀਂ ਹੋਇਆ ਕਿ ਕਿਉਂ ਕੋਈ ਫੇਲ੍ਹ ਹੋ ਚੁੱਕੀ ਫਿਲਮ ਦੁਬਾਰਾ ਬਣਾਉਣ ਦੀ ਜ਼ਿਦ ਕਰ ਰਿਹਾ ਹੈ? ਬਾਅਦ ਵਿਚ ਇਸ ਫਿਲਮ ਨੇ ਬਹੁਤ ਤਾਰੀਫ ਬਟੋਰੀ।

ਫਿਲਮ ਦੇ ਕਿਰਦਾਰਾਂ ਲਈ ਗੁਲਜ਼ਾਰ ਨੇ ਅਦਾਕਾਰਾਂ ਦੀ ਚੋਣ 'ਤੇ ਖਾਸ ਧਿਆਨ ਦਿੱਤਾ। ਸੰਜੀਵ ਕੁਮਾਰ (ਅਸ਼ੋਕ ਕੁਮਾਰ ਨਾਮੀ ਦੋ ਕਿਰਦਾਰ) ਦੀ ਸੁਭਾਵਿਕ ਅਦਾਕਾਰੀ ਦੇ ਨਾਲ-ਨਾਲ ਦੇਵਨ ਵਰਮਾ (ਬਹਾਦਰ ਨਾਮ ਦੇ ਦੋ ਕਿਰਦਾਰ) ਦੀ ਸਦਾਬਹਾਰ ਘਬਰਾਹਟ, ਮੌਸਮੀ ਚੈਟਰਜੀ ਦਾ ਰੋਣਾ-ਧੋਣਾ, ਦੀਪਤੀ ਨਵਲ ਦੇ ਕਿਰਦਾਰ ਵਿਚਲੀ ਕਲਾਤਮਿਕਤਾ ਨੇ ਦਰਸ਼ਕਾਂ ਨੂੰ ਵੀ ਮੌਕੇ ਦੇ ਗਵਾਹ ਬਣਾ ਦਿੱਤਾ। ਫਿਲਮ ਦੀ ਖਾਸੀਅਤ ਸੀ ਕਿ ਫਿਲਮ ਦਾ ਕੋਈ ਵੀ ਕਿਰਦਾਰ ਵਾਧੂ ਨਹੀਂ। ਫਿਲਮ ਦੇ ਉਹ ਕਿਰਦਾਰ ਵੀ ਜਿਨ੍ਹਾਂ ਨੂੰ ਸਿਰਫ ਪੰਜ ਤੋਂ ਦਸ ਮਿੰਟ ਦਾ ਸਮਾਂ ਮਿਲਿਆ, ਆਪਣਾ ਪ੍ਰਭਾਵ ਛੱਡਣ ਵਿਚ ਕਾਮਯਾਬ ਰਹੇ। ਫਿਲਮ ਵਿਚ ਟੈਕਸੀ ਡਰਾਈਵਰ, ਆਟੋ ਡਰਾਈਵਰ, ਹੋਟਲ ਦਾ ਰਿਸ਼ੈਪਨਿਸ਼ਟ, ਪੁਲਿਸ ਅਧਿਕਾਰੀ, ਸੁਨਿਆਰ ਆਦਿ ਜਿਸ ਤਰ੍ਹਾਂ ਕਹਾਣੀ ਵਿਚ ਬੁਣੇ ਗਏ ਹਨ, ਉਹ ਗੁਲਜ਼ਾਰ ਵਰਗਾ ਨਿਰਦੇਸ਼ਕ ਹੀ ਕਰ ਸਕਦਾ ਹੈ। ਉਸ ਨੇ ਦਰਸ਼ਕਾਂ ਨੂੰ ਹਸਾਉਣ ਲਈ ਨਾ ਤਾਂ ਆਪਣੇ ਕਿਰਦਾਰਾਂ ਨੂੰ ਕੇਲੇ ਦੇ ਛਿਲਕਿਆਂ ਤੋਂ ਗਿਰਾਇਆ, ਨਾ ਦੋ-ਅਰਥੀ ਸੰਵਾਦਾਂ ਦੀ ਮਦਦ ਲਈ, ਤੇ ਨਾ ਹੀ ਖਾਸ ਜ਼ਰੂਰਤਾਂ ਵਾਲੇ ਵਰਗਾਂ ਦੇ ਸਰੀਰਾਂ ਦਾ ਮਜ਼ਾਕ ਉਡਾ ਕੇ ਜ਼ਬਰਦਸਤੀ ਹਾਸਾ ਉਪਜਾਉਣ ਦੀ ਕੋਸ਼ਿਸ਼ ਕੀਤੀ। ਜਿਉਂ-ਜਿਉਂ ਫਿਲਮ ਦਾ ਪਲਾਟ ਦਰਸ਼ਕਾਂ ਸਾਹਮਣੇ ਖੁੱਲ੍ਹਦਾ ਜਾਂਦਾ ਹੈ, ਦਰਸ਼ਕਾਂ ਦੇ ਕੁਤ-ਕਤਾੜੀਆਂ ਨਿਕਲਦੀਆਂ ਜਾਂਦੀਆਂ ਹਨ। ਗੁਲਜ਼ਾਰ ਫਿਲਮ ਦੇ ਅੰਤ ਤੱਕ ਆਪਣੀ ਬੌਧਿਕ ਸਮਰੱਥਾ ਨਾਲ ਦਰਸ਼ਕਾਂ ਦੀ ਜਾਗਿਆਸਾ ਨੂੰ ਜ਼ਰਬ ਦਿੰਦਾ ਜਾਂਦਾ ਹੈ।

ਗੁਲਜ਼ਾਰ ਨੇ ਫਿਲਮ ਵਿਚ ਡਾਇਲਾਗ ਇਸ ਢੰਗ ਨਾਲ ਲਿਖੇ ਹਨ ਕਿ ਸੁਣ ਕੇ ਸੁੱਤੇ-ਸਿੱਧ ਹਾਸਾ ਆ ਜਾਂਦਾ ਹੈ। ਸਾਰੇ ਕਿਰਦਾਰ ਆਪਣੇ ਆਪ ਨੂੰ ਬਹੁਤ ਸਮਝਦਾਰ ਮੰਨਦੇ ਹਨ, ਪਰ ਅਸਲ ਵਿਚ ਸਾਰੇ ਹੀ ਹਾਸਮਈ ਹਾਲਾਤ ਵਿਚ ਉਲਝੇ ਹੋਏ ਹਨ। ਗਾਣੇ ਵੀ ਘਟਨਾਵਾਂ ਦੀ ਲੜੀ ਨੂੰ ਅੱਗੇ ਵਧਾਉਂਦੇ ਹਨ। ਇਸ ਫਿਲਮ ਲਈ ਨਾ ਤਾਂ ਮਹਿੰਗੀਆਂ ਥਾਂਵਾਂ 'ਤੇ ਸ਼ੂਟਿੰਗ ਕੀਤੀ ਗਈ, ਨਾ ਮਹਿੰਗੇ ਸੈੱਟ ਲਗਾਏ ਗਏ, ਤੇ ਨਾ ਹੀ ਹੋਰ ਕਿਸੇ ਕਿਸਮ ਦੀ ਉਚੇਚ ਕੀਤੀ ਗਈ; ਫਿਰ ਵੀ ਫਿਲਮ ਆਪਣੀ ਪਟਕਥਾ ਅਤੇ ਦਿਲਚਸਪ ਕਥਾ-ਰਸ ਕਾਰਨ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਦੀ ਹੈ।

ਭਾਰਤੀ ਸਿਨੇਮਾ ਵਿਚ ਹਾਸਰਸ ਭਰਪੂਰ ਫਿਲਮਾਂ ਬਣਦੀਆਂ ਤਾਂ ਰਹੀਆਂ ਹਨ, ਪਰ ਇਨ੍ਹਾਂ ਵਿਚ ਹਾਸਾ ਉਪਜਾਉਣ ਲਈ ਜ਼ਬਰਦਸਤੀ ਕਿਰਦਾਰਾਂ ਨੂੰ ਅਜੀਬੋ-ਗਰੀਬ ਹਾਲਾਤ ਵਿਚ ਫਸਾਇਆ ਜਾਂਦਾ ਹੈ, ਕਿਰਦਾਰਾਂ ਦੀਆਂ ਸਰੀਰਕ ਕਮੀਆਂ ਦਾ ਮਜ਼ਾਕ ਤੱਕ ਉਡਾਇਆ ਜਾਂਦਾ ਹੈ। ਕਈ ਫਿਲਮਾਂ ਵਿਚ ਘੱਟ-ਗਿਣਤੀਆਂ, ਹਾਸ਼ੀਏ 'ਤੇ ਪਏ ਵਰਗਾਂ ਤੇ ਔਰਤਾਂ ਨੂੰ ਕਮ-ਅਕਲ ਤੇ ਘਟੀਆ ਦਿਖਾਉਣ ਦਾ ਰੁਝਾਨ ਵੀ ਦੇਖਿਆ ਗਿਆ ਹੈ। ਉਨ੍ਹਾਂ ਨਾਲ ਜੁੜੀਆਂ ਮਿੱਥਾਂ, ਵਿਤਕਰਿਆਂ ਅਤੇ ਗਲਤ ਧਾਰਨਾਵਾਂ ਨੂੰ ਹਸਾਉਣੇ ਢੰਗ ਨਾਲ ਦੁਹਰਾਇਆ ਜਾਂਦਾ ਹੈ। ਇਸ ਤਰ੍ਹਾਂ ਹਾਸਾ ਕੁਦਰਤੀ ਭਾਵ ਨਾ ਰਹਿ ਕੇ ਕਲਾ ਦੇ ਮਾਧਿਅਮ ਦੁਆਰਾ ਕੀਤੀ ਹਿੰਸਾ ਬਣ ਜਾਂਦਾ ਹੈ।

ਗੁਲਜ਼ਾਰ ਅੰਦਰਲਾ ਕਵੀ ਨਾ ਸਿਰਫ ਇਸ ਹਿੰਸਾ ਦੀ ਖਿਲਾਫਤ ਕਰਦਾ ਹੈ, ਸਗੋਂ ਹੱਸਣ ਦਾ ਤੰਦਰੁਸਤ ਤਰੀਕਾ ਵੀ ਸੁਝਾਉਂਦਾ ਹੈ। ਫਿਲਮ ਦਾ ਸਿਰਲੇਖ 'ਅੰਗੂਰ' ਵੀ ਘੱਟ ਦਿਲਚਸਪ ਨਹੀਂ। 'ਅੰਗੂਰ ਦੀ ਬੇਟੀ' ਉਤੇ ਤਾਂ ਅਕਸਰ ਹੋਸ਼ੋ-ਹਵਾਸ ਗੁੰਮ ਕਰਨ ਦਾ ਇਲਜ਼ਾਮ ਲੱਗਦਾ ਰਿਹਾ ਹੈ। ਅੰਗੂਰ ਫਲ ਵਜੋਂ ਖੱਟਾ ਵੀ ਹੈ ਤੇ ਮਿੱਠਾ ਵੀ, ਪਰ ਇਸ ਨੂੰ ਖਾਣ ਦਾ ਲਾਲਚ ਨਹੀਂ ਛੱਡਿਆ ਜਾ ਸਕਦਾ। ਦਰਸ਼ਕ ਉਸ ਲੂੰਮੜੀ ਤੋਂ ਵੀ ਜਾਣੂ ਹਨ ਜਿਸ ਲਈ ਅੰਗੂਰ ਹਮੇਸ਼ਾ ਖੱਟੇ ਰਹਿੰਦੇ ਹਨ, ਪਰ ਗੁਲਜ਼ਾਰ ਦੀ ਇਸ ਫਿਲਮ ਦਾ ਅੰਗੂਰ ਉਸ ਲੂੰਮੜੀ ਦੀ ਪਹੁੰਚ ਵਿਚ ਵੀ ਲੱਗਦਾ ਹੈ!








ਫਿਲਮ 'ਅੰਗੂਰ' ਦਾ ਪੋਸਟਰ, (ਵਿਚਕਾਰ) ਫਿਲਮਸਾਜ਼ ਗੁਲਜ਼ਾਰ ਅਤੇ ਫਿਲਮ 'ਅੰਗੂਰ' ਦੀ ਇਕ ਝਲਕ।

# ਸਿੱਖ ਸੰਗਤ ਨੂੰ ਗੁੰਮਰਾਹ ਕਰਨ ਵਾਲਿਆਂ ਦਾ ਕਿਰਦਾਰ


ਗੁਰਮੇਲ ਸਿੰਘ ਬਾਠ


ਬਲਬੀਰ ਸਿੰਘ ਟੁੱਟ


ਰਾਮ ਸਿੰਘ


ਦਵਿੰਦਰ ਸਿੰਘ ਬੱਬਰ


ਜਸਜੀਤ ਸਿੰਘ (ਚੇਲਾ)

## ਸੱਜਣ ਠੱਗ ਦੇ ਨਵੇਂ ਚਿਹਰਿਆਂ ਨੂੰ ਪਹਿਚਾਨਣ ਦੀ ਲੋੜ?

• ਇਨ੍ਹਾਂ ਨੇ ਬੇਏਰੀਆ ਦੀਆਂ ਸੰਗਤਾਂ ਤੋਂ ਕਈ ਲੱਖ ਡਾਲਰ ਇਕੱਠੇ ਕਰਕੇ ਇੰਡੀਆਨਾ ਵਿਚ ਪੰਜਾਬੀ ਸਕੂਲ ਖੋਲ੍ਹਣ ਦਾ ਇੱਕ ਢੋਂਗ ਰਚਿਆ, ਸੰਗਤ ਦੇ ਅੱਖੀਂ ਘੱਟਾ ਪਾਉਣ ਲਈ ਇੱਕ ਪੁਰਾਣੀ ਬਿਲਡਿੰਗ ਖਰੀਦੀ ਜਿਸ ਦੇ ਇਹ ਸਾਰੇ ਡਾਇਰੈਕਟਰ ਬਣੇ ਅਤੇ ਇੰਚਾਰਜ ਬਲਬੀਰ ਸਿੰਘ ਟੁੱਟ ਨੂੰ ਬਣਾ ਦਿੱਤਾ। ਬਿਲਡਿੰਗ ਦੇ ਬਾਹਰ ਨਿਸ਼ਾਨ ਸਾਹਿਬ ਲਾ ਦਿੱਤਾ ਅਤੇ ਥੋੜੇ ਸਮੇਂ ਬਾਅਦ ਫੰਡ ਖੇਹ-ਖਰਾਬ (ਰੌਲ-ਘਚੋਲਾ) ਕਰ ਕੇ, ਬਿਲਡਿੰਗ ਮਲੀਆਮੇਟ ਕਰਕੇ ਬਲਬੀਰ ਸਿੰਘ ਟੁੱਟ ਨੇ ਵਾਪਿਸ ਕੈਲੀਫੋਰਨੀਆ ਵਿਚ ਰਿਹਾਇਸ਼ ਕਰ ਲਈ ਅਤੇ ਹੁਣ ਫਿਰ ਆਪਣੇ ਸਾਥੀ ਰਾਮ ਸਿੰਘ ਨੂੰ ਨਾਲ ਲੈ ਕੇ ਚੇਲੇ ਦੀ ਸਿੱਖ ਪੰਚਾਇਤ ਨੂੰ ਜਿਤਾਉਣ ਲਈ, ਕੈਸ਼ ਮਾਇਆ ਦੇ ਗੇੜ ਵਿਚ ਘਰੋ ਘਰੀ ਵੋਟਾਂ ਮੰਗਣ ਲਈ ਪੈਰੀਂ ਪੈ ਰਿਹਾ ਹੈ। ਇਨ੍ਹਾਂ ਨੂੰ ਪੁੱਛੋ ਸੰਗਤ ਦੀ ਮਾਇਆ ਕਿਥੇ ਗਈ?



• ਇਹ ਤਿੰਨੇ 'ਬਗਲੇ ਭਗਤ' ਵੱਡੀ ਤੋਂ ਵੱਡੀ ਸਿਰੀ ਸਾਹਿਬ, ਲੰਬੀ ਤੇ ਖੁੱਲ੍ਹੀ ਦਾੜ੍ਹੀ ਅਤੇ ਵੱਡੇ ਵੱਡੇ ਚੋਲੇ ਪਾ ਕੇ ਭੋਲੀ ਭਾਲੀ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ। ਇਨ੍ਹਾਂ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਦੀ ਵੀ ਕੋਈ ਪ੍ਰਵਾਹ ਨਹੀਂ ਹੈ। ਸਿੱਖ ਸੰਗਤ ਨਿਸ਼ਾਨ ਸਾਹਿਬ ਨੂੰ ਦੁੱਧ ਨਾਲ ਇਸ਼ਨਾਨ ਕਰਾ ਕੇ ਵਧੀਆ ਕਪੜੇ ਦਾ ਚੋਲਾ ਪਾਉਂਦੀ ਹੈ, ਤੁਸੀਂ ਦੇਖੋ (ਸੱਜੇ ਹੱਥ) ਇਨ੍ਹਾਂ ਦੀ ਖਰੀਦੀ ਹੋਈ ਬਿਲਡਿੰਗ ਅਤੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਬੇਅਦਬੀ, ਪੁਰਾਣਾ ਪਾਟਾ ਹੋਇਆ ਚੋਲਾ। ਸੰਗ-ਸ਼ਰਮ ਇਨ੍ਹਾਂ ਦੇ ਕੋਲ ਦੀ ਵੀ ਨਹੀਂ ਲੰਘਦੀ।

### ਸੰਗਤਾਂ ਨੂੰ ਅੰਮ੍ਰਿਤ ਛਕ ਬਹੁਤ ਪਹੁੰਚੇ ਹੋਏ ਸੰਤ ਮਹਾਤਮਾ ਕਹਾਉਣ ਵਾਲਿਆਂ ਦਾ ਕਿਰਦਾਰ:

• ਰਾਮ ਸਿੰਘ: ਜਸਜੀਤ ਚੇਲੇ ਦੇ ਖਿਲਾਫ ਗੰਦੀ ਤੋਂ ਗੰਦੀ ਭਾਸ਼ਾ ਵਰਤਣ ਵਾਲਾ ਅੱਜ ਚੇਲੇ ਦੀ ਛੱਤਰੀ (ਸਿੱਖ ਪੰਚਾਇਤ) ਥੱਲੇ ਨਿੱਘ ਮਾਣਦਾ ਹੋਇਆ ਬੇਏਰੀਏ ਦੀਆਂ ਸੰਗਤਾਂ ਤੋਂ ਸਿੱਖ ਪੰਚਾਇਤ ਦੇ ਉਮੀਦਵਾਰਾਂ ਲਈ ਵੋਟਾਂ ਮੰਗ ਰਿਹਾ ਹੈ ਤਾਂ ਕਿ ਗੁਰੂ ਦੀ ਗੋਲਕ ਦਾ ਨਿਰੰਤਰ ਉਜਾੜਾ ਚਲਦਾ ਰਹੇ।

• ਗੁਰਮੇਲ ਸਿੰਘ ਬਾਠ: ਇਸ ਦਾ ਹੋਣਹਾਰ ਸਪੁੱਤਰ (ਅਮਨਪ੍ਰੀਤ ਬਾਠ) ਅੰਮ੍ਰਿਤ ਛਕ ਕੇ ਕਥਿਤ ਬਲਾਤਕਾਰ ਕੇਸ ਵਿਚ ਉਮਰ ਕੈਦ ਕੱਟ ਰਿਹਾ ਹੈ।

• ਸਿੱਖਾਂ ਦੀ ਖੁਫੀਆ ਜਾਣਕਾਰੀ ਇੰਡੀਆ ਗੌਰਮਿੰਟ ਨੂੰ ਦੇਣ ਲਈ ਫਰੀਮਾਂਟ ਗੁਰਦੁਆਰੇ ਦੇ ਚਾਲਕ ਕਿਸੇ ਤੋਂ ਲੁਕੇ ਨਹੀਂ, ਉਹ ਦਿਨ ਵੀ ਹੁਣ ਦੂਰ ਨਹੀਂ ਜਿਸ ਦਿਨ ਮੁਕੰਮਲ ਨੰਗੇ ਦਿਖਾਈ ਦੇਣਗੇ।

• ਇਹ ਵੱਡੇ ਚੋਲੇ ਵਾਲੇ ਸਿੰਘ ਸਾਹਿਬ ਵੀ ਘਰੋ ਘਰੀ ਕੈਸ਼ ਮਾਇਆ ਦੇ ਚੱਕਰ ਵਿਚ ਬੇਏਰੀਆ ਦੀਆਂ ਸੰਗਤਾਂ ਨੂੰ ਇਹ ਆਖ ਕੇ ਗੁੰਮਰਾਹ ਕਰ ਰਹੇ ਹਨ ਕਿ ਸਿੱਖ ਪੰਚਾਇਤ ਹੀ ਗੁਰੂ ਘਰ ਦਾ ਪ੍ਰਬੰਧ ਸਹੀ ਤਰੀਕੇ ਨਾਲ ਚਲਾ ਸਕਦੀ ਹੈ। ਇਸ ਦਾ ਅੰਦਾਜ਼ਾ 2010 ਤੋਂ 2014 ਤੱਕ ਤਕਰੀਬਨ 4 ਮਿਲੀਅਨ ਡਾਲਰ ਦੇ ਰੌਲ-ਘਚੋਲੇ ਵਾਲੇ ਹਿਸਾਬ ਤੋਂ ਹੀ ਲਾਇਆ ਜਾ ਸਕਦਾ ਹੈ।

• ਪੁਛਿਆ ਜਾਵੇ, ਮਿਲਪੀਟਸ ਦੇ ਗੁਰਦੁਆਰੇ ਦਾ ਤਕਰੀਬਨ 23,000 ਡਾਲਰ ਦਾ ਖਰਚਾ ਕਿੱਥੋਂ ਆਉਂਦਾ ਹੈ?

**ਗੁਰੂ ਪਿਆਰੀ ਸਾਧ ਸੰਗਤ ਜੀਓ, ਗੁਰੂ ਘਰ ਦੀ ਗੋਲਕ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ ਅਤੇ ਵਿਕਾਸ ਕਾਰਜ ਬਹੁਤ ਪਿਛੇ ਪੈ ਚੁਕੇ ਹਨ। ਇਸ ਸਭ ਨੂੰ ਰੋਕਣ ਅਤੇ ਗੁਰਦੁਆਰਾ ਸਾਹਿਬ ਦੇ ਸਹੀ ਵਿਕਾਸ ਲਈ ਕ੍ਰਿਪਾ ਕਰਕੇ ਬੇ ਏਰੀਆ ਸਿੱਖ ਅਲਾਇੰਸ ਸੰਸਥਾ ਦੇ ਪੰਜਾਂ ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।**


ਦਵਿੰਦਰ ਸਿੰਘ ਚਾਨਾ


ਧਨਵੰਤ ਸਿੰਘ ਧਾਲੀਵਾਲ


ਵਿਕਰਮਜੀਤ ਸਿੰਘ


ਮਹਿੰਦਰ ਸਿੰਘ ਕਲੇਰ


ਅਵਤਾਰ ਸਿੰਘ ਧਾਮੀ

**ਜਾਰੀ ਕਰਤਾ: ਭੁਪਿੰਦਰ ਸਿੰਘ (ਬੌਬ) ਢਿੱਲੋਂ, ਫੋਨ: 408-568-0034**

*Paid ad on behalf the advertiser who is responsible for the contents and not Punjab Times.*

# ਗੁਰਦੁਆਰਾ ਫਰੀਮਾਂਟ ਦੀਆਂ ਸੁਪਰੀਮ ਕੌਂਸਲ ਚੋਣਾਂ

# ਸੰਗਤਾਂ ਨੂੰ ਬੇਏਰੀਆ ਸਿੱਖ ਅਲਾਇੰਸ ਸੰਸਥਾ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਨ ਦੀ ਅਪੀਲ


ਦਵਿੰਦਰ ਸਿੰਘ ਚਾਨਾ


ਧਨਵੰਤ ਸਿੰਘ ਧਾਲੀਵਾਲ


ਵਿਕਰਮਜੀਤ ਸਿੰਘ


ਮਹਿੰਦਰ ਸਿੰਘ ਕਲੇਰ


ਅਵਤਾਰ ਸਿੰਘ ਧਾਮੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ 13 ਮਾਰਚ 2016 ਨੂੰ ਹੋ ਰਹੀ ਚੋਣ ਵਿਚ ਬੇਏਰੀਆ ਸਿੱਖ ਅਲਾਇੰਸ ਦੇ ਪੰਜਾਂ ਉਮੀਦਵਾਰਾਂ ਦੀ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ (ਬੌਬ) ਢਿੱਲੋਂ ਦੇ ਸਾਥੀਆਂ ਨੇ ਸੰਪੂਰਨ ਹਮਾਇਤ ਕਰਨ ਦਾ ਫੈਸਲਾ ਲਿਆ ਹੈ। ਗੁਰਦੁਆਰਾ ਫਰੀਮਾਂਟ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਲਈ ਪਿਛਲੇ ਕਈ ਸਾਲਾਂ ਤੋਂ ਸੰਗਤ ਵਲੋਂ ਚੁਣੇ ਗਏ ਉਮੀਦਵਾਰ ਬਹੁਤ ਅਸਫਲ ਰਹੇ ਹਨ, ਜਿਨ੍ਹਾਂ ਕਰਕੇ ਗੁਰੂ ਘਰ ਦੇ ਪ੍ਰਾਜੈਕਟਾਂ ਦਾ ਕੰਮ ਬਹੁਤ ਪਿੱਛੇ ਪੈ ਗਿਆ ਹੈ। ਕਿਚਨ ਅਤੇ ਸਕੂਲ ਦੀ ਬਣ ਰਹੀ ਨਵੀਂ ਬਿਲਡਿੰਗ ਅੱਧ ਵਿਚਾਲੇ ਖੜੀ ਹੈ। ਮੌਜੂਦਾ ਪ੍ਰਬੰਧਕਾਂ ਨੂੰ ਬੈਂਕ ਨੇ ਕਰਜ਼ੇ ਦੀ ਵੀ ਮਨਜ਼ੂਰੀ ਨਹੀ ਦਿੱਤੀ। ਇਹ ਵੀ ਹੋ ਸਕਦਾ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਗੁਰਦੁਆਰਾ ਸਾਹਿਬ ਦੀ ਅਸਲੀ ਆਮਦਨ ਅਤੇ ਖਰਚੇ ਕਰਜ਼ਾ ਦੇਣ ਵਾਲੀ ਬੈਂਕ ਸਾਹਮਣੇ ਨਹੀਂ ਰੱਖੇ ਹੋਣਗੇ।

ਗੁਰੂ ਘਰ ਦੇ ਪ੍ਰਾਜੈਕਟਾਂ ਵਾਸਤੇ ਕਰਜ਼ਾ ਲੈਣ ਲਈ ਸਹੀ ਆਮਦਨ ਅਤੇ ਖਰਚੇ ਬੈਂਕ ਸਾਹਮਣੇ ਰੱਖਣੇ ਬਹੁਤ ਜ਼ਰੂਰੀ ਹਨ। ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਟੀਮ ਨੂੰ ਸਾਢੇ 13 ਮਿਲੀਅਨ ਡਾਲਰ ਦਾ ਨਵੀਂ ਬਿਲਡਿੰਗ ਦਾ ਕੰਸਟਰਕਸ਼ਨ ਲੋਨ ਮਿਲਣ ਦਾ ਕਾਰਨ ਇਹੀ ਸੀ ਕਿ ਇਸ ਦੀ ਆਮਦਨ-ਖਰਚ ਦਾ ਹਿਸਾਬ-ਕਿਤਾਬ ਸਾਫ ਸੁਥਰਾ ਸੀ ਅਤੇ ਬਾਅਦ ਵਿਚ ਪਰਮਾਨੈਂਟ ਲੋਨ ਵੀ ਮਿਲ ਗਿਆ। ਸੈਨ ਹੋਜ਼ੇ ਗੁਰੂ ਘਰ ਹਰ ਮਹੀਨੇ ਤਕਰੀਬਨ 68,000 ਡਾਲਰ ਲੋਨ ਦੀ ਕਿਸ਼ਤ ਦੇ ਕੇ ਪਿਛਲੇ 5 ਸਾਲਾਂ ਵਿਚ ਤਕਰੀਬਨ ਢਾਈ ਮਿਲੀਅਨ ਡਾਲਰ ਕਰਜ਼ਾ ਉਤਾਰ ਵੀ ਚੁਕਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਗੁਰਦੁਆਰਾ ਫਰੀਮਾਂਟ ਸਿਰ ਤਾਂ ਸਿਰਫ ਇਕ ਮਿਲੀਅਨ ਡਾਲਰ ਹੀ ਪਹਾੜੀ ਵਾਲੀ ਜ਼ਮੀਨ ਦਾ 2005 ਤੋਂ ਲਿਆ ਹੋਇਆ ਕਰਜ਼ਾ ਸੀ ਜੋ ਘਟਣ ਦੀ ਥਾਂ ਵਧ ਗਿਆ ਹੈ। ਸੰਗਤ ਗੁਰੂ ਘਰ ਦੇ ਕੰਮਾਂ ਲਈ ਮਾਇਆ ਭੇਟਾ ਕਰਦੀ ਹੈ ਜੋ ਸਿਰਫ ਗੁਰੂ ਘਰ ਦੇ ਪ੍ਰਾਜੈਕਟਾਂ 'ਤੇ ਹੀ ਲੱਗਣੀ ਚਾਹੀਦੀ ਹੈ। ਅੰਕੜਿਆਂ ਮੁਤਾਬਕ ਗੁਰਦੁਆਰਾ ਫਰੀਮਾਂਟ ਦੀ ਸੰਗਤ ਗੁਰਦੁਆਰਾ ਸੈਨ ਹੋਜ਼ੇ ਤੋਂ ਬਹੁਤ ਜਿਆਦਾ ਹੈ। ਫਰੀਮਾਂਟ ਗੁਰੂ ਘਰ ਦੀ ਅਸਲ ਮਹੀਨਾਵਾਰ ਆਮਦਨ ਤਕਰੀਬਨ 2 ਲੱਖ ਡਾਲਰ ਤੋਂ ਵੱਧ ਹੋਣੀ ਚਾਹੀਦੀ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਹ ਆਮਦਨ ਕਈ ਵਾਰ ਇਕ ਲੱਖ ਡਾਲਰ ਤੋਂ ਵੀ ਘੱਟ ਦਿਖਾਈ ਜਾਂਦੀ ਹੈ, ਅਜਿਹਾ ਕਿਉਂ?

## ਗੁਰਦੁਆਰਾ ਫਰੀਮਾਂਟ ਦੀ ਸੰਗਤ ਇਹ ਸਵਾਲ ਪ੍ਰਬੰਧਕਾਂ ਨੂੰ ਜਰੂਰ ਪੁੱਛੇ ਅਤੇ ਜਾਣਕਾਰੀ ਮੰਗੇ:

-ਮੌਜੂਦਾ ਪ੍ਰਬੰਧਕਾਂ ਨੂੰ ਨਵੀ ਬਿਲਡਿੰਗ ਬਣਾਉਣ ਲਈ ਤਕਰੀਬਨ 2 ਮਿਲੀਅਨ ਡਾਲਰ ਦਾ ਲੋਨ ਕਿਉਂ ਨਹੀਂ ਮਿਲਿਆ?
-ਮੌਜੂਦਾ ਪ੍ਰਬੰਧਕਾਂ ਦੇ ਕੰਮਾਂ ਨੂੰ ਚਲਾਉਣ ਵਾਲਾ ਕੌਣ ਹੈ?
-ਗੁਰਦੁਆਰਾ ਸਾਹਿਬ ਦੀ ਅਸਲੀ ਮਹੀਨਾਵਾਰ ਆਮਦਨ ਕਿੰਨੀ ਹੈ?
-ਮੌਜੂਦਾ ਪ੍ਰਬੰਧਕ ਗੋਲਕ ਦਾ ਚੜ੍ਹਾਵਾ ਹਰ ਰੋਜ਼ ਕਿਉਂ ਨਹੀਂ ਗਿਣਦੇ?
-ਮੌਜੂਦਾ ਪ੍ਰਬੰਧਕ ਗੋਲਕ ਗਿਣ ਕੇ ਉਸੇ ਵੇਲੇ ਗੁਰੂ ਘਰ ਦੇ ਬੈਂਕ ਅਕਾਊਂਟ ਵਿਚ ਕਿਉਂ ਨਹੀਂ ਜਮਾਂ ਕਰਵਾਉਂਦੇ?
-ਮੌਜੂਦਾ ਪ੍ਰਬੰਧਕ ਸੰਗਤ ਵਲੋਂ ਕਟਾਈਆਂ ਗਈਆਂ ਰਸੀਦਾਂ ਦਾ ਟੋਟਲ ਕਿਉਂ ਨਹੀਂ ਕਰਦੇ ਕਿ ਕਿੰਨੀਆਂ ਰਸੀਦਾਂ ਕੱਟੀਆਂ ਅਤੇ ਕਿੰਨੀ ਮਾਇਆ ਪ੍ਰਾਪਤ ਹੋਈ? ਇਹ ਬਰਾਬਰ ਹੋਣੀ ਚਾਹੀਦੀ ਹੈ।
-ਕਈ ਲੋਕ ਫਰੀਮਾਂਟ ਗੁਰੂ ਘਰ ਦੀ ਗੋਲਕ ਦੀ ਮਾਇਆ ਨਾਲ (ਟਿਕਟਾਂ ਅਤੇ ਜੇਬ ਖਰਚਾ) ਕੈਨੇਡਾ ਅਤੇ ਹੋਰ ਮੁਲਕਾਂ ਦੀਆਂ ਸੈਰਾਂ ਕਰਦੇ ਹਨ, ਅਜਿਹਾ ਕਿਉਂ?
-ਕਾਰਾਂ ਪਾਰਕ ਕਰਨ ਦੀ ਇੰਨੀ ਸਮੱਸਿਆ ਹੈ, ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਪਿਛਲੇ 5 ਸਾਲਾਂ ਵਿਚ ਕੁਝ ਵੀ ਨਹੀਂ ਸੋਚਿਆ, ਅਜਿਹਾ ਕਿਉਂ?
-ਮੌਜੂਦਾ ਸੁਪਰੀਮ ਕੌਂਸਲ ਦੇ 5 ਪਿਆਰਿਆਂ ਨੇ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਮੁਤਾਬਕ 11 ਮੈਂਬਰਾਂ ਦੀ ਪ੍ਰਬੰਧਕ ਕਮੇਟੀ ਕਿਉਂ ਨਹੀਂ ਬਣਾਈ?
-ਮੌਜੂਦਾ ਸੁਪਰੀਮ ਕੌਂਸਲ ਨੇ ਕਿਸੇ ਸਹੀ ਆਡਿਟ ਕੰਪਨੀ ਤੋਂ ਗੁਰਦੁਆਰਾ ਸਾਹਿਬ ਦਾ ਰਿਕਾਰਡ ਆਡਿਟ ਕਿਉਂ ਨਹੀ ਕਰਵਾਇਆ?
-ਮੌਜੂਦਾ ਸੁਪਰੀਮ ਕੌਂਸਲ ਨੇ ਸਾਲ 2015 ਦਾ ਹਿਸਾਬ ਕਿਤਾਬ ਪਹਿਲਾਂ ਦੇਣ ਦੀ ਬਜਾਏ ਹੁਣ 28 ਫਰਵਰੀ ਨੂੰ ਦਿਤਾ ਹੈ। ਸਾਧ ਸੰਗਤ ਜੀ, ਕੀ ਤੁਹਾਨੂੰ ਲੱਗਦਾ ਹੈ ਕਿ ਮੌਜੂਦਾ ਸੁਪਰੀਮ ਕੌਂਸਲ ਦੇ 5 ਪਿਆਰੇ ਆਪ ਦੀ ਖਾਹਿਸ਼ ਅਤੇ ਜ਼ਿੰਮੇਵਾਰੀ ਨਾਲ ਗੁਰੂ ਘਰ ਦਾ ਪ੍ਰਬੰਧ ਚਲਾ ਰਹੇ ਹੋਣਗੇ?

**ਸਮੂਹ ਸਾਧ ਸੰਗਤ ਨੂੰ ਬੇਨਤੀ:** ਜੇ ਤੁਸੀਂ ਗੁਰਦੁਆਰਾ ਸੈਨ ਹੋਜ਼ੇ ਵਾਂਗ ਗੁਰਦੁਆਰਾ ਫਰੀਮਾਂਟ ਦੀ ਤਰੱਕੀ ਦੇਖਣੀ ਚਾਹੁੰਦੇ ਹੋ ਤਾਂ ਬੇਏਰੀਆ ਸਿੱਖ ਅਲਾਇੰਸ ਦੇ ਪੰਜਾਂ ਉਮੀਦਵਾਰਾਂ-ਦਵਿੰਦਰ ਸਿੰਘ ਚਾਨਾ, ਧਨਵੰਤ ਸਿੰਘ ਧਾਲੀਵਾਲ, ਵਿਕਰਮਜੀਤ ਸਿੰਘ, ਮਹਿੰਦਰ ਸਿੰਘ ਕਲੇਰ ਅਤੇ ਅਵਤਾਰ ਸਿੰਘ ਧਾਮੀ ਨੂੰ ਆਪਣੀ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ। ਅਸੀਂ ਹਰ ਕੰਮ ਵਿਚ ਹਰ ਸੰਭਵ ਸਹਾਇਤਾ ਕਰਾਂਗੇ ਤਾਂ ਕਿ ਕਿਚਨ ਤੇ ਸਕੂਲ ਦੀ ਨਵੀਂ ਬਿਲਡਿੰਗ ਸਮੇਂ ਸਿਰ ਮੁਕੰਮਲ ਹੋ ਸਕਣ ਅਤੇ ਗੁਰੂ ਦੀ ਗੋਲਕ ਦਾ ਪਾਰਦਰਸ਼ੀ ਹਿਸਾਬ-ਕਿਤਾਬ ਸੰਗਤ ਦੇ ਸਾਹਮਣੇ ਲਿਆਂਦਾ ਜਾ ਸਕੇ।

## ਬੇਨਤੀਕਰਤਾ: ਭਾਈ ਭੁਪਿੰਦਰ ਸਿੰਘ (ਬੌਬ) ਢਿੱਲੋਂ (ਜਨਰਲ ਸਕੱਤਰ, ਗੁਰਦੁਆਰਾ ਸੈਨ ਹੋਜ਼ੇ) ਅਤੇ ਸਾਥੀ


ਹਰਦੇਵ ਸਿੰਘ ਤੱਖਰ


ਧਰਮ ਸਿੰਘ


ਰਜਿੰਦਰ ਸਿੰਘ ਮੰਗਰ


ਗੁਰਬਖ਼ਸ਼ ਸਿੰਘ ਢਿੱਲੋਂ


ਪ੍ਰਿਤਪਾਲ ਕੌਰ


ਗੁਰਪ੍ਰੀਤ ਸਿੰਘ


ਭੁਪਿੰਦਰ ਸਿੰਘ ਢਿੱਲੋਂ

# ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਦੇ ਨਾਕਸ ਪ੍ਰਬੰਧ ਦੀ ਮੂੰਹ ਬੋਲਦੀ ਤਸਵੀਰ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਆਪ ਭਲੀ ਭਾਂਤ ਜਾਣਦੇ ਹੋ ਕਿ ਗੁਰਦੁਆਰਾ ਸੈਨ ਹੋਜ਼ੇ ਗੁਰਦੁਆਰਾ ਫਰੀਮਾਂਟ ਤੋਂ ਕਾਫੀ ਸਮਾਂ ਬਾਦ ਹੋਂਦ ਵਿਚ ਆਇਆ ਪਰੰਤੂ ਗੁਰਦੁਆਰਾ ਸੈਨ ਹੋਜ਼ੇ ਆਪਣੇ ਪ੍ਰਬੰਧਕਾਂ ਦੀ ਉਸਾਰੂ ਸੋਚ ਅਤੇ ਇਮਾਨਦਾਰੀ ਸਦਕਾ ਬਹੁਤ ਤਰੱਕੀ ਕਰ ਗਿਆ ਹੈ ਪਰੰਤੂ ਫਰੀਮਾਂਟ ਗੁਰੂ ਘਰ ਪ੍ਰਬੰਧਕਾਂ ਦੀ 'ਨਾਅਹਿਲੀਅਤ' ਕਾਰਨ ਵਿਕਾਸ ਵਿਚ ਬਹੁਤ ਪੱਛੜ ਗਿਆ ਹੈ, ਜਦੋਂਕਿ ਲੰਬੇ ਸਮੇਂ ਦੇ ਅੰਕੜਿਆਂ ਮੁਤਾਬਕ ਫਰੀਮਾਂਟ ਗੁਰੂਘਰ ਦੀ ਸੰਗਤ ਸੈਨ ਹੋਜ਼ੇ ਗੁਰੂਘਰ ਤੋਂ ਕਿਤੇ ਵੱਧ ਹੈ।

ਸਾਧ ਸੰਗਤ ਜੀ, ਫਰੀਮਾਂਟ ਗੁਰੂਘਰ ਦੀ ਮਾਰਟਗੇਜ਼ ਸਿਰਫ 8000 ਡਾਲਰ ਪ੍ਰਤੀ ਮਹੀਨਾ ਹੈ ਜਦ ਕਿ ਸੈਨ ਹੋਜ਼ੇ ਗੁਰੂਘਰ ਦੀ ਮਾਰਟਗੇਜ਼ 68,000 ਡਾਲਰ ਮਹੀਨਾ ਹੈ। ਗੁਰਦੁਆਰਾ ਫਰੀਮਾਂਟ ਨੇ ਪਿੱਛਲੇ 5 ਸਾਲਾਂ ਵਿਚ ਲੋਨ ਵਿਚੋਂ ਸਿਰਫ 1 ਲੱਖ 10 ਹਜ਼ਾਰ ਡਾਲਰ ਵਾਪਸ ਕੀਤਾ ਹੈ, ਜਦ ਕਿ ਸੈਨ ਹੋਜੇ ਗੁਰੂ ਘਰ ਨੇ ਇਸੇ ਸਮੇਂ ਵਿਚ 25 ਲੱਖ ਡਾਲਰ ਦਾ ਲੋਨ ਵਾਪਸ ਕੀਤਾ ਹੈ।

ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੀ ਭੇਟਾ ਦਾ ਸਹੀ ਇਸਤੇਮਾਲ ਯਕੀਨੀ ਬਣਾਉਣ ਲਈ 13 ਮਾਰਚ 2016 ਨੂੰ ਸੁਪਰੀਮ ਕੌਂਸਲ ਲਈ ਹੋ ਰਹੀਆਂ ਚੋਣਾਂ ਵਿਚ ਬੇ ਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ ਦੇ ਉਮੀਦਵਾਰਾਂ ਭਾਈ ਅਵਤਾਰ ਸਿੰਘ ਧਾਮੀ, ਭਾਈ ਵਿਕਰਮਜੀਤ ਸਿੰਘ, ਭਾਈ ਧਨਵੰਤ ਸਿੰਘ ਧਾਲੀਵਾਲ, ਭਾਈ ਮਹਿੰਦਰ ਸਿੰਘ ਕਲੇਰ ਅਤੇ ਭਾਈ ਦਵਿੰਦਰ ਸਿੰਘ ਚਾਨਾ ਨੂੰ ਆਪਣਾ ਵੋਟ ਪਾ ਕੇ ਸੇਵਾ ਬਖਸ਼ੀ ਜਾਵੇ ਅਤੇ ਗੁਰੂਘਰ ਦੀ ਗੋਲਕ ਦੇ ਹੋ ਰਹੇ ਉਜਾੜੇ ਨੂੰ ਰੋਕਿਆ ਜਾਵੇ।

## ਆਡਿਟ ਰਿਪੋਰਟ ਨੂੰ ਸਹੀ ਦੱਸਣਾ ਸੰਗਤ ਨਾਲ ਵੱਡਾ ਧੋਖਾ

ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਵਲੋਂ ਕਰਵਾਏ ਗਏ ਆਡਿਟ ਦੀ ਰਿਪੋਰਟ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਆਡੀਟਰ ਚੁਕਸ ਆਇਹਿਕੇ ਦੀ ਰਿਪੋਰਟ ਮੁਤਾਬਕ ਪ੍ਰਬੰਧਕਾਂ ਵਲੋਂ ਉਸ ਨੂੰ ਬੈਂਕਾਂ ਦੇ ਖਾਤਿਆਂ ਦੀ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਉਸ ਦੀ ਰਿਪੋਰਟ ਅਧੂਰੀ ਜਾਣਕਾਰੀ 'ਤੇ ਆਧਾਰਿਤ ਹੈ।

ਆਡਿਟ ਰਿਪੋਰਟ ਵਾਚਣ ਤੋਂ ਪਤਾ ਲੱਗਾ ਕਿ ਸਾਲ 2012 ਅਤੇ 2013 ਦੀ ਆਡਿਟ ਰਿਪੋਰਟ ਮੁਤਾਬਕ ਪੰਨਾ ਨੰਬਰ ਦੋ 'ਤੇ ਗੁਰਦੁਆਰਾ ਸਾਹਿਬ ਦਾ ਲੋਨ 2012 ਲਈ 1.455 ਮਿਲੀਅਨ ਡਾਲਰ ਅਤੇ 2013 ਲਈ 1.44 ਮਿਲੀਅਨ ਡਾਲਰ ਦਿਖਾਇਆ ਗਿਆ ਹੈ। ਇਸੇ ਰਿਪੋਰਟ ਦੇ ਪੰਨਾ ਨੰਬਰ 3 'ਤੇ ਇਹ ਲੋਨ 2012 ਲਈ 1.354 ਅਤੇ 2013 ਲਈ 1.315 ਮਿਲੀਅਨ ਡਾਲਰ ਦਿਖਾਇਆ ਗਿਆ ਹੈ। ਇਸੇ ਤਰ੍ਹਾਂ ਪੰਨਾ 3 ਉਤੇ ਡੈਪਰੀਸੀਏਸ਼ਨ ਸਾਲ 2012 ਲਈ 1.254 ਮਿਲੀਅਨ ਡਾਲਰ ਦਿਖਾਈ ਗਈ ਹੈ ਜਦ ਕਿ ਗੁਰਦੁਆਰਾ ਸਾਹਿਬ ਦੀ ਬੈਲੇਂਸ ਸ਼ੀਟ ਮੁਤਾਬਕ ਇਹ ਰਕਮ 1.636 ਮਿਲੀਅਨ ਡਾਲਰ ਹੈ। ਇਸੇ ਤਰ੍ਹਾਂ ਸਾਲ 2013 ਦੀ ਆਡਿਤ ਰਿਪੋਰਟ ਮੁਤਾਬਕ ਡੈਪਰੀਸੀਏਸ਼ਨ 1.51 ਮਿਲੀਅਨ ਡਾਲਰ ਹੈ ਅਤੇ ਬੈਲੇਂਸ ਸ਼ੀਟ ਵਿਚ ਇਹ ਰਕਮ 1.636 ਮਿਲੀਅਨ ਡਾਲਰ ਦਿਖਾਈ ਗਈ ਹੈ।

## ਵੋਟਾਂ ਬਣਾਉਣ ਅਤੇ ਵੋਟਰ ਸੂਚੀ ਵਿਚ ਵੱਡਾ ਘਪਲਾ

ਸੰਗਤ ਨੂੰ ਇਹ ਜਾਣ ਕੇ ਬੜਾ ਦੁੱਖ ਹੋਇਆ ਕਿ ਜਿਥੇ ਸੱਚ ਦਾ ਬੋਲਬਾਲਾ ਅਤੇ ਸੱਚ ਦਾ ਹੀ ਪ੍ਰਚਾਰ ਹੋਣਾ ਚਾਹੀਦਾ ਹੈ, ਉਥੇ ਵੀ ਗੁਰੂਘਰ ਦੇ ਪ੍ਰਬੰਧਕਾਂ ਵਲੋਂ ਵੋਟਾਂ ਬਣਾਉਣ ਅਤੇ ਵੋਟਰ ਸੂਚੀ ਤਿਆਰ ਕਰਨ ਸਮੇਂ ਝੂਠ ਅਤੇ ਬੇਈਮਾਨੀ ਦਾ ਹੀ ਪ੍ਰਭਾਵ ਦਿੱਤਾ ਗਿਆ ਹੈ। ਸੰਗਤ ਦਾ ਸਵਾਲ ਹੈ ਕਿ ਕੀ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਇਹੀ ਸਿਖਾਉਣਾ ਚਾਹੁੰਦੇ ਹਾਂ ਕਿ ਗੁਰੂਘਰ ਵਿਚ ਵੀ ਹੇਰਾ-ਫੇਰੀ ਕਰਨ ਵਿਚ ਕੋਈ ਹਰਜ਼ ਨਹੀਂ। ਪਿਛਲੇ ਦੋ ਸਾਲਾਂ ਵਿਚ ਸਿਰਫ 16 ਘੰਟੇ (6 ਦਸੰਬਰ ਤੋਂ 27 ਦਸੰਬਰ) ਚਾਰ ਐਤਵਾਰ ਮੈਂਬਰਸ਼ਿਪ ਖੋਲ੍ਹੀ ਗਈ। ਪ੍ਰਬੰਧਕਾਂ ਨੇ ਐਤਵਾਰ ਨੂੰ ਕੰਮ 'ਤੇ ਜਾਣ ਵਾਲੀ ਸੰਗਤ ਦੀ ਸਹੂਲਤ ਵਾਸਤੇ ਕਿਸੇ ਕੰਮ ਵਾਲੇ ਦਿਨ ਵੋਟਾਂ ਬਣਵਾਉਣ ਦਾ ਮੌਕਾ ਨਹੀਂ ਦਿੱਤਾ ਅਤੇ ਇਹੀ ਪ੍ਰਭਾਵ ਦਿੱਤਾ ਗਿਆ ਕਿ ਸੰਗਤ ਗੁਰੂਘਰ ਲਈ ਉਸਾਰੀ ਫੰਡ ਤਾਂ ਜਿਸ ਵੇਲੇ ਮਰਜ਼ੀ ਦੇ ਸਕਦੀ ਹੈ। ਇਹੀ ਨਹੀਂ ਘਰ ਬੈਠੇ ਵੀ ਕਰੈਡਿਟ ਕਾਰਡ 'ਤੇ ਵੀ ਦੇ ਸਕਦੀ ਹੈ। ਲੇਕਿਨ ਜੇਕਰ ਵੋਟ ਪਾਉਣ ਦਾ ਹੱਕ ਲੈਣਾ ਹੈ ਤਾਂ ਉਹ ਇਨ੍ਹਾਂ 16 ਘੰਟਿਆਂ ਵਿਚ ਗੁਰੂਘਰ ਆ ਕੇ ਹੀ ਲਿਆ ਜਾ ਸਕਦਾ ਹੈ। ਜਾਰੀ ਕੀਤੀ ਵੋਟਰ ਸੂਚੀ ਤੋਂ ਪਤਾ ਲੱਗਿਆ ਹੈ ਕਿ ਇਨ੍ਹਾਂ 16 ਘੰਟਿਆਂ ਵਿਚ 1372 ਵੋਟਾਂ ਬਣਾਈਆਂ ਗਈਆਂ, ਜੋ ਕਿ ਸੰਭਵ ਹੀ ਨਹੀਂ। ਵੋਟਰ ਸੂਚੀ ਵਿਚ ਸਾਰੀਆਂ ਵੋਟਾਂ ਬਣਾਉਣ ਦੀ ਤਰੀਕ 24 ਜਨਵਰੀ 2016 ਦਿਖਾਈ ਗਈ ਹੈ ਜਦ ਕਿ ਵੋਟਾਂ 6 ਦਸੰਬਰ 2015 ਤੋਂ ਬਣਨੀਆਂ ਸ਼ੁਰੂ ਹੋਈਆਂ ਸਨ। 6 ਦਸੰਬਰ ਅਤੇ 27 ਦਸੰਬਰ ਨੂੰ ਪ੍ਰਬੰਧਕਾਂ ਨੇ ਭਰੋਸਾ ਦਿੱਤਾ ਸੀ ਕਿ ਵੋਟਾਂ ਬਣਾਉਣ ਦੀ ਮਿਤੀ ਵਿਚ ਵਾਧਾ ਕੀਤਾ ਜਾਵੇਗਾ ਅਤੇ ਜੋ ਸੰਗਤ ਐਤਵਾਰ ਕੰਮ ਕਰਦੀ ਹੈ, ਉਸ ਨੂੰ ਵੀ ਬੁਧਵਾਰ ਨੂੰ ਵੋਟ ਬਣਾਉਣ ਦਾ ਮੌਕਾ ਦਿੱਤਾ ਜਾਵੇਗਾ। ਬਾਅਦ ਵਿਚ ਪ੍ਰਬੰਧਕ ਇਸ ਗੱਲ ਤੋਂ ਮੁੱਕਰ ਗਏ।

ਵੋਟਰ ਸੂਚੀ ਨੂੰ ਘੋਖਣ ਤੋਂ ਪਤਾ ਲੱਗਾ ਹੈ ਕਿ ਪ੍ਰਬੰਧਕਾਂ ਨੇ 885 ਵੋਟਾਂ ਕੱਟ ਦਿੱਤੀਆਂ ਹਨ ਅਤੇ 290 ਵੋਟਾਂ ਅਜਿਹੀਆਂ ਹਨ ਜੋ ਦੋ-ਦੋ ਜਾਂ ਤਿੰਨ-ਤਿੰਨ ਵੋਟਾਂ ਇਕੋ ਆਈ ਡੀ 'ਤੇ ਬਣਾਈਆਂ ਗਈਆਂ ਹਨ। ਇਸ ਤੋਂ ਜਾਹਰ ਹੈ ਕਿ ਪ੍ਰਬੰਧਕਾਂ ਦੀ ਵੋਟਾਂ ਪਵਾਉਣ ਵਿਚ ਵੱਡੇ ਪੱਧਰ 'ਤੇ ਹੇਰਾ-ਫੇਰੀ ਕਰਨ ਦੀ ਮਨਸ਼ਾ ਹੈ। ਸੰਗਤਾਂ ਵਿਚ ਇਸ ਗੱਲ ਦਾ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਦਾਸ: ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ



ਦਵਿੰਦਰ ਸਿੰਘ ਚਾਨਾ



ਧਨਵੰਤ ਸਿੰਘ ਧਾਲੀਵਾਲ



ਵਿਕਰਮਜੀਤ ਸਿੰਘ



ਮਹਿੰਦਰ ਸਿੰਘ ਕਲੇਰ



ਅਵਤਾਰ ਸਿੰਘ ਧਾਮੀ

Paid Advt.